# ਮੇਰਾ ਸਿਆਸੀ ਜੀਵਨ



ਚੈਨ ਸਿੰਘ ਚੈਨ

# ਮੇਰਾ ਰਾਜਸੀ ਸਫ਼ਰ

ਚੈਨ ਸਿੰਘ ਚੈਨ

ਪ੍ਰਕਾਸ਼ਨ, ਜਲੰਧਰ

# ਮੇਰਾ ਰਾਜਸੀ ਸਫ਼ਰ

ਚੈਨ ਸਿੰਘ ਚੈਨ
163, ਗਰੀਨ ਪਾਰਕ, ਜਲੰਧਰ
ਫ਼ੋਨ:0181-2221896

| | | |
|---|---|---|
| ਪਹਿਲੀ ਵਾਰ | : | ਅਗਸਤ 2008 |
| ਲੇਜ਼ਰ ਵਰਕ ਅਤੇ ਡਿਜ਼ਾਇਨ | : | ਕੇਸਰ ਸਿੰਘ, ਵੈਕ ਕੰਪਿਊਟਰਜ਼, 1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ। ਫੋਨ: 98140-87063 |
| ਪ੍ਰਿੰਟਰਜ਼ | : | ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ |
| ਪ੍ਰਕਾਸ਼ਕ | : | 5ਆਬ ਪ੍ਰਕਾਸ਼ਨ, ਜਲੰਧਰ ਫ਼ੋਨ: 98140-87063 |
| ਸਹਾਇਤਾ ਰਾਸ਼ੀ | : | 80 ਰੁਪਏ |

## ਮੇਰੀਆਂ ਕੁਝ ਲਿਖਤਾਂ

ਵੱਖ-ਵੱਖ ਅਖ਼ਬਾਰਾਂ ਵਿਚ ਮੇਰੇ ਬਹੁਤ ਸਾਰੇ ਲੇਖ ਛਪੇ ਹਨ। 'ਨਵਾਂ ਜ਼ਮਾਨਾ' ਤਾਂ ਘਰ ਦਾ ਅਖ਼ਬਾਰ ਸੀ। ਉਸਨੂੰ ਛੱਡ ਕੇ 'ਅਜੀਤ' ਵਿਚ ਵੀ ਮੇਰੇ ਕਈ ਲੇਖ ਛਪੇ ਹਨ। ਇਨ੍ਹਾਂ ਦੋਹਾਂ ਅਖਬਾਰਾਂ ਵਿਚ ਅੱਜ ਵੀ ਮੇਰੇ ਭੇਜੇ ਲੇਖ ਛਪਦੇ ਹਨ। ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਵੱਲੋਂ ਕੱਢੀ ਅਖ਼ਬਾਰ 'ਸਿਆਸੀ ਦੁਨੀਆਂ' ਵਿਚ ਮੇਰੀਆਂ ਬਹੁਤ ਸਾਰੀਆਂ ਲਿਖਤਾਂ ਛਪੀਆਂ ਹਨ। ਗਿਆਨੀ ਹੀਰਾ ਸਿੰਘ ਦਰਦ ਵੱਲੋਂ ਕੱਢੇ ਰਸਾਲੇ 'ਫੁਲਵਾੜੀ' ਵਿਚ ਲਾਲ ਕਮਿਊਨਿਸਟ ਪਾਰਟੀ ਵਿਚ ਕੰਮ ਕਰਨ ਸਮੇਂ ਲਿਖੇ ਲੇਖ 'ਦਵਿੰਦਰ ਸਿੰਘ' ਦੇ ਫਰਜ਼ੀ ਨਾਉਂ ਹੇਠ ਛਪੇ ਹਨ। 1940-41 ਵਿਚ ਕਿਰਤੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵਿਚ ਹੋਣ ਕਰਕੇ ਗੁਪਤ ਤੌਰ ਉੱਤੇ ਕੱਢੇ ਜਾਂਦੇ ਮਾਸਕ ਅਖ਼ਬਾਰ 'ਲਾਲ ਝੰਡਾ' ਵਿਚ ਮੇਰੇ ਅਨੇਕਾਂ ਲੇਖਾਂ ਦਾ ਹੋਣਾ ਸੁਭਾਵਕ ਹੀ ਸੀ। ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਰਸਾਲੇ 'ਵਿਰਸਾ' ਅੰਦਰ ਵੀ ਮੇਰੇ ਕੁਝ ਲੇਖ ਹਨ। ਪੰਜਾਬ ਸਟੇਟ ਫਰੀਡਮ ਫਾਈਟਰਜ਼ ਆਰਗੇਨਾਈਜੇਸ਼ਨ ਦੇ ਮਾਸਕ ਅਖਬਾਰ 'ਆਪਣਾ ਫਰਜ਼' ਦਾ ਐਡੀਟਰ ਰਿਹਾ ਹਾਂ। ਦੈਨਿਕ ਭਾਸਕਰ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਬਾਰੇ ਮੇਰਾ ਇਕ ਲੇਖ ਛਾਪਿਆ ਹੈ ਅਤੇ ਬਿਨਾਂ ਮੰਗਿਆਂ ਮੈਨੂੰ ਕੁਝ ਨਕਦ ਇਨਾਮ ਵੀ ਭੇਜਿਆ ਹੈ।

## ਮੇਰੀਆਂ ਲਿਖੀਆਂ ਪੁਸਤਕਾਂ

ਪਹਿਲੀ ਪੁਸਤਕ 'ਕਿਰਤੀ ਪਾਰਟੀ ਦੂਜੀ ਸੰਸਾਰ ਜੰਗ ਸਮੇਂ' ਹੈ। ਇਸ ਵਿਚ ਕਿਰਤੀ ਪਾਰਟੀ ਵੱਲੋਂ 1940 ਤੇ 1941 ਦੇ ਦੋ ਸਾਲਾਂ ਵਿਚ ਮਾਰੀਆਂ ਮੱਲਾਂ ਦੀ ਵਿਸਤਰਤ ਵਿਆਖਿਆ ਹੈ।

ਦੂਜੀ ਪੁਸਤਕ 'ਨੇਤਾ ਜੀ ਸੁਭਾਸ਼ ਚੰਦਰ ਬੋਸ' ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਵਿਚ ਕੰਮ ਕਰਨ ਸਮੇਂ ਲਿਖੀ ਹੈ। ਪੰਜਾਬ ਸਟੇਟ ਫਰੀਡਮ ਫਾਈਟਰਜ਼ ਆਰਗੇਨਾਈਜ਼ੇਸ਼ਨ ਦੇ ਫੈਸਲੇ ਅਨੁਸਾਰ ਮੈਂ ਇਹ ਪੁਸਤਕ ਲਿਖੀ ਸੀ।

ਤੀਜੀ ਪੁਸਤਕ 'ਗ਼ਦਰ ਲਹਿਰ ਦੀ ਕਹਾਣੀ, ਗ਼ਦਰੀ ਬਾਬਿਆਂ ਦੀ ਜ਼ੁਬਾਨੀ' ਮੈਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸੰਪਾਦਤ ਕੀਤੀ।

ਚੌਥੀ ਪੁਸਤਕ ਮੈਂ ਬਿਮਾਰ ਰਹਿੰਦਿਆਂ ਪਿਛਲੇ ਸਾਲ 'ਹਰਫ਼ਨ ਮੌਲਾ ਕਾਮਰੇਡ ਤੇਜਾ ਸਿੰਘ ਸੁਤੰਤਰ' ਲਿਖੀ ਹੈ।

ਅਤੇ ਹੁਣ ਇਹ ਹਥਲੀ ਪੁਸਤਕ ਹਾਜ਼ਰ ਹੈ।

# ਤਤਕਰਾ


- ਰਾਜਸੀ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ 05-23
- ਕਿਰਤੀ ਪਾਰਟੀ ਵਿਚ 24-79
- ਭਾਰਤੀ ਕਮਿਊਨਿਸਟ ਪਾਰਟੀ ਵਿਚ 80-91
- ਲਾਲ ਕਮਿਊਨਿਸਟ ਪਾਰਟੀ ਦੀ ਸਥਾਪਨਾ 92-97
- ਮੁੜ ਭਾਰਤੀ ਕਮਿਊਨਿਸਟ ਪਾਰਟੀ ਵਿਚ 98-133
- ਦੇਸ਼ ਭਗਤ ਯਾਦਗਾਰ ਕਮੇਟੀ ਵਿਚ ਸਰਗਰਮ ਹੋਣਾ 134-138
- ਕੁਝ ਖਿੰਡੀਆਂ-ਪੁੰਡੀਆਂ 139-141
- ਇਕ ਸਵਾਲ ਅਜੇ ਵੀ ਜਵਾਬ ਮੰਗਦਾ ਹੈ 141-143
- ਕਾਮਰੇਡ ਅਵਤਾਰ ਸਿੰਘ ਪਾਸ਼ ਵੱਲੋਂ ਲਿਖਿਆ ਪੱਤਰ 144-148

# ਰਾਜਸੀ ਖੇਤਰ ਵਿਚ ਪਰਵੇਸ਼ ਕਰਨ ਤੋਂ ਪਹਿਲਾਂ

ਮਾਰਕਸਵਾਦ ਦੀ ਸਿਖਿਆ ਲੈ ਕੇ ਰਾਜਸੀ ਖੇਤਰ ਵਿਚ ਵਿਚਰਦਿਆਂ ਮੈਨੂੰ 70 ਸਾਲ ਹੋ ਗਏ ਹਨ। ਇਸ ਸੰਬੰਧੀ ਕੁਝ ਲਿਖਣ ਤੋਂ ਪਹਿਲਾਂ ਮੈਂ ਆਪਣੀ ਉਮਰ ਦੇ ਮੁੱਢਲੇ ਵੀਹ ਕੁ ਸਾਲਾਂ ਦੇ ਘਟਨਾਕ੍ਰਮ ਸਬੰਧੀ ਕੁਝ ਉਲੇਖ ਕਰਨਾ ਜ਼ਰੂਰੀ ਸਮਝਦਾ ਹਾਂ। ਪ੍ਰਾਣੀ ਦੇ ਸੁਭਾਅ ਤੇ ਖ਼ਸਲਤ ਬਣਾਉਣ ਵਿਚ ਮੁੱਢਲੀ ਉਮਰ ਬਹੁਤ ਮਹੱਤਵ ਰੱਖਦੀ ਹੈ। ਜੀਵਨ ਦੇ ਇਸ ਪੜਾਓ ਵਿਚ ਜਿਹੜੇ ਮਨੁੱਖੀ ਗੁਣ-ਔਗੁਣ ਪ੍ਰਾਪਤ ਕਰ ਲਏ ਹੁੰਦੇ ਹਨ, ਉਹ ਉਸਦੇ ਅਗਲੇ ਜੀਵਨ-ਕਰਮ ਨੂੰ ਪ੍ਰਭਾਵਿਤ ਕਰਦੇ ਹਨ।

ਮੇਰਾ ਜਨਮ 25 ਅਗਸਤ 1917 ਦਾ ਹੈ ਭਾਵ ਰੂਸ ਦੇ ਅਕਤੂਬਰ ਇਨਕਲਾਬ ਦੇ ਸਾਲ ਵਿਚ। ਮੇਰੀ ਮਾਤਾ ਜੀ ਦਾ ਨਾਮ ਸ਼੍ਰੀਮਤੀ ਭਾਨੀ ਅਤੇ ਪਿਤਾ ਜੀ ਦਾ ਨਾਂ ਸ. ਦਲੇਲ ਸਿੰਘ ਸੀ। ਮੇਰੇ ਮਾਂ-ਬਾਪ ਗਰੀਬ ਕਿਸਾਨੀ 'ਚੋਂ ਹੋਣ ਕਰਕੇ ਬਹੁਤ ਮਿਹਨਤੀ ਸਨ। ਉਹ ਆਪਣੀ ਹੱਡ-ਭੰਨਵੀਂ ਮਿਹਨਤ ਨਾਲ ਤੰਗੀ ਦੀ ਹਾਲਤ 'ਚੋਂ ਉਠ ਕੇ ਸੌਖੇ ਹੋ ਗਏ ਸਨ। ਇਸ ਤਰ੍ਹਾਂ ਮੇਰੇ ਖ਼ੂਨ ਅੰਦਰ ਸੁੱਚੀ ਕਿਰਤ ਦਾ ਅੰਸ਼ ਮੌਜੂਦ ਹੈ।

ਮੇਰਾ ਜਨਮ ਪਿੰਡ ਦੰਦੂਵਾਲ, ਡਾਕਖਾਨਾ ਪਾਸਲਾ, ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਦਾ ਹੈ। ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਉੱਚ ਕੋਟੀ ਦੇ ਲੀਡਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਪਿੰਡ ਬੁੰਡਾਲਾ ਸਾਡੇ ਪਿੰਡ ਦੀ ਉੱਤਰੀ ਜੂਹ ਨਾਲ ਲਗਦਾ ਹੈ। ਕਮਿਊਨਿਸਟ ਪਾਰਟੀ ਮਾਰਕਸਵਾਦੀ (ਪੰਜਾਬ) ਦੇ ਸਕੱਤਰ ਕਾਮਰੇਡ ਮੰਗਤ ਰਾਮ ਦਾ ਪਿੰਡ ਪਾਸਲਾ ਮੇਰੇ ਪਿੰਡ ਦੇ ਬਿਲਕੁੱਲ ਨਾਲ ਜੁੜਵਾਂ ਦੱਖਣ ਦੇ ਪਾਸੇ ਹੈ। ਪਾਸਲਾ ਦੇ ਪ੍ਰਾਇਮਰੀ ਸਕੂਲ ਦਾ ਅੱਧਾ ਹਿੱਸਾ ਪਾਸਲਾ ਦੀ ਜੂਹ ਵਿਚ ਹੈ ਤੇ ਅੱਧਾ ਪਿੰਡ ਦੰਦੂਵਾਲ ਦੀ ਜੂਹ ਵਿਚ। ਉਨ੍ਹੀਂ ਦਿਨੀਂ 'ਨਵਾਂ ਜ਼ਮਾਨਾ' ਅਖ਼ਬਾਰ ਡਾਕ ਰਾਹੀਂ ਆਉਂਦਾ ਸੀ ਤੇ ਪਾਸਲਾ ਸਕੂਲ ਦਾ ਡਾਕ ਨਾਲ ਸੰਬੰਧਤ ਮਾਸਟਰ ਅਖ਼ਬਾਰਾਂ ਤੇ ਚਿੱਠੀ-ਪੱਤਰ ਵਿਦਿਆਰਥੀਆਂ ਨੂੰ ਦੇ ਦਿੰਦਾ ਸੀ ਤੇ ਉਹ ਵਿਦਿਆਰਥੀ ਅੱਗੋਂ ਸਬੰਧਤ ਵਿਅਕਤੀ ਨੂੰ ਪਹੁੰਚਾ ਦਿੰਦਾ ਸੀ। ਪਤਾ ਨਹੀਂ ਕਾਮਰੇਡ ਮੰਗਤ ਰਾਮ ਨੂੰ ਚੇਟਕ ਕਿਥੋਂ ਲੱਗੀ ਉਹ 'ਨਵਾਂ ਜ਼ਮਾਨਾ' ਅਖ਼ਬਾਰ ਮੈਨੂੰ ਦੇਣ ਵਾਸਤੇ ਵਿਸ਼ੇਸ਼ ਤੌਰ 'ਤੇ ਮੰਗ ਕਰਦਾ ਸੀ।

ਨਾਲ ਲਗਦਾ ਥੋੜਾ ਜਿਹਾ ਹੋਰ ਵਾਧਾ ਕਰ ਦਿੰਦਾ ਹਾਂ ਕਿ ਮੇਰੇ ਪਿੰਡ ਦੇ

ਉੱਤਰ-ਪੂਰਬੀ ਪਾਸੇ ਪਿੰਡ ਰੁੜਕਾ ਕਲਾਂ ਹੈ ਜਿਥੇ ਰਾਜਸੀ ਸਰਗਰਮੀਆਂ ਦੇਰ ਤੋਂ ਹੁੰਦੀਆਂ ਚਲੀਆਂ ਆ ਰਹੀਆਂ ਸਨ। ਹੁਣ ਓਥੇ ਕਮਿਊਨਿਸਟ ਪਾਰਟੀ ਮਾਰਕਸਵਾਦੀ (ਪੰਜਾਬ) ਦਾ ਇਕ ਹੋਰ ਉੱਘਾ ਲੀਡਰ ਕੁਲਵੰਤ ਸਿੰਘ ਸੰਧੂ ਹੈ। ਮੇਰੇ ਪਿੰਡ ਤੋਂ ਪੱਛਮੀ ਪਾਸੇ ਪਿੰਡ ਤੱਗੜ ਹੈ ਜਿਥੇ ਦਾ ਕਾਮਰੇਡ ਲਹਿੰਬਰ ਸਿੰਘ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਸਿਰਕਢ ਲੀਡਰ ਹੈ। ਸੋ ਕਮਿਊਨਿਸਟ ਦ੍ਰਿਸ਼ਟੀਕੋਣ ਤੋਂ ਇਹ ਇਲਾਕਾ ਬੜਿਆਂ ਭਾਗਾਂ ਵਾਲਾ ਹੈ।

ਮੇਰੇ ਪਿੰਡ ਦੇ ਵਿਚਕਾਰ ਗੋਲ ਚਬੂਤਰਾ ਹੈ ਜਿਸ ਨੂੰ ਭਾਈ ਸਾਧੂ ਦੀ ਮੁੰਨੀ ਆਖਿਆ ਜਾਂਦਾ ਹੈ। ਸਾਰੇ ਲੋਕੀ ਓਥੋਂ ਲੰਘਦਿਆਂ ਏਥੇ ਮੱਥਾ ਟੇਕਦੇ ਹਨ। ਦੱਸਿਆ ਜਾਂਦਾ ਹੈ ਕਿ ਇਹ ਪਿੰਡ ਵਸ ਕੇ ਉੱਜੜ ਜਾਂਦਾ ਸੀ। ਪਿੰਡ ਰੁੜਕਾ ਕਲਾਂ ਵਿਚ ਇਕ ਭਾਈ ਸਾਧੂ ਦਾ ਡੇਰਾ ਹੈ। ਉਸ ਸਾਧੂ ਨੇ ਆ ਕੇ ਇਕ ਮੋਹੜੀ ਗੱਡ ਦਿੱਤੀ ਤੇ ਉਸਦੇ ਚੌਹੀਂ ਪਾਸੀਂ ਵਸੋਂ ਹੋ ਗਈ। ਬੱਸ, ਮੁੜ ਪਿੰਡ ਦਾ ਉਜਾੜਾ ਨਹੀਂ ਹੋਇਆ।

ਘਰੋਂ ਆਪਣੇ ਖੂਹ ਨੂੰ ਜਾਂਦਿਆਂ ਪਿੰਡ ਦੇ ਉੱਤਰ ਵਲ ਇਕ ਮਟੀ ਸੀ ਜਿਸ ਨੂੰ ਭਾਈ ਨਾਂਗੇ ਦੀ ਮਟੀ ਆਖਿਆ ਜਾਂਦਾ ਸੀ। ਸਾਰੇ ਲੋਕੀ ਉਥੇ ਮੱਥਾ ਟੇਕ ਕੇ ਲੰਘਿਆ ਕਰਦੇ ਸਨ। ਰਾਤ ਨੂੰ ਸਾਡੀ ਪੱਤੀ ਦੀਆਂ ਔਰਤਾਂ ਏਥੇ ਦੀਵੇ ਜਗਾਇਆ ਕਰਦੀਆਂ ਸਨ। ਲੋਕ ਦੱਸਦੇ ਸਨ ਕਿ ਉਹ ਬੜੀ ਕਰਨੀ ਵਾਲਾ ਸੰਤ ਹੋਇਆ ਹੈ। ਮੈਂ ਵੀ ਉਥੇ ਮੱਥਾ ਟੇਕ ਕੇ ਲੰਘਿਆ ਕਰਦਾ ਸੀ।

ਮੇਰਾ ਵੱਡਾ ਭਰਾ ਪਾਖਰ ਸਿੰਘ ਬਹੁਤ ਸੁਨੱਖਾ ਗੱਭਰੂ ਸੀ। ਨੇੜੇ-ਤੇੜੇ ਦੇ ਮੁੰਡਿਆਂ ਨੂੰ ਕੁਸ਼ਤੀ ਵਿਚ ਹਰਾ ਦਿੰਦਾ ਸੀ। ਪਰ ਸ਼ਰਾਬ ਅਤੇ ਪੋਸਤ ਦਾ ਨਸ਼ਾ ਲੱਗ ਜਾਣ ਕਾਰਨ 50 ਕੁ ਸਾਲ ਦੀ ਉਮਰ ਵਿਚ ਹੀ ਸਦੀਵੀ ਵਿਛੋੜਾ ਦੇ ਗਿਆ। ਮੇਰਾ ਛੋਟਾ ਭਰਾ ਰਤਨਾ ਵੀ ਪੋਸਤ-ਅਫ਼ੀਮ ਦਾ ਆਦੀ ਹੋ ਕੇ ਆਪਣੀ ਸਾਰੀ ਜ਼ਮੀਨ ਖਾ ਮੁਕਾ ਕੇ 35 ਕੁ ਸਾਲ ਦੀ ਉਮਰ ਵਿਚ ਆਪਣੀ ਜਾਨ ਗੁਆ ਬੈਠਾ। ਪਰ ਮੈਂ ਕਿਸੇ ਨਸ਼ੇ ਦੇ ਲਾਗੇ ਨਹੀਂ ਗਿਆ। ਇਹ ਅੱਜ ਤਕ ਮੇਰੇ ਚੌਕੰਨਾ ਰਹਿਣ ਦਾ ਇਕ ਵੱਡਾ ਕਾਰਨ ਹੈ। ਫਰਵਰੀ 2003 ਵਿਚ ਮੇਰਾ ਬਾਈਪਾਸ ਅਪਰੇਸ਼ਨ ਹੋਇਆ। ਜੇ ਮੈਂ ਕਿਸੇ ਨਸ਼ੇ ਦਾ ਆਦੀ ਹੁੰਦਾ ਤਾਂ ਡਾਕਟਰਾਂ ਨੇ ਇਹ ਅਪਰੇਸ਼ਨ ਨਹੀਂ ਸੀ ਕਰਨਾ। ਨਸ਼ਿਆਂ ਤੋਂ ਦੂਰ ਰਹਿਣ ਦਾ ਮੁੱਖ ਕਾਰਨ ਇਕ ਸੰਤ ਦੀ ਸਿਖਿਆ ਸੀ ਜੋ ਸਾਡੇ ਪਿੰਡ ਦੇ ਚੜ੍ਹਦੇ ਪਾਸੇ ਇਕ ਸੱਜਣ ਤਾਨੀ ਪੁੱਤਰ ਹੀਰਾ ਦੇ ਇਕ ਮਕਾਨ ਵਿਚ ਮੇਰੀ ਸੁਰਤ ਤੋਂ ਪਹਿਲਾਂ ਦਾ ਰਹਿੰਦਾ ਸੀ। ਉਸਨੇ ਪ੍ਰਾਣ ਵੀ ਇਥੇ ਹੀ ਛੱਡੇ। ਰੋਟੀ, ਕੱਪੜੇ ਤੋਂ ਬਿਨਾਂ ਉਸਦੀ ਹੋਰ ਕੋਈ ਮੰਗ ਨਹੀਂ ਸੀ। ਉਹ ਸ਼ਾਮ ਵੇਲੇ ਗੀਤਾ, ਰਮਾਇਣ ਅਤੇ ਮਹਾਂਭਾਰਤ ਆਦਿ ਬਾਰੇ ਆਪਣੀ ਜਾਣਕਾਰੀ ਅਨੁਸਾਰ ਕਥਾ ਕਰਿਆ ਕਰਦਾ ਸੀ ਅਥਵਾ ਵਿਸ਼ੇ ਵਿਕਾਰ ਤੋਂ ਬਚਣ ਦੀ ਸਿਖਿਆ ਦਿਆ ਕਰਦਾ ਸੀ। ਉਹ ਸੰਤ ਢੌਂਗੀ ਨਹੀਂ ਸੀ। ਉਸਨੇ ਆਪਣੇ

ਵਿੱਤ ਅਨੁਸਾਰ ਗਿਆਨ ਦਾ ਛੱਟਾ ਦਿੱਤਾ।

ਸੋ ਘਰੋਂ ਨਿਕਲਦੇ ਹੀ ਭਾਈ ਸਾਧੂ ਦੀ ਮੁੰਨੀ, ਆਪਣੇ ਖੂਹ ਖੇਤ ਨੂੰ ਜਾਂਦਿਆਂ ਭਾਈ ਨਾਂਗੇ ਦੀ ਮਟੀ ਅਥਵਾ ਪਿੰਡ ਦੇ ਪੂਰਬੀ ਪਾਸੇ ਇਕ ਸੰਤ ਦੀ ਰਹਾਇਸ਼ ਸੀ। ਉਪਰੋਕਤ ਸੰਤ ਦੀ ਸਿਖਿਆ ਅਤੇ ਸੰਗਤ ਨੇ ਮੇਰੇ ਅੰਦਰੋਂ ਕਈ ਔਗੁਣਾਂ ਦੇ ਕਟਾਣੂ ਨਸ਼ਟ ਕਰ ਦਿੱਤੇ ਅਤੇ ਗਿਆਨ ਦੀ ਪ੍ਰਾਪਤੀ ਦੀ ਚੇਸ਼ਟਾ ਦਾ ਸੰਚਾਰ ਕੀਤਾ।

ਸਾਡੇ ਪਰਿਵਾਰ ਦਾ ਕੋਈ ਜੀਅ ਊੜਾ, ਐੜਾ ਨਹੀਂ ਸੀ ਜਾਣਦਾ। ਪਤਾ ਨਹੀਂ ਕਿਵੇਂ ਮੇਰੇ ਮਾਪਿਆਂ ਨੇ ਮੈਨੂੰ ਪੜ੍ਹਨੇ ਪਾ ਦਿੱਤਾ। ਹੱਥ ਵੇਖਣ ਵਾਲੇ ਆਖਿਆ ਕਰਦੇ ਸਨ ਕਿ ਮੁੰਡੇ ਨੇ ਤਹਿਸੀਲਦਾਰ ਬਨਣਾ ਹੈ, ਇਸਨੂੰ ਘੋੜੀ ਨਸੀਬ ਹੋਣੀ ਹੈ। ਘਰ ਵਾਲੇ ਮੇਰੀ ਨੌਕਰੀ ਦੀ ਚੇਸ਼ਟਾ ਵਿਚ ਪੜ੍ਹਾਈ ਤੋਂ ਬਿਨਾਂ ਮੈਥੋਂ ਘਰ ਦਾ ਜਾਂ ਖੇਤੀ ਦਾ ਕੋਈ ਕੰਮ ਨਹੀਂ ਸੀ ਕਰਾਉਂਦੇ। ਮੈਂ ਹਲ਼ ਦੀ ਕੀਲੀ ਫੜ੍ਹ ਕੇ ਨਹੀਂ ਵੇਖੀ।

ਮੈਂ ਸਕੂਲੇ ਪੜ੍ਹਣ ਜਾਣ ਵੇਲੇ ਜਾਂ ਵਾਪਸੀ ਸਮੇਂ ਉਪਰੋਕਤ ਸੰਤ ਦੀ ਸੰਗਤ ਜ਼ਰੂਰ ਕਰਦਾ ਸੀ। ਘਰ ਵਾਲਿਆਂ ਨੂੰ ਚਿੰਤਾ ਲਗ ਗਈ ਕਿ ਮੁੰਡਾ ਕਿਤੇ ਸਾਧ ਨਾ ਬਣ ਜਾਵੇ। ਉਨ੍ਹਾਂ ਮੈਨੂੰ ਉਥੇ ਬੈਠਣ ਤੋਂ ਰੋਕਣਾ, ਪਰ ਮੈਨੂੰ ਸੰਤ ਦੀਆਂ ਗੱਲਾਂ 'ਚੋਂ ਕੁਝ ਗਿਆਨ ਪ੍ਰਾਪਤ ਹੁੰਦਾ ਸੀ। ਮੈਂ ਤਾਂ ਸੰਤ ਦਾ ਪੱਕਾ ਸਰੋਤਾ ਬਣ ਗਿਆ। ਘਰ ਵਾਲਿਆਂ ਨੇ ਇੱਕਮਤ ਹੋ ਕੇ ਇਕ ਦਿਨ ਮੇਰੀ ਬਹੁਤ ਠੋਕ ਠੁਕਾਈ ਕੀਤੀ। ਨਾ ਰੋਟੀ, ਨਾ ਪਾਣੀ, ਸਾਰੀ ਰਾਤ ਭੁੱਖੇ, ਨੰਗੇ ਸੌਣਾ ਪਿਆ। ਸਵੇਰੇ ਉਠਦਿਆਂ ਮਾਂ ਨੇ ਕਿਹਾ- "ਪੁੱਤ ਰੋਟੀ ਖਾ ਲੈ, ਸਕੂਲੋਂ ਮੁੜਦਿਆਂ ਸਿੱਧਾ ਘਰ ਆ ਜਾਵੀਂ।" ਪਰ ਮੈਂ ਕੁਝ ਨਾ ਖਾਧਾ-ਪੀਤਾ। ਪਹਿਲਾਂ ਸੰਤ ਕੋਲ ਸਕੂਲੋਂ ਮੁੜਦਿਆਂ ਸ਼ਾਮ ਨੂੰ ਬੈਠਿਆ ਕਰਦਾ ਸੀ। ਉਸ ਦਿਨ ਜਾਂਦਿਆਂ ਵੀ ਚੌਂਕੀ ਭਰੀ ਅਤੇ ਸ਼ਾਮ ਨੂੰ ਸੰਤ ਕੋਲ ਹੀ ਸੌਂ ਗਿਆ। ਕਿਸੇ ਨੇ ਘਰ ਜਾ ਕੇ ਦੱਸ ਦਿੱਤਾ। ਮੇਰੀ ਮਾਂ ਮੈਨੂੰ ਲੈਣ ਆਈ ਤਾਂ ਮੈਂ ਕਿਹਾ ਕਿ ਕਲ੍ਹ ਵਾਂਗ ਮੈਨੂੰ ਘੜੀਸ ਕੇ ਲੈ ਜਾਓ, ਮੈਂ ਤਾਂ ਹੁਣ ਸੰਤ ਕੋਲ ਹੀ ਰਹਿਣਾ ਹੈ।

ਸੰਤ ਨੇ ਮਾਂ ਨੂੰ ਸਮਝਾਇਆ ਕਿ "ਏਸ ਮੁੰਡੇ ਨੇ ਤੁਹਾਡੀ ਕੁੱਲ ਦਾ ਨਾਉਂ ਰੌਸ਼ਨ ਕਰਨਾ ਹੈ, ਇਸਦੀ ਬਿਰਤੀ ਸਾਧੂਆਂ ਵਾਲੀ ਹੋਊ, ਪਰ ਇਸਦਾ ਕਰਮ-ਮਾਰਗ ਜਸ ਖੱਟਣ ਵਾਲਾ ਹੋਊ। ਮੇਰੇ ਕੋਲ ਤਾਂ ਅਨੇਕਾਂ ਲੋਕ ਬੈਠਦੇ ਹਨ ਪਰ ਕੋਈ ਸਾਧ ਨਹੀਂ ਬਣਿਆ। ਸਭ ਆਪਣੇ ਜੀਵਨ ਲਈ ਅੱਡ-ਅੱਡ ਵਿਹਾਰ ਕਰਦੇ ਹਨ।" ਮਾਂ ਉੱਤੇ ਸੰਤ ਦੀਆਂ ਗੱਲਾਂ ਦਾ ਚੋਖਾ ਪ੍ਰਭਾਵ ਪਿਆ। ਉਸਨੂੰ ਕੁਝ ਮੇਰੀ ਧੁਨ ਵੀ ਸਾਹਮਣੇ ਆ ਗਈ ਸੀ। ਕੁਝ ਮਾਂ ਦੀ ਮਮਤਾ ਵੀ ਸੀ, ਪਿਆਰ ਨਾਲ ਘਰ ਲੈ ਗਈ। ਮੁੜ ਸਾਰੀ ਉਮਰ ਘਰਦਿਆਂ ਨੇ ਮੇਰੇ ਨਾਲ ਜ਼ੋਰ-ਜ਼ਬਰਦਸਤੀ ਨਹੀਂ ਕੀਤੀ।

ਇਸ ਸੰਤ ਕੋਲੋਂ ਮਿਲੇ ਗਿਆਨ ਨੇ ਮਨ ਮਾਰ ਕੇ ਕੰਮ ਕਰਨਾ, ਆਪਣੇ ਕੰਮ ਨਾਲ ਪਦਵੀ ਪ੍ਰਾਪਤ ਕਰਨਾ (ਨਾ ਕਿ ਦੂਜੇ ਦੀ ਖੋਹ ਕੇ ਉਪਰ ਚੜ੍ਹਨਾ), ਠੀਕ ਤੇ

ਸੱਚੀ ਗੱਲ ਲਈ ਬੇਝਿਜਕ ਲੜਨਾ ਨਾ ਕਿ ਮੌਕਾਪ੍ਰਸਤੀ ਕਰਕੇ ਦੜ ਵੱਟ ਜਾਣਾ।) ਉਤਾਰ-ਚੜ੍ਹਾਉ ਜਾਂ ਹਾਰ-ਜਿੱਤ ਕੋਈ ਵੀ ਹਾਲਤ ਹੋਵੇ ਆਪਣਾ ਫਰਜ਼ ਮਨਚਿਤ ਲਾ ਕੇ ਪੂਰਾ ਕਰਨ ਦੀ ਰੁਚੀ ਵਿਕਸਤ ਕੀਤੀ। ਹਰ ਨਸ਼ੇ ਤੋਂ ਪਰਹੇਜ਼ ਕਰਨ ਦੀ ਗੱਲ ਉਸ ਸੰਤ ਕੋਲੋਂ ਲੜ ਬੰਨ੍ਹੀ।

ਮੈਨੂੰ ਪੜ੍ਹਾਈ ਦਾ ਬਹੁਤ ਸ਼ੌਂਕ ਸੀ। ਰਾਤ ਨੂੰ ਮਿੱਟੀ ਦੇ ਤੇਲ ਦੇ ਦੀਵੇ ਅੰਤੇ ਕਦੇ-ਕਦੇ ਚੰਦ ਦੀ ਰੋਸ਼ਨੀ ਵਿਚ ਵੀ ਲਿਖੀ-ਪੜ੍ਹੀ ਜਾਣਾ। ਇਸੇ ਕਰਕੇ ਮੇਰੀ ਨਜ਼ਰ ਕਮਜ਼ੋਰ ਹੋ ਗਈ ਅਤੇ 18 ਸਾਲ ਦੀ ਉਮਰ ਵਿਚ ਐਨਕ ਲਗਾਉਣੀ ਪੈ ਗਈ।

ਪਾਸਲਾ ਪ੍ਰਾਇਮਰੀ ਸਕੂਲ ਵਿਚ ਚੌਥੀ ਜਮਾਤ ਦੇ ਇਮਤਿਹਾਨ ਵਿਚ ਵਧੀਆ ਕਾਰਗੁਜ਼ਾਰੀ ਕਾਰਨ ਮੈਨੂੰ ਪੰਜ ਰੁਪਏ ਮਹੀਨਾ ਵਜ਼ੀਫ਼ਾ ਲਗ ਗਿਆ। ਉਸੇ ਸਾਲ ਉਹ ਸਕੂਲ ਅਪ-ਗਰੇਡ ਹੋ ਕੇ ਲੋਅਰ ਮਿਡਲ ਹੋ ਗਿਆ। ਮੈਂ ਉਥੇ ਹੀ ਪੜ੍ਹਦਾ ਰਿਹਾ। ਮਿਡਲ ਕਲਾਸ ਦੀਆਂ ਦੋ ਜਮਾਤਾਂ ਅੱਪਰਾ ਸਕੂਲ ਵਿਚ ਕੀਤੀਆਂ ਜਿੱਥੇ ਮੈਂ ਆਪਣੇ ਨਾਨਕੇ ਪਿੰਡ ਛੋਕਰਾਂ ਤੋਂ ਦੋ ਮੀਲ ਦਾ ਪੈਂਡਾ ਪੈਦਲ ਤੈਅ ਕਰਕੇ ਪੜ੍ਹਨ ਜਾਇਆ ਕਰਦਾ ਸੀ।

ਏਥੋਂ ਦਾ ਹੈੱਡਮਾਸਟਰ ਰਾਮ ਚੰਦ ਵੀ ਪਾਸਲਾ ਸਕੂਲ ਦੇ ਹੈੱਡਮਾਸਟਰ ਲੱਭੂ ਰਾਮ ਵਾਂਗ ਬੜਾ ਮਿਹਨਤੀ ਸੀ। ਇਮਤਿਹਾਨ ਵਿਚ ਵਿਦਿਆਰਥੀਆਂ ਨੂੰ ਚੰਗੀ ਸਫ਼ਲਤਾ ਦੇ ਯੋਗ ਬਣਾਉਣ ਲਈ ਉਸਦਾ ਨਿਵੇਕਲਾ ਗੁਰ ਸੀ। ਉਹ ਇਮਤਿਹਾਨ ਤੋਂ ਇਕ ਮਹੀਨਾ ਪਹਿਲਾਂ ਦਿਨ ਤੋਂ ਇਲਾਵਾ ਰਾਤ ਨੂੰ ਵੀ ਦੋ-ਢਾਈ ਘੰਟੇ ਕਲਾਸ ਲੁਆਉਂਦਾ। ਪਰ ਇਮਤਿਹਾਨ ਤੋਂ ਚਾਰ ਦਿਨ ਪਹਿਲਾਂ ਸਭ ਦੀਆਂ ਕਿਤਾਬਾਂ ਕਾਪੀਆਂ ਆਪਣੇ ਕਬਜ਼ੇ ਹੇਠ ਕਰ ਲੈਂਦਾ ਤੇ ਵਿਦਿਆਰਥੀਆਂ ਨੂੰ ਖੇਡਾਂ ਵਿਚ ਪਾ ਦਿੰਦਾ ਸੀ। ਇਸ ਤਰ੍ਹਾਂ ਵਿਦਿਆਰਥੀ ਇਮਤਿਹਾਨ ਵਿਚ ਤਾਜ਼ਾ ਦਮ ਹੋ ਕੇ ਜਾਂਦੇ ਅਤੇ ਆਪਣੀ ਮਿਹਨਤ ਨਾਲ ਸਾਲ ਭਰ 'ਚ ਜੋ ਕੁਝ ਸਿਖਿਆ ਪੜ੍ਹਿਆ ਹੁੰਦਾ, ਉਹ ਚੇਤੇ ਦੀ ਸਲੇਟ 'ਤੇ ਉੱਘੜ ਆਉਂਦਾ ਸੀ। ਜਿਹੜੇ ਵਿਦਿਆਰਥੀ ਉਨੀਂਦਰੇ ਰਹਿ ਕੇ ਥੱਕੇ ਦਿਮਾਗ ਨਾਲ ਇਮਤਿਹਾਨ ਵਿਚ ਬੈਠਦੇ ਹੋਣ, ਉਹ ਚੰਗੇ ਨਤੀਜੇ ਨਹੀਂ ਕੱਢ ਸਕਦੇ। ਜੀਵਨ ਦੇ ਹੋਰ ਪੱਖਾਂ ਵਿਚ ਵੀ ਇਹ ਵਿਧੀ ਬਹੁਤ ਸਹਾਈ ਹੁੰਦੀ ਹੈ। ਸੰਜੀਦਾ ਤੇ ਪੇਚੀਦਾ ਕੰਮਾਂ ਦੀ ਪੂਰਤੀ ਵਾਸਤੇ ਜ਼ਰੂਰੀ ਹੈ ਕਿ ਯੋਗ ਸਮੇਂ ਉਤੇ ਅਰਾਮ ਕਰ ਲਿਆ ਜਾਵੇ।

ਮੈਨੂੰ ਅੱਠਵੀਂ ਜਮਾਤ ਦੇ ਇਮਤਿਹਾਨ ਵਿਚ ਫੇਰ ਵਜ਼ੀਫ਼ਾ ਲਗ ਗਿਆ। ਅੱਠਵੀਂ ਤਕ ਮੈਂ ਅੰਗਰੇਜ਼ੀ ਨਹੀਂ ਪੜ੍ਹੀ ਸੀ। ਇਸ ਕਰਕੇ ਗੌਰਮਿੰਟ ਹਾਈ ਸਕੂਲ ਜਲੰਧਰ ਵਿਚ ਦੋ ਸਾਲ ਲਾ ਕੇ ਇਹ ਘਾਟ ਪੂਰੀ ਕਰਨ ਲਈ ਜੂਨੀਅਰ, ਸੀਨੀਅਰ ਕੀਤੀ। ਸ਼ਹਿਰ ਦਾ ਵਧਿਆ ਖ਼ਰਚਾ ਮੈਂ ਮਾਸਟਰਾਂ ਦੀ ਸ਼ਾਮ ਨੂੰ ਟੈਨਿਸ ਖੇਡ ਵਿਚ ਦੂਰ ਗਈ ਗੇਂਦ ਨੂੰ ਦੌੜ ਕੇ ਚੁੱਕ ਲਿਆ ਕੇ ਦੇਣ ਦੇ ਅਲਾਊਂਸ ਨਾਲ ਪੂਰਾ ਕਰ ਲੈਂਦਾ ਸੀ।

# ਮਾਰਕਸਵਾਦੀ ਸਿਖਿਆ ਤੋਂ ਪਹਿਲਾਂ

ਹੁਣ ਮੇਰੀ ਉਮਰ ਅਠਾਰਾਂ-ਉੱਨੀ ਕੁ ਸਾਲ ਦੀ ਹੋ ਗਈ ਸੀ। ਇਸ ਉਮਰ ਵਿਚ ਮੇਰੇ ਕਈ ਨਵੇਂ ਪੱਖ ਵਿਕਸਤ ਹੋਏ। ਉਰਦੂ, ਫ਼ਾਰਸੀ ਦਾ ਗਿਆਤਾ ਹੋਣ ਕਰਕੇ ਕਵਾਲੀਆਂ ਦੇ ਸ਼ਬਦਾਂ ਨੂੰ ਸੌਖਾ ਸਮਝ ਲੈਣ ਕਰਕੇ ਸਭ ਤੋਂ ਪਹਿਲਾਂ ਕਵਾਲੀਆਂ ਸੁਣਨ ਦਾ ਸ਼ੌਕ ਪੈਦਾ ਹੋਇਆ। ਕਵਾਲੀਆਂ ਹਰ ਸਾਲ ਸਕੂਲ ਦੇ ਨੇੜੇ ਇਕ ਪੀਰ ਦੇ ਮਜ਼ਾਰ ਉੱਤੇ ਹੁੰਦੀਆਂ ਸਨ। ਇਸਦੇ ਨਾਲ ਹੀ ਪਤਾ ਨਹੀਂ ਕਿਵੇਂ ਮੇਰੇ ਅੰਦਰ ਸ਼ਾਸਤਰੀ ਸੰਗੀਤ ਲਈ ਖਿੱਚ ਪੈਦਾ ਹੋਈ। ਜਲੰਧਰ ਸ਼ਹਿਰ ਵਿਚ ਦਸੰਬਰ ਦੀ ਕੜਕਦੀ ਸਰਦੀ ਦੇ ਮੌਕੇ ਇਕ ਕੌਮੀ ਪੱਧਰ ਦਾ ਮੇਲਾ (ਹਰਬੱਲਭ ਸੰਗੀਤ ਸੰਮੇਲਨ) ਆਯੋਜਤ ਹੁੰਦਾ ਹੈ, ਮੈਂ ਉਸ ਵਿਚ ਬੜੇ ਸ਼ੌਕ ਨਾਲ ਸ਼ਾਮਲ ਹੋਇਆ ਕਰਦਾ ਸੀ। ਦੂਸਰਾ ਸ਼ੌਕ ਮੈਨੂੰ ਕਲਾਸਕੀ ਭਾਰਤੀ ਨ੍ਰਿਤ ਦੇਖਣ ਦਾ ਸੀ। ਮੈਨੂੰ ਸਿਨਮੇ ਵਿਚ ਵੀ ਉਹੀ ਪਿਕਚਰਾਂ ਵਧੇਰੇ ਪਸੰਦ ਆਉਂਦੀਆਂ ਸਨ ਜਿਸ ਵਿਚ ਅਜੇਹੇ ਨ੍ਰਿਤ ਦੀਆਂ ਝਲਕੀਆਂ ਹੋਣ। ਇਸ ਸੰਗੀਤ ਅਤੇ ਨ੍ਰਿਤ ਦਾ ਸ਼ੌਕ ਅੱਜ ਤਕ ਮੇਰੇ ਅੰਦਰ ਮੌਜੂਦ ਹੈ। ਤੀਜਾ ਸ਼ੌਕ ਕਵਿਤਾ ਪੜ੍ਹਨ ਤੇ ਲਿਖਣ ਦਾ ਪੈਦਾ ਹੋਇਆ। ਇਸਦਾ ਕੁਝ ਪਿਛੋਕੜ ਜ਼ਰੂਰ ਹੈ। ਮੇਰਾ ਮਾਮਾ ਰੁਲੀਆ ਕੋਰਾ ਅਨਪੜ੍ਹ ਹੋਣ ਦੇ ਬਾਵਜੂਦ ਪੂਰਨ ਭਗਤ ਤੇ ਦੁੱਲਾ ਭੱਟੀ ਦੇ ਕਿੱਸਿਆਂ ਨੂੰ ਹੇਕ ਲਾ ਕੇ ਜ਼ੁਬਾਨੀ ਸੁਣਾ ਦਿੰਦਾ ਸੀ। ਆਪਣੇ ਨਾਨਕੀਂ ਪਿੰਡ ਮਾਮੇ ਦੇ ਕਈ ਅਖਾੜੇ ਦੇਖਣ ਸੁਨਣ ਦਾ ਮੌਕਾ ਮਿਲਿਆ ਸੀ। ਜਦ ਉਹ ਮੇਰੇ ਪਿੰਡ ਦੰਦੂਵਾਲ ਆਉਂਦਾ ਤਦ ਵੀ ਕਦੇ-ਕਦੇ ਉਥੇ ਅਖਾੜਾ ਲਾ ਲੈਂਦਾ ਸੀ। ਮੈਂ ਛੋਟੀ ਉਮਰੇ ਹੀ ਮੇਲਿਆਂ ਤੋਂ ਚਿੱਠੇ ਲਿਆ ਕੇ ਪੜ੍ਹਿਆ ਕਰਦਾ ਸੀ ਅਤੇ ਆਂਢ-ਗੁਆਂਢ ਦੀਆਂ ਚਾਚੀਆਂ-ਤਾਈਆਂ ਜਾਂ ਕੁੜੀਆਂ ਮੈਨੂੰ ਚਮਲਾ ਕੇ ਮੇਰੇ ਕੋਲੋਂ ਇਹ ਚਿੱਠੇ ਸੁਣਿਆ ਕਰਦੀਆਂ ਸਨ, ਜੋ ਮੈਂ ਆਪਣੇ ਮਾਮੇ ਦੀ ਤਰਜ਼ ਦੀਆਂ ਹੇਕਾਂ ਵਿਚ ਪੜ੍ਹਿਆ ਕਰਦਾ ਸੀ।

ਖ਼ਾਲਸਾ ਹਾਈ ਸਕੂਲ ਜਲੰਧਰ ਆ ਕੇ ਮੇਰੇ ਅੰਦਰ ਸਿੱਖੀ ਵਾਸਤੇ ਖਿੱਚ ਪੈਦਾ ਹੋਈ। ਅੰਮ੍ਰਿਤ ਛਕਿਆ ਤੇ ਪੰਜ ਬਾਣੀਆਂ ਦਾ ਪਾਠ ਨਿੱਤ ਨੇਮ ਸ਼ੁਰੂ ਕੀਤਾ। ਇਕ ਵੇਰੀ ਮੇਰੇ ਪੰਜ ਕਕਾਰਾਂ ਦੀ ਰਹਿਤ ਵਿਚ ਵਿਘਨ ਪੈ ਗਿਆ ਤਾਂ ਮੈਂ ਮੁੜ ਸੰਤ ਗੁਰਬਖ਼ਸ਼ ਸਿੰਘ ਟਾਂਗਰਾ ਦੇ ਜਲੰਧਰ ਆਉਣ 'ਤੇ ਦੁਬਾਰਾ ਅੰਮ੍ਰਿਤ-ਪਾਨ ਕੀਤਾ। ਅੰਮ੍ਰਿਤ ਛਕ ਕੇ ਮੈਂ ਆਪਣੇ ਅੰਦਰ ਨਵੀਂ ਸ਼ਕਤੀ ਅਤੇ ਵੱਡੀ ਤੋਂ ਵੱਡੀ ਟੱਕਰ ਲੈਣ ਦਾ ਉਮਾਹ ਮਹਿਸੂਸ ਕਰਦਾ ਸਾਂ। ਅੰਮ੍ਰਿਤ ਛਕਣ ਨਾਲ ਨਸ਼ਿਆਂ ਦਾ ਪਰਹੇਜ਼ ਹੋਰ ਮਜਬੂਤ ਹੋ ਗਿਆ ਜੋ ਅਗਲੇ ਜੀਵਨ ਵਿਚ ਸਿਹਤ ਸੰਭਾਲ ਲਈ ਬਹੁਤ ਲਾਹੇਵੰਦ ਰਿਹਾ।

ਗਰਮੀਆਂ ਦੀਆਂ ਛੁੱਟੀਆਂ ਵਿਚ ਮੈਨੂੰ ਹਰੀ ਸਿੰਘ ਨਲੂਏ ਦੀ ਜੀਵਨੀ ਪੜ੍ਹਨ ਦਾ ਮੌਕਾ ਮਿਲਿਆ। ਮੇਰੇ ਉਤੇ ਉਸਦੀ ਬੀਰਤਾ ਦਾ ਏਨਾ ਅਸਰ ਹੋਇਆ ਕਿ ਮੈਂ ਉਸ ਕਿਤਾਬ ਦਾ ਬੈਂਤ, ਕਬਿੱਤ, ਕੋਰੜਾ ਛੰਦ ਤੇ ਦੋਹਰਿਆਂ ਵਿਚ ਉਲਥਾ ਕਰ ਦਿੱਤਾ।

ਇਹ ਆਪਣੀ ਕਿਰਤ ਸਕੂਲ ਵਿਚ ਰਹਿਰਾਸ ਮਗਰੋਂ ਅੱਠ-ਨੌਂ ਦਿਨ ਵਿਚ ਸੁਣਾ ਕੇ ਪੂਰੀ ਕੀਤੀ।

ਹੁਣ ਮੈਂ ਚੈਨ ਸਿੰਘ ਤੋਂ ਚੈਨ ਸਿੰਘ ਚੈਨ ਬਣ ਗਿਆ ਸਾਂ।

1935 ਵਿਚ ਦਸਵੀਂ ਜਮਾਤ ਵਿਚ ਅਸੀਂ ਤਿੰਨ ਸਿਰਕੱਢ ਵਿਦਿਆਰਥੀ ਸਾਂ- ਮੈਂ, ਗੁਰਮੁਖ ਸਿੰਘ ਸ਼ੰਕਰ ਤੇ ਤੀਜਾ ਇਕ ਟੀਚਰ ਦਾ ਲੜਕਾ ਸੀ। ਸਾਡਾ ਤਿੰਨਾਂ ਦਾ ਬਰਾਬਰ ਦਾ ਮੁਕਾਬਲਾ ਸੀ। ਭਾਵੇਂ ਮੇਰਾ ਹੱਥ ਕੁਝ ਉਪਰ ਸੀ। ਹੋਸਟਲ ਵਿਚ ਮੇਰੇ ਤਿੰਨ ਗੂੜ੍ਹੇ ਮਿੱਤਰ ਸਨ-ਦਰਸ਼ਨ ਸਿੰਘ ਮਿਠਾਪੁਰ, ਦਲਜੀਤ ਸਿੰਘ ਚਿਟੀ ਅਤੇ ਚੰਨਣ ਸਿੰਘ ਖਾਨਪੁਰ। ਦਸਵੀਂ ਦੇ ਇਮਤਿਹਾਨ ਦੇ ਦਿਨ ਸਨ ਤੇ ਅਗਲੀ ਸਵੇਰ ਨੂੰ ਜਿਉਮੈਟਰੀ ਦਾ ਪਰਚਾ ਸੀ। ਰਾਤ ਕੁਝ ਮੁੰਡਿਆਂ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਮੈਂ ਉਨ੍ਹਾਂ ਤੋਂ ਪਰ੍ਹੇ ਹਟ ਕੇ ਆਪਣੇ ਬਿਸਤਰੇ ਉੱਤੇ ਜਾ ਕੇ ਲੇਟ ਗਿਆ। ਉਹ ਸਾਰੇ ਮੇਰੇ ਉਦਾਲੇ ਹੋ ਗਏ, ਪਰ ਮੈਂ ਠੋਕਵੀਂ ਨਾਂਹ ਕਰ ਦਿੱਤੀ। ਅਖ਼ੀਰ ਦਰਸ਼ਨ ਤੇ ਚੰਨਣ ਮੇਰੇ ਸਾਹਮਣੇ ਆ ਬੈਠੇ ਅਤੇ ਆਪਣੀ ਦੋਸਤੀ ਦਾ ਵਾਸਤਾ ਪਾ ਕੇ ਮੈਨੂੰ ਦੋ ਘੁੱਟ ਪੀਣ ਲਈ ਮਜਬੂਰ ਕਰ ਦਿੱਤਾ। ਇਤਨੀ ਕੌੜੀ ਤੇ ਬੇਸੁਆਦੀ ਸ਼ੈਅ, ਮੈਂ ਹੈਰਾਨ ਸਾਂ ਕਿ ਲੋਕੀ ਇਸਦਾ ਸੇਵਨ ਕਿਉਂ ਕਰਦੇ ਹਨ। ਖ਼ੈਰ ਮੈਂ ਸੌਂ ਗਿਆ। ਸਵੇਰੇ ਨਹਾ ਧੋ ਕੇ ਗਿਆਰਾਂ ਵਜੇ ਇਮਤਿਹਾਨ ਵਿਚ ਜਾ ਬੈਠਾ। ਜਿਊਮੈਟਰੀ ਪਰਚੇ ਉੱਤੇ ਨਿਗਾਹ ਮਾਰੀ। ਪਰਚਾ ਬੜਾ ਆਸਾਨ ਜਾਪਿਆ। ਪਰ ਜਦੋਂ ਕਨਸਟਰਕਸ਼ਨ ਦੇ ਪਾਰਟ ਉੱਤੇ ਪੁੱਜਾ ਤਾਂ ਦਿਮਾਗ਼ ਦੀਆਂ ਭੌਣੀਆਂ ਘੁੰਮਣ ਲੱਗ ਪਈਆਂ। ਲਾਈਨਾਂ ਉਗੜ-ਦੁਗੜ ਹੋਈ ਜਾਣ। ਇਉਂ ਜਾਪੇ ਜਿਵੇਂ ਸਿਰ ਅੰਦਰ ਕੋਈ ਭੁਚਾਲ ਹੈ ਤੇ ਹੋਸ਼ ਬਿਲਕੁੱਲ ਗਾਇਬ। ਵੀਹ ਕੁ ਮਿੰਟ ਮੱਥਾ ਮਾਰ ਕੇ ਅਖ਼ੀਰ ਪਰਚਾ ਵਿਚੇ ਹੀ ਛੱਡ ਬਾਹਰ ਨਿਕਲ ਆਇਆ। ਤੀਹ ਦੇ ਤੀਹ ਨੰਬਰ ਜੋ ਮੇਰੀ ਪਹੁੰਚ ਵਿਚ ਸਨ, ਸ਼ਰਾਬ ਦੇ ਦੋ ਘੁੱਟਾਂ ਦੀ ਭੇਟ ਚੜ੍ਹ ਗਏ। ਜਦ ਨਤੀਜਾ ਨਿਕਲਿਆ ਤਾਂ ਮੇਰੇ 615 ਨੰਬਰ ਸਨ। ਇਕ ਗੁਰਮੁਖ ਸਿੰਘ ਦੇ 618, ਦੂਜੇ ਗੁਰਮੁਖ ਸਿੰਘ ਦੇ 628। ਜੇ ਮੇਰਾ ਜਿਊਮੈਟਰੀ ਦਾ ਪਰਚਾ ਧੁਰ ਚੜ੍ਹ ਜਾਂਦਾ ਤਾਂ ਮੈਂ ਨਿਸਚੇ ਹੀ 640 ਤੋਂ ਉਪਰ ਨੰਬਰ ਲੈ ਕੇ ਕਲਾਸ 'ਚੋਂ ਫਸਟ ਆਉਂਦਾ ਅਤੇ ਵਜ਼ੀਫ਼ੇ ਦਾ ਹੱਕਦਾਰ ਹੁੰਦਾ, ਜੋ ਉਸ ਸਾਲ 630 ਨੰਬਰ ਵਾਲੇ ਨੂੰ ਲਗਿਆ ਸੀ। ਮੈਨੂੰ ਸ਼ਰਾਬ ਤੋਂ ਲੋਹੜੇ ਦੀ ਨਫ਼ਰਤ ਹੋ ਗਈ।

ਉਨ੍ਹੀਂ ਦਿਨੀਂ ਹੋਲੇ-ਮੁਹੱਲੇ ਦੇ ਅਵਸਰ ਉੱਤੇ ਆਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਜਾਣ ਦਾ ਮੌਕਾ ਮਿਲਿਆ। ਕੀਰਤਪੁਰ ਸਾਹਿਬ ਗੁਰਦਵਾਰੇ ਦੀ ਕਾਰ ਸੇਵਾ ਚਲ ਰਹੀ ਸੀ। ਉਥੇ ਇਕ ਘੰਟਾ ਮਿੱਟੀ ਢੋਣ ਦੀ ਸੇਵਾ ਕੀਤੀ। ਰਾਤ ਨੂੰ ਆਨੰਦਪੁਰ ਸਾਹਿਬ ਵਿਚ ਬਹੁਤ ਵੱਡਾ ਦੀਵਾਨ ਸਜਿਆ। ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਗੰਗਾ ਸਿੰਘ ਨੇ ਇਕ ਘੰਟਾ ਧੜੱਲੇਦਾਰ ਭਾਸ਼ਣ ਦਿੱਤਾ। ਉਸਨੇ ਕਮਾਲ ਦੀਆਂ ਦਲੀਲਾਂ ਦੇ ਕੇ ਤੰਬਾਕੂ ਤੇ ਚਾਹ ਦਾ ਸਮਤੋਲ ਕਰਦਿਆਂ ਆਖਿਆ ਕਿ ਨਸ਼ੇ ਦੇ

ਪੱਖੋਂ ਤੰਬਾਕੂ ਤੇ ਚਾਹ ਦਾ ਇਕੋ ਦਰਜਾ ਹੈ। ਲੈਕਚਰ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਵੀਹ ਸਾਲ ਚਾਹ ਦੇ ਨੇੜੇ ਨਹੀਂ ਗਿਆ।

ਮੇਰੇ ਪਿੰਡ ਇਕ ਕਿਸ਼ਨ ਸਿੰਘ ਝੱਟੂ ਹੁੰਦਾ ਸੀ। ਉਹ ਅੱਗੇ ਚਲ ਕੇ ਕਮਿਊਨਿਸਟ ਪਾਰਟੀ ਦਾ ਸਥਾਨਕ ਵਰਕਰ ਵੀ ਬਣਿਆ। ਪਿੰਡ ਦੇ ਪੰਜ ਛੇ ਪੜ੍ਹੇ-ਲਿਖਿਆਂ ਵਿਚ ਉਸਦੀ ਵੀ ਗਿਣਤੀ ਹੁੰਦੀ ਸੀ। ਉਹ ਥੋੜ੍ਹਾ ਛਟੱਲੀ ਵੀ ਸੀ। ਮੈਂ ਦਸੰਬਰ ਦੀਆਂ ਛੁੱਟੀਆਂ ਵਿਚ ਪਿੰਡ ਗਿਆ ਹੋਇਆ ਸੀ ਤੇ ਛੁੱਟੀਆਂ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ-ਦਿਵਸ ਸੀ। ਕਿਸ਼ਨ ਸਿੰਘ ਨੇ ਭੰਗ ਦੇ ਪਕੌੜੇ ਪਕਾ ਲਏ, ਦੋ ਤਿੰਨ ਮੈਂ ਵੀ ਖਾ ਲਏ। ਭੰਗ ਦਾ ਨਸ਼ਾ ਅਜੇਹਾ ਹੁੰਦਾ ਹੈ ਕਿ ਬੰਦਾ ਮੁੜ-ਮੁੜ ਇਕੋ ਮਾਮਲੇ ਦੁਆਲੇ ਘੁੰਮਦਾ ਰਹਿੰਦਾ ਹੈ। ਸਾਡੀ ਆਪੋ ਵਿਚੀ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਆਗਮਨ ਦਿਵਸ ਖ਼ਾਲਸਾ ਹਾਈ ਸਕੂਲ ਜਲੰਧਰ ਵਿਚ ਮਨਾਉਣ ਵਾਸਤੇ ਕੁਝ ਫੰਡ ਇਕੱਠਾ ਕਰਨ ਬਾਰੇ ਗੱਲ ਚਲ ਪਈ। ਕਿਸ਼ਨ ਸਿੰਘ ਨੇ ਕਿਹਾ ਕਿ ਬੁੰਡਾਲਾ ਦੇ ਹਾਈ ਸਕੂਲ ਵਿਚ ਚਲਦੇ ਹਾਂ, ਉਥੇ ਇਕ ਟੀਚਰ ਮੇਰਾ ਵਾਕਫ਼ ਹੈ, ਉਹ ਆਪ ਵੀ ਕੁਝ ਦੇਵੇਗਾ ਤੇ ਹੋਰ ਟੀਚਰਾਂ ਤੋਂ ਵੀ ਦਿਵਾ ਦੇਵੇਗਾ। ਬੁੰਡਾਲਾ ਦਾ ਖ਼ਾਲਸਾ ਹਾਈ ਸਕੂਲ ਦੋ ਕੁ ਮੀਲ ਦੀ ਵਿੱਥ 'ਤੇ ਹੈ। ਉਥੇ ਗਏ ਤਾਂ ਉਸਨੇ ਦੱਸਿਆ ਕਿ ਇਹ ਦਿਨ ਤਾਂ ਏਥੇ ਵੀ ਮਨਾਇਆ ਜਾਣਾ ਹੈ। ਕਿਸ਼ਨ ਸਿੰਘ ਨੇ ਮੈਨੂੰ ਸੁਝਾਅ ਦਿੱਤਾ ਕਿ ਜਲੰਧਰ ਖ਼ਾਲਸਾ ਹਾਈ ਸਕੂਲ ਦੇ ਹੈੱਡਮਾਸਟਰ ਸ. ਚੰਨਣ ਸਿੰਘ ਵੱਲੋਂ ਇਕ ਚਿੱਠੀ ਬਣਾ ਲੈਂਦੇ ਹਾਂ, ਇਸ ਨਾਲ ਸਾਡਾ ਪ੍ਰਭਾਵ ਬਣ ਜਾਏਗਾ। ਮੈਂ ਉਸਦੀ ਹਾਂ ਵਿਚ ਹਾਂ ਮਿਲਾ ਕੇ ਛੋਟਾ ਜਿਹਾ ਪੱਤਰ ਲਿਖ ਥੱਲੇ ਚੰਨਣ ਸਿੰਘ ਦੇ ਦਸਤਖ਼ਤ ਕਰ ਦਿੱਤੇ। ਉਥੇ ਦੇ ਮਾਸਟਰਾਂ ਨੇ 50 ਰੁਪਏ ਤਾਂ 'ਕੱਠੇ ਕਰਕੇ ਦੇ ਦਿੱਤੇ, ਪਰ ਚਿੱਠੀ ਰੱਖ ਲਈ ਤੇ ਚੰਨਣ ਸਿੰਘ ਨੂੰ ਡਾਕ ਵਿਚ ਭੇਜ ਦਿੱਤੀ। ਛੁੱਟੀਆਂ ਖ਼ਤਮ ਹੋਣ ਉਪਰੰਤ ਮੈਂ ਆਪਣੇ ਸਕੂਲ ਜਲੰਧਰ ਗਿਆ ਤੇ ਆਪਣੀ ਕਾਰਗੁਜ਼ਾਰੀ ਲਈ ਸ਼ਾਬਾਸ਼ ਲੈਣ ਲਈ 50 ਰੁਪਏ ਹੈੱਡਮਾਸਟਰ ਚੰਨਣ ਸਿੰਘ ਮੋਹਰੇ ਰੱਖ ਦਿੱਤੇ। ਉਸਨੇ ਦਾਦ ਦੇਣ ਦੀ ਥਾਂ ਛੇ ਸੋਟੀਆਂ ਮੇਰੇ ਜੜ ਦਿੱਤੀਆਂ ਅਤੇ ਉਹ ਚਿੱਠੀ ਮੇਰੇ ਮੋਹਰੇ ਧਰ ਕੇ ਪੁੱਛਿਆ ਕਿ ਇਹ ਦਸਤਖ਼ਤ ਕਿਸ ਨੇ ਕੀਤੇ ਹਨ? ਮੈਨੂੰ ਹੁਣ ਅਹਿਸਾਸ ਹੋਇਆ ਕਿ ਇਹ ਮੇਰੀ ਵੱਡੀ ਗਲਤੀ ਸੀ। ਮੈਨੂੰ ਭੰਗ ਤੋਂ ਵੀ ਬਹੁਤ ਨਫ਼ਰਤ ਹੋ ਗਈ, ਜਿਸਦੇ ਨਸ਼ੇ ਨੇ ਇਕ ਚੰਗੇ ਕਾਰਜ ਉਤੇ ਸਾਰੀ ਧੁਨ ਕੇਂਦਰਤ ਕਰਕੇ ਹੋਰ ਸਭ ਚੰਗਾ-ਮਾੜਾ ਭੁਲਾ ਦਿੱਤਾ ਸੀ।

ਖ਼ਾਲਸਾ ਹਾਈ ਸਕੂਲ ਜਲੰਧਰ ਵਿਚ ਮੈਂ ਨੌਵੀਂ ਜਮਾਤ ਵਿਚ ਸਾਂ ਅਤੇ ਗੁਰਬਖ਼ਸ਼ ਸਿੰਘ ਅੱਟਾ ਤੇ ਅਮਰ ਸਿੰਘ ਦੁਸਾਂਝ ਦਸਵੀਂ ਜਮਾਤ ਵਿਚ। ਕੁਝ ਟੀਚਰਾਂ ਦੇ ਦੁਰ-ਵਿਹਾਰ ਕਾਰਨ ਹੜਤਾਲ ਹੋ ਗਈ। ਸਾਰੇ ਚੰਗੇ ਖਿਡਾਰੀ ਅਤੇ ਹੁਸ਼ਿਆਰ ਵਿਦਿਆਰਥੀ ਹੜਤਾਲ ਵਿਚ ਸ਼ਾਮਲ ਸਨ। ਮੈਂ ਤੇ ਗੁਰਬਖ਼ਸ਼ ਸਿੰਘ ਅੱਟਾ ਹੜਤਾਲ ਵਿਚ ਸਰਗਰਮ ਸਾਂ, ਪਰ ਅਮਰ ਸਿੰਘ ਦੁਸਾਂਝ ਨੇ ਹੜਤਾਲੀਆਂ ਦਾ ਸਾਥ ਛੱਡ ਦਿੱਤਾ। ਹੜਤਾਲੀ

ਵਿਦਿਆਰਥੀਆਂ ਦੇ ਇਕ ਜਥੇ ਨੇ ਉਸਦੀ ਇਤਨੀ ਮਾਰ ਕੁੱਟ ਕੀਤੀ ਕਿ ਕਈ ਦਿਨ ਉਸਦਾ ਮੰਜੇ ਤੋਂ ਉਠਣਾ ਮੁਹਾਲ ਹੋ ਗਿਆ। ਕਈ ਮਖ਼ੌਲ ਕਰਨ ਕਿ ਦੁਸਾਂਝ ਜੀ ਵੀ ਹੁਣ ਹੜਤਾਲ ਵਿਚ ਸ਼ਾਮਲ ਹੋ ਗਏ ਹਨ।

ਮੈਨੂੰ ਪੜ੍ਹਾਈ ਤੋਂ ਕਦੇ ਬੇਜ਼ਾਰੀ ਨਹੀਂ ਹੋਈ, ਸਗੋਂ ਮੈਨੂੰ ਸਕੂਲ ਦੀ ਖਿੱਚ ਰਹੀ ਹੈ। ਮੈਥੇਮੈਟਿਕਸ, ਇਤਿਹਾਸ ਤੇ ਭੂਗੋਲ ਵਿਚ ਮੈਂ ਲਗਭਗ 90 ਪ੍ਰਤੀਸ਼ਤ ਨੰਬਰ ਲੈਂਦਾ ਸਾਂ, ਅੰਗਰੇਜ਼ੀ ਤੇ ਫ਼ਾਰਸੀ ਵਿਚ 60 ਪ੍ਰਤੀਸ਼ਤ। ਪਰ ਪ੍ਰੈਕਟੀਕਲ ਦੀ ਘਾਟ ਸੀ, ਇਸੇ ਕਰਕੇ ਸਾਇੰਸ ਦਾ ਮਜ਼ਮੂਨ ਲੈ ਕੇ ਛੱਡ ਦਿੱਤਾ ਤੇ ਫ਼ਾਰਸੀ ਲੈ ਲਈ। ਇਸ ਘਾਟ ਦਾ ਮੂਲ ਕਾਰਨ ਮੇਰੇ ਘਰਦਿਆਂ ਵੱਲੋਂ ਮੁੱਢ ਤੋਂ ਪੜ੍ਹਾਈ ਤੋਂ ਬਿਨਾਂ ਮੈਨੂੰ ਹੋਰ ਕਿਸੇ ਕੰਮ ਵਿਚ ਨਾ ਪੈਣ ਦੇਣਾ ਸੀ। ਮਿਹਨਤੀ ਕਿਸਾਨੀ ਟੱਬਰ 'ਚੋਂ ਹੋਣ ਦੇ ਬਾਵਜੂਦ ਮੈਂ ਹਲ਼ ਦੀ ਹੱਥੀ ਫੜ ਕੇ ਨਹੀਂ ਦੇਖੀ। ਆਪਣੀ ਖ਼ੁਸ਼ੀ ਨਾਲ ਮੈਂ ਖੇਤੀ ਦੇ ਛੋਟੇ-ਵੱਡੇ ਕੰਮ ਕਰ ਦਿੰਦਾ ਸੀ। ਇਹ ਗੱਲ ਜ਼ਰੂਰ ਹੈ ਕਿ ਜਿਹੜਾ ਕੰਮ ਕਰਦਾ ਸੀ, ਪੂਰੀ ਪਰੀਤ ਨਾਲ ਕਰਦਾ ਸੀ। ਆੜ ਘੜਦਾ ਸਾਂ ਤਾਂ ਇਕ ਤਿੜ ਨਹੀਂ ਸੀ ਰਹਿਣ ਦਿੰਦਾ, ਗੋਡੀ ਕਰਦਾ ਸੀ ਤਾਂ ਵੀ।

ਇਕ ਦੋ ਹੋਰ ਗੱਲਾਂ ਬਾਲ ਉਮਰ ਦੀਆਂ ਕਰਨ ਵਾਲੀਆਂ ਹਨ।

ਮੈਂ ਅਜੇ ਬਹੁਤ ਛੋਟਾ ਸੀ। ਮੈਨੂੰ ਅੜੀ ਕਰਦਿਆਂ ਡਰ ਪਾਉਣ ਲਈ ਮੇਰੇ ਵੱਡੇ ਭਰਾ ਪਾਖਰ ਸਿੰਘ ਨੇ ਮੈਨੂੰ ਆਪਣੇ ਕਨ੍ਹੇੜਿਓਂ ਥੱਲੇ ਲਾਹ ਕੇ ਆਖਿਆ, "ਔਹ ਦੇਖ ਚੰਦ ਮਾਮਾ ਤੇਰੀ ਭੁਗਤ ਸੰਵਾਰਨ ਲਈ ਉਪਰੋਂ ਉੱਤਰ ਕੇ ਛੱਪੜ ਦੇ ਪਰਲੇ ਪਾਸੇ ਆ ਗਿਆ ਹੈ।" ਪੁੰਨਿਆ ਦਾ ਚੰਦ ਸੀ ਅਤੇ ਅਜੇ ਚੜ੍ਹਿਆ ਹੀ ਸੀ। ਉਸ ਸਮੇਂ ਚੰਦ ਦਾ ਆਕਾਰ ਵੀ ਕਾਫ਼ੀ ਵੱਡਾ ਨਜ਼ਰ ਆਉਂਦਾ ਹੈ। ਪਾਣੀ ਦੀਆਂ ਲਹਿਰਾਂ ਵਿਚ ਚੰਦ ਦਾ ਦ੍ਰਿਸ਼ ਮੈਨੂੰ ਇਉਂ ਜਾਪਿਆ ਜਿਵੇਂ ਉਹ ਮੇਰੇ ਵੱਲ ਨੂੰ ਆ ਰਿਹਾ ਹੈ। ਉਦੋਂ ਦੀ ਮੇਰੇ ਮਨ ਉੱਤੇ ਇਹੋ ਜਿਹੀ ਲਕੀਰ ਉੱਕਰੀ ਗਈ ਕਿ ਮੈਂ ਚੜ੍ਹਦੇ-ਛਿਪਦੇ ਚੰਦ ਦਾ ਅਕਸ ਪਾਣੀ ਵਿਚ ਦੇਖਣ ਤੋਂ ਅੱਜ ਤਕ ਗੁਰੇਜ਼ ਕਰਦਾ ਹਾਂ। ਇਸੇ ਤਰ੍ਹਾਂ ਮੈਨੂੰ ਡਰਾਉਣ ਲਈ ਬਰਸਾਤ ਦੇ ਦਿਨਾਂ ਵਿਚ ਸੌ-ਸੌ ਲੱਤਾਂ ਵਾਲੇ ਗੀਂਗਦੇ ਘੁਮਾਰ੍ਹ ਦੀ ਵਰਤੋਂ ਕੀਤੀ ਗਈ। ਮੈਨੂੰ ਅੱਜ ਤਕ ਘੁਮਾਰ ਤੋਂ ਬੜੀ ਕਰਿਆਹਟ ਆਉਂਦੀ ਹੈ। ਸੋ ਮੇਰਾ ਆਪਣਾ ਤਜਰਬਾ ਦੱਸਦਾ ਹੈ ਕਿ ਬਾਲ ਉਮਰ ਦੇ ਬੱਚੇ ਨਾਲ ਕੀਤੇ ਵਿਵਹਾਰ ਦਾ ਬਹੁਤ ਡੂੰਘਾ ਤੇ ਸਦੀਵੀ ਅਸਰ ਰਹਿੰਦਾ ਹੈ। ਬੱਚੇ ਨੂੰ ਡਰਾਉਣ ਦੀ ਥਾਂ ਉਸ ਨੂੰ ਚੰਗੇ, ਨਰੋਏ ਤੇ ਨਿਡਰ ਕਰਨ ਵਾਲੇ ਕਦਮ ਉਠਾਉਣੇ ਚਾਹੀਦੇ ਹਨ।

## ਮਾਰਕਸਵਾਦ ਨਾਲ ਮੁੱਢਲੀ ਜਾਣ-ਪਛਾਣ

ਖ਼ੁਦਗਰਜ਼ੀ ਛੱਡ ਕੇ ਸਮਾਜ ਵਾਸਤੇ ਕੁਝ ਕਰਨ ਦੀ ਸਿਖਿਆ ਤਾਂ ਮੈਨੂੰ ਸੱਚੇ-ਸੁੱਚੇ ਸੰਤਾਂ ਅਤੇ ਧਾਰਮਿਕ ਆਗੂਆਂ ਤੋਂ ਵੀ ਮਿਲ ਗਈ ਸੀ, ਪਰ ਅਜੋਕੇ ਸਮੇਂ

ਸਮਾਜਕ ਪਰਿਵਰਤਨ ਲਈ ਲੋੜੀਂਦਾ ਰਾਹ ਸਮਾਜਵਾਦ ਦੀ ਸਿਖਿਆ ਤੋਂ ਪ੍ਰਾਪਤ ਹੋਇਆ। ਇਸ ਸਬੰਧ ਵਿਚ 'ਫੁਲਵਾੜੀ' ਅਤੇ 'ਪ੍ਰੀਤਲੜੀ' ਦੇ ਪੰਜਾਬੀ ਰਸਾਲਿਆਂ ਨੇ ਵੀ ਬਹੁਤ ਮੱਦਦ ਕੀਤੀ, ਪਰ ਮੈਨੂੰ ਮਾਰਕਸਵਾਦ ਦੀ ਸਿਖਿਆ ਸਭ ਤੋਂ ਪਹਿਲਾਂ ਦੇਣ ਵਾਲੇ ਹਨ ਕਾਮਰੇਡ ਭਗਤ ਸਿੰਘ ਬਿਲਗਾ।

ਕਾਮਰੇਡ ਜਸਵੰਤ ਸਿੰਘ ਤੇ ਜੀਵਨ ਸਿੰਘ ਦੁਖੀ ਪਿੰਡ ਸ਼ੰਕਰ ਅਤੇ ਕਾਮਰੇਡ ਚੈਨ ਸਿੰਘ ਰੁੜਕਾ ਕਲਾਂ ਮੈਨੂੰ ਮੇਰੇ ਪਿੰਡ ਆ ਕੇ ਮਾਰਕਸਵਾਦ ਦੀ ਕੁਝ ਚੇਟਕ ਲਾਉਂਦੇ ਰਹਿੰਦੇ ਸਨ। ਮੈਂ ਉਦੋਂ ਮੈਟ੍ਰਿਕ ਪਾਸ ਕਰਕੇ ਆਪਣੇ ਪਿੰਡ ਛੋਟੀ ਜਿਹੀ ਦੁਕਾਨ ਪਾ ਕੇ ਦਿਨ ਕਟੀ ਕਰਦਾ ਸਾਂ ਕਿਉਂਕਿ ਘਰਦਿਆਂ ਨੇ ਮੇਰਾ ਲੋਕ-ਸੇਵਾ ਵਲ ਰੁਖ਼ ਦੇਖ ਕੇ ਮੈਨੂੰ ਕਾਲਜ ਦੀ ਪੜ੍ਹਾਈ ਕਰਾਉਣ ਤੋਂ ਉੱਕੀ ਨਾਂਹ ਕਰ ਦਿੱਤੀ ਸੀ। ਮੈਟ੍ਰਿਕ ਦੇ ਇਮਤਿਹਾਨ ਦੇ ਬਹੁਤ ਵਧੀਆ ਨੰਬਰ ਦੇਖ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਇਕ ਪ੍ਰੋਫ਼ੈਸਰ ਮੇਰੇ ਘਰ ਆਏ ਅਤੇ ਘਰਦਿਆਂ ਨੂੰ 'ਗੁਰੂ ਗੋਬਿੰਦ ਸਿੰਘ ਵਜ਼ੀਫ਼ੇ' ਰਾਹੀਂ ਮਾਲੀ ਸਹਾਇਤਾ ਦੀ ਪੇਸ਼ਕਸ਼ ਵੀ ਕੀਤੀ ਪਰ ਉਹ ਰਜ਼ਾਮੰਦ ਨਹੀਂ ਹੋਏ।

ਉਨ੍ਹੀਂ ਦਿਨੀਂ ਨਵੇਂ ਤੋਂ ਨਵੇਂ ਸਾਥੀ ਲੱਭਣ ਲਈ 'ਕਿਰਤੀ ਪਾਰਟੀ' ਦੇ ਵਰਕਰ ਬਹੁਤ ਸਿਰੜੀ ਯਤਨ ਕਰਿਆ ਕਰਦੇ ਸਨ। ਉਪਰੋਕਤ ਤਿੰਨੇ ਸਾਥੀਆਂ ਨੇ ਆਪਣਾ ਜ਼ੋਰ ਲਾ ਕੇ ਮੇਰਾ ਰੁਖ਼ ਮੋੜ ਦਿੱਤਾ ਅਤੇ ਫੇਰ ਉਚੇਰੀ ਸਿਖਿਆ ਲਈ ਕਾਮਰੇਡ ਭਗਤ ਸਿੰਘ ਬਿਲਗਾ ਨੂੰ ਮਿਲਣ ਦੀ ਪ੍ਰੇਰਨਾ ਦਿੱਤੀ।

ਕਾਮਰੇਡ ਭਗਤ ਸਿੰਘ ਬਿਲਗਾ ਗ਼ਦਰ ਪਾਰਟੀ ਰਾਹੀਂ ਮਾਸਕੋ ਜਾ ਕੇ ਮਾਰਕਸਵਾਦ ਦੀ ਉਚੇਰੀ ਸਿਖਿਆ ਪ੍ਰਾਪਤ ਕਰ੍ਕੇ ਆਏ ਸਨ ਤੇ ਹੁਣ ਆਪਣੇ ਪਿੰਡ ਬਿਲਗਾ ਵਿਖੇ ਨਜ਼ਰਬੰਦ ਸਨ ਅਤੇ ਉਨ੍ਹਾਂ ਨੂੰ ਚਾਰ ਤੋਂ ਵੱਧ ਬੰਦਿਆਂ ਵਿਚ ਬੈਠਣ ਦੀ ਆਗਿਆ ਨਹੀਂ ਸੀ। ਮੈਂ ਉਨ੍ਹਾਂ ਨੂੰ ਬਿਲਗੇ ਜਾ ਕੇ ਮਿਲਿਆ। ਉਨ੍ਹਾਂ ਬਹੁਤ ਖ਼ੁਸ਼ੀ ਪ੍ਰਗਟ ਕੀਤੀ ਅਤੇ ਸਰਕਾਰੀ ਪਾਬੰਦੀਆਂ ਕਾਰਨ ਮੈਨੂੰ ਰਾਤ ਨੂੰ ਆਉਣ ਲਈ ਆਖਿਆ। ਰਾਤ ਨੂੰ ਪਿੰਡੋਂ ਬਾਹਰ ਇਕ ਨਿਵੇਕਲੀ ਹਵੇਲੀ ਵਿਚ ਉਹ ਮੈਨੂੰ ਦੋ-ਤਿੰਨ ਸਾਥੀਆਂ (ਨਾਜ਼ਰ ਸਿੰਘ ਕਾਲਾ ਸੰਘਾ, ਹਰਕਿਸ਼ਨ ਸਿੰਘ ਪੁਆਦੜਾ ਤੇ ਕਿਸ਼ਨ ਸਿੰਘ ਚੀਮਾ) ਨਾਲ ਇਕ ਘੰਟਾ ਮਾਰਕਸਵਾਦ ਦੀ ਮੁੱਢਲੀ ਸਿਖਿਆ ਦਿਆ ਕਰਦੇ ਸਨ। ਉਨ੍ਹਾਂ ਦੇ ਲੈਕਚਰ ਮੁੱਖ ਤੌਰ ਉੱਤੇ 'ਦੋ ਦੁਨੀਆਂ' ਨਾਉਂ ਦੀ ਕਿਤਾਬ ਉਤੇ ਆਧਾਰਤ ਸਨ। ਇਕ ਮਹੀਨੇ ਦੇ ਲੈਕਚਰਾਂ ਮਗਰੋਂ ਮੈਨੂੰ ਉਹ ਪੁਸਤਕ ਵੀ ਪੜ੍ਹਨ ਤੇ ਘੋਖਣ ਲਈ ਦਿੱਤੀ। ਰਾਤ ਸਮੇਂ ਬਿਲਗੇ ਆਉਣ ਲਈ ਮੈਂ ਘਰਦਿਆਂ ਨੂੰ ਰਾਜ਼ੀ ਕਰਨ ਲਈ ਗਿਆਨੀ ਪੜ੍ਹਨ ਦਾ ਬਹਾਨਾ ਬਣਾਇਆ ਸੀ।

ਕਾਮਰੇਡ ਬਿਲਗਾ ਜੀ ਮੈਨੂੰ ਸੁੱਖ-ਸੁਨੇਹਾ ਦੇ ਕੇ ਕਿਤੇ-ਕਿਤੇ ਕਾਮਰੇਡ ਬੂਝਾ ਸਿੰਘ ਜੀ ਚੱਕ ਮਾਈਦਾਸ ਕੋਲ ਭੇਜਿਆ ਕਰਦੇ ਸਨ। ਉਹ ਵੀ ਮਾਸਕੋ ਤੋਂ ਪਰਤੇ ਸਨ ਅਤੇ ਆਪਣੇ ਪਿੰਡ ਵਿਚ ਨਜ਼ਰਬੰਦ ਸਨ। ਉਹ ਮੈਨੂੰ ਕਾਮਰੇਡ ਬਿਲਗਾ ਜੀ ਕੋਲੋਂ

ਮਿਲੀ ਸਿਖਿਆ ਬਾਰੇ ਪੁੱਛਦੇ ਅਤੇ ਫੇਰ ਮੈਨੂੰ ਉਹੀ ਸਿਖਿਆ ਬਹੁਤ ਸਾਦੇ ਤੇ ਦਿਲਚਸਪ ਢੰਗ ਨਾਲ ਦ੍ਰਿੜ ਕਰਵਾ ਦਿਆ ਕਰਦੇ ਸਨ।

ਕਈ ਵੇਰੀ ਕਾਮਰੇਡ ਨੈਣਾ ਸਿੰਘ ਧੂਤ ਮੈਨੂੰ ਪਿੰਡ ਆ ਕੇ ਮਿਲਿਆ ਕਰਦੇ ਸਨ। ਉਹ ਆਪਣੇ ਨਿਵੇਕਲੇ ਢੰਗ ਨਾਲ ਉਸੇ ਸਿਖਿਆ ਨੂੰ ਪ੍ਰਪੱਕ ਕਰ ਦਿੰਦੇ ਸਨ ਤੇ ਕੁਝ ਟੋਟਕੇ ਹੋਰ ਵੀ ਸੁਣਾ ਦਿਆ ਕਰਦੇ ਸਨ।

ਕੋਈ ਵੀ ਆਗੂ ਮਿਲੇ, ਮੈਂ ਉਸ ਕੋਲੋਂ ਹੋਰ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਸੀ। ਉਸ ਸਮੇਂ ਮਾਰਕਸਵਾਦ ਦੀਆਂ ਪੰਜਾਬੀ ਵਿਚ ਬਹੁਤ ਘੱਟ ਕਿਤਾਬਾਂ ਸਨ। ਅੰਗਰੇਜ਼ੀ ਵਿਚ ਬਹੁਤ ਪੁਸਤਕਾਂ ਮਿਲ ਜਾਂਦੀਆਂ ਸਨ ਤੇ ਕੁਝ ਇਕ ਉਰਦੂ ਵਿਚ ਵੀ। ਇਸ ਕਰਕੇ ਜਿਹੜੀ ਵੀ ਉਰਦੂ ਤੇ ਅੰਗਰੇਜ਼ੀ ਦੀ ਕਿਤਾਬ ਮੇਰੇ ਹੱਥ ਲੱਗੀ, ਮੈਂ ਉਸਨੂੰ ਬਹੁਤ ਤੀਬਰਤਾ ਨਾਲ ਪੜ੍ਹਿਆ ਕਰਦਾ ਸੀ। ਮੈਂ ਇਹੋ ਸਿਖਿਆ ਹੌਲੀ-ਹੌਲੀ ਨਵੇਂ ਸਾਥੀਆਂ ਨੂੰ ਦੇਣ ਲਗ ਪਿਆ। ਇਹ ਗੱਲ ਮੇਰੇ ਅੰਦਰ ਘਰ ਕਰ ਗਈ ਸੀ ਕਿ ਹਰ ਸਾਥੀ ਨੂੰ ਪਹਿਲਾਂ ਜਿੰਨੀ ਹੋ ਸਕੇ ਮਾਰਕਸਵਾਦੀ ਸਿਖਿਆ ਦਿੱਤੀ ਜਾਵੇ ਕਿਉਂਕਿ ਇਸ ਤਰ੍ਹਾਂ ਹੀ ਉਹ ਕਿਸੇ ਦੀ ਉਂਗਲੀ ਫੜੇ ਬਗੈਰ ਅਮਲੀ ਕੰਮ ਲਈ ਆਪਣਾ ਰਾਹ ਆਪ ਬਣਾ ਸਕਦਾ ਹੈ।

ਲਾਹੌਰ ਕਿਸਾਨ ਮੋਰਚੇ ਦੀ ਨੌਂ ਮਹੀਨੇ ਕੈਦ ਕੱਟ ਕੇ ਜਦ ਮੈਂ ਜਨਵਰੀ 1940 ਵਿਚ ਰਿਹਾਅ ਹੋਇਆ ਤਾਂ ਮੈਨੂੰ ਕਾਮਰੇਡ ਰਾਮ ਸਿੰਘ ਦੱਤ ਵੱਲੋਂ ਲਾਏ ਜਾ ਰਹੇ ਸਕੂਲ ਵਿਚ ਸ਼ਾਮਲ ਹੋਣ ਦਾ ਸੁਨੇਹਾ ਮਿਲਿਆ। ਉਸਨੇ ਚਲੰਤ ਮਸਲਿਆਂ ਬਾਰੇ ਲੈਕਚਰ ਦੇ ਕੇ ਆਖਿਆ ਕਿ ਸੰਸਾਰ ਜੰਗ ਲੱਗਣ ਕਰਕੇ ਗੁਪਤ ਕੰਮ ਦਾ ਸਮਾਂ ਆ ਰਿਹਾ ਹੈ, ਵੱਡੇ ਆਗੂ ਛੇਤੀ ਗ੍ਰਿਫ਼ਤਾਰ ਹੋ ਜਾਣ ਦਾ ਖ਼ਤਰਾ ਹੈ ਇਸ ਲਈ ਹੋਰ ਸਾਥੀਆਂ ਨੂੰ ਮਾਰਕਸੀ ਸਿਖਿਆ ਦਾ ਸੰਚਾਰ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਸੋ 1940-41 ਵਿਚ ਕਿਰਤੀ ਪਾਰਟੀ ਦੀ ਲੀਡਰਸ਼ਿਪ ਵਿਚ ਹੁੰਦਿਆਂ ਗੁਪਤ ਦੌਰ ਵਿਚ ਮੈਂ ਤੇ ਮੇਰੇ ਨਾਲ ਦੋ ਹੋਰ ਸਾਥੀਆਂ ਹਰਬੰਸ ਸਿੰਘ ਕਰਨਾਣਾ ਅਤੇ ਦਲੀਪ ਸਿੰਘ ਜੌਹਲ ਆਦਿ ਨੇ ਆਮ ਮੈਂਬਰਾਂ ਨੂੰ ਹੀ ਨਹੀਂ ਹਮਦਰਦਾਂ ਨੂੰ ਵੀ ਲੋੜੀਂਦੀ ਸਿਖਿਆ ਦੇਣ ਦਾ ਕੰਮ ਕੀਤਾ। 1942 ਵਿਚ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਨਜ਼ਰਬੰਦ ਹੁੰਦਿਆਂ ਖੁਲ੍ਹਾ ਸਮਾਂ ਹੋਣ ਕਰਕੇ ਕਾਮਰੇਡ ਧਨਵੰਤਰੀ ਕੋਲੋਂ ਕਮਿਊਨਿਸਟ ਮੈਨੀਫ਼ੈਸਟੋ ਬਾਰੇ ਅਤੇ ਕਾਮਰੇਡ ਮੋਹਨ ਲਾਲ ਕਿਰਤੀ ਕੋਲੋਂ ਰਾਜਸੀ ਆਰਥਕਤਾ ਬਾਰੇ ਵਿਸਤਰਿਤ ਲੈਕਚਰ ਲਏ ਅਥਵਾ ਮਾਸਟਰ ਹਰੀ ਸਿੰਘ ਧੂਤ ਨੇ ਪੰਜਾਬ ਦੇ ਕਿਸਾਨੀ ਮਸਲੇ ਬਾਰੇ ਭਰਪੂਰ ਜਾਣਕਾਰੀ ਦਿੱਤੀ।

ਜੰਗ ਦਾ ਖਾਸਾ ਬਦਲਣ ਕਰਕੇ ਕਮਿਊਨਿਸਟਾਂ ਦੀਆਂ ਰਿਹਾਈਆਂ ਹੋਣ ਨਾਲ ਕਾਮਰੇਡ ਤੇਜਾ ਸਿੰਘ ਸੁਤੰਤਰ ਵੀ ਲੰਮੀ ਨਜ਼ਰਬੰਦੀ ਮਗਰੋਂ ਰਿਹਾਅ ਹੋ ਗਏ। ਉਨ੍ਹਾਂ ਬਹੁਤ ਹੀ ਵਧੀਆ ਢੰਗ ਨਾਲ ਇਕ ਲੜੀ ਬਣਾ ਕੇ ਮਾਰਕਸਵਾਦ ਦੇ ਸਾਰੇ ਵਿਸ਼ਿਆਂ

ਬਾਰੇ ਲੈਕਚਰ ਦੇ ਕੇ ਸਾਥੀਆਂ ਨੂੰ ਨੋਟ ਕਰਵਾਏ ਤਾਂ ਜੋ ਹਰ ਸਾਥੀ ਅੱਗੇ ਇਨ੍ਹਾਂ ਦਾ ਸੰਚਾਰ ਕਰ ਸਕੇ।

ਆਖ਼ਰੀ ਗੱਲ ਯਾਦ ਰੱਖਣ ਵਾਲੀ ਇਹ ਹੈ ਕਿ ਮਾਰਕਸਵਾਦ ਦੀ ਸਿਖਿਆ ਕੇਵਲ ਕਿਤਾਬਾਂ 'ਚੋਂ ਪ੍ਰਾਪਤ ਨਹੀਂ ਹੁੰਦੀ, ਲੋਕਾਂ ਵਿਚ ਅਮਲੀ ਕੰਮ ਕੀਤਿਆਂ ਹੀ ਅਸਲ ਨਿਖ਼ਾਰ ਆਉਂਦਾ ਹੈ।

## ਮਾਰਕਸਵਾਦ ਦੀ ਚੇਟਕ ਕਿਵੇਂ ਲੱਗੀ?

ਮੇਰੇ ਘਰ ਵਾਲਿਆਂ ਨੇ ਮੈਨੂੰ ਮੈਟ੍ਰਿਕ ਤੋਂ ਮਗਰੋਂ ਕਾਲਜ ਵਿਚ ਭੇਜਣੋਂ ਨਾਂਹ ਕਰ ਦਿੱਤੀ। ਉਨ੍ਹਾਂ ਨੂੰ ਮੇਰੇ ਤੌਰ-ਤਰੀਕਿਆਂ ਤੋਂ ਡਰ ਹੋ ਗਿਆ ਸੀ ਕਿ ਮੈਂ ਉਨ੍ਹਾਂ ਦੇ ਹੱਥ ਬਸ ਨਹੀਂ ਰਹਿਣਾ, ਅਥਵਾ ਮੈਂ ਸ਼ਾਇਦ ਕੋਈ ਨੌਕਰੀ ਕਰਨਾ ਵੀ ਪਸੰਦ ਨਾ ਕਰਾਂ। ਘਰਦਿਆਂ ਦੀ ਬੇਰੁਖ਼ੀ ਦੇਖ ਕੇ ਮੈਂ ਆਪਣੇ ਹਿੱਸੇ ਦੀ 10 ਕਨਾਲ ਜ਼ਮੀਨ ਗਹਿਣੇ ਰੱਖ ਕੇ ਕਾਲਜ ਦਾ ਖ਼ਰਚਾ ਤੋਰਨ ਲਈ ਕਰਜ਼ਾ ਚੁੱਕਣ ਦੀ ਵਿਉਂਤ ਬਣਾਈ, ਪਰ ਘਰਦਿਆਂ ਨੇ ਹਰ ਕਿਸੇ ਨੂੰ ਮੇਰੀ ਜ਼ਮੀਨ ਗਹਿਣੇ ਲੈਣ ਤੋਂ ਰੋਕ ਦਿੱਤਾ। ਮੈਂ ਕੀ ਕਰਦਾ। ਕਿਸ਼ਨ ਸਿੰਘ ਝੱਟੂ ਜੋ ਛੋਟੀ ਜਿਹੀ ਦੁਕਾਨ ਕਰਦਾ ਸੀ, ਉਹ ਜ਼ਿਲ੍ਹਾ ਲਾਇਲਪੁਰ ਆਪਣੀ ਜ਼ਮੀਨ 'ਤੇ ਜਾਣ ਲੱਗਿਆ ਆਪਣੀ ਦੁਕਾਨ ਤੇ ਉਸ ਵਿਚ ਪਿਆ ਸੌਦਾ ਥੋੜ੍ਹੇ ਜਿਹੇ ਪੈਸਿਆਂ ਵਿਚ ਮੇਰੇ ਹਵਾਲੇ ਕਰ ਗਿਆ। ਦੁਕਾਨ ਕਾਹਦੀ ਸੀ, ਮੇਰੀ ਮਾਯੂਸੀ ਟਾਲਣ ਦਾ ਇਕ ਹੀਲਾ ਸੀ। ਸਰਮਾਇਆ ਤਾਂ ਕੋਲ ਹੈ ਹੀ ਨਹੀਂ ਸੀ, ਜੋ ਵੱਟਣਾ ਉਸਦਾ ਦੂਜੇ ਦਿਨ ਸਵੇਰੇ ਲਾਗਲੇ ਪਿੰਡ ਪਾਸਲਾ ਦੀ ਇਕ ਵੱਡੀ ਦੁਕਾਨ ਤੋਂ ਸੌਦਾ ਲੈ ਆਉਣਾ।

ਪਤਾ ਨਹੀਂ ਕਿਧਰੋਂ ਮੁਸ਼ਕ ਆ ਗਿਆ। ਮੇਰੇ ਨੇੜੇ-ਤੇੜੇ ਦੇ ਕਿਰਤੀ ਪਾਰਟੀ ਨਾਲ ਸੰਬੰਧਤ ਕਮਿਊਨਿਸਟ ਸਾਥੀਆਂ ਮੇਰੇ ਦੁਆਲੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਰੁੜਕਾ ਕਲਾਂ ਮੇਰੇ ਨਾਉਂ ਦਾ ਇਕ ਸਾਥੀ ਨੇੜੇ ਹੋਣ ਕਰਕੇ ਦੂਜੇ, ਤੀਜੇ ਦਿਨ ਆ ਜਾਂਦਾ ਸੀ। ਪਿੰਡ ਸ਼ੰਕਰ ਦਾ ਕਾਮਰੇਡ ਜੀਵਨ ਸਿੰਘ ਦੁਖੀ ਵੀ ਚੌਥੇ-ਪੰਜਵੇਂ ਦਿਨ ਚੱਕਰ ਕੱਢ ਜਾਂਦਾ। 'ਕਿਰਤੀ' ਅਖ਼ਬਾਰ ਤੇ 'ਪ੍ਰੀਤਲੜੀ' ਰਸਾਲਾ ਤੋਂ ਬਿਨਾਂ ਸਾਈਕਲੋ-ਸਟਾਈਲ ਕੀਤਾ 'ਲਾਲ ਢੰਡੋਰਾ' ਵੀ ਪਹੁੰਚਣ ਲਗ ਪਿਆ। ਕੁਝ ਗੱਲਾਂ ਜ਼ੁਬਾਨੀ ਕਰ ਜਾਂਦੇ, ਹੋਰ ਮੈਂ ਇਨ੍ਹਾਂ ਪ੍ਰਕਾਸ਼ਨਾਵਾਂ ਤੋਂ ਪੜ੍ਹ ਲੈਂਦਾ। 'ਲਾਲ ਢੰਡੋਰਾ' ਬਾਰੇ ਉਸਨੇ ਦੱਸਿਆ ਕਿ ਇਹ ਚੋਰੀ ਛਿਪੇ ਛਪਦਾ ਤੇ ਵੰਡਿਆ ਜਾਂਦਾ ਹੈ ਅਤੇ ਮੈਂ ਵੀ ਇਸ ਨੂੰ ਚੋਰੀ-ਛਿਪੇ ਪੜ੍ਹਿਆ ਕਰਾਂ। ਕਿਉਂਕਿ ਜਿਸ ਕੋਲੋਂ ਇਹ ਫੜਿਆ ਜਾਵੇ, ਉਸਨੂੰ ਪੁਲਸ ਦਾ ਕੁਟਾਪਾ ਵੀ ਚੜ੍ਹਦਾ ਹੈ ਅਤੇ ਜੇਲ੍ਹ ਦੀ ਹਵਾ ਵੀ ਖਾਣੀ ਪੈਂਦੀ ਹੈ। ਇਨ੍ਹਾਂ ਸਾਥੀਆਂ ਦੇ ਮੋਟੇ ਟੋਟਕਿਆਂ ਅਤੇ ਇਨ੍ਹਾਂ ਪ੍ਰਕਾਸ਼ਨਾਵਾਂ ਤੋਂ ਮੇਰੇ ਉੱਤੇ ਪ੍ਰਭਾਵ ਪਿਆ ਕਿ ਗਰੀਬ ਕਿਰਤੀ ਕਾਮੇ ਲੋਕਾਂ ਦੀ ਲੁੱਟ-ਖਸੁੱਟ ਰੋਕਣ ਵਾਲੀ ਵੀ ਕੋਈ ਸੰਸਥਾ ਹੈ ਤੇ ਉਸਦੇ ਪੈਰੋਕਾਰਾਂ ਨੂੰ ਕਾਮਰੇਡ ਆਖ ਕੇ ਬੁਲਾਇਆ ਜਾਂਦਾ ਹੈ। ਮੈਨੂੰ ਇਨ੍ਹਾਂ ਦੀਆਂ ਗੱਲਾਂ ਤੋਂ

ਕਾਮਰੇਡ ਤੇ ਸਿੱਖੀ ਵਿਚ ਭਾਈ ਦਾ ਸ਼ਬਦ ਇਕ ਸਮਾਨ ਜਾਪਦਾ ਸੀ।

ਗੁਰਦੁਆਰਾ ਸੰਗ ਢੇਸੀਆਂ ਵਿਖੇ ਅਕਾਲੀ ਪਾਰਟੀ ਦੀ ਇਕ ਵੱਡੀ ਮੀਟਿੰਗ ਵਿਚ ਮੈਨੂੰ ਜਾਣ ਦਾ ਮੌਕਾ ਮਿਲਿਆ। ਗੱਲਾਂ ਉਨ੍ਹਾਂ ਦੀਆਂ ਵੀ ਵਧੀਆ ਲੱਗੀਆਂ। ਗੁਰਬਾਣੀ ਤੇ ਅਕਾਲੀ ਮੋਰਚਿਆਂ ਦੇ ਨਾਲ-ਨਾਲ ਉਹ ਵੀ ਦੇਸ਼ ਨੂੰ ਅੰਗਰੇਜ਼ੀ ਗੁਲਾਮੀ ਤੋਂ ਆਜ਼ਾਦ ਕਰਾਉਣ ਦੀਆਂ ਤਕਰੀਰਾਂ ਕਰਦੇ ਸਨ। ਮੈਨੂੰ ਪਹਿਲਾਂ ਤੋਂ ਦੂਜਿਆਂ ਦੀਆਂ ਚੰਗੀਆਂ ਗੱਲਾਂ ਕਾਪੀ 'ਤੇ ਨੋਟ ਕਰਨ ਦਾ ਸ਼ੌਕ ਸੀ, ਪਰ ਮੇਰੇ ਅਜਿਹਾ ਕਰਨ ਤੋਂ ਪ੍ਰਬੰਧਕਾਂ ਨੂੰ ਸ਼ੱਕ ਪੈ ਗਈ ਕਿ ਇਹ ਤਾਂ ਡਾਇਰੀ ਲਿਖਣ ਵਾਲ਼ਾ ਕੋਈ ਪੁਲਸੀਆ ਹੈ। ਅਕਾਲੀ ਆਗੂ ਬੀਰ ਸਿੰਘ ਪੁਆਦੜਾ ਨੇ ਮੈਨੂੰ ਆ ਫੜਿਆ ਅਤੇ ਧੱਕੇ ਮਾਰ ਕੇ ਬਾਹਰ ਕੱਢਣ ਲੱਗਿਆ ਤਾਂ ਕਾਮਰੇਡ ਜਵਾਲਾ ਸਿੰਘ ਬੜਾ ਪਿੰਡ ਨੇ ਮੇਰੀ ਹਾਮੀ ਭਰ ਕੇ ਮੇਰਾ ਬਚਾਓ ਕੀਤਾ। ਹੋਰ ਕੁਝ ਦਿਨ ਮਗਰੋਂ ਉਸੇ ਗੁਰਦਵਾਰੇ ਦੇ ਇਹਾਤੇ ਵਿਚ ਸੋਸ਼ਲਿਸਟ ਪਾਰਟੀ ਦਾ ਜਲਸਾ ਹੋਇਆ। ਉਨ੍ਹਾਂ ਦੇ ਲੈਕਚਰਾਂ ਦਾ ਮੇਰੇ 'ਤੇ ਅਕਾਲੀ ਪਾਰਟੀ ਦੀ ਮੀਟਿੰਗ ਨਾਲੋਂ ਵਧੇਰੇ ਅਸਰ ਹੋਇਆ। ਉਹ ਕਿਰਤੀ ਤੇ ਕਮਿਊਨਿਸਟ ਸਾਥੀਆਂ ਵਾਂਗ ਇਕ ਪਾਸਿਓਂ ਤਾਂ ਮੈਨੂੰ 'ਲਾਲੋ ਪੰਥੀਏ' ਜਾਪੇ, ਪਰ ਦੂਜੇ ਪਾਸਿਓਂ ਧਰਮ ਤੇ ਸਿੱਖੀ ਨੂੰ ਕੁਝ ਨਖੁੱਟਦੇ ਵੀ ਲੱਗੇ।

'ਪ੍ਰੀਤਲੜੀ' ਨੇ ਵਧੀਆ ਢੰਗ ਨਾਲ ਮੇਰੇ ਕਈ ਸ਼ੰਕੇ ਨਵਿਰਤ ਕੀਤੇ। ਉਸਦੇ ਲੇਖ ਮੈਨੂੰ ਦਲੀਲ ਭਰਪੂਰ ਲੱਗਦੇ ਸਨ। ਉਨ੍ਹਾਂ ਲੇਖਾਂ ਨੇ ਮੇਰੇ ਅੰਦਰ ਸਿੱਖੀ ਦੇ ਅਸਲੀ ਤੱਤ ਨੂੰ ਤਾਂ ਮਜ਼ਬੂਤ ਕੀਤਾ, ਪਰ ਰਸਮੀ ਵਿਖਾਵਿਆਂ ਨੂੰ ਧੋ ਦਿੱਤਾ।

ਪਿੰਡ ਪਾਸਲੇ ਦਾ ਇਕ ਜਗਤ ਸਿੰਘ ਵੀ ਕਦੇ-ਕਦੇ ਮੈਨੂੰ ਮਿਲਿਆ ਕਰਦਾ ਸੀ। ਉਹ ਇਕ ਦਿਨ ਆਪਣੇ ਨਾਲ ਉਜਾਗਰ ਸਿੰਘ ਬਿਲਗਾ ਨੂੰ ਲੈ ਆਇਆ। ਉਨ੍ਹਾਂ ਕੁਝ ਲੋਕਾਂ ਨੂੰ ਇਕੱਠੇ ਕਰਕੇ ਕਰਜ਼ਾ ਕਮੇਟੀ ਬਣਾ ਦਿੱਤੀ। ਨਾਅਰਾ ਸੀ-'ਸਾਰੇ ਪੁਰਾਣੇ ਸ਼ਾਹੂਕਾਰਾ ਕਰਜ਼ੇ ਮਨਸੂਖ਼ ਕਰੋ'। ਮੇਰੇ ਪਿੰਡ ਦੇ ਦੋ ਸੱਜਣ ਹਰੀ ਸਿੰਘ ਤੇ ਮੀਹਾਂ ਇਸ ਕਮੇਟੀ ਦੇ ਅਹੁਦੇਦਾਰ ਬਣਾਏ ਗਏ। ਉਨ੍ਹੀਂ ਦਿਨੀਂ ਹੀ ਛੋਟੇ ਤੇ ਵੱਡੇ ਪਿੰਡਾਂ ਦਾ ਰੇੜਕਾ ਵੀ ਚਲ ਰਿਹਾ ਸੀ। ਪਿੰਡ ਪਾਸਲਾ ਦੇ ਇਕ ਸਤਿਕਾਰਤ ਸੱਜਣ ਈਸ਼ਰ ਸਿੰਘ ਖ਼ਾਲਸਾ ਨੇ ਪਾਸਲਾ ਵਿਖੇ ਛੋਟੇ ਪਿੰਡਾਂ ਦੇ ਆਗੂ 'ਕੱਠੇ ਕਰਕੇ ਇਕ ਕਮੇਟੀ ਬਣਾ ਦਿੱਤੀ, ਜਿਸਦਾ ਮੁੱਖ ਨਾਅਰਾ ਸੀ ਕਿ ਛੋਟੇ ਪਿੰਡਾਂ ਵਾਲੇ ਲੋਕ ਆਪਣੀ ਲੜਕੀ ਦਾ ਵਿਆਹ ਛੋਟੇ ਪਿੰਡਾਂ ਵਿਚ ਹੀ ਕਰਨ। ਮੁੱਖ ਸ਼ਿਕਾਇਤ ਇਹ ਸੀ ਕਿ ਵੱਡੇ ਪਿੰਡਾਂ ਵਾਲੇ ਛੋਟੇ ਪਿੰਡਾਂ ਦੀਆਂ ਲੜਕੀਆਂ ਤਾਂ ਲੈਂਦੇ ਹਨ, ਪਰ ਆਪਣੀਆਂ ਲੜਕੀਆਂ ਦਾ ਛੋਟੇ ਪਿੰਡਾਂ 'ਚ ਵਿਆਹ ਨਹੀਂ ਸਨ ਕਰਦੇ। ਮੈਨੂੰ ਕਰਜ਼ਾ ਕਮੇਟੀਆਂ ਅਤੇ ਛੋਟੇ ਪਿੰਡਾਂ ਦੀਆਂ ਇਹ ਕਮੇਟੀਆਂ ਵੀ ਦੱਬੇ ਤੇ ਪਛੜੇ ਲੋਕਾਂ ਦੇ ਹੱਕਾਂ ਲਈ ਯਤਨਸ਼ੀਲ ਲੱਗੀਆਂ।

ਇਕ ਦਿਨ ਮੇਰੇ ਪਾਸ ਜਗਤ ਸਿੰਘ ਪਾਸਲਾ ਆਇਆ ਤੇ ਦੱਸਿਆ ਕਿ ਫ਼ਲਾਣੇ ਦਿਨ ਆਪਾਂ ਰਾਤ ਨੂੰ ਰੁੜਕੀ ਵਿਖੇ ਵੱਡੇ ਚੰਨਣ ਸਿੰਘ ਦੇ ਘਰ 'ਕੱਠੇ ਹੋਣਾ ਹੈ

ਤੇ ਅਗਲੇ ਦਿਨ ਸਵੇਰੇ ਜਥਾ ਬਣਾ ਕੇ ਪੈਦਲ ਪਤਾਰੇ ਪਹੁੰਚਣਾ ਹੈ ਜਿਥੇ ਭਾਰੀ ਰਾਜਸੀ ਕਾਨਫ਼ਰੰਸ ਹੋ ਰਹੀ ਹੈ। ਮੈਂ ਰਾਤ ਰੁੜਕੀ ਪਹੁੰਚ ਗਿਆ। ਏਥੇ ਪੰਜ-ਛੇ ਹੋਰ ਸਾਥੀ ਆਏ ਹੋਏ ਸਨ ਜਿਨ੍ਹਾਂ ਵਿਚ ਪਿੰਡ ਬਿਲਗਾ ਦੇ ਤਿੰਨ ਸਾਥੀ ਉਜਾਗਰ ਸਿੰਘ, ਜਵਾਲਾ ਸਿੰਘ ਤੇ ਕਰਮ ਸਿੰਘ 'ਬਾਬਾ' ਵੀ ਸਨ। ਸਵੇਰੇ ਮੂੰਹ-ਹਨ੍ਹੇਰੇ ਉਠ ਅਸ਼ਨਾਨ-ਪਾਣੀ ਕਰਕੇ ਸਾਰਿਆਂ ਨੇ ਲਾਲ ਝੰਡੇ ਨੂੰ ਸਲਾਮੀ ਦਿੱਤੀ। ਉਜਾਗਰ ਸਿੰਘ ਬਿਲਗਾ ਨੇ ਕੁਝ ਹੋਰ ਜਾਣਕਾਰੀ ਦਿੱਤੀ ਅਤੇ ਜਥਾ ਉਸ ਝੰਡੇ ਨੂੰ ਮੋਹਰੇ ਲਾ ਕੇ ਪਤਾਰੇ ਨੂੰ ਚਲ ਪਿਆ। ਰਾਹ ਵਿਚ ਪਿੰਡਾਂ ਵਿਚੋਂ ਦੀ ਲੰਘਦਿਆਂ ਕੌਮੀ ਆਜ਼ਾਦੀ ਤੇ ਮਜ਼ਦੂਰ, ਕਿਸਾਨ ਏਕਤਾ ਦੇ ਨਾਅਰੇ ਲਾਏ ਜਾਂਦੇ। ਇਕ ਪਿੰਡ, ਨੰਗਲ-ਸਪਰੋੜ ਵਿਖੇ ਪਿੰਡ ਵਾਸੀਆਂ ਨੇ ਰੋਟੀ ਖੁਆਈ ਅਤੇ ਕੁਝ ਪਿੰਡੀਂ ਲੱਸੀ, ਮਿੱਠਾ ਪਾਣੀ ਤੇ ਦੁੱਧ ਵੀ ਮਿਲਿਆ। ਚਾਹ ਦਾ ਉਦੋਂ ਏਧਰ ਰਿਵਾਜ ਨਹੀਂ ਸੀ। ਸ਼ਾਮ ਚਾਰ ਵਜੇ ਅਸੀਂ ਜੌਹਲ ਬੁਲੇਨਾ ਰੇਲਵੇ ਸਟੇਸ਼ਨ 'ਤੇ ਪੁੱਜ ਗਏ ਜਿਥੇ ਹੋਰ ਪੰਜ-ਸੱਤ ਸੌ ਬੰਦਾ ਜੁੜਿਆ ਹੋਇਆ ਸੀ। ਉਥੋਂ ਕਾਨਫ਼ਰੰਸ ਦੇ ਪਰਧਾਨ ਨੂੰ ਘੋੜੀ 'ਤੇ ਬਿਠਾ ਕੇ ਜਲੂਸ ਸ਼ੁਰੂ ਹੋ ਕੇ ਪਤਾਰੇ ਪੁੱਜਾ। ਮਾਸਟਰ ਮੋਤਾ ਸਿੰਘ ਹੋਰੀਂ ਆਪਣੇ ਮਕਾਨ 'ਤੇ ਹੱਥ ਜੋੜਕੇ ਖੜ੍ਹੇ ਲੰਘਦੇ ਜਲੂਸ ਨੂੰ ਵੇਖ ਰਹੇ ਸਨ। ਨਾਲ ਦੇ ਸਾਥੀਆਂ ਨੇ ਦੱਸਿਆ ਕਿ ਸਰਕਾਰ ਨੇ ਉਨ੍ਹਾਂ 'ਤੇ ਪਾਬੰਦੀ ਲਾਈ ਹੋਈ ਹੈ ਕਿ ਉਹ ਪਿੰਡੋਂ ਬਾਹਰ ਨਹੀਂ ਜਾ ਸਕਦੇ, ਪੰਜ ਆਦਮੀਆਂ ਵਿਚ ਬੈਠ ਨਹੀਂ ਸਕਦੇ ਅਤੇ ਲਿਖਣ-ਬੋਲਣ ਦੀ ਆਗਿਆ ਨਹੀਂ ਹੈ। ਜਲੂਸ 'ਮਾਸਟਰ ਮੋਤਾ ਸਿੰਘ-ਜ਼ਿੰਦਾਬਾਦ' ਦੇ ਨਾਅਰੇ ਮਾਰਦਾ ਅੱਗੇ ਵਧਦਾ ਗਿਆ ਅਤੇ ਪਿੰਡੋਂ ਬਾਹਰ ਇਕ ਵਿਸ਼ਾਲ ਪੰਡਾਲ ਵਿਚ ਪੁੱਜਾ। ਪੰਡਾਲ ਦੇ ਮੁੱਖ ਗੇਟ ਉੱਤੇ ਸੱਜੇ ਪਾਸੇ ਕਾਮਰੇਡਾਂ ਵਾਲੇ ਦਾਤੀ 'ਥੋੜੇ ਦਾ ਨਿਸ਼ਾਨ ਸੀ ਅਤੇ ਖੱਬੇ ਪਾਸੇ ਖੰਡੇ ਤੇ ਚੱਕਰ ਦਾ ਖ਼ਾਲਸਾਈ ਨਿਸ਼ਾਨ ਸੀ। ਇਨ੍ਹਾਂ ਦੋ ਨਿਸ਼ਾਨਾਂ ਦਾ ਸੁਮੇਲ ਮੇਰੀ ਉਸ ਵੇਲੇ ਦੀ ਸੂਝ ਦੇ ਐਨ ਅਨੁਕੂਲ ਸੀ। ਪਰ ਜਵਾਲਾ ਬਿਲਗਾ ਨੇ ਵੇਖਦਿਆਂ ਸਾਰ ਟਾਂਚ ਮਾਰੀ ਕਿ ਆਹ ਤਾਂ ਹੋਇਆ ਮਜ਼ਦੂਰ ਕਿਸਾਨ ਦਾ ਦਾਤੀ ਹਥੌੜਾ ਤੇ ਔਹ ਖੱਬੇ ਪਾਸੇ ਕੀ ਸਿੰਙ ਜਿਹੇ ਅੜਾਏ ਹੋਏ ਹਨ। ਮੈਨੂੰ ਇਹ ਸੁਣਕੇ ਬੜਾ ਧੱਕਾ ਲੱਗਾ ਅਤੇ ਕਾਮਰੇਡਾਂ ਤੋਂ ਮੂੰਹ ਮੋੜ ਕੇ ਬੈਠ ਗਿਆ ਤੇ ਉਨ੍ਹਾਂ ਆਇਆਂ-ਗਿਆਂ ਦੀਆਂ ਗੱਲਾਂ ਹਊ-ਪਰ੍ਹੇ ਕਰਨ ਲਗ ਪਿਆ। ਇਹ ਹਾਲਤ ਪੂਰੇ ਛੇ ਮਹੀਨੇ ਜਾਂਰੀ ਰਹੀ ਤੇ ਫੇਰ ਕਈ ਕਾਮਰੇਡਾਂ ਨੇ ਸਮਝਾਇਆ ਕਿ ਜਵਾਲੇ ਵਰਗੇ ਕਈ ਮੂਰਖ ਅਵਾ-ਤਵਾ ਬੋਲ ਦਿੰਦੇ ਹਨ।

## ਮਾਰਕਸਵਾਦ ਨੂੰ ਆਪਣੇ ਜੀਵਨ-ਰਾਹ ਵਜੋਂ ਅਪਣਾਇਆ

ਇਕ ਦਿਨ ਮੇਰੇ ਪਿੰਡ ਬਾਬਾ ਭਾਗ ਸਿੰਘ ਕੈਨੇਡੀਅਨ ਅਤੇ ਬਾਬਾ ਭਗਵਾਨ ਸਿੰਘ ਦੁਸਾਂਝ ਆਏ। ਪਿੰਡ ਦੇ ਸਾਰੇ ਪਤਵੰਤੇ ਪਿੰਡ ਦੇ ਮੁੱਖ-ਦੁਆਰ ਵਿਚ 'ਕੱਠੇ ਹੋਏ। ਬਾਹਰੋਂ ਆਏ ਆਗੂਆਂ ਨੇ ਚੀਮਾ ਕਲਾਂ ਵਿਖੇ ਹੋਣ ਵਾਲੀ ਰਾਜਸੀ ਕਾਨਫ਼ਰੰਸ ਦੇ

ਉਦੇਸ਼ਾਂ ਬਾਰੇ ਚਾਨਣਾ ਪਾਇਆ ਅਤੇ ਕਾਨਫ਼ਰੰਸ ਦੇ ਖ਼ਰਚੇ ਲਈ ਕੁਝ ਸਹਾਇਤਾ ਇਕੱਠੀ ਕਰਨ ਦੀ ਅਪੀਲ ਕੀਤੀ। ਮੈਨੂੰ ਦੱਸਿਆ ਗਿਆ ਕਿ ਇਹ ਬਾਬੇ ਦੇਸ਼ ਦੀ ਆਜ਼ਾਦੀ ਦੇ ਘੋਲ ਲਈ ਕਈ ਤਰ੍ਹਾਂ ਦੀ ਕੁਰਬਾਨੀ ਕਰ ਚੁੱਕੇ ਹਨ। ਉਨ੍ਹਾਂ ਦੋਹਾਂ ਦੇ ਕੱਪੜਿਆਂ, ਚਿਹਰਿਆਂ ਦੇ ਜਲੌਅ ਅਤੇ ਝੱਲੀਆਂ ਕਠਿਨਾਈਆਂ ਦਾ ਮੇਰੇ ਉੱਤੇ ਬੜਾ ਪ੍ਰਭਾਵ ਪਿਆ। ਪਿੰਡ ਦੇ ਪਤਵੰਤੇ ਸੱਜਣਾਂ ਨੇ ਫ਼ੈਸਲਾ ਕੀਤਾ ਕਿ ਘਰ-ਘਰ ਜਾ ਕੇ ਦਾਣੇ 'ਕੱਠੇ ਕੀਤੇ ਜਾਣ। ਇਸ ਕੰਮ ਲਈ ਭਾਂਈ ਈਸ਼ਰ ਸਿੰਘ, ਮਿਸਤਰੀ ਅਮਰ ਸਿੰਘ ਤੇ ਇਕ-ਦੋ ਨੌਜਵਾਨ ਸੱਜਣ ਮੋਹਰੇ ਹੋਏ ਤੇ ਮੈਂ ਉਨ੍ਹਾਂ ਦਾ ਭਰਪੂਰ ਸਾਥ ਦਿੱਤਾ। ਦਾਣੇ ਇਕੱਠੇ ਕਰਕੇ ਗੱਡੇ ਉੱਤੇ ਲੱਦ ਕੇ ਚੀਮਾ ਕਲਾਂ ਲਿਜਾਏ ਗਏ। ਕਾਨਫ਼ਰੰਸ ਵਾਲੇ ਦਿਨ ਪਰਧਾਨ ਦਾ ਜਲੂਸ ਨੂਰਮਹਿਲ ਸਟੇਸ਼ਨ ਤੋਂ ਸ਼ਹਿਰ ਵਿਚੋਂ ਦੀ ਚੀਮਾ ਖ਼ੁਰਦ ਵਿਚੋਂ ਹੋ ਕੇ ਚੀਮਾ ਕਲਾਂ ਪੁੱਜਾ। ਚੀਮਾ ਖ਼ੁਰਦ ਵਿਖੇ ਬਾਬਾ ਕਰਮ ਸਿੰਘ (ਪਤਾਰੇ ਦੇ ਮਾਸਟਰ ਮੋਤਾ ਸਿੰਘ ਵਾਂਗ) ਪਿੰਡ ਵਿਚ ਨਜ਼ਰਬੰਦ ਕਈ ਤਰ੍ਹਾਂ ਦੀਆਂ ਪਾਬੰਦੀਆਂ ਅਧੀਨ ਸਨ। ਉਹ ਆਪਣੀ ਬੈਠਕ ਉਤੇ ਚੁੱਪ-ਚਾਪ ਖੜ੍ਹੇ ਹੱਥ ਜੋੜਕੇ ਜਲੂਸ ਨੂੰ ਪ੍ਰਣਾਮ ਕਰਦੇ ਰਹੇ। ਕਾਨਫ਼ਰੰਸ ਦੇ ਪਰਧਾਨ ਤੇ ਸਵਾਗਤੀ ਪਰਧਾਨ ਘੋੜੀਆਂ 'ਤੇ ਸਨ ਅਤੇ ਗੁਰਦਿੱਤ ਸਿੰਘ ਮੰਢਾਲੀ ਵਾਲੰਟੀਅਰ ਕਮਾਂਡਰ ਵਜੋਂ ਨਾਲ ਸਨ। (ਯਾਦ ਰਹੇ ਗਿਆਨੀ ਗੁਰਦਿੱਤ ਸਿੰਘ ਦਲੇਰ ਮੰਢਾਲੀ ਬੀਤੀ ਰਾਤ ਨੂੰ ਗ਼ੱਦਾਰ ਅਨੂਪ ਸਿੰਘ ਦਾ ਕਤਲ ਕਰਕੇ ਆਇਆ ਸੀ।) ਤੇਜਾ ਸਿੰਘ ਚੂਹੜਕਾਣਾ ਨੇ ਲਾਲ ਝੰਡਾ ਝੁਲਾਇਆ, ਉਜਾਗਰ ਸਿੰਘ ਉਲਟ ਨੇ ਝੰਡੇ ਦੀ ਕਵਿਤਾ ਪੜ੍ਹੀ। ਰਾਤ ਨੂੰ ਕਵੀ ਦਰਬਾਰ ਤੇ ਡਰਾਮਾ ਹੋਇਆ। ਅਗਲੇ ਦਿਨ ਕਾਨਫ਼ਰੰਸ ਦੇ ਸਮਾਗਮ ਵਿਚ ਜੋਸ਼ੀਲੀਆਂ ਤੇ ਪ੍ਰਭਾਵਪੂਰਤ ਤਕਰੀਰਾਂ ਹੋਈਆਂ। ਮੈਂ ਸਭ ਕੁਝ ਬੜੇ ਗੌਹ ਨਾਲ ਸੁਣਿਆ। ਮੇਰੇ ਉੱਤੇ ਕਾਮਰੇਡਾਂ ਦਾ ਸੰਤ ਸਿਪਾਹੀਆਂ ਵਾਲਾ ਪ੍ਰਭਾਵ ਪਿਆ। 'ਕਿਰਤੀ' ਤੇ 'ਲਾਲ ਝੰਡਾ' ਨੇ ਆਪਣਾ ਅਸਰ ਕੀਤਾ ਹੋਇਆ ਸੀ। 'ਪ੍ਰੀਤਲੜੀ' ਨੇ ਰਸਮੀ ਵੇਖ ਵਿਖਾਵੇ ਨੂੰ ਧੋ ਕੇ ਅਸਲੀ ਮਨੁੱਖਤਾਵਾਦੀ ਰੁਝਾਨ ਨੂੰ ਬਲ ਬਖ਼ਸ਼ਿਆ ਹੋਇਆ ਸੀ। ਮੇਰੇ ਅੰਦਰ ਕਾਮਰੇਡਾਂ ਦੀ ਸੰਗਤ ਕਰਨ ਲਈ ਤਰਾਟਾਂ ਮੁੜ ਉੱਠਣ ਲੱਗ ਪਈਆਂ।

ਮੈਨੂੰ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਵਿਚ ਮਾਸਕੋ ਤੋਂ ਪੜ੍ਹਕੇ ਆਏ ਅਤੇ ਸ਼ਾਹੀ ਕਿਲ੍ਹਾ ਲਾਹੌਰ ਦੀਆਂ ਸਖ਼ਤੀਆਂ ਝੱਲ ਕੇ ਪਿੰਡਾਂ ਵਿਚ ਨਜ਼ਰਬੰਦ ਕੀਤੇ ਆਗੂਆਂ ਦੀ ਵੀ ਜਾਣਕਾਰੀ ਹੋ ਚੁੱਕੀ ਸੀ। ਮੇਰੇ ਪਿੰਡ ਤੋਂ ਤਿੰਨ-ਚਾਰ ਮੀਲ ਦੂਰ ਪਿੰਡ ਬਿਲਗਾ ਵਿਚ ਕਾਮਰੇਡ ਭਗਤ ਸਿੰਘ ਨਜ਼ਰਬੰਦ ਸਨ। ਉਜਾਗਰ ਸਿੰਘ ਬਿਲਗਾ ਮੇਰੀ ਮਨੋ-ਅਵਸਥਾ ਭਾਂਪ ਕੇ ਮੈਨੂੰ ਉਨ੍ਹਾਂ ਕੋਲ ਲੈ ਗਿਆ। ਉਨ੍ਹਾਂ ਘਰ ਦੇ ਬੱਚਿਆਂ ਵਾਂਗ ਮੇਰੇ ਨਾਲ ਵਰਤਾਉ ਕੀਤਾ। ਮੈਂ ਉਨ੍ਹਾਂ ਤੋਂ ਸ਼ੋਸ਼ਲਿਸਟ ਸਿਧਾਂਤ ਬਾਰੇ ਕੁਝ ਜਾਨਣਾ ਚਾਹੁੰਦਾ ਸੀ। ਉਨ੍ਹਾਂ ਆਖਿਆ ਕਿ ਦੋ-ਤਿੰਨ ਹੋਰ ਸਾਥੀ ਵੀ ਹਨ ਜੋ ਇਹ ਕੁਝ ਜਾਨਣਾ ਚਾਹੁੰਦੇ ਹਨ। ਪਰ ਪਾਬੰਦੀਆਂ ਕਾਰਨ ਉਹ ਦਿਨ ਵੇਲੇ ਬਹੁਤੀਆਂ ਗੱਲਾਂ ਨਹੀਂ ਕਰ ਸਕਦੇ,

ਇਸ ਲਈ ਰਾਤ ਨੂੰ ਆ ਜਾਇਆ ਕਰ। ਘੰਟਾ ਦੋ ਘੰਟਾ ਸਾਰਿਆਂ ਨਾਲ ਗੱਲਬਾਤ ਕਰ ਲਿਆ ਕਰਾਂਗੇ। ਇਸ ਤਰ੍ਹਾਂ ਰਾਤ ਦਾ ਸਕੂਲ ਸ਼ੁਰੂ ਹੋ ਗਿਆ ਜੋ ਹਸਪਤਾਲ ਵੱਲ ਕਾਮਰੇਡ ਉਜਾਗਰ ਸ਼ਿੰਘ ਦੀ ਹਵੇਲੀ ਵਿਚ ਲੱਗਿਆ ਕਰਦਾ ਸੀ। ਅਸੀਂ ਸਾਰੇ ਰਾਤ ਦੇ ਹਨ੍ਹੇਰੇ ਵਿਚ ਆਉਂਦੇ ਤੇ ਸਵੇਰੇ ਹਨ੍ਹੇਰੇ ਹੀ ਚਲੇ ਜਾਂਦੇ। ਮੈਂ ਸ਼ਾਮ ਨੂੰ ਆਪਣੀ ਦੁਕਾਨ ਬੰਦ ਕਰਕੇ ਘਰਦਿਆਂ ਨੂੰ 'ਗਿਆਨੀ' ਦੇ ਇਮਤਿਹਾਨ ਦੀ ਤਿਆਰੀ ਕਰਨ' ਦਾ ਬਹਾਨਾ ਲਾ ਕੇ ਆਇਆ ਕਰਦਾ ਸੀ। ਇਕ ਕਿਤਾਬ 'ਦੋ ਦੁਨੀਆਂ' ਦੇ ਆਧਾਰ 'ਤੇ ਇਕ ਮਹੀਨਾ ਕਲਾਸ ਲੱਗੀ। ਬਿਲਗਾ ਜੀ ਹਰ ਰੋਜ਼ ਪਹਿਲਾਂ ਸਵਾਲ ਕਰਕੇ ਪਿਛਲੇ ਦਿਨ ਦੀ ਪੜ੍ਹਾਈ ਬਾਰੇ ਪੁੱਛਦੇ ਤੇ ਜਵਾਬ ਸੁਣਕੇ ਲੋੜੀਂਦੀ ਸੁਧਾਈ ਕਰਕੇ ਅਗਲਾ ਸਬਕ ਦਿੰਦੇ। ਮੈਂ ਪੂਰੇ ਮਨ ਚਿਤ ਨਾਲ ਮਾਕਰਸਵਾਦ ਦਾ ਊੜਾ, ਐੜਾ ਸਮਝਿਆ। ਉਨ੍ਹਾਂ ਕਮਿਊਨਿਸਟ ਪਾਰਟੀ ਦੇ ਮਹੱਤਵ, ਜਨਤਕ ਕੰਮ ਅਤੇ ਕਮਿਊਨਿਸਟ ਆਚਾਰ ਵਿਹਾਰ ਬਾਰੇ ਵੀ ਜਾਣਕਾਰੀ ਦਿੱਤੀ। ਮੈਨੂੰ ਇਉਂ ਜਾਪਿਆ ਕਿ ਸਾਧੂਆਂ-ਸੰਤਾਂ, ਗੀਤਾ, ਰਮਾਇਣ ਅਤੇ ਗੁਰਬਾਣੀ ਤੋਂ ਜਿਹੜੀ ਮਨੁੱਖਤਾਵਾਦੀ ਸਿਖਿਆ ਮਿਲੀ ਸੀ, ਉਸ ਉੱਤੇ ਅਮਲ ਕਰਨ ਦਾ ਰਾਹ ਮਿਲ ਗਿਆ ਹੈ।

ਕਾਮਰੇਡ ਭਗਤ ਸਿੰਘ ਬਿਲਗਾ ਤੋਂ ਬਿਨਾਂ ਮੇਰਾ ਸੰਪਰਕ ਉਨ੍ਹੀਂ ਦਿਨੀਂ ਕਾਮਰੇਡ ਬੂਝਾ ਸਿੰਘ ਚੱਕ ਮਾਬੀਦਾਸ ਨਾਲ ਵੀ ਹੋਇਆ। 'ਕਿਰਤੀ' ਅਖ਼ਬਾਰ ਵਿਚ ਉਸਦੇ ਵਿਦੇਸ਼ਾਂ ਤੋਂ ਆਉਣ, ਲਾਹੌਰ ਸ਼ਾਹੀ ਕਿਲ੍ਹੇ ਵਿਚ ਪੁਲਸ ਤਸ਼ੱਦਦ ਦਾ ਸ਼ਿਕਾਰ ਹੋਣ ਅਤੇ ਪਿੰਡ ਵਿਚ ਨਜ਼ਰਬੰਦੀ ਦੀ ਖ਼ਬਰ ਤਾਂ ਪਹਿਲਾਂ ਹੀ ਪੜ੍ਹੀ ਹੋਈ ਸੀ। ਬਿਲਗਾ ਜੀ ਦੇ ਜਾਂ ਹੋਰ ਕੁਝ ਸੁਨੇਹੇ ਦੇਣ ਲਈ ਮੈਂ ਕਾਮਰੇਡ ਬੂਝਾ ਸਿੰਘ ਕੋਲ ਜਾਇਆ ਕਰਦਾ ਸੀ। ਉਸ ਤੋਂ ਮਾਰਕਸਵਾਦ ਦਾ ਮੂਲ ਸਿਧਾਂਤ ਸਮਝਣ ਦਾ ਵੱਖਰਾ ਸੁਆਦ ਸੀ। ਉਹ ਬਹੁਤ ਸਾਦੀਆਂ ਮਿਸਾਲਾਂ ਦੇ ਕੇ ਦਿਲਚਸਪ ਢੰਗ ਨਾਲ ਉਹੀ ਗੱਲਾਂ ਸਮਝਾ ਦਿੰਦਾ ਸੀ ਜੋ ਮੈਂ ਬਿਲਗਾ ਜੀ ਤੋਂ ਪੜ੍ਹੀਆਂ ਸਨ। ਸੋ ਇਕ ਤਰ੍ਹਾਂ ਦੋਹਰ ਪੈ ਜਾਂਦੀ ਸੀ। ਨਾਲ ਦੀ ਨਾਲ ਚੱਕ ਮਾਈਦਾਸ ਦੇ ਦੂਜੇ ਕਾਮਰੇਡਾਂ ਮਹਾਂ ਸਿੰਘ ਤੇ ਰੱਖਾ ਸਿੰਘ ਅਥਵਾ ਨੇੜੇ ਦੇ ਜੁੜਵੇਂ ਪਿੰਡ ਸਰਹਾਲਾ ਰਾਣੂੰਆਂ ਦੇ ਸਾਥੀ ਚੈਨ ਸਿੰਘ ਤੇ ਮਲੂਕ ਸਿੰਘ ਆਦਿ ਨਾਲ ਵੀ ਜਾਣਕਾਰੀ ਹੋਈ। ਬਹੁਤਾ ਕਰਕੇ ਸਫ਼ਰ ਪੈਦਲ ਹੁੰਦਾ ਸੀ। ਮੈਂ ਅਜੇ ਸਾਈਕਲ ਚਲਾਉਣਾ ਨਹੀਂ ਸੀ ਜਾਣਦਾ। ਚੱਕ ਮਾਈਦਾਸ ਨੂੰ ਜਾਂਦਿਆਂ ਰਸਤੇ ਵਿਚ ਪਿੰਡ ਦੁਸਾਂਝ ਕਲਾਂ ਦੇ ਬਾਬਾ ਭਗਵਾਨ ਸਿੰਘ ਕੋਲ ਪੜਾਓ ਹੋ ਜਾਂਦਾ ਸੀ। ਉਹ ਕੈਨੇਡਾ ਤੋਂ ਜੈਤੋ ਦੇ ਮੋਰਚੇ ਵਿਚ ਹਿੱਸਾ ਲੈਣ ਲਈ ਇਕ ਜਥਾ ਲੈ ਕੇ ਆਏ ਸਨ। ਉਥੇ ਜਾਣ ਨਾਲ ਉਥੋਂ ਦੇ ਹੋਰ ਸਾਥੀਆਂ ਸ਼ਿਵ ਸਿੰਘ, ਕਰਤਾਰ ਸਿੰਘ ਤੇ ਚੈਨ ਸਿੰਘ ਆਦਿ ਨਾਲ ਵੀ ਸੰਪਰਕ ਹੋ ਗਿਆ। ਦੁਸਾਂਝ ਕਲਾਂ ਤੋਂ ਗੋਰਾਇਆ ਆਉਣ ਲਈ ਥੋੜ੍ਹਾ ਵਲ ਪਾ ਕੇ ਬੜਾ ਪਿੰਡ ਵੀ ਫੇਰਾ ਮਾਰ ਆਈਦਾ ਸੀ ਜਿਥੇ ਸਾਥੀ ਜਵਾਲਾ ਸਿੰਘ ਕਾਫੀ ਪ੍ਰਸਿੱਧ ਸੀ। ਹੋਰ ਨਰੰਜਣ ਸਿੰਘ, ਪਾਖਰ ਸਿੰਘ ਤੇ ਨਾਜ਼ਰ ਸਿੰਘ ਆਦਿ ਕਈ ਸਾਥੀ ਸਨ।

ਇਕ ਮਹੀਨੇ ਦਾ ਸਕੂਲ ਖ਼ਤਮ ਹੋਣ ਮਗਰੋਂ ਮੈਂ ਬਿਲਗਾ ਜੀ ਨੂੰ ਆਖਿਆ ਕਿ ਮੈਂ ਹੁਣ ਘਰ ਜਾ ਕੇ ਬੈਠਣਾ ਨਹੀਂ ਚਾਹੁੰਦਾ। ਮੈਨੂੰ ਕਿਸੇ ਦੇ ਲੜ ਲਾਉ ਤਾਂ ਜੋ ਅਮਲੀ ਤੌਰ 'ਤੇ ਕੁਝ ਕਰਨ ਯੋਗਾ ਹੋ ਸਕਾਂ। ਉਨ੍ਹਾਂ ਮੈਨੂੰ ਬਾਬਾ ਭਾਗ ਸਿੰਘ ਕੈਨੇਡੀਅਨ ਪਿੰਡ ਉੱਪਲ ਭੂਪਾ, ਲਾਹੌਰੀ ਰਾਮ ਪਰਦੇਸੀ, ਭੋਲਾ ਸਿੰਘ ਤੇ ਕਰਮ ਸਿੰਘ ਸਫ਼ਰੀ ਪਿੰਡ ਚੀਮਾ ਕਲਾਂ ਅਤੇ ਬਾਬਾ ਕਰਮ ਸਿੰਘ ਤੇ ਕਾਮਰੇਡ ਕਿਸ਼ਨ ਸਿੰਘ ਚੀਮਾ ਖੁਰਦ ਆਦਿ ਦੇ ਪਤੇ ਦਿੱਤੇ। ਉਨ੍ਹਾਂ ਦੀ ਦੇਖ-ਰੇਖ ਹੇਠ ਪਿੰਡ-ਪਿੰਡ ਜਲਸੇ ਤੇ ਮੀਟਿੰਗਾਂ ਕਰਕੇ ਕਿਸਾਨ ਸਭਾਵਾਂ ਖੜ੍ਹੀਆਂ ਕਰਨਾ, ਕਾਨਫ਼ਰੰਸਾਂ ਵਾਸਤੇ ਜਨਤਕ ਉਗਰਾਹੀ, ਅਖ਼ਬਾਰਾਂ ਪੜ੍ਹਨਾ, ਪੜ੍ਹਾਉਣਾ ਤੇ ਵੰਡਣਾ ਅਤੇ ਲੋਕਾਂ ਦੇ ਭਖ਼ਵੇਂ ਮਸਲਿਆਂ ਨੂੰ ਲੈ ਕੇ ਜਨਤਕ ਲਹਿਰ ਖੜ੍ਹੀ ਕਰਨ ਦਾ ਉਪਰਾਲਾ-ਇਹੋ ਜਿਹੀਆਂ ਸਨ ਮੇਰੀਆਂ ਮੁੱਢਲੀਆਂ ਸਰਗਰਮੀਆਂ।

ਬਿਲਗਾ ਵਿਖੇ ਮਾਰਕਸਵਾਦ ਦੀ ਸਿਖਲਾਈ ਸਮੇਂ ਤਾਂ ਮੈਂ ਹਰ ਰੋਜ਼ ਘਰੋਂ ਆਉਂਦਾ ਤੇ ਘਰ ਮੁੜ ਜਾਂਦਾ ਸੀ। ਹੁਣ ਉਪਰੋਕਤ ਸਰਗਰਮੀਆਂ ਕਾਰਨ ਜਦੋਂ ਮੈਂ ਘਰ ਨਾ ਮੁੜਿਆ ਤਾਂ ਮੇਰੀ ਭਾਲ ਕਰਦੇ ਮੇਰੇ ਘਰ ਵਾਲੇ ਮੈਨੂੰ ਬੜਾ ਪਿੰਡ ਆ ਮਿਲੇ ਅਤੇ ਬਥੇਰੇ ਤੜਫ਼ੇ, ਪਰ ਕੀ ਕਰਦੇ! ਬਾਬਾ ਭਾਗ ਸਿੰਘ ਕੈਨੇਡੀਅਨ ਤੇ ਲਾਹੌਰੀ ਰਾਮ ਪਰਦੇਸੀ ਨੇ ਮੇਰਾ ਖ਼ੂਬ ਗੁੱਡਾ ਬੰਨ੍ਹਿਆ ਕਿ ਇਹ ਮੁੰਡਾ ਤਾਂ ਹੁਣ ਟੱਬਰ ਤੇ ਪਿੰਡ ਦਾ ਨਾਉਂ ਚੌਂਹ ਕੂੰਟੀ ਰੌਸ਼ਨ ਕਰੂ। ਅਖ਼ੀਰ ਘਰ ਵਾਲੇ ਇਹ ਕਹਿ ਕੇ ਚਲੇ ਗਏ ਕਿ ਕਿਤੇ-ਕਿਤੇ ਤਾਂ ਪਿੰਡ ਆ ਕੇ ਮਿਲ ਆਇਆ ਕਰ। ਮੁੜ ਘਰਦਿਆਂ ਨੇ ਮੇਰੇ ਕੰਮ ਵਿਚ ਕੋਈ ਰੋੜਾ ਨਹੀਂ ਅਟਕਾਇਆ, ਥੋੜ੍ਹਾ ਬਹੁਤ ਸਾਥ ਹੀ ਦਿੱਤਾ। ਇਰਦ-ਗਿਰਦ ਮੇਰੇ ਕੰਮ ਦੀ ਸਲਾਹੁਤਾ ਸੁਣ ਕੇ ਉਨ੍ਹਾਂ ਨੂੰ ਧਰਵਾਸ ਆ ਜਾਂਦਾ ਸੀ। ਪਿੰਡ ਵਿਚ ਉਂਜ ਤਾਂ ਕਈ ਸੱਜਣ ਮੇਰਾ ਦਮ ਭਰਦੇ ਸਨ, ਪਰ ਭਾਈ ਈਸ਼ਰ ਸਿੰਘ ਨੇ ਆਖ਼ਰੀ ਦਮ ਤਕ ਵਾਹ ਲਗਦਾ ਚਹੁਪੱਖੀ ਸਾਥ ਦਿੱਤਾ।

## ਰਾਜਸੀ ਤੇ ਜਥੇਬੰਦਕ ਸਰਗਰਮੀਆਂ

ਮਾਰਕਸਵਾਦ ਦਾ ਊੜਾ ਐੜਾ, ਪੜ੍ਹਣ, ਸਮਝਣ ਮਗਰੋਂ ਅਮਲੀ ਖੇਤਰ ਵਿਚ 1936 ਦਾ ਅੱਧਾ ਤੇ 1937 ਦਾ ਪੂਰਾ ਸਾਲ ਦਿਨ-ਰਾਤ ਇਕ ਕਰਕੇ ਲਾਇਆ। ਇਸ ਸਰਗਰਮੀ ਨੇ ਮੇਰੇ ਸਮੁੱਚੇ ਜੀਵਨ ਦੀ ਨੁਹਾਰ ਨਿਰਧਾਰਤ ਕੀਤੀ। ਕੁਝ ਵਰਨਣ ਸੰਖੇਪ ਵਿਚ:

1. ਅਸੰਬਲੀ ਦੀ ਚੋਣ ਅੰਦਰ ਮਾਸਟਰ ਕਾਬਲ ਸਿੰਘ (ਕਮਿਊਨਿਸਟ ਕਾਂਗਰਸੀ) ਤੇ ਕਰਮ ਸਿੰਘ ਕਿਰਤੀ (ਅਕਾਲੀ) ਉਮੀਦਵਾਰਾਂ ਵਿਚਕਾਰ ਮੁਕਾਬਲਾ ਹੋਇਆ। ਉਦੋਂ ਵੋਟਰਾਂ ਦੀ ਗਿਣਤੀ ਥੋੜ੍ਹੀ ਤੇ ਚੋਣ ਹਲਕਾ ਵਡੇਰੇ ਖੇਤਰ ਦਾ ਹੁੰਦਾ ਸੀ। ਮੈਂ ਇਸ ਵਿਚ ਬਾਬਿਆਂ ਤੇ ਹੋਰ ਕਿਰਤੀ ਸੱਜਣਾਂ ਦੇ ਨਾਲ ਹੋ ਕੇ ਮਾਸਟਰ ਕਾਬਲ ਸਿੰਘ ਦੀ ਹਮਾਇਤ ਵਿਚ ਦੌੜ-ਭੱਜ ਕੀਤੀ। ਉਸ ਸਮੇਂ ਗੁਰਬਖਸ਼ ਸਿੰਘ ਅੱਟਾ, ਜੋ ਖ਼ਾਲਸਾ ਹਾਈ ਸਕੂਲ

ਜਲੰਧਰ ਦੀ ਵਿਦਿਆਰਥੀ ਹੜਤਾਲ ਸਮੇਂ ਮੇਰਾ ਸੰਗੀ ਸੀ, ਕਰਮ ਸਿੰਘ ਕਿਰਤੀ ਦੇ ਪੱਖ ਵਿਚ ਸਰਗਰਮ ਸੀ, ਪਰ ਇਕ ਸਾਲ ਮਗਰੋਂ ਉਹ ਵੀ ਕਮਿਊਨਿਸਟ ਪ੍ਰਭਾਵ ਹੇਠ ਆ ਗਿਆ।

2. ਉਨ੍ਹੀਂ ਦਿਨੀਂ ਬਿਲਗੇ ਵਿਚ ਕਾਮਰੇਡ ਬੂਝਾ ਸਿੰਘ ਦੇ ਨਾਨਕਿਆਂ ਦੇ ਖ਼ੂਹ ਉਤੇ ਰਾਤ ਨੂੰ ਪੰਜਾਬ ਭਰ ਦੇ ਸਿਰਕੱਢ ਕਿਰਤੀ ਆਗੂਆਂ ਦੀ ਮੀਟਿੰਗ ਹੋਈ। ਕਾਮਰੇਡ ਭਗਤ ਸਿੰਘ ਬਿਲਗਾ ਤੇ ਬੂਝਾ ਸਿੰਘ ਦੋਵੇਂ ਜੂਹਬੰਦ ਸਨ। ਪਰ ਉਹ ਵੀ ਬਚ-ਬਚਾ ਕੇ ਇਸ ਮੀਟਿੰਗ ਵਿਚ ਸ਼ਾਮਲ ਹੋਏ। ਮੈਂ ਚੌਕੀਦਾਰੀ ਦਾ ਕੰਮ ਬੜੇ ਚਾਉ ਨਾਲ ਕੀਤਾ। ਪੰਦਰਾਂ ਸੋਲਾਂ ਸਿਰਕੱਢ ਆਗੂਆਂ ਦੇ ਦਰਸ਼ਨ ਹੋਏ।

3. ਜਲੰਧਰ ਸ਼ਹਿਰ ਵਿਚ ਰੇਲਵੇ ਰੋਡ ਉੱਤੇ ਕਰਮ ਸਿੰਘ ਕਿਰਤੀ ਦੇ ਮਕਾਨ 'ਚ ਜਲੰਧਰ ਜ਼ਿਲ੍ਹੇ ਦੇ ਪੰਜਾਹ ਕੁ ਸਾਥੀ ਇਕੱਠੇ ਹੋਏ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੂੰ ਮੈਂ ਪਹਿਲੀ ਵੇਰ ਉਥੇ ਦੇਖਿਆ ਸੀ। ਦੱਸਿਆ ਗਿਆ ਕਿ ਇਹ ਵੀ ਮੇਰੇ ਵਾਂਗ ਪਾਰਟੀ ਦਾ ਕੁਲਵਕਤੀ ਵਰਕਰ ਹੈ। ਪਰ ਇਹ ਦੂਜੇ ਕਮਿਊਨਿਸਟ ਧੜੇ ਨਾਲ ਹੈ। ਏਥੇ ਜਲੰਧਰ ਦੀ ਪਹਿਲੀ ਜ਼ਿਲ੍ਹਾ ਕਿਸਾਨ ਕਮੇਟੀ ਸਥਾਪਤ ਕੀਤੀ ਗਈ। ਬਾਬਾ ਭਗਵਾਨ ਸਿੰਘ ਦੁਸਾਂਝ ਨੂੰ ਪ੍ਰਧਾਨ, ਹਰਕਿਸ਼ਨ ਸਿੰਘ ਸੁਰਜੀਤ ਨੂੰ ਜਨਰਲ ਸਕੱਤਰ, ਮੈਨੂੰ ਮੀਤ ਸਕੱਤਰ ਅਤੇ ਲਾਹੌਰੀ ਰਾਮ ਪ੍ਰਦੇਸੀ ਨੂੰ ਪ੍ਰਾਪੇਗੰਡਾ ਸਕੱਤਰ ਚੁਣਿਆ ਗਿਆ। ਸੁਰਜੀਤ ਹੋਰੀਂ ਤਾਂ ਆਪਣੇ ਹੋਰ ਪਾਰਟੀ ਕੰਮਾਂ ਕਾਰਨ ਇਸ ਜ਼ਿੰਮੇਵਾਰੀ ਵਲ ਧਿਆਨ ਨਾ ਦੇ ਸਕੇ। ਇਸ ਕਰਕੇ ਸਾਰਾ ਭਾਰ ਮੇਰੇ ਅਤੇ ਪਰਦੇਸੀ ਉੱਤੇ ਆ ਪਿਆ। ਅਸੀਂ ਰਲ ਕੇ ਪਿੰਡ-ਪਿੰਡ ਕਿਸਾਨ ਕਮੇਟੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰਦੇਸੀ ਜੀ ਉਸ ਸਮੇਂ ਅਸਲ ਬੁਲਾਰੇ ਹੁੰਦੇ ਸਨ। ਅਸੀਂ ਪਹਿਲਾਂ ਪਿੰਡ ਦੇ ਗੁਰਦਵਾਰੇ ਜਾ ਕੇ ਘੜਿਆਲ ਲੈਂਦੇ ਤੇ ਮੁਨਾਦੀ ਕਰਦੇ। ਪਰਦੇਸੀ ਹੋਰੀਂ ਆਪਣੇ ਨਾਅਰਿਆਂ ਨਾਲ ਪਿੰਡ ਦੇ ਬੱਚੇ ਨਾਲ ਤੋਰ ਲੈਂਦੇ ਤੇ ਇਕ ਜਲੂਸ ਜਿਹਾ ਬਣ ਜਾਂਦਾ। ਮੈਂ ਸਟੇਜ ਸਕੱਤਰ ਬਣ ਕੇ ਕੁਝ ਨਾਅਰੇ ਲੁਆ ਦਿੰਦਾ ਤੇ ਇਕ ਅੱਧੀ ਕਵਿਤਾ ਪੜ੍ਹ ਦਿੰਦਾ। ਪਰਦੇਸੀ ਹੋਰੀਂ ਇਕ-ਤਾਰੇ ਉੱਤੇ ਆਪਣੀਆਂ ਬਣਾਈਆਂ ਕਵਿਤਾਵਾਂ ਨਾਲ ਜੁੜੀ ਵਧੀਆ ਤਕਰੀਰ ਕਰ ਦਿੰਦੇ। ਜਲਸੇ ਦੇ ਅਖ਼ੀਰ 'ਤੇ ਲੋਕਾਂ ਨੂੰ ਕਿਸਾਨ ਕਮੇਟੀ ਦੇ ਮੈਂਬਰ ਬਨਣ ਲਈ ਅਪੀਲ ਕੀਤੀ ਜਾਂਦੀ। ਕਈ ਥਾਈਂ ਹੌਂਸਲੇ ਵਾਲੇ ਪੰਜ-ਸੱਤ ਬੰਦੇ ਉਦੋਂ ਹੀ ਅੰਗੂਠਾ ਲਾ ਦਿੰਦੇ ਜਾਂ ਦਸਤਖ਼ਤ ਕਰ ਦਿੰਦੇ। ਲੈਕਚਰ ਸੁਣ ਕੇ ਕਿਤੇ-ਕਿਤੇ ਕੋਈ ਇਹ ਵੀ ਪੁੱਛ ਲੈਂਦਾ ਕਿ ਤੁਹਾਡੇ ਸੌਣ ਦਾ ਕੀ ਪ੍ਰਬੰਧ ਹੈ? ਇਸ ਤਰ੍ਹਾਂ ਸਾਨੂੰ ਬਹੁਤੀ ਵੇਰ ਮੰਜਾ-ਬਿਸਤਰਾ ਮਿਲ ਜਾਂਦਾ ਤੇ ਉਹੀ ਸਾਡੀ ਠਾਹਰ ਬਣ ਜਾਂਦਾ। ਉਸੇ ਹਮਦਰਦ ਬੰਦੇ ਨੂੰ ਨਾਲ ਲੈ ਕੇ ਦਿਨ ਚੜ੍ਹੇ ਕਿਸਾਨ ਸਭਾ ਦੀ ਮੈਂਬਰਸ਼ਿਪ ਕਰ ਲੈਣੀ ਤੇ ਨਾਲ-ਨਾਲ ਸੁਨੇਹਾ ਦੇਈ ਜਾਣਾ ਕਿ ਫਲਾਣੇ ਟਾਈਮ ਸੱਥ ਵਿਚ ਸਾਰੇ ਮੈਂਬਰ ਪਹੁੰਚ ਕੇ ਆਪਣੀ ਚੋਣ ਕਰ ਲੈਣ। ਇਸ

ਤਰ੍ਹਾਂ ਸਥਾਨਕ ਕਿਸਾਨ ਕਮੇਟੀ ਹੋਂਦ ਵਿਚ ਆ ਜਾਂਦੀ ਅਤੇ ਪਰਧਾਨ ਤੇ ਸਕੱਤਰ ਵੀ ਨਿਯੁਕਤ ਹੋ ਜਾਂਦੇ। ਫੇਰ ਅਸੀਂ ਅਗਲੇ ਪਿੰਡ ਜਾ ਵੜਦੇ।

ਜਿਸ ਪਿੰਡ ਵਿਚ ਝੋਲੀਚੁੱਕਾਂ ਦਾ ਜ਼ੋਰ ਹੁੰਦਾ, ਉਥੇ ਲੋਕ ਜੁੜਦੇ ਵੀ ਘੱਟ ਅਤੇ ਸਾਡੇ ਨੇੜੇ ਵੀ ਆ ਕੇ ਬੈਠਣ ਤੋਂ ਪਰਹੇਜ਼ ਕਰਦੇ। ਪਿੰਡ ਮੋਰੋਂ 'ਚ ਦੋ-ਚਾਰ ਸਰੋਤੇ ਪਰ੍ਹੇ ਬੈਠੇ ਨਾਲੇ ਹੁੱਕਾ ਪੀਈ ਜਾਣ, ਨਾਲੇ ਆਪੋ ਵਿਚ ਗੱਲਾਂ ਮੜ੍ਹਾਕੀ ਜਾਣ। ਪਰਦੇਸੀ ਹੋਰੀਂ ਆਵਾਜ਼ ਮਾਰੀ, "ਵੀਰੋ ਨੇੜੇ ਆ ਜਾਓ, ਸਾਡੀ ਵੀ ਗੱਲ ਸੁਣ ਲਓ।" ਅੱਗੋਂ ਉੱਤਰ ਮਿਲਿਆ, "ਬੋਲੀ ਜਾ ਬੋਲੀ ਜਾ, ਸਾਨੂੰ ਤੇਰੇ ਉੱਤੇ ਇਤਬਾਰ ਆ।" ਖ਼ੈਰ ਅਸੀਂ ਅੱਧਾ ਕੁ ਘੰਟਾ ਬੋਲ ਕੇ ਹਟ ਗਏ ਤਾਂ ਇਕ ਨਾਮਧਾਰੀ ਸੱਜਣ ਨੇ ਸਾਨੂੰ ਆ ਕੇ ਪੁੱਛਿਆ ਕਿ ਪਰਸ਼ਾਦਾ ਵੀ ਛਕ ਲਿਆ ਹੈ? ਅਸੀਂ ਦੱਸਿਆ ਕਿ ਅੱਜ ਤਾਂ ਗੁਰਦਵਾਰੇ ਦਾ ਵੀ ਬੂਹਾ ਬੰਦ ਸੀ। ਉਸ ਸੱਜਣ ਨੇ ਸਾਨੂੰ ਆਪਣੇ ਘਰ ਲਿਜਾ ਕੇ ਰੋਟੀ ਵੀ ਖੁਆਈ ਅਤੇ ਮੰਜਾ-ਬਿਸਤਰਾ ਵੀ ਦਿੱਤਾ। ਸਵੇਰੇ 25 ਮੈਂਬਰਾਂ ਦੀ ਭਰਤੀ ਵੀ ਕਰਵਾਈ। ਉਹ ਸਾਥੀ ਕਿਸਾਨ ਸਭਾ ਦਾ ਸਰਗਰਮ ਵਰਕਰ ਵੀ ਬਣਿਆ। ਪਿੰਡ ਪੱਦੀ ਜਗੀਰ ਵਿਖੇ ਕਿਸੇ ਨੇ ਸਾਡੀ ਬਾਤ ਨਹੀਂ ਪੁੱਛੀ ਤਾਂ ਅਸੀਂ ਤਿੰਨ ਸਾਥੀ ਰਾਤ ਨੂੰ ਬੜਾ ਪਿੰਡ ਕਾਮਰੇਡ ਜਵਾਲਾ ਸਿੰਘ ਦੇ ਖੂਹ ਉੱਤੇ ਆ ਕੇ ਸੁੱਤੇ। ਅੱਧੀ ਰਾਤ ਸੀ। ਅਸੀਂ ਭੁੱਖੇ ਉਸਦੇ ਖ਼ਰਬੂਜ਼ਿਆਂ ਦੇ ਬਾੜੇ 'ਚ ਜਾ ਵੜੇ। ਸਵੇਰੇ ਉੱਠ ਕੇ ਦੇਖਿਆ ਤਾਂ ਅੱਧੇ ਛਿੱਲੜ ਕੱਦੂ ਦੇ ਸਨ।

ਮੈਂ ਤੇ ਪਰਦੇਸੀ ਨੇ ਪੰਜ-ਛੇ ਮਹੀਨੇ ਲਾ ਕੇ ਖਾਨਖਾਨਾ ਤੋਂ ਲੈ ਕੇ ਸ਼ੰਕਰ ਪਿੰਡ ਤਕ ਇਕ ਸੌ ਦੇ ਲਗਭਗ ਕਿਸਾਨ ਕਮੇਟੀਆਂ ਬਣਾ ਲਈਆਂ। ਦੂਜੇ ਇਲਾਕਿਆਂ 'ਚ ਉਥੋਂ ਦੇ ਸਥਾਨਕ ਵਰਕਰਾਂ ਨੇ ਵੀ ਕਿਸਾਨ ਕਮੇਟੀ ਦੀ ਮੈਂਬਰਸ਼ਿਪ ਕੀਤੀ। ਖਾਨਖਾਨਾ ਤੋਂ ਪਰ੍ਹੇ ਹਰਬੰਸ ਸਿੰਘ ਕਰਨਾਣਾ, ਹੁਕਮ ਸਿੰਘ ਘੱਕੇਵਾਲ, ਸੁਰਿੰਦਰ ਮੋਹਣ ਤੇ ਵਤਨ ਸਿੰਘ ਮਾਹਲ-ਗਹਿਲਾਂ ਨੇ; ਤਹਿਸੀਲ ਨਕੋਦਰ ਦੇ ਦੋਨਾ ਇਲਾਕੇ ਵਿਚ ਨਿਰਮਲ ਸਿੰਘ ਲਿੱਤਰਾਂ, ਬਾਬਾ ਗੰਗਾ ਸਿੰਘ ਮਲਸੀਹਾਂ, ਖੇਮ ਸਿੰਘ ਤਲਵੰਡੀ ਤੇ ਗੰਗਾ ਸਿੰਘ ਉੱਗੀ ਨੇ ਅਤੇ ਇਸੇ ਤਹਿਸੀਲ ਦੇ ਬੇਟ ਇਲਾਕੇ ਵਿਚ ਜਵਾਲਾ ਸਿੰਘ ਸਾਦਕਪੁਰ ਤੇ ਬੇਅੰਤ ਸਿੰਘ ਕੰਗ ਕਲਾਂ ਨੇ; ਤਹਿਸੀਲ ਫਿਲੌਰ ਦੇ ਦੱਖਣੀ ਇਲਾਕੇ ਵਿਚ ਬੀਰ ਸਿੰਘ ਪੁਆਦੜਾ ਤੇ ਪ੍ਰੀਤਮ ਸਿੰਘ ਨੇ; ਤਹਿਸੀਲ ਜਲੰਧਰ 'ਚ ਮਹਾਂ ਸਿੰਘ ਮੁਜ਼ੱਫਰਪੁਰ ਅਤੇ ਕੋਟਲੀ ਥਾਨ ਸਿੰਘ ਦੇ ਗਰੁੱਪ ਨੇ ਕਿਸਾਨ ਭਰਤੀ ਕੀਤੀ। ਤਦ ਵੀ ਮੇਰੇ ਤੇ ਪਰਦੇਸੀ ਵੱਲੋਂ ਕੀਤੀ ਭਰਤੀ ਬਾਕੀ ਸਾਰੇ ਜ਼ਿਲ੍ਹੇ ਦੇ ਬਰਾਬਰ ਸੀ। 1937 ਵਿਚ ਇਨ੍ਹਾਂ ਸਾਰੀਆਂ ਕਿਸਾਨ ਕਮੇਟੀਆਂ 'ਚੋਂ ਬਾਕਾਇਦਾ ਡੈਲੀਗੇਟ ਚੁਣ ਕੇ ਲਗਭਗ ਇਕ ਸੌ ਸਾਥੀਆਂ ਦੀ ਹਾਜ਼ਰੀ ਵਿਚ ਜ਼ਿਲ੍ਹਾ ਕਿਸਾਨ ਕਮੇਟੀ ਦੀ ਪੱਕੀ ਚੋਣ ਕੀਤੀ ਗਈ। ਸੰਤਾ ਸਿੰਘ ਸ਼ੰਕਰ ਨੂੰ ਪਰਧਾਨ ਤੇ ਮੈਨੂੰ ਜਨਰਲ ਸਕੱਤਰ ਚੁਣਿਆ ਗਿਆ।

ਇਨ੍ਹੀਂ ਦਿਨੀਂ ਬੜਾ ਪਿੰਡ 'ਚ ਇਕ ਭਾਰੀ ਮਜ਼ਦੂਰ ਕਿਸਾਨ ਕਾਨਫ਼ਰੰਸ ਹੋਈ

ਜਿਸਦੀ ਸਵਾਗਤੀ ਕਮੇਟੀ ਦੇ ਪਰਧਾਨ ਬਾਬਾ ਭਾਗ ਸਿੰਘ ਕੈਨੇਡੀਅਨ ਸਨ ਅਤੇ ਮੈਂ ਦਫਤਰ ਤੇ ਪ੍ਰਚਾਰ ਸਕੱਤਰ। ਡੇਢ-ਦੋ ਮਹੀਨੇ ਖ਼ੂਬ ਤਿਆਰੀ ਕੀਤੀ। ਇਰਦ-ਗਿਰਦ ਦੇ ਤੀਹ ਪਿੰਡਾਂ ਵਿਚ ਜਲਸੇ ਕਰਕੇ ਫੰਡ ਇਕੱਠਾ ਕੀਤਾ ਗਿਆ। ਬਾਬਾ ਕਰਮ ਸਿੰਘ ਚੀਮਾ, ਬਾਬਾ ਭਗਵਾਨ ਸਿੰਘ ਦੁਸਾਂਝ, ਬਾਬਾ ਲਾਲ ਸਿੰਘ ਜੰਡਿਆਲਾ, ਬਾਬਾ ਬੀਰ ਸਿੰਘ ਪੁਆਦੜਾ, ਸਾਥੀ ਬੂਝਾ ਸਿੰਘ (ਉਨ੍ਹਾਂ ਦੀ ਜੂਹਬੰਦੀ ਖ਼ਤਮ ਹੋ ਗਈ ਸੀ), ਮਿਲਖਾ ਸਿੰਘ ਅੱਟਾ, ਬਚਿੱਤਰ ਸਿੰਘ ਧੁਲੇਤਾ ਅਥਵਾ ਬੜਾ ਪਿੰਡ ਦੇ ਸਾਥੀ ਜਵਾਲਾ ਸਿੰਘ, ਪਾਖਰ ਸਿੰਘ, ਨਰੰਜਣ ਸਿੰਘ ਆਦਿ ਨੇ ਲੱਕ ਬੰਨ੍ਹ ਕੇ ਕੰਮ ਕੀਤਾ। ਇਸ ਕੰਮ ਨਾਲ ਇਰਦ-ਗਿਰਦ ਦੇ ਸਾਰੇ ਪਿੰਡਾਂ ਵਿਚ ਸਥਾਨਕ ਵਰਕਰ ਪੈਦਾ ਹੋ ਗਏ। ਕਾਨਫ਼ਰੰਸ ਦੇ ਪਰਧਾਨ ਮੁਣਸ਼ੀ ਅਹਿਮਦਦੀਨ ਦਾ ਜਲੂਸ ਪਹਿਲੇ ਦਿਨ ਗੋਰਾਇਆ ਸਟੇਸ਼ਨ ਤੋਂ ਸ਼ੁਰੂ ਹੋ ਕੇ ਬੜਾ ਪਿੰਡ ਪੁੱਜਾ। ਝੰਡਾ ਲਹਿਰਾਉਣ ਦੀ ਰਸਮ ਹੋਈ। ਅਗਲੇ ਦਿਨ ਤਕਰੀਰਾਂ ਤੇ ਮਤੇ ਹੋਏ। ਸਰਵ ਹਿੰਦ ਕਿਸਾਨ ਸਭਾ ਦੇ ਪਰਧਾਨ ਸਵਾਮੀ ਸਹਿਜਾਨੰਦ ਤੇ ਡਾਕਟਰ ਭਾਗ ਸਿੰਘ ਦੀਆਂ ਮੁੱਖ ਤਕਰੀਰਾਂ ਤੋਂ ਮਗਰੋਂ ਕਾਮਰੇਡ ਬੂਝਾ ਸਿੰਘ ਨੇ ਬਰਤਾਨਵੀ ਸਾਮਰਾਜ, ਰਜਵਾੜਾਸ਼ਾਹੀ, ਸ਼ਾਹੂਕਾਰੀ ਲੁੱਟ, ਸਰਕਾਰੀ ਮਸ਼ੀਨਰੀ ਦੇ ਸ਼ਿਕੰਜੇ ਅਥਵਾ ਕਿਸਾਨੀ ਮਸਲਿਆਂ ਬਾਰੇ ਆਮ ਲੋਕਾਂ ਦੇ ਸਮਝ ਆਉਣ ਵਾਲੀ ਪ੍ਰਭਾਵਸ਼ਾਲੀ ਤਕਰੀਰ ਕੀਤੀ। ਮੈਂ ਬੜੀ ਮਿਹਨਤ ਨਾਲ ਤਿਆਰ ਕੀਤੀ ਹੋਈ ਲੰਮੀ ਕਵਿਤਾ ਪੜ੍ਹੀ।

1937 ਵਿਚ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਅਤੇ 1938 ਵਿਚ ਕਾਮਰੇਡ ਰਜਿੰਦਰ ਸਿੰਘ ਸਰੀਂਹ ਵੀ ਮੇਰੇ ਨਾਲ ਚਲ ਪਏ ਤੇ ਜ਼ਿਲ੍ਹਾ ਕਮੇਟੀ ਵਿਚ ਸ਼ਾਮਲ ਕਰ ਲਏ ਗਏ। ਸਾਡੇ ਤਿੰਨਾਂ ਦੇ ਮਾਰਕਸਵਾਦੀ ਉਸਤਾਦ ਵੀ ਇਕੋ ਸਨ। ਸਾਡਾ ਪਾਰਟੀ ਅੰਦਰ ਇਕੱਠਿਆਂ ਕੰਮ ਕਰਨ ਦਾ ਅਰਸਾ ਵੀ ਲੰਮਾ ਹੈ ਅਤੇ ਜੇ ਕਿਤੇ ਅੱਡ ਹੋਏ ਵੀ ਤਾਂ ਸਾਡਾ ਭਾਵਕ ਰਿਸ਼ਤਾ ਨਹੀਂ ਟੁੱਟਿਆ। ਅਫ਼ਸੋਸ ਇਹ ਹੈ ਕਿ ਉਹ ਮੇਰੇ ਪਿੱਛੋਂ ਤੁਰ ਕੇ ਮੈਥੋਂ ਛੋਟੀ ਉਮਰੇ ਕਈ ਚਿਰ ਪਹਿਲਾਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ।

ਕਾਮਰੇਡ ਗੁਰਚਰਨ ਸਿੰਘ ਰੰਧਾਵਾ ਨੂੰ ਮੁਢਲੀ ਚੇਟਕ ਸ਼੍ਰੀ ਮੁਣਸ਼ਾ ਸਿੰਘ ਦੁਖੀ ਤੋਂ ਲੱਗੀ। ਓਹ ਗ਼ਦਰ ਪਾਰਟੀ ਦੇ ਪ੍ਰਸਿੱਧ ਕਵੀ ਸਨ ਅਤੇ ਉਨ੍ਹਾਂ ਨੂੰ ਵੀ ਸਰਕਾਰ ਨੇ ਪਿੰਡ ਰੰਧਾਵਾ ਵਿਚ ਜੂਹਬੰਦ ਕੀਤਾ ਹੋਇਆ ਸੀ। ਕਾਮਰੇਡ ਰਾਜਿੰਦਰ ਸਰੀਂਹ ਉੱਤੇ ਕਾਮਰੇਡ ਜਸਵੰਤ ਸਿੰਘ ਤੇ ਜੀਵਨ ਸਿੰਘ ਦੁਖੀ ਦਾ ਪਰਭਾਵ ਪਿਆ ਸੀ।

✤✤✤

# ਕਿਰਤੀ ਪਾਰਟੀ ਵਿਚ

## ਜ਼ਿਲ੍ਹਾ ਜਲੰਧਰ ਵਿਚ ਕਿਰਤੀ ਪਾਰਟੀ ਦੀ ਮੁੱਢਲੀ ਜਥੇਬੰਦੀ

ਜ਼ਿਲ੍ਹਾ ਕਪੂਰਥਲਾ ਦੀ ਫ਼ਗਵਾੜਾ ਤਹਿਸੀਲ ਜ਼ਿਲ੍ਹਾ ਜਲੰਧਰ ਦੇ ਇਲਾਕੇ ਵਿਚ ਘਿਰੀ ਹੋਈ ਹੈ। ਇਸ ਕਰਕੇ ਬਹੁਤ ਦੇਰ ਤਕ ਦੋਵਾਂ ਜ਼ਿਲ੍ਹਿਆਂ ਦੀਆਂ ਪਾਰਟੀਆਂ ਤੇ ਜਨਤਕ ਜਥੇਬੰਦੀਆਂ ਦਾ ਇਕੋ ਜਥੇਬੰਦਕ ਢਾਂਚਾ ਬਣਿਆ ਰਿਹਾ।

ਗ਼ਦਰੀ ਕਮਿਊਨਿਸਟ 'ਕਿਰਤੀ' ਅਖ਼ਬਾਰ ਪ੍ਰਕਾਸ਼ਤ ਕਰਨ ਮਗਰੋਂ ਕਿਰਤੀ ਕਮਿਊਨਿਸਟ ਵਜੋਂ ਮਸ਼ਹੂਰ ਹੋਏ। ਕਿਰਤੀ ਅਖ਼ਬਾਰ ਦੀ ਠਾਹਰ ਸਨ ਮਾਸਕੋ ਤੋਂ ਮਾਰਕਸਵਾਦ ਦੀ ਸਿਖਿਆ ਲੈ ਕੇ ਆਏ ਗ਼ਦਰੀ ਆਗੂ ਅਥਵਾ 'ਕਿਰਤੀ' ਅਖ਼ਬਾਰ ਦੇ ਹਜ਼ਾਰਾਂ ਪਾਠਕਾਂ ਦਾ ਪੰਜਾਬ ਵਿਚ ਫੈਲਿਆ ਜਾਲ-ਇਹ ਸਭ ਕਿਰਤੀ ਪਾਰਟੀ ਅਖਵਾਉਂਦੇ ਸਨ। ਕਿਰਤੀ ਪਾਰਟੀ ਵੱਲੋਂ ਇਕ ਖ਼ੁਫ਼ੀਆ ਅਖ਼ਬਾਰ 'ਲਾਲ ਢੰਡੋਰਾ' ਵੀ ਕਦੀ-ਕਦੀ ਪ੍ਰਕਾਸ਼ਤ ਕੀਤਾ ਜਾਂਦਾ ਸੀ। ਕਾਮਰੇਡ ਸੋਹਣ ਸਿੰਘ ਜੋਸ਼ ਜੋ ਭਾਈ ਸੰਤੋਖ ਸਿੰਘ ਦੇ ਦਿਹਾਂਤ ਮਗਰੋਂ 'ਕਿਰਤੀ' ਅਖ਼ਬਾਰ ਦੇ ਸੰਪਾਦਕ ਰਹੇ ਸਨ, ਸਾਰੇ ਦੇਸ਼ ਦੇ ਉੱਘੇ ਕਮਿਊਨਿਸਟਾਂ ਉੱਤੇ ਚੱਲੇ ਮੇਰਠ ਸਾਜ਼ਿਸ਼ ਕੇਸ ਵਿਚ ਧਰੇ ਗਏ। ਇਸ ਕੇਸ ਵਿਚ ਬਰਤਾਨੀਆਂ ਦੇ ਇਕ ਦੋ ਕਮਿਊਨਿਸਟ ਆਗੂ ਵੀ ਸਨ। ਉਥੇ ਹਿੰਦੁਸਤਾਨ ਵਿਚ ਕਮਿਊਨਿਸਟ ਪਾਰਟੀ ਨੂੰ ਪੱਕੇ ਪੈਰੀਂ ਕਰਨ ਦਾ ਫੈਸਲਾ ਲਿਆ ਗਿਆ। ਪੰਜਾਬ ਵਿਚੋਂ ਇਸ ਕੇਸ ਵਿਚ ਇਕੱਲੇ ਸੋਹਣ ਸਿੰਘ ਜੋਸ਼ ਹੀ ਕਮਿਊਨਿਸਟ ਵਿਚਾਰਾਂ ਦੇ ਸਨ। ਉਨ੍ਹੀਂ ਜੇਲ੍ਹ ਤੋਂ ਰਿਹਾਅ ਹੋਣ ਮਗਰੋਂ ਸਾਰੇ ਪੰਜਾਬ ਦੇ ਕਮਿਊਨਿਸਟਾਂ ਨੂੰ ਇਕ ਮਾਲਾ ਵਿਚ ਪਰੋਣਾ ਸੀ। ਪਤਾ ਨਹੀਂ ਕਿਸ ਵਿਚਾਰ ਨਾਲ ਉਨ੍ਹਾਂ ਕਿਰਤੀ ਕਮਿਊਨਿਸਟਾਂ ਨੂੰ ਛੱਡ ਕੇ ਬਾਕੀ ਸਾਥੀਆਂ ਨੂੰ ਨਾਲ ਲੈ ਕੇ ਕਮਿਊਨਿਸਟ ਪਾਰਟੀ ਦੀ ਸੂਬਾ ਕਮੇਟੀ ਬਣਾ ਦਿੱਤੀ। ਇਨ੍ਹਾਂ ਦੋਵਾਂ ਕਮਿਊਨਿਸਟ ਧਿਰਾਂ ਨੂੰ ਇਕਮੁੱਠ ਕਰਨ ਦੇ ਯਤਨ ਹੁੰਦੇ ਰਹੇ। 1936 ਵਿਚ ਇਹ ਯਤਨ ਸਫ਼ਲ ਹੋਣ ਦੀ ਆਸ ਬੱਝੀ ਪਰ ਬਾਬਾ ਗੁਰਮੁੱਖ ਸਿੰਘ ਦੀ ਗ੍ਰਿਫਤਾਰੀ ਨਾਲ ਛਿੜੇ ਬਦਕਿਸਮਤ ਵਿਵਾਦ ਕਾਰਨ ਸਭ ਕੁਝ ਠੁੱਸ ਹੋ ਗਿਆ। ਹੁਣ ਨਾ ਚਾਹੁੰਦੇ ਹੋਏ ਵੀ ਕਿਰਤੀ ਕਮਿਊਨਿਸਟਾਂ ਨੂੰ ਆਪਣੇ ਵਿਸ਼ਾਲ ਘੇਰੇ ਨੂੰ ਜਥੇਬੰਦਕ ਰੂਪ ਦੇਣ ਲਈ ਅੱਡਰੀ ਸੂਬਾ ਕਮੇਟੀ ਬਣਾ ਕੇ ਉਸਦੀਆਂ ਜ਼ਿਲ੍ਹਾ ਤੇ ਇਲਾਕਾ ਕਮੇਟੀਆਂ

ਅਥਵਾ ਪਿੰਡਾਂ/ਸ਼ਹਿਰਾਂ ਵਿਚ ਬ੍ਰਾਂਚਾਂ ਬਣਾਉਣ ਦਾ ਕਾਰਜ ਆਰੰਭਣਾ ਪਿਆ। 1937 ਦੇ ਸ਼ੁਰੂ ਵਿਚ ਜਲੰਧਰ ਜ਼ਿਲ੍ਹਾ ਕਮੇਟੀ ਸਥਾਪਤ ਕੀਤੀ ਗਈ ਜਿਸਦੇ ਮੈਂਬਰ ਸਨ -ਚੈਨ ਸਿੰਘ ਚੈਨ, ਜਸਵੰਤ ਸਿੰਘ ਸ਼ੰਕਰ, ਹਰਬੰਸ ਸਿੰਘ ਪੇਪੇ ਬੁੰਡਾਲਾ, ਹਰਬੰਸ ਸਿੰਘ ਕਰਨਾਣਾ, ਨਾਜ਼ਰ ਸਿੰਘ ਕਾਲਾ ਸੰਘਾ ਤੇ ਲਾਹੌਰੀ ਰਾਮ ਪਰਦੇਸੀ। ਮੈਨੂੰ ਇਸਦਾ ਸਕੱਤਰ ਥਾਪਿਆ ਗਿਆ। ਮੈਨੂੰ ਉਸ ਸਮੇਂ ਸਕੱਤਰੀ ਦੀਆਂ ਜ਼ੰਮੇਵਾਰੀਆਂ ਦਾ ਕੋਈ ਖ਼ਾਸ ਪਤਾ ਨਹੀਂ ਸੀ, ਪਰ ਕਾਮਰੇਡ ਭਗਤ ਸਿੰਘ ਬਿਲਗਾ ਤੇ ਬੂਝਾ ਸਿੰਘ ਨੇ ਮੈਨੂੰ ਚਾਲੂ ਕਰ ਲਿਆ। 1937 ਤੇ 1938 ਦੇ ਦੋ ਸਾਲ ਦੌਰਾਨ ਹੋਰ ਹਥਲੇ ਕੰਮਾਂ ਦੇ ਨਾਲ-ਨਾਲ ਸਾਰੇ ਸਥਾਨਕ ਸਾਥੀਆਂ ਨੂੰ ਬ੍ਰਾਂਚਾਂ ਵਿਚ ਜਥੇਬੰਦ ਕਰ ਲਿਆ ਗਿਆ। ਜਿਹੜਾ ਸਾਥੀ ਸਾਡੇ ਨਾਲ ਕੰਮ ਵਿਚ ਜੁਟ ਕੇ ਦਿਲਚਸਪੀ ਨਾਲ ਕੰਮ ਕਰਨ ਲੱਗ ਪਿਆ, ਉਹ ਅਸੀਂ ਜ਼ਿਲ੍ਹਾ ਕਮੇਟੀ ਵਿਚ ਸ਼ਾਮਲ ਕਰਦੇ ਗਏ। ਨਾਲੋ-ਨਾਲ ਦਰਮਿਆਨਾ ਕੰਮ ਕਰਨ ਵਾਲਿਆਂ ਦੀਆਂ ਇਲਾਕਾ ਕਮੇਟੀਆਂ ਵੀ ਬਣਾਈਆਂ ਗਈਆਂ।

ਕਾਮਰੇਡ ਬੂਝਾ ਸਿੰਘ ਦੀ ਅਗਵਾਈ ਵਿਚ ਕਾਮਰੇਡ ਹਰਬੰਸ ਸਿੰਘ ਕਰਨਾਣਾ ਨੇ ਤਹਿਸੀਲ ਨਵਾਂਸ਼ਹਿਰ ਵਿਚ ਬੜੀ ਮਿਹਨਤ ਅਤੇ ਲਗਨ ਨਾਲ ਕੰਮ ਕੀਤਾ। ਏਥੇ ਕਾਮਰੇਡ ਹੁਕਮ ਸਿੰਘ ਘੱਕੇਵਾਲ ਤੇ ਧੰਨਾ ਸਿੰਘ ਸੁੱਜੋਂ ਮਾਸਕੋ ਟਰੇਂਡ ਸਨ। ਪਿੰਡ ਸੁੱਜੋਂ ਦੀ ਡਰਾਮਾ ਪਾਰਟੀ ਨੇ ਕਾਮਰੇਡ ਧਰਮ ਸਿੰਘ ਦੀ ਅਗਵਾਈ ਹੇਠ ਜ਼ਿਲ੍ਹੇ ਵਿਚ ਹੀ ਨਹੀਂ ਸਾਰੇ ਪੰਜਾਬ ਵਿਚ ਧੁੰਮਾਂ ਪਾਈਆਂ। ਪਿੰਡ ਮਾਹਿਲ-ਗਹਿਲਾਂ ਬਰਾਂਚ ਦੇ ਕਈ ਮੈਂਬਰ ਸਨ। ਇਥੇ ਦੇ ਕਾਮਰੇਡ ਵਤਨ ਸਿੰਘ ਮਾਹਿਲ-ਗਹਿਲਾਂ ਨੇ ਆਪਣੇ ਤਿਆਰ ਕੀਤੇ ਗੀਤ ਇਕ ਸਾਥੀ ਦੇ ਇਕ ਤਾਰੇ ਨਾਲ ਜਲਸਿਆਂ ਤੇ ਕਾਨਫ਼ਰੰਸਾਂ ਵਿਚ ਰੌਣਕਾਂ ਲਾਈਆਂ ਅਤੇ ਜ਼ਿਲ੍ਹੇ ਵਿਚ ਕਿਸਾਨ ਕਮੇਟੀਆਂ ਬਣਾਈਆਂ। ਖਾਂਦੇ-ਪੀਂਦੇ ਤੇ ਸਰਕਾਰੀ ਨੌਕਰੀ ਕਰਦੇ ਪਰਿਵਾਰ ਦਾ ਕਾਮਰੇਡ ਅਜੀਤ ਸਿੰਘ ਗੜ੍ਹਪਧਾਣਾ ਅਜਿਹਾ ਵਰਕਰ ਨਿਕਲਿਆ ਜਿਸਨੇ ਪਾਰਟੀ ਦੀ ਮਾਲੀ ਮੱਦਦ ਵੀ ਕੀਤੀ ਅਤੇ ਪਾਰਟੀ ਦੇ ਅਨੇਕਾਂ ਕਾਰਜਾਂ ਵਿਚ ਵਾਹ-ਵਾਹ ਖੱਟੀ। ਸੁਰਿੰਦਰ ਮੋਹਨ ਮਾਇਲ ਜੋ ਪਿੰਡ ਮਾਹਿਲ-ਗਹਿਲਾਂ ਦੇ ਸਨ, ਨੇ ਕਵਿਤਾਵਾਂ ਵੀ ਲਿਖੀਆਂ ਅਤੇ ਪਾਰਟੀ ਦੇ ਸਭਿਆਚਾਰਕ ਫ਼ਰੰਟ ਉੱਤੇ ਬੜੀ ਸਰਗਰਮੀ ਕੀਤੀ।

ਤਹਿਸੀਲ ਫ਼ਿਲੌਰ ਵਿਚ ਬਿਲਗਾ, ਦੁਸਾਂਝ ਕਲਾਂ ਅਤੇ ਚੀਮਾ ਕਲਾਂ ਤਾਂ ਪਹਿਲਾਂ ਤੋਂ ਹੀ ਪਾਰਟੀ ਦੇ ਮਜਬੂਤ ਗੜ੍ਹ ਸਨ, ਹੁਣ ਛੋਕਰਾਂ, ਬੜਾ ਪਿੰਡ, ਫ਼ਿਲੌਰ, ਅੱਪਰਾ ਤੇ ਜੰਡਿਆਲਾ ਵੀ ਇਸੇ ਪੱਧਰ 'ਤੇ ਆ ਗਏ ਸਨ। ਨਵਾਂ ਵਿਦਿਆਰਥੀ ਨੌਜਵਾਨ ਕਾਮਰੇਡ ਗੁਰਚਰਨ ਸਿੰਘ ਰੰਧਾਵਾ 1938 ਵਿਚ ਅਜਿਹਾ ਉਭਰਿਆ ਜਿਸਨੇ ਪੰਜਾਬ ਦੀ ਕਿਰਤੀ ਪਾਰਟੀ ਦੀਆਂ ਵੀ ਵੱਡੀਆਂ ਡਿਊਟੀਆਂ ਨਿਭਾਈਆਂ, ਲਾਲ ਕਮਿਊਨਿਸਟ ਪਾਰਟੀ ਵੱਲੋਂ ਵੀ ਮਹੱਤਵਪੂਰਨ ਕਾਰਜ ਨਿਭਾਏ ਅਤੇ ਕਮਿਊਨਿਸਟ ਪਾਰਟੀ

(ਮਾਰਕਸਵਾਦੀ) ਦਾ ਵੀ ਸੂਬਾ ਸਕੱਤਰ ਬਣਿਆ। ਕਾਮਰੇਡ ਜਵਾਲਾ ਸਿੰਘ ਬੜਾ ਪਿੰਡ ਨੇ ਇਕ ਨਿਧੜਕ ਵਰਕਰ ਵਜੋਂ ਕੰਮ ਕੀਤਾ ਅਤੇ ਗੁਪਤ ਸਮੇਂ ਦੂਜੇ ਜ਼ਿਲ੍ਹਿਆਂ ਵਿਚ ਵੀ ਡਿਊਟੀ ਨਿਭਾਈ। ਖਟਕੜ ਕਲਾਂ ਦਾ ਕਾਮਰੇਡ ਵਿਸ਼ਨੂੰ ਦੱਤ ਤਾਂ ਕੌਮਾਂਤਰੀ ਪੱਧਰ ਤੱਕ ਪ੍ਰਸਿੱਧ ਹੋਇਆ। ਤਹਿਸੀਲ ਨਕੋਦਰ ਵਿਚ ਕਾਮਰੇਡ ਨਿਰਮਲ ਸਿੰਘ ਲਿਤਰਾਂ ਨੇ ਇਸ ਤਹਿਸੀਲ ਦੇ ਖਾਲੀ ਪਏ ਇਲਾਕਾ ਦੋਨਾਂ ਵਿਚ ਪਾਰਟੀ ਦੀਆਂ ਅਨੇਕਾਂ ਬਰਾਂਚਾਂ ਬਣਾਈਆਂ। ਸਾਥੀ ਰਜਿੰਦਰ ਸਿੰਘ ਸਰੀਂਹ ਵੀ ਕੁਲਵਕਤੀ ਬਣਕੇ ਤੁਰਿਆ ਜਿਸਨੇ ਕਿਰਤੀ ਪਾਰਟੀ ਅਤੇ ਲਾਲ ਕਮਿਊਨਿਸਟ ਪਾਰਟੀ ਦੀਆਂ ਬਿਖੜੀਆਂ ਡਿਊਟੀਆਂ ਨਿਭਾਈਆਂ ਅਥਵਾ ਮਾਰਕਸੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਜਲੰਧਰ ਦੇ ਸਕੱਤਰ ਹੁੰਦਿਆਂ ਸਦੀਵੀ ਵਿਛੋੜਾ ਦੇ ਗਏ। ਕਾਮਰੇਡ ਬੇਅੰਤ ਸਿੰਘ ਕੰਗ ਕਲਾਂ ਨੇ ਤਹਿਸੀਲ ਨਕੋਦਰ ਦੇ ਪੱਛਮੀ ਪਾਸੇ ਅਨੇਕਾਂ ਨਵੇਂ ਸਾਥੀ ਜੋੜੇ।

ਤਹਿਸੀਲ ਫਿਲੌਰ ਵਿਚ ਇਕ ਹੋਰ ਮਜ਼ਬੂਤ ਇਰਾਦੇ ਵਾਲਾ ਸਾਥੀ ਗੰਧਰਵ ਸੇਨ 1940 ਵਿਚ ਕਿਰਤੀ ਪਾਰਟੀ ਵਿਚ ਸਰਗਰਮ ਵਰਕਰ ਵਜੋਂ ਉਭਰਿਆ। ਉਸ ਨੇ ਕਲਕੱਤਾ ਵਿਖੇ ਟਰਾਂਸਪੋਰਟ ਵਰਕਰਾਂ ਵਿਚ ਵੀ ਕੁਝ ਕੰਮ ਕੀਤਾ। ਕਿਰਤੀ ਅਖ਼ਬਾਰ ਦੇ ਅਧਿਐਨ ਨਾਲ ਅਤੇ ਗੁਆਂਢੀ ਪਿੰਡ ਚੀਮਾ ਦੇ ਕਿਰਤੀ ਆਗੂਆਂ ਦੇ ਸੰਪਰਕ ਵਿਚ ਆ ਕੇ ਕਿਰਤੀ ਪਾਰਟੀ ਤੇ ਲਾਲ ਕਮਿਊਨਿਸਟ ਪਾਰਟੀ ਦੀਆਂ ਅਨੇਕਾਂ ਮਹੱਤਵਪੂਰਨ ਡਿਊਟੀਆਂ ਨਿਭਾਈਆਂ। ਅੱਗੇ ਚਲਕੇ ਨਕਸਲਬਾੜੀ ਲਹਿਰ ਵਿਚ ਵੀ ਸਰਗਰਮ ਰਿਹਾ।

ਤਹਿਸੀਲ ਫਗਵਾੜਾ ਵਿਚ ਕਰਤਾਰ ਸਿੰਘ ਬੱਬਰ ਡੁਮੇਲੀ ਤੇ ਜਥੇਦਾਰ ਸਵਰਨ ਸਿੰਘ ਭੁਬਿਆਣਾ ਨੇ ਮੁੱਢ ਤੋਂ ਜਥੇਬੰਦੀ ਉਸਾਰੀ। ਤਹਿਸੀਲ ਕਪੂਰਥਲਾ ਵਿਚ ਨਾਜ਼ਰ ਸਿੰਘ ਕਾਲਾ ਸੰਘਾ ਤਾਂ ਪਹਿਲਾਂ ਹੀ ਜ਼ਿਲ੍ਹਾ ਕਮੇਟੀ ਵਿਚ ਲਿਆ ਗਿਆ ਸੀ, ਪਰ ਉਸ ਤੋਂ ਬਿਨਾਂ ਗ਼ਦਰੀ ਫੌਜੀ ਆਗੂ ਬਾਬਾ ਹਰਨਾਮ ਸਿੰਘ ਕਾਲਾ ਸੰਘਾ ਜੂਹਬੰਦ ਸਨ। ਉਹ ਸਾਨੂੰ ਕੰਮ ਕਰਨ ਲਈ ਹੱਲਾਸ਼ੇਰੀ ਦਿੰਦੇ ਰਹਿੰਦੇ ਸਨ। ਇਸ ਤਰ੍ਹਾਂ ਸਾਰੇ ਵੱਡੇ ਤੇ ਛੋਟੇ ਵਰਕਰਾਂ ਦੇ ਸਿਰੜੀ ਕੰਮ ਨਾਲ ਕਿਰਤੀ ਪਾਰਟੀ ਦਾ ਅਸਰਦਾਰ ਆਧਾਰ ਬਣ ਗਿਆ ਸੀ। ਤਹਿਸੀਲ ਫਿਲੌਰ ਦੇ 50 ਪਿੰਡਾਂ ਵਿਚ 136, ਤਹਿਸੀਲ ਨਕੋਦਰ ਦੇ 43 ਪਿੰਡਾਂ ਵਿਚ 88, ਤਹਿਸੀਲ ਨਵਾਂਸ਼ਹਿਰ ਦੇ 40 ਪਿੰਡਾਂ ਵਿਚ 81, ਤਹਿਸੀਲ ਜਲੰਧਰ ਦੇ 12 ਪਿੰਡਾਂ ਵਿਚ 23 ਅਤੇ ਜਲੰਧਰ ਸ਼ਹਿਰ ਵਿਚ 12-ਇਸ ਤਰ੍ਹਾਂ ਕਿਰਤੀ ਪਾਰਟੀ ਦੇ ਲਗਭਗ 350 ਪਾਰਟੀ ਮੈਂਬਰ ਬਣ ਗਏ ਸਨ। ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਅੱਜ ਕਲ੍ਹ ਦੀ ਪਾਰਟੀ ਮੈਂਬਰੀ ਨਾਲੋਂ ਉਦੋਂ ਦੀ ਪਾਰਟੀ ਮੈਂਬਰੀ ਵਧੇਰੇ ਠੋਕ ਕੇ ਲਈ ਜਾਂਦੀ ਸੀ ਤੇ ਵਧੇਰੇ ਜ਼ੁੰਮੇਵਾਰੀ ਨਿਭਾਉਣ ਦੇ ਯੋਗ ਹੁੰਦੀ ਸੀ। ਮੈਂ ਵਿਚਕਾਰਲੀ ਪੱਧਰ ਦੇ ਅਨੇਕਾਂ ਵਧੀਆ ਕਿਰਤੀ ਵਰਕਰਾਂ ਦਾ ਵਰਨਣ ਨਹੀਂ ਕੀਤਾ। ਕੇਵਲ

ਆਖ਼ਰੀ ਦਮ ਤਕ ਇਕੋ ਤਾੜੇ ਸਰਗਰਮ ਰਹੇ ਵਰਕਰਾਂ ਦੇ ਨਾਮ ਹੀ ਲਿਖੇ ਹਨ ਜਿਨ੍ਹਾਂ 'ਚੋਂ ਹਰ ਇਕ ਬਾਰੇ ਇਕ ਛੋਟੀ-ਵੱਡੀ ਪੁਸਤਕ ਲਿਖੀ ਜਾ ਸਕਦੀ ਹੈ।

## ਜਲੰਧਰ ਸ਼ਹਿਰ ਵਿਚ ਭਾਰੀ ਕਿਸਾਨ ਮੁਜ਼ਾਹਰਾ

20 ਸਤੰਬਰ 1938 ਨੂੰ ਜ਼ਿਲ੍ਹਾ ਜਲੰਧਰ ਕਿਸਾਨ ਸਭਾ ਦੇ ਸੱਦੇ 'ਤੇ ਭਾਰੀ ਕਿਸਾਨ ਮੁਜ਼ਾਹਰਾ ਹੋਇਆ। ਭਾਵੇਂ ਹੋਰ ਮੰਗਾਂ ਵੀ ਸਨ ਤੇ ਉਨ੍ਹਾਂ ਬਾਰੇ ਮਤੇ ਵੀ ਕੀਤੇ ਗਏ, ਪਰ ਇਸ ਮੁਜ਼ਾਹਰੇ ਦਾ ਪ੍ਰਮੁੱਖ ਨਾਅਰਾ ਸੀ-"ਦੁਆਬੇ ਵਿਚ ਨਹਿਰ ਕੱਢੋ"। ਮੇਰੇ ਪਿਛਲੇ 70 ਸਾਲ ਦੇ ਰਾਜਸੀ ਜੀਵਨ ਵਿਚ ਕਿਸੇ ਜਥੇਬੰਦੀ ਵੱਲੋਂ ਜਲੰਧਰ ਸ਼ਹਿਰ ਵਿਚ ਏਨੀ ਰਿਕਾਰਡ-ਤੋੜ ਹਾਜ਼ਰੀ ਵਾਲਾ ਮੁਜ਼ਾਹਰਾ ਜਥੇਬੰਦ ਨਹੀਂ ਕੀਤਾ ਗਿਆ।

ਉਸ ਸਾਲ ਜ਼ਿਲ੍ਹਾ ਕਿਸਾਨ ਸਭਾ ਦੇ ਪਰਧਾਨ ਬਾਬਾ ਹਰੀ ਸਿੰਘ ਸੂੰਢ ਸਨ, ਜਿਨ੍ਹਾਂ ਗ਼ਦਰ ਪਾਰਟੀ ਦੇ ਬਦਨਾਮ ਗੱਦਾਰ ਬੇਲਾ ਸਿੰਘ ਜੈਨ ਦੀ ਅਲਖ ਮੁਕਾਉਣ ਵਿਚ ਹਿੱਸਾ ਲਿਆ ਸੀ। ਮੈਂ 1937 ਵਾਂਗ ਹੀ ਜਨਰਲ ਸਕੱਤਰ ਸਾਂ। ਇਹ ਬੇਮਿਸਾਲ ਮੁਜ਼ਾਹਰਾ ਕੋਈ ਸਾਡੀ ਕਰਾਮਾਤ ਨਹੀਂ ਸੀ। ਉਸ ਸਾਲ ਅਸਾਧਾਰਣ ਔੜ ਕਰਕੇ ਖੂਹਾਂ ਵਿਚ ਪਾਣੀ ਦੀ ਪੱਧਰ ਡਿੱਗਣ ਦਾ ਸਵਾਲ ਕਿਸਾਨਾਂ ਅਤੇ ਆਮ ਪੇਂਡੂ ਲੋਕਾਂ ਲਈ ਜੀਵਨ-ਮਰਨ ਦਾ ਸਵਾਲ ਬਣ ਚੁੱਕਾ ਸੀ।

ਉਸ ਵੇਲੇ ਉਂਜ ਤਾਂ ਪੰਜਾਬ ਦੀਆਂ ਹੱਦਾਂ 'ਤੇ ਵਗਦੇ ਦਰਿਆਵਾਂ ਦੇ ਵਿਚਕਾਰ ਪੰਜ ਦੋਆਬੇ ਸਨ, ਪਰ ਬਿਆਸ ਅਤੇ ਸਤਲੁਜ ਵਿਚਕਾਰ ਦੇ ਇਲਾਕੇ ਨੂੰ ਹੀ ਆਮ ਕਰਕੇ ਦੋਆਬਾ ਆਖ ਕੇ ਪੁਕਾਰਿਆ ਜਾਂਦਾ ਸੀ। ਪੰਜਾਬ ਦੇ ਬਾਕੀ ਦਰਿਆਵਾਂ ਵਿਚੋਂ ਨਹਿਰਾਂ ਨਿਕਲਣ ਕਰਕੇ ਉਹ ਦੋਆਬੇ ਹੁਣ ਤਿੰਨ-ਆਬੇ ਬਣ ਗਏ ਸਨ, ਪਰ ਬਿਸਤ ਦੁਆਬ ਦਾ ਇਲਾਕਾ ਹੀ ਨਹਿਰ ਦੀ ਅਣਹੋਂਦ ਕਾਰਨ ਦੋਆਬਾ ਰਹਿ ਗਿਆ ਸੀ।

ਏਥੇ ਦੇ ਦੋ ਦਰਿਆਵਾਂ ਤੋਂ ਛੁਟ ਸਦਾ ਵਗਦੀਆਂ ਦੋ ਵੇਈਆਂ ਅਤੇ ਅਨੇਕਾਂ ਚੋਅ ਹੋਣ ਕਾਰਨ ਇਸ ਇਲਾਕੇ ਦੇ ਪਾਣੀ ਦਾ ਪੱਧਰ ਕਾਫੀ ਉੱਚਾ ਹੋਣ ਕਰਕੇ ਸਾਰੀ ਖੇਤੀ ਖੂਹਾਂ ਨਾਲ ਹੀ ਹੁੰਦੀ ਸੀ।

1938 ਦਾ ਸਾਲ ਬੜਾ ਕੁਦਰਤੀ ਕਰੋਪੀ ਦਾ ਸਾਲ ਸੀ। ਕਈ ਮਹੀਨੇ ਮੀਂਹ ਨਾ ਪੈਣ ਕਾਰਨ ਵੇਈਆਂ ਤੇ ਚੋਅ ਸੁੱਕ ਗਏ ਅਤੇ ਦੋਹਾਂ ਦਰਿਆਵਾਂ ਵਿਚ ਵੀ ਪਾਣੀ ਬਹੁਤ ਘਟ ਗਿਆ। (ਸਤਲੁਜ ਦਰਿਆ 'ਚੋਂ ਰੋਪੜ ਲਾਗਿਓਂ ਨਹਿਰ ਸਰਹੰਦ ਕੱਢਣ ਕਾਰਨ ਪਹਿਲਾਂ ਹੀ ਇਸ ਦਰਿਆ ਵਿਚ ਪਾਣੀ ਦੀ ਬਹੁਤ ਘਾਟ ਆ ਚੁੱਕੀ ਸੀ)। ਇਨ੍ਹਾਂ ਕਾਰਨਾਂ ਕਰਕੇ ਦੁਆਬੇ ਵਿਚ ਖੂਹਾਂ ਦਾ ਪਾਣੀ ਬਹੁਤ ਥੱਲੇ ਚਲਾ ਗਿਆ ਅਤੇ ਕਈ ਖੂਹ ਤਾਂ ਬਿਲਕੁੱਲ ਹੀ ਸੁੱਕ ਗਏ।

ਉਸ ਸਮੇਂ ਦੁਆਬੇ ਦੇ ਹਰ ਪਿੰਡ ਵਿਚ ਦੋ-ਤਿੰਨ ਚਰਵਾਹੇ ਹੁੰਦੇ ਸਨ ਜੋ ਪਿੰਡ ਦੇ

ਸਾਰੇ ਦੁਧਾਰੂ ਪਸ਼ੂਆਂ ਨੂੰ ਚਾਰਨ ਵਾਸਤੇ ਬਾਹਰ ਖੁੱਲ੍ਹੇ ਖੇਤਾਂ ਵਿਚ ਲੈ ਜਾਂਦੇ ਸਨ ਜੋ ਰੱਜ-ਪੁੱਜ ਕੇ ਘਰੀਂ ਮੁੜਦੇ ਸਨ। ਹੁਣ ਸਾਰੇ ਖੇਤ ਵੀਰਾਨ ਹੋਣ ਕਾਰਨ ਪਸ਼ੂਆਂ ਅਤੇ ਚਰਵਾਹਿਆਂ ਲਈ ਬਿਪਤਾ ਬਣ ਗਈ ਸੀ।

ਪਿੰਡਾਂ ਵਿਚ ਉਦੋਂ ਨਾ ਬਿਜਲੀ ਸੀ ਨਾ ਨਲਕੇ ਸਨ। ਪੀਣ ਵਾਲਾ ਪਾਣੀ ਪਿੰਡ ਦੀਆਂ ਪੱਤੀ ਵਾਰ ਖੂਹੀਆਂ ਤੋਂ ਝੀਵਰ (ਬੰਦੇ ਤੇ ਇਸਤਰੀਆਂ) ਘਰੋ-ਘਰੀ ਪਹੁੰਚਾਉਂਦੇ ਸਨ। ਹੁਣ ਇਨ੍ਹਾਂ ਖੂਹੀਆਂ ਦਾ ਪਾਣੀ ਵੀ ਥੱਲੇ ਜਾਣ ਕਾਰਨ ਪੀਣ ਵਾਲੇ ਪਾਣੀ ਦਾ ਸੰਕਟ ਪੈਦਾ ਹੋ ਗਿਆ ਅਤੇ ਪਾਣੀ ਭਰ ਕੇ ਲਿਆਉਣ ਦਾ ਕਿੱਤਾ ਕਰਨ ਵਾਲੇ ਬੇਕਾਰ ਹੋ ਰਹੇ ਸਨ।

ਪਿੰਡ ਦੀ ਹਰ ਪੱਤੀ ਵਲ ਇਕ ਛੱਪੜ ਹੁੰਦਾ ਸੀ ਜੋ ਬਰਸਾਤੀ ਪਾਣੀ ਨਾਲ ਭਰ ਜਾਂਦਾ ਸੀ। ਉਦੋਂ ਪਿੰਡਾਂ ਵਿਚ ਨਲਕੇ ਤੇ ਘਰਾਂ ਵਿਚ ਟਾਇਲਟਾਂ ਤੇ ਗਲੀਆਂ ਵਿਚ ਨਾਲੀਆਂ ਨਾ ਹੋਣ ਕਰਕੇ ਇਨ੍ਹਾਂ ਛੱਪੜਾਂ ਦਾ ਪਾਣੀ ਸਾਫ-ਸੁਥਰਾ ਰਹਿੰਦਾ ਸੀ ਤੇ ਲੋਕੀ ਇਨ੍ਹਾਂ ਛੱਪੜਾਂ ਵਿਚ ਇਸ਼ਨਾਨ ਕਰਦੇ ਸਨ ਤੇ ਪਸ਼ੂ ਪਾਣੀ ਪੀਂਦੇ ਸਨ। ਹੁਣ ਇਹ ਛੱਪੜ ਸੁੱਕ ਜਾਣ ਕਾਰਨ ਨਵੀਂ ਬਿਪਤਾ ਖੜ੍ਹੀ ਹੋ ਗਈ।

ਇਨ੍ਹਾਂ ਸਾਰੇ ਕਾਰਨਾਂ ਕਰਕੇ ਇਕੱਲੇ ਕਿਸਾਨਾਂ ਵਿਚ ਹੀ ਨਹੀਂ, ਸਾਰੇ ਪੇਂਡੂ ਲੋਕਾਂ ਵਿਚ ਹਾਹਾਕਾਰ ਮਚ ਗਈ। ਜ਼ਿਲ੍ਹਾ ਜਲੰਧਰ ਕਿਸਾਨ ਸਭਾ ਨੇ 'ਦੁਆਬੇ ਵਿਚ ਨਹਿਰ ਕੱਢੋ' ਦੀ ਮੁੱਖ ਮੰਗ ਲੈ ਕੇ ਜਲੰਧਰ ਵਿਚ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਤਾਂ ਬਿਨਾਂ ਕਿਸੇ ਰਾਜਸੀ ਮਤਭੇਦ ਦੇ ਸਮੂਹ ਪੇਂਡੂ ਜਨਤਾ ਨੇ ਇਸ ਨੂੰ ਆਪਣਾ ਨਾਹਰਾ ਬਣਾ ਲਿਆ। ਜ਼ਿਲ੍ਹਾ ਕਿਸਾਨ ਸਭਾ ਨੇ ਥੋੜ੍ਹੇ ਜਿਹੇ ਇਸ਼ਤਿਹਾਰ ਛਪਵਾ ਕੇ ਪਿੰਡਾਂ ਵਿਚ ਲਾਏ। ਬਾਕੀ ਅੱਗਿਓਂ-ਅੱਗੇ ਪਰਚਾਰ ਦਾ ਕੰਮ ਸਥਾਨਕ ਕਿਸਾਨ ਵਰਕਰਾਂ ਅਤੇ ਆਮ ਲੋਕਾਂ ਆਪਣੇ ਆਪ ਕੀਤਾ।

ਉਦੋਂ ਬੱਸਾਂ, ਟੈਂਪੂ ਆਦਿ ਨਾ ਦੇ ਬਰਾਬਰ ਹੁੰਦੇ ਸਨ। ਇਸ ਲਈ ਮੁਜ਼ਾਹਰੇ ਵਿਚ ਸ਼ਾਮਲ ਹੋਣ ਲਈ ਜਲੰਧਰ ਸ਼ਹਿਰ ਤੋਂ ਪੰਦਰਾਂ-ਵੀਹ ਮੀਲ ਦੇ ਘੇਰੇ ਦੇ ਲੋਕ ਉਸੇ ਦਿਨ ਪੈਦਲ ਚਲ ਕੇ ਆਏ ਅਤੇ ਦੂਰ ਦੇ ਲੋਕ ਇਕ-ਦੋ ਦਿਨ ਪਹਿਲਾਂ ਹੀ ਜਥਿਆਂ ਦੇ ਰੂਪ ਵਿਚ ਚਲ ਪਏ ਸਨ ਅਤੇ 19 ਦਸੰਬਰ ਦੀ ਰਾਤ ਨੂੰ ਸ਼ਹਿਰ ਦੇ ਨੇੜਲੇ ਪਿੰਡਾਂ ਵਿਚ ਆ ਟਿਕੇ ਸਨ।

ਜਲੂਸ ਦਾ ਅਰੰਭ 20 ਦਸੰਬਰ ਨੂੰ 12 ਵਜੇ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਦਫਤਰ ਦੇ ਸਾਹਮਣੇ ਖੁੱਲ੍ਹੇ ਮੈਦਾਨ ਤੋਂ ਹੋ ਕੇ ਰੇਲਵੇ ਸਟੇਸ਼ਨ, ਰੇਲਵੇ ਰੋਡ ਅਤੇ ਮਾਈ ਹੀਰਾ ਗੇਟ ਰਾਹੀਂ ਸ਼ਹਿਰ ਦੇ ਮੁੱਖ ਬਜ਼ਾਰਾਂ ਵਿਚੋਂ ਲੰਘ ਕੇ ਜ਼ਿਲ੍ਹਾ ਜੇਲ੍ਹ ਦੇ ਸਾਹਮਣੇ ਦੀ ਹੁੰਦਾ ਹੋਇਆ ਦੋ ਵਜੇ ਜ਼ਿਲ੍ਹਾ ਕਚਹਿਰੀਆਂ ਪੁੱਜਿਆ। ਉਸ ਵੇਲੇ ਦੀ 'ਕਿਰਤੀ' ਅਖ਼ਬਾਰ ਵਿਚ ਛਪੀ ਖ਼ਬਰ ਅਨੁਸਾਰ "ਕਚਹਿਰੀਆਂ ਬੰਦ ਕਰ ਦਿੱਤੀਆਂ ਗਈਆਂ ਸਨ

ਅਤੇ ਸਾਰੇ ਸ਼ਹਿਰ ਵਿਚ ਪੁਲਿਸ ਦਾ ਇਕ ਵੀ ਸਿਪਾਹੀ ਨਜ਼ਰ ਨਹੀਂ ਸੀ ਆਉਂਦਾ। ਇਉਂ ਜਾਪਦਾ ਸੀ ਜਿਵੇਂ ਹਾਕਮ ਸ਼ਹਿਰ ਨੂੰ ਛੱਡ ਕੇ ਦੌੜ ਗਏ ਸਨ।"

ਜਲੂਸ ਦੇ ਮੋਹਰੇ ਨਾਜ਼ਰ ਬੜਾ ਪਿੰਡ ਦਾ ਨਰਸਿੰਘਾ ਸੀ ਅਤੇ ਫੇਰ ਜ਼ਿਲ੍ਹਾ ਪ੍ਰਧਾਨ ਬਾਬਾ ਹਰੀ ਸਿੰਘ ਸੂੰਢ, ਇਲਾਕਿਆਂ ਦੇ ਪ੍ਰਧਾਨ ਕਾਮਰੇਡ ਜਵਾਲਾ ਸਿੰਘ ਬੜਾ ਪਿੰਡ ਅਤੇ ਜਸਵੰਤ ਸਿੰਘ ਵਿਰਦੀ ਸਮੇਤ ਬਾਬਾ ਭਾਗ ਸਿੰਘ ਕੈਨੇਡੀਅਨ ਤੇ ਬਾਬਾ ਭਗਵਾਨ ਸਿੰਘ ਦੁਸਾਂਝ ਚਲ ਰਹੇ ਸਨ। ਮੈਂ ਵੀ ਇਨ੍ਹਾਂ ਦੇ ਨਾਲ ਹੀ ਸਾਂ। ਬਾਕੀਆਂ ਦੇ ਗਲਾਂ ਵਿਚ ਫੁੱਲਾਂ ਦੇ ਹਾਰ ਸਨ, ਪਰ ਮੈਂ ਗਲ ਵਿਚ ਹਾਰ ਨਹੀਂ ਪੁਆਏ, ਕਿਉਂਕਿ ਮੈਂ ਆਪਣੇ ਆਪ ਨੂੰ ਅਜੇ ਇਨ੍ਹਾਂ ਆਗੂਆਂ ਦੇ ਤੁਲ ਨਹੀਂ ਸੀ ਸਮਝਦਾ।

ਜਲੂਸ ਵਿਚ ਨਹਿਰ ਕੱਢਣ ਦੇ ਮੁੱਖ ਨਾਅਰੇ ਦੇ ਨਾਲ-ਨਾਲ ਕਿਸਾਨ 'ਕਹਾਣੀ, ਹੈ ਨਹੀਂ ਪਾਣੀ, ਕਿਸਾਨ ਨਾਅਰਾ ਹੈ ਨਹੀਂ ਹਾਲਾ। ਦੁਖੀ ਪਰਜਾ ਹੈ ਨਹੀਂ ਕਰਜ਼ਾ' ਦੇ ਨਾਅਰੇ ਵੀ ਲੱਗ ਰਹੇ ਸਨ ਜੋ ਕਿਸਾਨਾਂ ਦੇ ਉਸ ਵੇਲੇ ਦੀ ਹਾਲਤ ਦੇ ਪ੍ਰਤੀਕ ਸਨ।

ਮੁਖ ਭਾਸ਼ਨ ਬਾਬਾ ਹਰੀ ਸਿੰਘ ਸੂੰਢ ਨੇ ਦੁਆਬੇ ਵਿਚ ਨਹਿਰ ਕੱਢਣ ਦੀ ਅਤਿਅੰਤ ਲੋੜ ਦਾ ਮਤਾ ਪੇਸ਼ ਕਰਦਿਆਂ ਕੀਤਾ। ਉਨ੍ਹਾਂ ਦੇ ਮਗਰੋਂ ਮਾਸਟਰ ਕਾਬਲ ਸਿੰਘ ਐਮ. ਐਲ. ਏ. ਨੇ ਸਟੇਜ ਸਕੱਤਰੀ ਕਰਨ ਵਿਚ ਮੇਰੀ ਮੱਦਦ ਦੀ ਗੱਲ ਕਹਿ ਕੇ ਆਪਣੀ ਤਕਰੀਰ ਸ਼ੁਰੂ ਕਰ ਦਿੱਤੀ ਅਤੇ ਬਾਅਦ ਵਿਚ ਉਨ੍ਹਾਂ ਸ਼੍ਰੀ ਸਵਰਨ ਸਿੰਘ ਸ਼ੰਕਰ ਅਤੇ ਰਾਹੋਂ ਦੇ ਇਕ ਅਹਿਰਾਰੀ ਆਗੂ ਅਬਦੁਲ ਰਹਿਮਾਨ ਨੂੰ ਟਾਈਮ ਦੇ ਦਿੱਤਾ। ਸ਼੍ਰੀ ਸਵਰਨ ਸਿੰਘ ਉਦੋਂ ਅਜੇ ਵਕਾਲਤ ਕਰਦੇ ਸਨ ਅਤੇ ਅਕਾਲੀ ਦਲ ਵਿਚ ਸ਼ਾਮਲ ਸਨ। ਇਨ੍ਹਾਂ ਸਾਰੇ ਸੱਜਣਾਂ ਦੇ ਬੋਲਣ ਨਾਲ ਇਕ ਤਰ੍ਹਾਂ ਮੁਜ਼ਾਹਰੇ ਦੀ ਮੁੱਖ ਮੰਗ ਦਾ ਸਮਰਥਨ ਸਾਰੀਆਂ ਰਾਜਸੀ ਪਾਰਟੀਆਂ ਵਲੋਂ ਹੋ ਗਿਆ।

ਮੁਜ਼ਾਹਰਾ ਚਾਰ ਵਜੇ ਸਮਾਪਤ ਹੋਇਆ। ਬਹੁਤ ਸਾਰੇ ਲੋਕ ਵਾਪਸ ਚਲੇ ਗਏ, ਬਾਕੀ ਜਲੂਸ ਦੀ ਸ਼ਕਲ ਵਿਚ ਗਾਂਧੀ ਮੰਡਪ ਪਹੁੰਚ ਗਏ। ਸ਼ਾਮ ਦੇ ਲੰਗਰ ਤੋਂ ਬਾਅਦ ਓਥੇ ਬਾਬਾ ਭਾਗ ਸਿੰਘ ਕੈਨੇਡੀਅਨ ਦੀ ਪ੍ਰਧਾਨਗੀ ਹੇਠ ਜਲਸਾ ਹੋਇਆ ਜਿਸ ਵਿਚ ਸ਼ਹਿਰੀ ਲੋਕ ਵੀ ਭਾਰੀ ਗਿਣਤੀ ਵਿਚ ਆਏ। ਸ਼੍ਰੀ ਸਾਧੂ ਸਿੰਘ ਹਮਦਰਦ, ਲੱਖਾ ਸਿੰਘ ਜੌਹਰ, ਡਾਕਟਰ ਗੁਰਬਚਨ ਸਿੰਘ ਦੁਸਾਂਝ ਤੇ ਲਾਹੌਰੀ ਰਾਮ ਪਰਦੇਸੀ ਨੇ ਕਵਿਤਾਵਾਂ ਪੜ੍ਹੀਆਂ ਅਤੇ ਕਾਮਰੇਡ ਸੋਹਣ ਸਿੰਘ ਜੋਸ਼, ਮੁਣਸ਼ੀ ਅਹਿਮਦਦੀਨ, ਬਾਬਾ ਕੇਸਰ ਸਿੰਘ ਪ੍ਰਧਾਨ ਅਤੇ ਕਾਮਰੇਡ ਟਹਿਲ ਸਿੰਘ ਭੰਗਾਲੀ ਜਨਰਲ ਸਕੱਤਰ ਸੂਬਾ ਕਿਸਾਨ ਕਮੇਟੀ ਨੇ ਤਕਰੀਰਾਂ ਕੀਤੀਆਂ।

ਇਸ ਇਕੱਠ ਵਿਚ ਮੇਰੇ ਵੱਲੋਂ ਇਹ ਮਤਾ ਪੇਸ਼ ਕੀਤਾ ਗਿਆ ਕਿ, "ਜੇ ਸਰਕਾਰ ਨੇ ਹੁਣ ਵੀ ਕਿਸਾਨਾਂ ਦੀਆਂ ਮੰਗਾਂ ਵਲ ਧਿਆਨ ਨਾ ਦਿੱਤਾ ਤਾਂ ਕਿਸਾਨ ਸਭਾ ਵੱਲੋਂ ਜਿਹੜਾ ਸੂਬਾ ਪੱਧਰੀ ਕਿਸਾਨ ਮੋਰਚਾ ਲਾਉਣ ਦਾ ਪ੍ਰਸਤਾਵ ਹੈ, ਉਹ ਮੋਰਚਾ ਜਲੰਧਰ

ਨੂੰ ਕੇਂਦਰ ਬਣਾ ਕੇ ਲਾਇਆ ਜਾਵੇ।"

ਦੂਜਾ ਮਤਾ ਵੀ ਮੇਰੇ ਵੱਲੋਂ ਰਾਜਸੀ ਕੈਦੀਆਂ, ਸ਼ਾਹੀ ਨਜ਼ਰਬੰਦਾਂ ਅਤੇ ਪਿੰਡਾਂ ਵਿਚ ਨਜ਼ਰਬੰਦ ਸਾਥੀਆਂ ਨੂੰ ਰਿਹਾਅ ਕਰਨ ਬਾਰੇ ਸੀ।

ਇਸ ਬੇਮਿਸਾਲ ਕਿਸਾਨ ਮੁਜ਼ਾਹਰੇ ਅਤੇ ਸਰਵ ਪਾਰਟੀ ਸਮਰਥਨ ਦਾ ਸਿੱਟਾ ਇਹ ਨਿਕਲਿਆ ਕਿ ਸਰ ਸਕੰਦਰ ਹਯਾਤ ਦੀ ਪੰਜਾਬ ਸਰਕਾਰ ਨੇ ਦੁਆਬੇ ਵਿਚ ਨਹਿਰ ਕੱਢਣ ਲਈ ਨਵੇਂ ਸਿਰਿਓਂ ਸਰਵੇ ਕਰਨ ਦਾ ਹੁਕਮ ਦਿੱਤਾ। ਇਸ ਸਰਵੇ ਦੇ ਆਧਾਰ 'ਤੇ ਹੀ ਦੇਸ਼ ਆਜ਼ਾਦ ਹੋਣ ਮਗਰੋਂ ਅੱਜ ਕਲ੍ਹ ਦੀ ਬਿਸਤ ਦੁਆਬ ਨਹਿਰ ਕੱਢੀ ਗਈ ਹੈ। ਭਾਵੇਂ ਇਸ ਮੰਗ ਲਈ ਹੋਏ ਵਿਸ਼ਾਲ ਮੁਜ਼ਾਹਰੇ ਵਿਚ ਮੈਂ ਇਕ ਛੋਟਾ ਜਿਹਾ ਹਿੱਸੇਦਾਰ ਸਾਂ ਪਰ ਇਸ ਮੰਗ ਨੂੰ ਚੁੱਕਣ ਵਾਲੀ ਜ਼ਿਲ੍ਹਾ ਕਿਸਾਨ ਕਮੇਟੀ ਦਾ ਜਨਰਲ ਸਕੱਤਰ ਹੋਣ ਕਰਕੇ ਮੈਂ ਇਸ ਨਹਿਰ ਨੂੰ ਆਪਣੇ ਜੀਵਨ ਸੰਗਰਾਮ ਦੀ ਵਡਮੁੱਲੀ ਸਫ਼ਲਤਾ ਸਮਝਦਾ ਹਾਂ। ਜਿਸ ਦਿਨ ਇਸ ਨਹਿਰ ਵਿਚ ਪਾਣੀ ਛੱਡਿਆ ਗਿਆ, ਮੇਰੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ।

## ਮੈਂ ਹੁਣ ਸਿਰ ਖ਼ੁਦ ਸਿਰੜੀ ਵਰਕਰ ਬਣ ਗਿਆ ਸਾਂ

ਜਦੋਂ ਜਲੰਧਰ ਮੁਜ਼ਾਹਰੇ ਦੀ ਸਕੀਮ ਬਣੀ ਸੀ, ਉਨ੍ਹੀਂ ਦਿਨੀਂ ਬੱਬਰ ਗੁਰਦਿੱਤ ਸਿੰਘ ਮੰਢਾਲੀ ਅਤੇ ਕਰਤਾਰ ਸਿੰਘ ਚੱਕ ਕਲਾਂ ਨੂੰ ਫ਼ਾਂਸੀ ਦਿੱਤੀ ਗਈ ਸੀ। ਇਨ੍ਹਾਂ ਸ਼ਹੀਦ ਸਾਥੀਆਂ ਨੇ ਗੱਦਾਰ ਅਨੂਪ ਸਿੰਘ ਮਾਣਕੋ ਨੂੰ ਕਤਲ ਕੀਤਾ ਸੀ। ਗੁਰਦਿੱਤ ਸਿੰਘ ਨੂੰ ਮੁਲਤਾਨ ਜੇਲ੍ਹ ਵਿਚ ਅਤੇ ਕਰਤਾਰ ਸਿੰਘ ਨੂੰ ਜਲੰਧਰ ਜੇਲ੍ਹ ਵਿਚ ਫ਼ਾਂਸੀ ਲਾਇਆ ਗਿਆ ਸੀ। ਅਸੀਂ ਕਰਤਾਰ ਸਿੰਘ ਦੀ ਮਿਰਤਕ ਦੇਹ ਦਾ ਜਲੂਸ ਕੱਢਣ ਦਾ ਪ੍ਰੋਗਰਾਮ ਬਣਾ ਕੇ ਉਸ ਦੀ ਲੋਥ ਲੈਣ ਲਈ ਜੇਲ੍ਹ ਸਾਹਮਣੇ ਇਕੱਤਰ ਹੋ ਗਏ। ਭੀੜਾਂ ਹੁੰਦੀਆਂ ਦੇਖ ਕੇ ਜ਼ਿਲ੍ਹਾ ਅਧਿਕਾਰੀਆਂ ਨੇ ਦਫ਼ਾ 144 ਲਾਗੂ ਕਰ ਦਿੱਤੀ। ਦੁਆਬੇ ਵਿਚ ਨਹਿਰ ਕੱਢਣ ਲਈ ਮੁਜ਼ਾਹਰੇ ਦਾ ਪ੍ਰੋਗਰਾਮ ਬਣਾ ਚੁੱਕੇ ਕਾਰਨ ਹਾਜ਼ਰ ਮੁਖੀ ਸਾਥੀਆਂ ਨੇ ਫ਼ੈਸਲਾ ਕਰ ਲਿਆ ਕਿ ਚਾਰ-ਚਾਰ ਹੋ ਕੇ ਸਾਰੇ ਸਾਥੀ ਇਥੋਂ ਨਿਕਲ ਕੇ ਬਾਰਾਂ-ਤੇਰਾਂ ਮੀਲ ਦੂਰ ਚੱਕ ਕਲਾਂ ਵਿਚ ਪਹੁੰਚ ਜਾਣ। ਕੋਈ ਦੌੜ ਲਾ ਕੇ, ਕੋਈ ਸਾਈਕਲ ਉੱਤੇ, ਜਿਵੇਂ ਕਿਵੇਂ ਚੱਕ ਕਲਾਂ ਪਹੁੰਚ ਗਿਆ। ਪੁਲਿਸ ਵਾਲੇ ਮਿਰਤਕ ਦੇਹ ਨੂੰ ਸਿੱਧੇ ਸ਼ਮਸ਼ਾਨ ਘਾਟ ਵੱਲ ਲੈ ਤੁਰੇ ਸਨ ਪਰ ਲੋਕਾਂ ਨੇ ਰਾਹ ਰੋਕ ਲਿਆ ਅਤੇ ਆਖਿਆ ਕਿ ਅਸੀਂ ਧਾਰਮਕ ਰਸਮਾਂ ਕਰਕੇ ਹੀ ਲੋਥ ਨੂੰ ਅਗਨੀ ਭੇਂਟ ਹੋਣ ਦਿਆਂਗੇ। ਪੁਲਿਸ ਵਾਲਿਆਂ ਥੋੜ੍ਹੀ ਬਹੁਤ ਚੂੰ-ਚਰਾਂ ਕੀਤੀ, ਪਰ ਭਾਰੀ ਇਕੱਠ ਹੋਇਆ ਦੇਖ ਕੇ ਮਿਰਤਕ ਦੇਹ ਵਾਰਸਾਂ ਹਵਾਲੇ ਕਰ ਦਿੱਤੀ। ਇਸ਼ਨਾਨ ਕਰਵਾ ਕੇ ਗੁਰਦਵਾਰੇ ਮੋਹਰੇ ਭਾਰੀ ਜਲਸਾ ਕੀਤਾ ਗਿਆ ਅਤੇ 'ਕਰਤਾਰ ਸਿੰਘ ਕਿਰਤੀ-ਜ਼ਿੰਦਾਬਾਦ' ਦੇ ਨਾਅਰਿਆਂ

ਨਾਲ ਪੂਰੇ ਸਨਮਾਨ ਸਹਿਤ ਸੰਸਕਾਰ ਕੀਤਾ ਗਿਆ।

ਕਾਮਰੇਡ ਬਿਲਗਾ ਤੇ ਬੂਝਾ ਸਿੰਘ ਨੇ ਸਮਝਾਇਆ ਕਿ ਉਂਜ ਤਾਂ ਜਨਤਾ ਦੀ ਬੰਦਖਲਾਸੀ ਲਈ ਜਨਤਕ ਲਹਿਰ ਦੀ ਲੋੜ ਹੈ, ਪਰ ਕਦੇ-ਕਦੇ ਗੱਦਾਰੀ ਕਰਨ ਵਾਲੇ ਅੰਸ਼ਾਂ ਨੂੰ ਸੋਧਣਾ ਵੀ ਜ਼ਰੂਰੀ ਬਣ ਜਾਂਦਾ ਹੈ।

1937 ਵਿਚ ਫਗਵਾੜਾ ਗੰਨਾ ਮਿੱਲ ਉੱਤੇ ਮਿੱਲ ਮਾਲਕਾਂ ਦੇ ਗੁੰਡਿਆਂ ਤੋਂ ਡਾਂਗਾਂ ਖਾਧੀਆਂ। ਕਲਸੀਆ ਤੇ ਚੜਿਕ ਦੇ ਮੋਰਚੇ ਵਿਚ ਜ਼ਿਲ੍ਹੇ ਤੋਂ ਵਾਲੰਟੀਅਰ ਭੇਜਣ ਦਾ ਤਰੱਦਦ ਕੀਤਾ। 1938 ਦੇ ਸ਼ੁਰੂ ਵਿਚ ਲੰਮੀ ਮਿਆਦ ਦੇ ਸਿਆਸੀ ਕੈਦੀਆਂ ਦੀ ਰਿਹਾਈ ਵਾਸਤੇ ਲਾਹੌਰ ਮੁਜ਼ਾਹਰੇ ਵਿਚ ਹਿੱਸਾ ਲਿਆ। 1938 ਦੇ ਅਖ਼ੀਰ ਵਿਚ ਕਿਸਾਨ ਕਮੇਟੀ ਦਾ ਸੂਬਾ ਸਮਾਗਮ ਲਾਇਲਪੁਰ ਵਿਖੇ ਹੋਇਆ। ਇਸ ਕਾਨਫ਼ਰੰਸ ਵਿਚ ਪੰਜਾਬ ਦੇ ਕਿਸਾਨਾਂ ਦੀਆਂ ਭਖਵੀਆਂ ਮੰਗਾਂ ਵਾਸਤੇ ਪੂਰੀ ਤਿਆਰੀ ਕਰਕੇ ਸੂਬਾ ਪੱਧਰ ਦਾ ਮੋਰਚਾ ਲਾਉਣ ਦਾ ਫੈਸਲਾ ਹੋਇਆ। ਬਾਬਾ ਕੇਸਰ ਸਿੰਘ ਠੱਠਗੜ੍ਹ ਨੂੰ ਪ੍ਰਧਾਨ ਅਤੇ ਕਾਮਰੇਡ ਭਗਤ ਸਿੰਘ ਬਿਲਗਾ ਨੂੰ ਜਨਰਲ ਸਕੱਤਰ ਚੁਣਿਆ ਗਿਆ। ਕਾਮਰੇਡ ਸੋਹਣ ਸਿੰਘ ਜੋਸ਼ ਵੀ ਉਸ ਕਾਨਫ਼ਰੰਸ ਵਿਚ ਹਾਜ਼ਰ ਸਨ। ਉਥੇ ਹੀ ਕਮਿਊਨਿਸਟਾਂ ਦੇ ਦੋ ਧੜਿਆਂ ਵਿਚ ਵੰਡ ਹੋਣ ਦੀਆਂ ਕਈ ਝਲਕੀਆਂ ਸਾਹਮਣੇ ਆਈਆਂ।

ਜ਼ਿਲ੍ਹਾ ਕਿਸਾਨ ਸਭਾ ਦੀ ਨਵੀਂ ਚੋਣ ਹੋਈ ਤਾਂ ਬਾਬਾ ਕਰਮ ਸਿੰਘ ਚੀਮਾ ਨੂੰ ਪ੍ਰਧਾਨ ਬਣਾਇਆ ਗਿਆ ਪਰ ਜਨਰਲ ਸਕੱਤਰ ਦੀ ਪਦਵੀ ਮੁੜ ਮੈਨੂੰ ਹੀ ਸੌਂਪੀ ਗਈ। ਤਿੰਨ ਸਾਲ ਦੇ ਇਕ ਟੱਕ ਵੱਖ-ਵੱਖ ਢੰਗਾਂ ਦੇ ਕੰਮਾਂ ਨਾਲ ਮੇਰੇ ਅੰਦਰ ਹੁਣ ਪੂਰਾ ਆਤਮ-ਵਿਸ਼ਵਾਸ ਪੈਦਾ ਹੋ ਚੁੱਕਾ ਸੀ। ਜ਼ਿਲ੍ਹੇ ਦੇ ਸਾਰੇ ਸਾਥੀਆਂ ਨਾਲ ਮੇਰਾ ਜੀਊਂਦਾ ਜਾਗਦਾ ਸੰਪਰਕ ਸੀ। ਮੈਂ ਹੁਣ ਲਿਖਣ, ਬੋਲਣ ਤੇ ਜਨਤਕ ਸਰਗਰਮੀ ਅਥਵਾ ਕਈ ਭਾਂਤ ਦੇ ਜਥੇਬੰਦਕ ਕੰਮ ਕਰਨ ਦੇ ਸਮਰੱਥ ਸਾਂ। ਸਾਰੀ ਉਮਰ ਇਸ ਕਾਰਜ ਦੇ ਲੇਖੇ ਲਾਉਣ ਦੇ ਅਜ਼ਮ ਨਾਲ ਮੈਂ ਹੁਣ ਆਪਣੇ ਪੈਰਾਂ ਸਿਰ ਖ਼ੁਦ ਵਰਕਰ ਸੀ। ਮੈਨੂੰ ਹੋਰ ਕੋਈ ਲਾਲਸਾ ਨਹੀਂ ਸੀ।

## ਕਿਵੇਂ ਹੋਈ ਤੋਬਾ ਵਿਆਹ ਤੇ ਕਵਿਤਾ ਤੋਂ

ਰਾਜਸੀ ਸਰਗਰਮੀਆਂ ਤੋਂ ਇਲਾਵਾ ਜੀਵਨ ਦੇ ਇਕ ਹੋਰ ਪੱਖ ਦੀ ਵੀ ਗੱਲ ਕਰਨੀ ਜ਼ਰੂਰੀ ਹੈ-ਉਂਜ ਇਕ ਤਰ੍ਹਾਂ ਇਹ ਵੀ ਰਾਜਸੀ ਜੀਵਨ ਦਾ ਹੀ ਅੰਗ ਹੈ।

ਮੈਂ ਬਾਰ੍ਹਾਂ-ਤੇਰ੍ਹਾਂ ਕੁ ਸਾਲ ਦਾ ਸਾਂ। ਮੇਰੀ ਕੁੜਮਾਈ ਪਿੰਡ ਔਜਲਾ ਢੱਕ ਵਿਖੇ ਮੇਰੀ ਵੱਡੀ ਭਰਜਾਈ ਦੇ ਚਾਚੇ ਦੀ ਲੜਕੀ ਨਾਲ ਹੋ ਗਈ ਸੀ। ਉਸ ਲੜਕੀ ਦੀ ਉਮਰ ਉਦੋਂ ਪੰਜ ਸਾਲ ਦੀ ਹੋਵੇਗੀ। ਮੇਰੀ ਭਰਜਾਈ ਮੈਨੂੰ ਵੇਲੇ-ਕੁਵੇਲੇ ਅਹਿਸਾਨ ਜਤਾਉਂਦੀ

ਰਹਿੰਦੀ ਸੀ ਕਿ ਉਸਨੇ ਮੇਰੀ ਕੁੜਮਾਈ ਕੀਤੀ ਹੈ। ਮੈਂ ਤੰਗ ਆ ਕੇ ਇਕ ਦਿਨ ਆਖ ਦਿੱਤਾ, 'ਤੂੰ ਮੇਰੇ ਉੱਤੇ ਕੋਈ ਅਹਿਸਾਨ ਨਹੀਂ ਕੀਤਾ, ਤੈਂ ਤਾਂ ਮੈਨੂੰ ਉਸ ਬੱਚੀ ਨੂੰ ਖਿਡਾਉਣ ਵਾਸਤੇ ਕਾਬੂ ਕੀਤਾ ਹੈ।' ਮੇਰੀ ਗੱਲ ਦਾ ਗੁੱਸਾ ਲੱਗਣਾ ਹੀ ਸੀ, ਸੋ ਉਹ ਕੁੜਮਾਈ ਖਤਮ ਹੋ ਗਈ।

ਫੇਰ ਮੇਰੀ ਕੁੜਮਾਈ ਪਿੰਡ ਪੱਦੀ ਜਗੀਰ ਵਿਖੇ ਹੋ ਗਈ। ਕੁੜੀ ਦੇ ਬਾਬੇ ਨੇ ਮੈਨੂੰ ਆ ਕੇ ਦੇਖਿਆ ਤੇ ਕੁੜਮਾਈ ਦੀ ਰਸਮ ਕੀਤੀ। ਉਸ ਕੁੜੀ ਦਾ ਛੋਟਾ ਭਰਾ ਸਾਡੇ ਘਰ ਪਿੰਡ ਦੰਦੂਵਾਲ ਆ ਕੇ ਇਕ ਸਾਲ ਰਿਹਾ ਅਤੇ ਏਥੋਂ ਉਹ ਬੁੰਡਾਲਾ ਹਾਈ ਸਕੂਲ ਵਿਖੇ ਪੜ੍ਹਨ ਜਾਇਆ ਕਰਦਾ ਸੀ। ਇਸ ਤਰ੍ਹਾਂ ਮੇਰੇ ਆਪਣੇ ਸਹੁਰੇ ਘਰ ਨਾਲ ਸਬੰਧ ਕਾਫੀ ਪੀਢੇ ਹੋ ਗਏ ਸਨ। ਪਰ ਉਨ੍ਹੀਂ ਦਿਨੀਂ ਮੇਰੇ ਕਮਿਊਨਿਸਟ ਭਾਈਚਾਰੇ ਨਾਲ ਵੀ ਸਬੰਧ ਗੂੜ੍ਹੇ ਹੋਣ ਲੱਗ ਪਏ ਸਨ। ਮੇਰੇ ਅੰਦਰ ਸੋਸ਼ਲਿਸਟ ਕਾਜ਼ ਲਈ ਕੁਝ ਕਰਨ ਦੀ ਉਮੰਗ ਪੈਦਾ ਹੋ ਚੁੱਕੀ ਸੀ। ਮੇਰਾ ਕਾਮਰੇਡ ਭਗਤ ਸਿੰਘ ਬਿਲਗਾ ਤੋਂ ਬਿਨਾਂ ਕਾਮਰੇਡ ਲਾਹੌਰੀ ਰਾਮ ਪਰਦੇਸੀ ਚੀਮਾ ਕਲਾਂ ਦੇ ਘਰ ਕਾਫੀ ਜਾਣ-ਆਉਣ ਸੀ ਕਿਉਂਕਿ ਵੱਖ-ਵੱਖ ਕਾਰਜਾਂ ਕਰਕੇ ਇਨ੍ਹਾਂ ਨਾਲ ਡੂੰਘੇ ਸੰਬੰਧ ਸਨ। ਇਨ੍ਹਾਂ ਦੋਹਾਂ ਦੀ ਘਾਲਣਾ ਕਰਕੇ ਮੇਰੇ ਮਨ ਵਿਚ ਇਨ੍ਹਾਂ ਦਾ ਬਹੁਤ ਸਤਿਕਾਰ ਸੀ। ਪਰ ਇਨ੍ਹਾਂ ਦੀਆਂ ਪਤਨੀਆਂ ਵੱਲੋਂ ਇਨ੍ਹਾਂ ਦੀ ਹੁੰਦੀ ਝਾੜ ਝੰਬ ਤੋਂ ਬਹੁਤ ਪਰੇਸ਼ਾਨ ਸਾਂ। ਇਹ ਦੋਵੇਂ ਮੇਰੇ ਨਾਲ ਤਾਂ ਆਪਣੇ ਪੁੱਤਰਾਂ ਵਾਂਗ ਪਿਆਰ ਕਰਦੀਆਂ ਸਨ, ਪਰ ਬਿਲਗਾ ਜੀ ਤੇ ਪਰਦੇਸੀ ਜੀ ਦੀ ਕਈ ਵੇਰ ਚੋਖੀ ਲਾਹ-ਪਾਹ ਹੁੰਦੀ ਸੀ। ਮੈਂ ਮਗਰੋਂ ਜਾ ਕੇ ਚੰਗੀ ਤਰ੍ਹਾਂ ਸਮਝ ਸਕਿਆ ਹਾਂ ਕਿ ਉਹ ਆਪਣੀ ਹਾਲਤ ਅਨੁਸਾਰ ਗਲਤ ਨਹੀਂ ਸਨ। ਆਮ ਤੌਰ 'ਤੇ ਅਜੇ ਤਕ ਵੀ ਕੁਲਵਕਤੀ ਸਾਥੀ ਆਪਣੀਆਂ ਪਤਨੀਆਂ ਦੇ ਕਸ਼ਟਾਂ ਅਤੇ ਕੁਰਬਾਨੀਆਂ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਉਨ੍ਹਾਂ ਨੂੰ ਬੱਚਿਆਂ ਦੀ ਦੇਖ ਭਾਲ, ਮਾਲ ਡੰਗਰਾਂ ਨੂੰ ਸਾਂਭਣ, ਆਏ ਗਏ ਦੀ ਪੁੱਛਗਿੱਛ ਅਤੇ ਘਰ ਦੇ ਸਭ ਛੋਟੇ ਵੱਡੇ ਕੰਮ ਕਰਨੇ ਪੈਂਦੇ ਹਨ। ਬਹੁਤੇ ਕੁੱਲਵਕਤੀ ਸਾਥੀ ਆਪਣੀ ਇਕਪਾਸੜ ਧੁਨ ਕਾਰਨ ਆਪਣੀਆਂ ਔਰਤਾਂ ਦਾ ਥੋੜ੍ਹਾ ਬਹੁਤ ਹੱਥ ਵੀ ਨਹੀਂ ਵਟਾਉਂਦੇ। ਅਜਿਹੀਆਂ ਹਾਲਤਾਂ ਵਿਚ ਔਰਤਾਂ ਦਾ ਖਿਝਣਾ ਕੁਦਰਤੀ ਹੈ। ਪਰ ਮੈਨੂੰ ਉਸ ਵੇਲੇ ਇਹੋ ਜਿਹੀ ਸੋਝੀ ਨਹੀਂ ਸੀ।

ਉਪਰੋਕਤ ਘਰਾਂ ਵਿਚ ਕਿੜਕਿੜ ਦੇਖ ਕੇ ਮੈਂ ਆਪਣਾ ਮਨ ਪੱਕਾ ਬਣਾ ਲਿਆ ਕਿ ਜੇ ਡਟ ਕੇ ਰਾਜਸੀ ਕੰਮ ਕਰਨਾ ਹੈ ਤਾਂ ਵਿਆਹ ਦਾ ਬੰਧਨ ਨਹੀਂ ਪਾਉਣਾ। ਸੋ ਮੈਂ ਆਪਣੀ ਕੁੜਮਾਈ ਵਾਲੇ ਬਹੁਤ ਪੀਢੇ ਹੋ ਚੁੱਕੇ ਰਿਸ਼ਤੇ ਤੋਂ ਛੁਟਕਾਰਾ ਪਾਉਣ ਲਈ ਕੋਈ ਰਾਹ ਕੱਢਣ ਬਾਰੇ ਸੋਚਣ ਲਗ ਪਿਆ। ਮੇਰੀ ਕੁੜਮਾਈ ਹੋਈ ਨੂੰ ਦੋ ਸਾਲ ਹੋ ਚੁੱਕੇ ਸਨ ਤੇ ਇਕ ਤਰ੍ਹਾਂ ਮੈਂ ਇਹ ਰਿਸ਼ਤਾ ਕਬੂਲ ਕਰ ਚੁੱਕਾ ਸੀ। ਹੁਣ ਇਕ ਦਮ ਜਵਾਬ ਦੇਣਾ ਮੇਰੇ ਲਈ ਇਕ ਅੜਾਉਣੀ ਬਣ ਗਿਆ। ਓਧਰੋਂ ਮੈਨੂੰ ਖ਼ਬਰ ਮਿਲੀ ਕਿ ਮੇਰਾ

ਸਹੁਰਾ ਫਿਜੀ ਤੋਂ ਮੇਰਾ ਵਿਆਹ ਕਰਨ ਵਾਸਤੇ ਆ ਰਿਹਾ ਹੈ ਤੇ ਉਸਨੇ ਵਿਆਹ ਮਗਰੋਂ ਮੈਨੂੰ ਆਪਣੇ ਨਾਲ ਫਿਜੀ ਲੈ ਜਾਣਾ ਹੈ। ਮੇਰੇ ਤਾਂ ਭਾਅ ਦੀ ਬਣ ਗਈ। ਕੁਝ ਸਮਝ ਨਾ ਆਵੇ ਕਿ ਕਿਵੇਂ ਛੁਟਕਾਰਾ ਪਾਇਆ ਜਾਵੇ। ਪਰ ਅਚਨਚੇਤ ਰਸਤਾ ਸਾਫ਼ ਹੋਣ ਦੀ ਹਾਲਤ ਬਣ ਗਈ। ਸਾਡੇ ਪਿੰਡ ਦਾ ਇਕ ਤਰਖਾਣ ਸੱਜਣ ਮੇਰੇ ਘਰਦਿਆਂ ਨਾਲ ਖਟਪਟੀ ਰੱਖਦਾ ਸੀ। ਉਸ ਦੀ ਪੱਦੀ ਜਗੀਰ ਰਿਸ਼ਤੇਦਾਰੀ ਸੀ। ਮੇਰੇ ਉਦੋਂ ਐਨਕਾਂ ਲੱਗ ਚੁੱਕੀਆਂ ਸਨ। ਉਸ ਨੇ ਮੇਰੇ ਸਹੁਰੇ ਨੂੰ ਜਾ ਭਾਨੀ ਮਾਰੀ ਕਿ ਚੈਨ ਨੂੰ ਤਾਂ ਰਾਤ ਨੂੰ ਨਜ਼ਰ ਹੀ ਨਹੀਂ ਆਉਂਦਾ। ਸੋ ਮੇਰਾ ਸਹੁਰਾ ਤਸਦੀਕ ਕਰਨ ਆ ਗਿਆ। ਉਸਨੇ ਮੈਨੂੰ ਪੁੱਛਿਆ "ਕਾਕਾ ਇਹ ਐਨਕਾਂ ਕਿਉਂ ਲਾਈਆਂ ਹਨ?" ਮੈਂ ਕਿਹਾ ਕਿ ਮੈਨੂੰ ਇਨ੍ਹਾਂ ਤੋਂ ਬਗੈਰ ਨਾ ਦਿਨ ਨੂੰ ਤੇ ਨਾ ਰਾਤ ਨੂੰ ਕੁਝ ਨਜ਼ਰ ਆਉਂਦਾ ਹੈ। ਮੇਰੇ ਜਵਾਬ ਤੋਂ ਉਸ ਉਪਰ ਪ੍ਰਭਾਵ ਪਿਆ ਕਿ ਮੈਂ ਉਸਦੇ ਸਵਾਲ ਨੂੰ ਬੁਰਾ ਮਨਾਇਆ ਹੈ। ਉਸਨੇ ਝਟ ਪਾਸਾ ਪਰਤਿਆ ਤੇ ਕਿਹਾ, "ਕੋਈ ਗੱਲ ਨਹੀਂ, ਐਨਕਾਂ ਨਾਲ ਹੀ ਸਹੀ, ਤੈਨੂੰ ਸਭ ਕੁਝ ਨਜ਼ਰ ਤਾਂ ਆਉਂਦਾ ਹੈ।" ਮੈਂ ਸੋਚਿਆ ਮੈਂ ਤਾਂ ਫਸਿਆ ਹੀ ਰਹਿ ਗਿਆ। ਤਾਂ ਮੈਂ ਵਧੇਰੇ ਮੂੰਹ-ਫਟ ਹੋ ਕੇ ਸਿੱਧੀ ਮਾਰੀ, "ਮੈਂ ਤਾਂ ਤੁਹਾਡੇ ਨਾਲ ਆਪਣਾ ਰਿਸ਼ਤਾ ਰੱਖਣਾ ਹੀ ਨਹੀਂ ਚਾਹੁੰਦਾ। ਤੁਹਾਨੂੰ ਆਪਣੇ ਪਿਉ 'ਤੇ ਇਤਬਾਰ ਨਹੀਂ ਜਿਸਨੇ ਮੈਨੂੰ ਰੁਪਈਆ ਦੇ ਕੇ ਕੁੜਮਾਈ ਕੀਤੀ ਸੀ। ਇਸੇ ਹਿਸਾਬ ਤੁਹਾਡੀ ਧੀ ਨੂੰ ਤੁਹਾਡੇ 'ਤੇ ਯਕੀਨ ਨਹੀਂ ਹੋਣਾ। ਅਜਿਹੇ ਬੇਇਤਬਾਰੇ ਟੱਬਰ 'ਤੇ ਮੈਨੂੰ ਕਿਵੇਂ ਇਤਬਾਰ ਹੋ ਸਕਦਾ ਹੈ।" ਸੋ ਮੈਥੋਂ ਕੋਰਾ ਜਵਾਬ ਲੈ ਕੇ ਉਨ੍ਹਾਂ ਆਪਣੀ ਲੜਕੀ ਦਾ ਵਿਆਹ ਫਟਾਫਟ ਕਿਸੇ ਹੋਰ ਥਾਂ ਕਰ ਦਿੱਤਾ।

ਮੈਂ ਹੁਣ ਆਜ਼ਾਦ ਪੰਛੀ ਸਾਂ। ਮੇਰੇ ਅੰਦਰ ਵਿਆਹ ਦੀ ਕੋਈ ਉਮੰਗ ਤਰੰਗ ਨਹੀਂ ਸੀ। ਕਾਮਰੇਡ ਇੰਦਰ ਸਿੰਘ ਕਿਰਤੀ ਜੋ ਮੈਥੋਂ ਵੀ ਕੁਝ ਸਮਾਂ ਪਹਿਲਾਂ ਇਸੇ ਰਾਜਸੀ ਖੇਤਰ ਵਿਚ ਨਿੱਤਰੇ ਸਨ ਅਤੇ ਪਿਛਲੀ ਉਮਰੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਆ ਟਿਕੇ ਸਨ, ਦੀਆਂ ਕੁਝ ਹੱਥ ਲਿਖਤਾਂ ਮੇਰੇ ਪਾਸ ਹਨ। ਉਨ੍ਹਾਂ ਇਕ ਥਾਂ ਲਿਖਿਆ ਹੈ ਕਿ ਜਦੋਂ ਮੈਂ ਫਗਵਾੜੇ ਗੰਨਾ ਮਿੱਲ ਉੱਤੇ ਕਿਸਾਨਾਂ ਦੀ ਲਹਿਰ ਵਿਚ ਸਰਗਰਮ ਸਾਂ ਤਾਂ ਤਿੰਨ ਸੱਜਣ ਮੇਰੀ ਮੰਗਣੀ ਕਰਨ ਦੇ ਇਰਾਦੇ ਨਾਲ ਮੈਨੂੰ ਭਾਲਣ ਉਥੇ ਆਏ ਸਨ। ਉਹ ਕੁਦਰਤੀ "ਕਿਰਤੀ" ਜੀ ਨੂੰ ਟੱਕਰ ਪਏ ਅਤੇ ਮੇਰਾ ਅਤਾ-ਪਤਾ ਪੁੱਛਿਆ। ਕਿਰਤੀ ਜੀ ਨੇ ਉਨ੍ਹਾਂ ਨੂੰ ਮੈਥੋਂ ਬਦਜ਼ਨ ਕਰਨ ਲਈ ਇਹ ਕਹਿ ਕੇ ਮੋੜ ਦਿੱਤਾ, "ਚੈਨ ਦਾ ਕੀ ਪਤਾ, ਕਿਤੇ ਮੰਗਦਾ ਖਾਂਦਾ ਫਿਰਦਾ ਹੋਊ।" ਇਸ ਤਰ੍ਹਾਂ ਕਿਰਤੀ ਜੀ ਨੇ ਵੀ ਮੈਨੂੰ ਵਿਆਹ ਦੇ ਬੰਧਨ 'ਚੋਂ ਬਚਾਉਣ ਲਈ ਮੇਰੀ ਮੱਦਦ ਕੀਤੀ ਸੀ। ਇਕ ਹੋਰ ਮਹੱਤਵਪੂਰਨ ਗੱਲ ਦਾ ਵੀ ਏਥੇ ਵਰਨਣ ਕਰਨਾ ਜ਼ਰੂਰੀ ਹੈ। ਮੈਂ ਜਲਸਿਆਂ, ਮੀਟਿੰਗਾਂ ਵਿਚ ਤਕਰੀਰ ਤਾਂ ਘੱਟ ਵੱਧ ਹੀ ਕਰਦਾ ਸਾਂ, ਪਰ ਮੈਨੂੰ ਕਵਿਤਾਵਾਂ

ਰਚਨ ਤੇ ਪੜ੍ਹਨ ਦਾ ਬਹੁਤ ਸ਼ੌਕ ਸੀ। ਬੜਾ ਪਿੰਡ ਕਾਨਫ਼ਰੰਸ ਸਮੇਂ ਤਾਂ ਮੈਂ ਲੰਮੀ ਕਵਿਤਾ ਲਿਖੀ ਤੇ ਪੜ੍ਹੀ ਸੀ ਜਿਸ ਨਾਲ ਮੇਰੀ ਬੜੀ ਧਨ-ਧਨ ਹੋਈ ਸੀ। ਪਰ ਕਾਮਰੇਡ ਭਗਤ ਸਿੰਘ ਬਿਲਗਾ ਨੂੰ ਮੇਰਾ ਕਵੀਪੁਣਾ ਚੰਗਾ ਨਾ ਲੱਗਾ। ਉਨ੍ਹਾਂ ਇਕ ਦਿਨ ਮੈਨੂੰ ਬੁਲਾ ਕੇ ਬੜੀ ਗੰਭੀਰਤਾ ਨਾਲ ਕਿਹਾ, "ਚੈਨ, ਤੂੰ ਗੋਰਕੀ ਬਨਣਾ ਹੈ ਕਿ ਸਟਾਲਿਨ।" ਮੈਂ ਮਖਮਸੇ ਵਿਚ ਪੈ ਗਿਆ। ਮੈਂ ਸਟਾਲਿਨ ਬਾਰੇ ਕਾਫੀ ਸੁਣਿਆ, ਪੜ੍ਹਿਆ ਸੀ ਅਤੇ ਮੈਂ ਉਸਨੂੰ ਸੰਸਾਰ ਦੇ ਕਿਰਤੀ, ਕਾਮਿਆਂ ਦਾ ਸ਼੍ਰੇਸ਼ਟ ਆਗੂ ਸਮਝਦਾ ਸਾਂ, ਪਰ ਗੋਰਕੀ ਬਾਰੇ ਅਜੇ ਤਕ ਮੈਂ ਕੁਝ ਨਹੀਂ ਸੀ ਜਾਣਦਾ। ਕਾਮਰੇਡ ਬਿਲਗਾ ਨੇ ਵਿਆਖਿਆ ਕੀਤੀ ਕਿ ਗੋਰਕੀ ਸੋਵੀਅਤ ਯੂਨੀਅਨ 'ਚ ਬਹੁਤ ਵੱਡਾ ਅਗਾਂਹਵਧੂ ਸਾਹਿਤਕਾਰ ਹੈ ਅਤੇ ਉਸਦਾ ਕਿਰਤੀ ਕਾਮਿਆਂ ਦੀ ਸੂਝ-ਬੂਝ ਨੂੰ ਪ੍ਰਚੰਡ ਕਰਨ ਵਿਚ ਬਹੁਤ ਵੱਡਾ ਯੋਗਦਾਨ ਹੈ। ਮੈਂ ਕਿਹਾ ਕਿ ਫੇਰ ਤੁਸੀਂ ਉਸਦਾ ਤੇ ਸਟਾਲਿਨ ਦਾ ਮੁਕਾਬਲਾ ਕਿਉਂ ਕਰਦੇ ਹੋ? ਤਾਂ ਉਨ੍ਹਾਂ ਜਵਾਬ ਦਿੱਤਾ ਕਿ ਇਨਕਲਾਬ ਦੇ ਕੰਮ ਵਿਚ ਹਿੱਸੇਦਾਰ ਤਾਂ ਬਹੁਤ ਹੁੰਦੇ ਹਨ, ਪਰ ਇਨਕਲਾਬ ਦਾ ਆਗੂ ਉਹੀ ਬਣ ਸਕਦਾ ਹੈ ਜੋ ਭਾਵੁਕਤਾ ਵਿਚ ਨਾ ਗ੍ਰਸਿਆ ਰਹੇ। ਕਵਿਤਾ ਤੇ ਸਾਹਿਤ ਭਾਵੁਕ ਹੋਏ ਬਿਨਾਂ ਰਚਿਆ ਹੀ ਨਹੀਂ ਜਾ ਸਕਦਾ। ਮੈਂ ਉਨ੍ਹਾਂ ਦੀ ਗੱਲ ਦਾ ਭਾਵ ਅਰਥ ਸਮਝਕੇ ਉਸੇ ਦਿਨ ਤੋਂ ਕਵਿਤਾ ਲਿਖਣੀ ਛੱਡ ਦਿੱਤੀ। ਅਗਲੇ ਸਾਰੇ ਜੀਵਨ ਵਿਚ ਮੈਂ ਕੇਵਲ ਚਾਰ-ਪੰਜ ਕਵਿਤਾਵਾਂ ਲਿਖੀਆਂ ਹਨ ਜੋ ਸੱਚਮੁੱਚ ਭਾਵੁਕਤਾ ਦੇ ਕਿਸੇ ਨਾ ਕਿਸੇ ਜਵਾਰਭਾਟੇ ਦੀਆਂ ਉਪਜ ਹਨ।

ਸੋ ਮੈਂ ਕਵਿਤਾ ਤੇ ਵਿਆਹ ਦਾ ਧਿਆਨ ਛੱਡ ਕੇ ਪੂਰੀ ਗੰਭੀਰਤਾ ਨਾਲ ਮਾਰਕਸਵਾਦ ਦੀ ਲੋਅ ਵਿਚ ਅਗਲਾ ਜੀਵਨ ਪੰਧ ਤੈਅ ਕਰਨ ਲਈ ਲੱਕ ਬੰਨ੍ਹ ਲਿਆ।

## ਲਾਹੌਰ ਕਿਸਾਨ ਮੋਰਚਾ

30 ਨਵੰਬਰ 1938 ਨੂੰ ਲਾਇਲਪੁਰ ਵਿਖੇ ਸੂਬਾ ਕਿਸਾਨ ਕਮੇਟੀ ਦੀ ਪਹਿਲੀ ਸੂਬਾ ਕਾਨਫ਼ਰੰਸ ਹੋਈ। ਇਸ ਵਿਚ ਪੰਜਾਬ ਦੀ ਸਮੁੱਚੀ ਕਿਸਾਨੀ ਦੀਆਂ ਮੁੱਖ ਮੰਗਾਂ ਦਾ ਚਾਰਟ ਤਿਆਰ ਕੀਤਾ ਗਿਆ। ਫੈਸਲਾ ਹੋਇਆ ਕਿ ਇਨ੍ਹਾਂ ਮੰਗਾਂ ਦੇ ਮਨਵਾਉਣ ਲਈ ਇਕ ਲੱਖ ਵਾਲੰਟੀਅਰ ਭਰਤੀ ਕਰਕੇ ਸੂਬਾ ਪੱਧਰੀ ਨਿਰਣਾਇਕ ਮੋਰਚਾ ਲਾਇਆ ਜਾਵੇ। ਜ਼ਿਲ੍ਹਾ ਕਮੇਟੀਆਂ ਨੂੰ ਹਦਾਇਤ ਕੀਤੀ ਗਈ ਕਿ ਸਥਾਨਕ ਮਸਲਿਆਂ ਉੱਤੇ ਐਜੀਟੇਸ਼ਨ ਕਰਦਿਆਂ ਕਿਸੇ ਭੜਕਾਹਟ ਤੋਂ ਬਚੇ ਬਗੈਰ ਆਪਣੀ ਸਥਾਨਕ ਤਾਕਤ ਅਨੁਸਾਰ ਕਦਮ ਉਠਾਇਆ ਜਾਵੇ ਤਾਂ ਜੋ ਸੂਬਾ ਪੱਧਰੀ ਮੋਰਚੇ ਦੀ ਤਿਆਰੀ ਵਿਚ ਵਿਘਨ ਨਾ ਪਏ।

ਬਾਬਾ ਕੇਸਰ ਸਿੰਘ ਨੂੰ ਪਰਧਾਨ ਅਤੇ ਕਾਮਰੇਡ ਭਗਤ ਸਿੰਘ ਬਿਲਗਾ ਨੂੰ

ਜਨਰਲ ਸਕੱਤਰ ਚੁਣਿਆ ਗਿਆ। ਇਹ ਦੋਵੇਂ ਕਿਰਤੀ ਕਮਿਊਨਿਸਟ ਸਨ। ਕਾਮਰੇਡ ਟਹਿਲ ਸਿੰਘ ਭੰਗਾਲੀ ਅਤੇ ਹਰਕਿਸ਼ਨ ਸਿੰਘ ਸੁਰਜੀਤ ਸਹਾਇਕ ਸਕੱਤਰ ਥਾਪੇ ਗਏ। ਇਹ ਦੋਵੇਂ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਸਨ। ਭਾਵੇਂ ਭਾਰਤੀ ਕਮਿਊਨਿਸਟ ਪਾਰਟੀ ਵਾਲੇ ਹੋਰ ਉੱਚੀ ਪਦਵੀ ਦੇ ਚਾਹਵਾਨ ਸਨ, ਪਰ ਕਿਸਾਨ ਕਮੇਟੀ ਵਿਚ ਉਨ੍ਹਾਂ ਦੇ ਕੰਮ ਤੇ ਪ੍ਰਭਾਵ ਅਨੁਸਾਰ ਉਪਰੋਕਤ ਚੋਣ ਬਿਲਕੁੱਲ ਠੀਕ ਸੀ। ਅਗਲੇ ਸਮੇਂ ਦੀ ਕਾਰਗੁਜ਼ਾਰੀ ਵੀ ਇਸ ਤੱਥ ਦੀ ਪ੍ਰੋੜਤਾ ਕਰਦੀ ਹੈ।

ਪੰਜਾਬ ਸਰਕਾਰ ਨੇ ਪ੍ਰਸਤਾਵਤ ਸੂਬਾ ਪੱਧਰੀ ਮੋਰਚੇ ਨੂੰ ਕਮਜ਼ੋਰ ਕਰਨ ਲਈ ਪਹਿਲੀ ਸੱਟ ਇਹ ਮਾਰੀ ਕਿ ਕਾਮਰੇਡ ਭਗਤ ਸਿੰਘ ਬਿਲਗਾ ਨੂੰ ਕਾਨਫਰੰਸ ਤੋਂ ਮੁੜਦਿਆਂ ਹੀ ਪਿੰਡ ਵਿਚ ਨਜ਼ਰਬੰਦ ਕਰ ਦਿੱਤਾ।

***

ਪੰਜਾਬ ਸਰਕਾਰ ਨੇ ਜ਼ਿਲ੍ਹਾ ਲਾਹੌਰ ਵਿਚ ਨਵਾਂ ਬੰਦੋਬਸਤ ਕਰਕੇ ਕਿਸਾਨਾਂ ਦਾ ਮਾਲੀਆ ਵੱਧਾ ਦਿੱਤਾ। ਉਥੇ ਦੇ ਕਿਸਾਨਾਂ ਵਿਚ ਹਾਹਾਕਾਰ ਮਚ ਗਈ। ਲਾਹੌਰ ਜ਼ਿਲ੍ਹਾ ਕਿਸਾਨ ਕਮੇਟੀ ਨੇ ਇਸ ਵਿਰੁੱਧ ਰੋਸ ਪ੍ਰਗਟ ਕਰਨ ਦਾ ਫੈਸਲਾ ਕਰਕੇ ਅਸੰਬਲੀ ਮੋਹਰੇ ਮੁਜ਼ਾਹਰਾ ਕਰਨ ਦਾ ਪ੍ਰੋਗਰਾਮ ਬਣਾ ਲਿਆ। ਮੁਜ਼ਾਹਰੇ ਨੂੰ ਅਸੰਬਲੀ ਨੇੜੇ ਰੋਕਣ ਲਈ ਦਫਾ 144 ਲਾ ਦਿੱਤੀ ਗਈ ਅਤੇ ਮੁੱਖ ਮੰਤਰੀ ਨੇ ਗੱਲਬਾਤ ਕਰਨ ਲਈ ਜ਼ਿਲ੍ਹਾ ਕਿਸਾਨ ਕਮੇਟੀ ਦਾ ਇਕ ਡੈਪੂਟੇਸ਼ਨ ਸੱਦ ਲਿਆ, ਪਰ ਸ਼ਰਤ ਇਹ ਲਾ ਦਿੱਤੀ ਕਿ ਡੈਪੂਟੇਸ਼ਨ ਵਿਚ ਜ਼ਿਲ੍ਹਾ ਲਾਹੌਰ ਦੇ ਵਸਨੀਕ ਹੀ ਹੋਣ ਤੇ ਉਹ ਵੀ ਖੇਤੀ ਦਾ ਧੰਦਾ ਕਰਦੇ ਹੋਣ। ਮੁਜ਼ਾਹਰੇ ਦੀ ਅਗਵਾਈ ਜ਼ਿਲ੍ਹਾ ਕਿਸਾਨ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਯੋਗ ਰਾਜ ਕਰ ਰਹੇ ਸਨ ਜੋ ਖੇਤੀ ਦਾ ਕੰਮ ਵੀ ਨਹੀਂ ਸੀ ਕਰਦੇ ਅਤੇ ਨਾ ਹੀ ਜ਼ਿਲ੍ਹਾ ਲਾਹੌਰ ਦੇ ਵਸਨੀਕ ਸਨ। ਸਰਕਾਰ ਨੇ ਇਸ ਆਧਾਰ ਉੱਤੇ ਕਾਮਰੇਡ ਯੋਗ ਰਾਜ ਦਾ ਨਾਉਂ ਡੈਪੂਟੇਸ਼ਨ ਵਿਚ ਪੜ੍ਹ ਕੇ ਡੈਪੂਟੇਸ਼ਨ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਕਾਮਰੇਡ ਯੋਗ ਰਾਜ ਨੇ ਬਿਨਾਂ ਅੱਗਾ-ਪਿੱਛਾ ਦੇਖਿਆਂ ਮੁਜ਼ਾਹਰੇ ਵਿਚ ਸ਼ਾਮਲ ਲੋਕਾਂ ਨੂੰ ਦਫ਼ਾ 144 ਤੋੜਣ ਦਾ ਆਦੇਸ਼ ਦੇ ਦਿੱਤਾ। ਇਸ ਤੋਂ ਮਗਰੋਂ ਹਰ ਰੋਜ਼ 144 ਦਫ਼ਾ ਤੋੜਨ ਲਈ ਜਥੇ ਜਾਣੇ ਸ਼ੁਰੂ ਹੋ ਗਏ। ਇਸ ਤਰ੍ਹਾਂ ਲਾਹੌਰ ਕਿਸਾਨ ਮੋਰਚੇ ਦਾ ਆਰੰਭ ਹੋ ਗਿਆ।

ਮੋਰਚਾ ਗਰਮ ਹੁੰਦਾ ਚਲਾ ਗਿਆ ਪਰ 50 ਦਿਨ ਮਗਰੋਂ ਲਾਹੌਰ ਜ਼ਿਲ੍ਹਾ ਕਿਸਾਨ ਕਮੇਟੀ ਲਈ ਆਪਣੇ ਸਿਰ ਮੋਰਚਾ ਜਾਰੀ ਰੱਖਣਾ ਮੁਸ਼ਕਿਲ ਹੋ ਗਿਆ ਸੀ।

ਇਸ ਮੋਰਚੇ ਨਾਲ ਇਕਮੁੱਠਤਾ ਪ੍ਰਗਟ ਕਰਨ ਲਈ 20 ਮਈ ਨੂੰ ਸਾਰੇ ਹਿੰਦੁਸਤਾਨ ਅੰਦਰ 'ਲਾਹੌਰ ਕਿਸਾਨ ਮੋਰਚਾ ਦਿਹਾੜਾ' ਮਨਾਇਆ ਗਿਆ। ਫੇਰ ਸੂਬਾ ਕਿਸਾਨ ਕਮੇਟੀ ਨੇ ਇਸ ਮੋਰਚੇ ਨੂੰ ਸਫ਼ਲ ਬਣਾਉਣ ਲਈ ਆਪਣੇ ਹੱਥ ਵਿਚ ਲੈਣ ਦਾ ਫੈਸਲਾ

ਕਰਕੇ ਸਾਰੀਆਂ ਜ਼ਿਲ੍ਹਾ ਕਿਸਾਨ ਕਮੇਟੀਆਂ ਨੂੰ ਜਥੇ ਭੇਜਣ ਦਾ ਆਦੇਸ਼ ਦੇ ਦਿੱਤਾ।

ਇਸਦੇ ਨਾਲ ਹੀ ਜ਼ਿਲ੍ਹਾ ਲਾਹੌਰ ਕਿਸਾਨ ਕਮੇਟੀ ਦੀ ਮਾਅਰਕੇਬਾਜ਼ੀ ਦੀ ਵਿੰਗੇ-ਟੇਢੇ ਢੰਗ ਨਾਲ ਨੁਕਤਾਚੀਨੀ ਵੀ ਕੀਤੀ ਗਈ। ਉਦਾਹਰਣ ਵਜੋਂ ਬੀਬੀ ਰਘਬੀਰ ਕੌਰ ਐਮ. ਐਲ. ਏ. ਨੇ ਜ਼ਿਲ੍ਹਾ ਅੰਮ੍ਰਿਤਸਰ ਕਿਸਾਨ ਕਾਨਫ਼ਰੰਸ ਦੇ ਪ੍ਰਧਾਨਗੀ ਐਡਰੈਸ ਵਿਚ ਲਿਖਿਆ ਸੀ, "ਜਿਥੇ ਹੁਣ ਲਾਹੌਰ ਕਿਸਾਨ ਮੋਰਚੇ ਨੂੰ ਸਫ਼ਲ ਬਣਾਉਣ ਲਈ ਵੱਧ ਤੋਂ ਵੱਧ ਕੁਰਬਾਨੀਆਂ ਦੇਣ ਦੀ ਲੋੜ ਹੈ, ਉਥੇ ਇਸ ਮੋਰਚੇ ਦੇ ਲਾਉਣ ਬਾਰੇ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਨ ਦੀ ਅਵੱਸ਼ਕਤਾ ਵੀ ਹੈ ਕਿ ਪੂਰੀ ਤਿਆਰੀ ਤੇ ਸ਼ਕਤੀ ਜੋੜੇ ਬਿਨਾਂ ਲੜਾਈ ਸ਼ੁਰੂ ਕਰਨਾ ਇਕ ਵੱਡੀ ਹਿਮਾਕਤ ਸੀ।"

***

8 ਜੁਲਾਈ ਨੂੰ ਬੜਾ ਪਿੰਡ ਤੋਂ ਜ਼ਿਲ੍ਹਾ ਜਲੰਧਰ ਦਾ ਛੇਵਾਂ ਜਥਾ ਕਾਮਰੇਡ ਪਾਖਰ ਸਿੰਘ ਦੀ ਅਗਵਾਈ ਹੇਠ ਚੱਲਿਆ। ਇਸਨੂੰ ਤੋਰਨ ਅਤੇ ਇਸਦੀ ਦੇਖ-ਰੇਖ ਦੀ ਸਾਰੀ ਜ਼ੁੰਮੇਵਾਰੀ ਮੇਰੇ ਉੱਤੇ ਸੀ। ਜਥਾ ਪਿੰਡ ਧੁਲੇਤਾ ਤੋਂ ਹੋ ਕੇ ਪਿੰਡ ਫਲਪੋਤਾ ਪੁੱਜਿਆ ਤਾਂ ਪੁਲਿਸ ਨੇ ਘੇਰਾ ਪਾ ਕੇ ਗ੍ਰਿਫ਼ਤਾਰ ਕਰ ਲਿਆ। ਪੁਲਿਸ ਦੇ ਚਲੇ ਜਾਣ ਮਗਰੋਂ ਮੈਂ ਪਿੰਡ ਵਾਸੀਆਂ ਦਾ ਜਲਸਾ ਕਰਕੇ ਏਥੋਂ ਹੀ ਨਵਾਂ ਜਥਾ ਤਿਆਰ ਕਰਨ ਦੀ ਅਪੀਲ ਕੀਤੀ। ਨਤੀਜੇ ਵਜੋਂ ਉਸੇ ਵੇਲੇ ਕਾਮਰੇਡ ਦਲੀਪ ਸਿੰਘ ਦੀ ਅਗਵਾਈ ਹੇਠ ਚਾਰ ਸਾਥੀ ਤਿਆਰ ਹੋ ਗਏ। ਰਾਤ ਨੂੰ ਫਿਲੌਰ ਵਿਚ ਜਲਸਾ ਕੀਤਾ। ਜਥਾ ਅਗਲੇ ਦਿਨ ਪਿੰਡ ਢੰਡੋ ਪੁੱਜਿਆ ਜਿਥੋਂ ਪੰਜਵਾਂ ਸਾਥੀ ਜਗੀਰ ਸਿੰਘ ਨਾਲ ਰਲ ਗਿਆ। ਪੰਜਾਂ ਦਾ ਜਥਾ ਦੁਪਹਿਰ ਦੀ ਰੋਟੀ ਖਾ ਕੇ ਜਦ ਸੰਗ ਢੇਸੀਆਂ ਪੁੱਜਿਆ ਤਾਂ ਪੁਲਿਸ ਨੇ ਇਸਨੂੰ ਵੀ ਗ੍ਰਿਫਤਾਰ ਕਰ ਲਿਆ। ਮੈਂ ਅਗਲੇ ਪਿੰਡ ਰੁੜਕੀ ਪੁੱਜਾ। ਉਥੇ ਰਾਤ ਨੂੰ ਜਲਸਾ ਕੀਤਾ ਤਾਂ ਸਵੇਰ ਨੂੰ ਕਾਮਰੇਡ ਚੰਨਣ ਸਿੰਘ ਦੀ ਅਗਵਾਈ ਹੇਠ ਪੰਜਾਂ ਦਾ ਜਥਾ ਤਿਆਰ ਹੋ ਗਿਆ। ਅੱਗੇ ਜ਼ਿਲ੍ਹਾ ਕਪੂਰਥਲੇ ਦੀ ਤਹਿਸੀਲ ਫਗਵਾੜਾ ਦਾ ਇਲਾਕਾ ਸੀ। ਜਥਾ ਰਿਆਸਤੀ ਇਲਾਕਾ ਪਾਰ ਕਰਕੇ ਤਹਿਸੀਲ ਨਵਾਂਸ਼ਹਿਰ ਦੇ ਪਹਿਲੇ ਪਿੰਡ ਮੇਹਲੀ ਪੁੱਜਿਆ ਤਾਂ ਪੁਲਿਸ ਨੇ ਘੇਰ ਕੇ ਗ੍ਰਿਫਤਾਰ ਕਰ ਲਿਆ ਤੇ ਉਥੋਂ ਦੇ ਇਕ ਸਾਥੀ ਗੁਰਦਿੱਤ ਸਿੰਘ ਨੂੰ ਵੀ ਨਾਲ ਧਰ ਲਿਆ। ਬਾਬਾ ਕਰਮ ਸਿੰਘ ਚੀਮਾ (ਪਰਧਾਨ ਜ਼ਿਲ੍ਹਾ ਕਿਸਾਨ ਸਭਾ) ਵੀ ਗ੍ਰਿਫਤਾਰ ਕਰ ਲਏ ਗਏ, ਜਦਕਿ ਉਹ ਵੀ ਮੇਰੇ ਵਾਂਗ ਜਥੇ ਵਿਚ ਸ਼ਾਮਲ ਨਹੀਂ ਸਨ। ਪੁਲਿਸ ਦੇ ਛਾਪੇ ਵੇਲੇ ਮੈਂ ਕਿਸੇ ਕੰਮ ਪਰ੍ਹੇ ਗਿਆ ਹੋਇਆ ਸੀ ਪਰ ਮੈਂ ਵੀ ਛੇਤੀਂ ਆ ਕੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ ਤਾਂ ਜੋ ਮੇਰੇ ਉੱਤੇ ਜਾਣਬੁੱਝ ਕੇ ਖਿਸਕ ਜਾਣ ਦਾ ਦੋਸ਼ ਨਾ ਲਗ ਜਾਵੇ।

ਰਾਤ ਨੂੰ ਅੱਠਾਂ ਨੂੰ ਮੰਢਾਲੀ ਵਿਖੇ ਪੁਲਿਸ ਦੀ ਹਿਰਾਸਤ ਵਿਚ ਰੱਖਿਆ ਗਿਆ। ਰਾਤ ਨੂੰ ਸਾਡੇ ਲਾਗੇ ਹੀ ਭਾਰੀ ਜਲਸਾ ਹੋਇਆ। ਜਲਸੇ ਸਮੇਂ ਹੀ ਪੰਜਾਂ ਦਾ ਨਵਾਂ

ਜਥਾ ਤਿਆਰ ਹੋ ਗਿਆ ਜੋ ਸਵੇਰੇ ਤੁਰਦਿਆਂ ਸਾਰ ਹੀ ਗ੍ਰਿਫਤਾਰ ਕਰ ਲਿਆ ਗਿਆ। ਇਸ ਜਥੇ ਵਿਚ ਬਾਬਾ ਭਗਵਾਨ ਸਿੰਘ ਦੁਸਾਂਝ ਕਲਾਂ ਅਤੇ ਉਸ ਸਮੇਂ ਦੇ ਜ਼ਿਲ੍ਹਾ ਕਿਸਾਨ ਕਮੇਟੀ ਦੇ ਜਨਰਲ ਸਕੱਤਰ ਹਰਬੰਸ ਸਿੰਘ ਕਰਨਾਣਾ ਤੋਂ ਛੁੱਟ ਤਿੰਨ ਸਾਥੀ ਹੋਰ ਸਨ।

***

ਆਪਣੀ ਗ੍ਰਿਫਤਾਰੀ ਤੋਂ ਪਹਿਲਾਂ 7 ਜੁਲਾਈ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂਆਂ ਦੀ ਕਿਸਾਨ ਮੋਰਚੇ ਵੱਲ ਬੇਰੁਖੀ ਨੂੰ ਦੇਖ ਕੇ ਮੈਂ 'ਕਿਰਤੀ' ਅਖ਼ਬਾਰ ਵਿਚ ਇਕ ਬਿਆਨ ਦਿੱਤਾ ਸੀ ਜਿਸਦਾ ਸੰਖੇਪ ਇਸ ਪ੍ਰਕਾਰ ਹੈ:

"ਸਾਰੇ ਸਾਥੀਆਂ ਨੂੰ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ ਕਿ ਮੋਰਚੇ ਦੀ ਅਸਫ਼ਲਤਾ ਉਨ੍ਹਾਂ ਦੀ ਪਿਆਰੀ ਕਿਸਾਨ ਲਹਿਰ ਤਬਾਹ ਕਰਕੇ ਰੱਖ ਦੇਵੇਗੀ। ਕਿਸਾਨ ਮੋਰਚੇ ਨੂੰ ਹੋਰ ਗਰਮਾਉਣਾ ਸਮੇਂ ਦੀ ਲੋੜ ਹੈ। ਇਸ ਕਿਸਾਨ ਮੋਰਚੇ ਨੂੰ ਲੰਮੇਰਾ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਨਾਮ ਧਰੀਕ ਕਿਸਾਨ ਅਤੇ ਕੌਮੀ ਲੀਡਰਾਂ ਦੀ ਹੋਵੇਗੀ ਜੋ ਇਸ ਵੇਲੇ ਦਫ਼ਤਰਾਂ ਜਾਂ ਘਰਾਂ ਵਿਚ ਮੂੰਹ ਲਕੋਈ ਚੁੱਪ ਧਾਰੀ ਬੈਠੇ ਹਨ। ਹਰ ਇਕ ਸੱਚਾ ਵਰਕਰ ਅਜਿਹੇ ਔਖੇ ਸਮੇਂ ਵਿਚ ਚਾਹੁੰਦਾ ਹੈ ਕਿ ਉਨ੍ਹਾਂ ਸਾਰਿਆਂ ਦਾ ਮੇਲ-ਮਿਲਾਪ ਹੋਵੇ ਜੋ ਇਕ ਅਸੂਲ ਦੇ ਪੁਜਾਰੀ ਹਨ। ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਮੌਕਾਤਾੜੂਆਂ ਦਾ ਇਕੱਠ ਕੇਵਲ ਅਹੁਦੇਦਾਰੀਆਂ ਦੀ ਵੰਡ ਤਕ ਹੀ ਸੀਮਤ ਹੁੰਦਾ ਹੈ ਅਤੇ ਚੋਣਾਂ ਤੋਂ ਮਗਰੋਂ ਉਹ ਮੁੜ ਪਾੜੂ ਕਾਰਵਾਈਆਂ ਨੂੰ ਸ਼ੁਰੂ ਕਰ ਦਿੰਦੇ ਹਨ।.... ਜਨਤਾ ਸਾਰਿਆਂ ਲਈ ਇਕੋ ਜਿਹੀ ਹੈ। ਸਾਰਿਆਂ ਨੇ ਇਸ ਵਿਚ ਹੀ ਕੰਮ ਕਰਨਾ ਹੈ। ਇਹੋ ਸਾਰੀਆਂ ਤਾਕਤਾਂ ਦਾ ਸੋਮਾ ਹੈ। ਇਸ ਲਈ ਹਰ ਅਗਾਂਹਵਧੂ ਅੱਗੇ ਬੇਨਤੀ ਹੈ ਕਿ ਉਹ ਜਨਤਕ ਲਹਿਰ ਨੂੰ ਕਾਮਯਾਬ ਕਰਨ ਲਈ ਜਨਤਾ ਦਾ ਸਾਥ ਦੇਵੇ। ਕੀ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਾਂਝਾ ਪ੍ਰੋਗਰਾਮ ਨਹੀਂ ਬਣ ਸਕਦਾ? ਬਣ ਸਕਦਾ ਹੈ ਜੇ ਆਦਰਸ਼ ਤੇ ਆਚਾਰ ਦੀ ਉੱਚਤਾ ਹੋਵੇ। ਅਹੁਦੇਦਾਰੀਆਂ ਦੀ ਵੰਡ ਦੀ ਨੀਂਹ ਉੱਤੇ ਬਣਿਆ ਇਕੱਠ ਬਹੁਤਾ ਚਿਰ ਨਹੀਂ ਚਲ ਸਕਦਾ। ਇਹੋ ਜਿਹੇ ਮਿਲਾਪ ਕਈ ਵੇਰ ਬਣੇ ਤੇ ਟੁੱਟੇ। ਵੇਲਾ ਸਾਰੇ ਅਗਾਂਹਵਧੂ ਅੰਸ਼ਾਂ ਦੇ ਇਸ ਮੋਰਚੇ ਦੀ ਸਫ਼ਲਤਾ ਲਈ ਇਕੱਠੇ ਹੋਣ ਦਾ ਹੈ। ਅਜਿਹੇ ਪੱਕੇ ਇਕੱਠ ਨੂੰ ਕੋਈ ਨਹੀਂ ਤੋੜ ਸਕਦਾ। ਵਰਤਮਾਨ ਹਾਲਤ ਵਿਚ ਸਾਡਾ ਸਾਰਿਆਂ ਦਾ ਨਾਅਰਾ ਹੋਣਾ ਚਾਹੀਦਾ ਹੈ:

*'ਲਾਹੌਰ ਕਿਸਾਨ ਮੋਰਚੇ ਦੀ ਅਮਲੀ ਮਦਦ ਕਰੋ'*

ਗ੍ਰਿਫਤਾਰੀ ਮਗਰੋਂ ਸਾਨੂੰ ਸਾਰਿਆਂ ਨੂੰ ਜਲੰਧਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਸਾਡੇ ਨਾਲ ਇਕ ਸਾਥੀ ਮਹਿੰਦਰ ਸਿੰਘ ਲਿੱਦੜ ਸਨ ਜੋ ਕਈ ਵੇਰ ਜੇਲ੍ਹ ਯਾਤਰਾ ਕਰ ਚੁੱਕੇ ਸਨ। ਇਸ ਕਰਕੇ ਉਹ ਜੇਲ੍ਹ ਅਧਿਕਾਰੀਆਂ ਨਾਲ ਟੱਕਰ ਲੈਣ 'ਚ

ਮਾਹਿਰ ਸਨ। ਉਸਦੀ ਅਗਵਾਈ ਹੇਠ ਅਸੀਂ ਘੋਲ ਕਰਕੇ ਕਈ ਰਿਆਇਤਾਂ ਲਈਆਂ। ਫੇਰ ਸਾਨੂੰ ਨੌਂ-ਨੌਂ ਮਹੀਨੇ ਦੀ ਕੈਦ ਦੀ ਸਜ਼ਾ ਦੇ ਕੇ ਰਾਵਲਪਿੰਡੀ ਜੇਲ੍ਹ ਨੂੰ ਚਾਲੇ ਪਾ ਦਿੱਤੇ। ਏਥੇ ਮੋਰਚੇ ਦੇ ਸੰਬੰਧ ਵਿਚ ਲਗਭਗ ਪੰਜ ਸੌ ਸਾਥੀ ਬੰਦ ਸਨ। ਖ਼ੂਬ ਰੌਣਕਾਂ ਲੱਗੀਆਂ। ਰੋਜ਼ ਪੀ. ਟੀ. ਤੇ ਹੋਰ ਖੇਡਾਂ, ਫੇਰ ਮਾਰਕਸਵਾਦ ਦੇ ਸਟੱਡੀ ਸਰਕਲ ਦੋ-ਦੋ ਘੰਟੇ ਦੇ। ਇਸ ਤਰ੍ਹਾਂ ਸਰਕਾਰ ਦੇ ਅੰਨ-ਪਾਣੀ ਉੱਤੇ ਏਨੀ ਵੱਡੀ ਗਿਣਤੀ ਵਿਚ ਸਾਥੀਆਂ ਦੀ ਜਾਣਕਾਰੀ ਹਾਸਲ ਕਰਨ ਅਤੇ ਉਨ੍ਹਾਂ ਨੂੰ ਮਾਰਕਸਵਾਦ ਦੀ ਸਿਖਿਆ ਦੇਣ ਵਿਚ ਇਸ ਮੋਰਚੇ ਨੇ ਸਾਡੀ ਬੜੀ ਸਹਾਇਤਾ ਕੀਤੀ। ਅਗਲੇ ਗੁਪਤ ਦੌਰ ਵਿਚ ਜੇਲ੍ਹ ਬੰਦ ਸਾਥੀ ਸਥਾਨਕ ਵਰਕਰ ਬਣ ਗਏ।

ਸਤੰਬਰ ਵਿਚ ਦੂਜੀ ਸੰਸਾਰ ਜੰਗ ਛਿੜਨ ਨਾਲ ਰਾਜਸੀ ਹਾਲਤ ਵਿਚ ਬਹੁਤ ਵੱਡੀ ਤਬਦੀਲੀ ਆਈ। ਪੰਜਾਬ ਦੀ ਯੂਨੀਅਨਿਸਟ ਸਰਕਾਰ ਸਾਹਮਣੇ ਹੁਣ ਮੁੱਖ ਕੰਮ ਆਪਣੀ ਪ੍ਰਿਤਪਾਲਕ ਬਰਤਾਨੀਆ ਸਰਕਾਰ ਨੂੰ ਬਚਾਉਣ ਦਾ ਸੀ। ਇਸ ਲਈ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸਰ ਸਕੰਦਰ ਹਯਾਤ ਖ਼ਾਨ ਨੇ ਪੰਜਾਬ ਕਿਸਾਨ ਕਮੇਟੀ ਦੇ ਆਗੂਆਂ ਨੂੰ 4 ਸਤੰਬਰ ਨੂੰ ਸ਼ਿਮਲੇ ਬੁਲਾ ਕੇ ਜ਼ਿਲ੍ਹਾ ਲਾਹੌਰ ਦਾ ਨਵਾਂ ਬੰਦੋਬਸਤ ਮਨਸੂਖ਼ ਕਰਨ ਦਾ ਹੁਕਮ ਦੇ ਦਿੱਤਾ। ਇਸ ਤਰ੍ਹਾਂ ਇਹ ਮੋਰਚਾ ਸਫ਼ਲ ਹੋ ਗਿਆ। ਹੋਰਨਾਂ ਸਾਥੀਆਂ ਦੇ ਨਾਲ ਜ਼ਿਲ੍ਹਾ ਜਲੰਧਰ ਦੇ ਸਾਰੇ ਸਾਥੀ ਵੀ ਰਿਹਾਅ ਕਰ ਦਿੱਤੇ। ਪਰ ਕੁਝ ਕੁ ਹੋਰ ਸਾਥੀਆਂ ਸਮੇਤ ਮੈਨੂੰ ਜਨਵਰੀ 1940 ਵਿਚ ਰਿਹਾਅ ਕਰ ਦਿੱਤਾ।

## ਰਾਵਲਪਿੰਡੀ ਜੇਲ੍ਹ ਅੰਦਰ

ਰਾਵਲਪਿੰਡੀ ਜੇਲ੍ਹ ਦਾ ਆਕਾਰ ਬਹੁਤ ਵੱਡਾ ਹੈ। ਉਥੋਂ ਦਾ ਪੌਣ-ਪਾਣੀ ਵੀ ਅਤੇ ਜੇਲ੍ਹ ਅਧਿਕਾਰੀਆਂ ਦਾ ਸਲੂਕ ਵੀ ਚੰਗਾ ਸੀ।

ਜੇਲ੍ਹ ਯਾਤਰਾ ਵੀ ਵਰਕਰਾਂ ਲਈ ਇਕ ਨਵੀਂ ਪੜ੍ਹਾਈ ਹੈ। ਇਹ ਬਾਹਰਲੀ ਖੁੱਲ੍ਹਮ ਖੁੱਲ੍ਹੀ ਦੁਨੀਆਂ ਨਾਲੋਂ ਕੁਝ ਬੰਧੇਜ਼ ਵਾਲੀ ਵੱਖਰੀ ਜ਼ਿੰਦਗੀ ਹੁੰਦੀ ਹੈ ਅਤੇ ਪਹਿਲੇ ਤਜ਼ਰਬੇਕਾਰਾਂ ਤੋਂ ਕੁਝ ਸਿਖਿਆ ਪ੍ਰਾਪਤ ਕਰਕੇ ਚਲਣਾ ਪੈਂਦਾ ਹੈ, ਨਹੀਂ ਤਾਂ ਸੱਜੇ-ਖੱਬੇ ਡਿੱਗ ਕੇ ਕਈ ਵੇਰੀ ਨਮੋਸ਼ੀ ਉਠਾਉਣੀ ਪੈਂਦੀ ਹੈ। ਕਈ ਬਾਹਰ ਦੇ 'ਵੱਡੇ' ਬੰਦੇ ਏਥੇ ਆ ਕੇ ਬਹੁਤ ਛੋਟੇ ਸਾਬਤ ਹੁੰਦੇ ਹਨ। ਇੱਜ਼ਤ, ਮਾਣ ਉਹ ਹੀ ਖੱਟਦੇ ਹਨ, ਜੋ ਸਬਰ ਸੰਤੋਖ ਨਾਲ ਰਹਿੰਦੇ ਆਪਣੇ ਨਾਲ ਦੇ ਸਾਥੀਆਂ ਸੰਗ ਬਰਾਬਰ ਦਾ ਵਰਤਾਓ ਰੱਖਦੇ ਹਨ।

ਏਥੇ ਕੁਝ ਹੋਰ ਪੜ੍ਹਾਈ ਕਰਨ ਅਤੇ ਜੋ ਕੁਝ ਖ਼ੁਦ ਜਾਣਦੇ ਸਾਂ, ਉਹ ਦੂਜੇ ਸਾਥੀਆਂ ਨੂੰ ਪੜ੍ਹਾਉਣ ਦਾ ਮੌਕਾ ਮਿਲਿਆ। ਏਥੇ ਗ਼ਦਰੀ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਅਤੇ ਅਹਿਰਾਰੀ ਆਗੂ ਅਤਾਉੱਲਾ ਸ਼ਾਹ ਬੁਖ਼ਾਰੀ ਪਹਿਲਾਂ ਹੀ ਸ਼ਾਹੀ ਕੈਦੀਆਂ ਵਜੋਂ ਬੰਦ ਸਨ, ਪਰ ਉਹ ਸਾਥੋਂ ਅਲੱਗ ਰੱਖੇ ਹੋਏ ਸਨ। ਬਾਬਾ ਜੀ (ਜੋ ਉਸ ਸਮੇਂ ਅਜੇ

ਪੰਜਾਹ ਕੁ ਸਾਲ ਦੇ ਹੋਣਗੇ) ਹਫ਼ਤੇ ਵਿਚ ਦੋ ਵੇਰੀ ਸਾਡੇ ਕੈਂਪ ਵਿਚ ਇਕ ਘੰਟਾ ਆ ਕੇ ਆਪਣੇ ਢੰਗ ਨਾਲ ਅਗਾਂਹਵਧੂ ਤੇ ਕਮਿਊਨਿਸਟ ਪੱਖੀ ਵਿਚਾਰਾਂ ਦਾ ਲੈਕਚਰ ਦਿੰਦੇ ਸਨ। ਗ਼ਦਰ ਪਾਰਟੀ ਦੇ ਹੋਰ ਕਈ ਸਾਥੀ ਸਾਡੇ ਕੈਂਪ ਵਿਚ ਸਨ ਜਿਨ੍ਹਾਂ ਨਾਲ ਉਨ੍ਹਾਂ ਗ਼ਦਰ ਪਾਰਟੀ ਦੀ ਹਥਿਆਰਬੰਦ ਬਗ਼ਾਵਤ ਦੀ ਤਿਆਰੀ ਸਮੇਂ ਕੰਮ ਕੀਤਾ ਸੀ। ਉਹ ਬਾਬਾ ਜੀ ਦੀ ਕਦਰ ਵੀ ਕਰਦੇ ਸਨ, ਪਰ ਉਨ੍ਹਾਂ ਵੱਲੋਂ ਲੰਮਾ ਸਮਾਂ ਗੁਪਤਵਾਸ ਰਹਿਣ ਮਗਰੋਂ ਮਹਾਤਮਾ ਗਾਂਧੀ ਰਾਹੀਂ ਪੁਲਿਸ ਨੂੰ ਆਤਮ-ਸਮਰਪਣ ਕਰਨ ਕਰਕੇ ਵੱਟ ਵੀ ਖਾਂਦੇ ਸਨ। ਇਸੇ ਟਕਰਾਵੇਂ ਜਜ਼ਬੇ ਦਾ ਪ੍ਰਗਟਾਵਾ ਬਾਬਾ ਜੀ ਦੇ ਵਿਅਕਤੀਤਵ ਤੋਂ ਵੀ ਹੁੰਦਾ ਰਹਿੰਦਾ ਸੀ। ਉਹ ਬੋਲਦੇ ਬਹੁਤ ਪਰਭਾਵਸ਼ਾਲੀ ਢੰਗ ਨਾਲ ਸਨ, ਪਰ ਆਪਣੇ ਲੈਕਚਰ ਦੌਰਾਨ ਕਈ ਵੇਰ ਭਾਵੁਕ ਹੋ ਕੇ ਹੰਝੂਆਂ ਦੀ ਝੜੀ ਲਾ ਦਿੰਦੇ ਸਨ। ਸਾਨੂੰ ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਦੇ ਮੁੱਢਲੇ ਵਿਚਾਰ ਤਾਂ ਉਸੇ ਤਰ੍ਹਾਂ ਕਾਇਮ ਹਨ ਜੋ ਆਤਮ ਸਮਰਪਣ ਵਾਲੀ ਕਿਰਿਆ ਨਾਲ ਮੁੜ-ਮੁੜ ਟਕਰਾਉਂਦੇ ਹਨ ਅਤੇ ਕਿਸੇ ਮਜਬੂਰੀ ਵੱਸ ਉਹ ਇਸ ਵਿਰੋਧਤਾਈ ਦੀ ਵਿਆਖਿਆ ਕਰਨ ਤੋਂ ਲਾਚਾਰ ਹਨ।

ਮੇਰੀ ਡਿਊਟੀ ਬਾਬਾ ਜੀ ਦੇ ਕਮਰੇ ਵਿਚ ਜਾ ਕੇ ਅੰਗਰੇਜ਼ੀ ਟ੍ਰਿਬਿਊਨ ਪੜ੍ਹਕੇ ਮੋਟੀਆਂ-ਮੋਟੀਆਂ ਖ਼ਬਰਾਂ ਪੰਜਾਬੀ ਵਿਚ ਬਲੈਕ ਬੋਰਡ ਉੱਤੇ ਲਿਖਣ ਤੇ ਅਨਪੜ੍ਹਾਂ ਨੂੰ ਸੁਣਾਉਣ ਦੀ ਹੁੰਦੀ ਸੀ। ਉਸ ਵੇਲੇ ਸਾਡੇ ਕੈਂਪ ਵਿਚ ਉਰਦੂ ਦੀਆਂ ਇਕ-ਦੋ ਅਰਧ-ਸਰਕਾਰੀ ਅਖ਼ਬਾਰਾਂ ਹੀ ਆਉਂਦੀਆਂ ਸਨ ਅਤੇ ਪੰਜਾਬੀ ਬੋਲੀ ਦੀ ਕੋਈ ਅਖ਼ਬਾਰ ਨਹੀਂ ਸੀ ਆਉਂਦੀ। ਇਸ ਡਿਊਟੀ ਨਾਲ ਮੇਰਾ ਸਾਰੇ ਕੈਂਪ ਦੇ ਸਾਥੀਆ ਨਾਲ ਨੇੜਲਾ ਸੰਪਰਕ ਪੈਦਾ ਹੋਇਆ।

ਅਤਾਉਲਾ ਸ਼ਾਹ ਬੁਖ਼ਾਰੀ ਵੀ ਕਦੇ-ਕਦੇ ਸਾਡੇ ਕੈਂਪ ਵਿਚ ਆ ਜਾਇਆ ਕਰਦੇ ਸਨ ਪਰ ਉਹ ਰਾਜਸੀ ਹਾਲਾਤ ਦਾ ਵਿਸ਼ਲੇਸ਼ਣ ਨਹੀਂ ਸੀ ਕਰਦੇ। ਇਕ ਦੋ ਵਾਰੀ ਸਾਡੇ ਜ਼ੋਰ ਪਾਉਣ 'ਤੇ ਉਨ੍ਹਾਂ ਸੰਖੇਪ ਵਿਚ ਆਪਣੇ ਵਿਚਾਰ ਪੇਸ਼ ਕੀਤੇ ਜਦਕਿ ਪਬਲਿਕ ਵਿਚ ਉਹ ਬੜੇ ਧੜੱਲੇਦਾਰ ਬੁਲਾਰੇ ਸਨ। ਉਨ੍ਹਾਂ ਦਾ ਗੱਲ ਕਰਨ ਦਾ ਢੰਗ ਬਹੁਤ ਪ੍ਰਭਾਵਸ਼ਾਲੀ ਸੀ। ਸਾਨੂੰ ਉਨ੍ਹਾਂ ਅੰਦਰ ਇਕ ਧਰਮ-ਨਿਰਪੱਖ ਕੌਮੀ ਇਨਕਲਾਬੀ ਸਪਿਰਟ ਦਿਖਾਈ ਦਿੰਦੀ ਸੀ। ਮੈਂ ਜਦ ਬਾਬਾ ਪ੍ਰਿਥਵੀ ਸਿੰਘ ਦੇ ਕਮਰੇ ਵਿਚ ਜਾਂਦਾ ਸੀ ਤਾਂ ਬੁਖ਼ਾਰੀ ਸਾਹਿਬ ਕਦੇ-ਕਦੇ ਮੈਨੂੰ ਆਪਣੇ ਪਾਸ ਬੁਲਾ ਲੈਂਦੇ ਸਨ ਅਤੇ ਬਹੁਤ ਪਿਆਰ ਨਾਲ ਅਡੋਲ ਚੜ੍ਹਦੀ ਕਲਾ ਵਿਚ ਰਹਿ ਕੇ ਚੱਲਣ ਦੀ ਨਸੀਹਤ ਕਰਿਆ ਕਰਦੇ ਸਨ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਉਹ ਕੁੱਝ ਪੱਖਾਂ ਤੋਂ ਕਮਿਊਨਿਸਟਾਂ ਨੂੰ ਠੀਕ ਨਹੀਂ ਸਮਝਦੇ ਪਰ ਉਨ੍ਹਾਂ ਦੀ ਨੇਕ ਨੀਤੀ ਤੇ ਸਿਰੜ ਦੇ ਪ੍ਰਸ਼ੰਸਕ ਹਨ।

ਜੇਲ੍ਹ ਅੰਦਰ ਛੋਟੇ-ਛੋਟੇ ਗਰੁੱਪਾਂ ਵਿਚ ਕਈ ਸਟੱਡੀ ਸਰਕਲ ਵੀ ਲੱਗਿਆ ਕਰਦੇ ਸਨ ਅਤੇ ਕਈ ਅਵਸਰਾਂ ਉੱਤੇ ਸੰਬੰਧਤ ਵਿਸ਼ਿਆਂ ਉਪਰ ਆਮ ਸਭਾਵਾਂ ਵੀ ਹੁੰਦੀਆਂ

ਸਨ। ਕਮਰਿਆਂ ਦੇ ਅੰਦਰ ਦੀਆਂ ਅਤੇ ਬਾਹਰ ਦੀਆਂ ਖੇਡਾਂ ਦਾ ਵੀ ਬੰਦੋਬਸਤ ਸੀ। ਕੈਂਪ ਦੇ ਅੰਦਰੂਨੀ ਜੀਵਨ ਨੂੰ ਸੂਤਰਬੱਧ ਕਰਨ ਲਈ ਜੇਲ੍ਹ ਜੀਵਨ ਦੇ ਤਜਰਬੇਕਾਰ ਤੇ ਹੋਰ ਸਿਆਣੇ ਸਾਥੀਆਂ ਦੀਆਂ ਕਮੇਟੀਆਂ ਬਣੀਆਂ ਹੋਈਆਂ ਸਨ। ਸਰਕਾਰ ਨੇ ਸਾਨੂੰ ਸਜ਼ਾਵਾਂ ਦੇ ਕੇ ਬਾਹਰਲੇ ਜੀਵਨ ਤੋਂ ਅਲੱਗ-ਥਲੱਗ ਕੀਤਾ ਹੋਇਆ ਸੀ। ਅਸੀਂ ਸਰਕਾਰੀ ਖ਼ਰਚ ਉੱਤੇ ਨਵੀਂ ਸਿਖਿਆ ਪ੍ਰਾਪਤ ਕਰਦੇ ਹੋਏ ਆਪਣੇ ਅਗਲੇ ਸਮੇਂ ਦੇ ਕਾਰਜਾਂ ਲਈ ਆਪਣੇ ਆਪਸੀ ਸੰਬੰਧ ਪੀਢੇ ਕਰ ਰਹੇ ਸਾਂ। ਮੋਰਚਾ ਮਘਿਆ ਹੋਇਆ ਸੀ। ਨਵੇਂ-ਨਵੇਂ ਸਾਥੀ ਹੋਰ ਆ ਰਹੇ ਸਨ ਤੇ ਕੁਝ ਦੀਆਂ ਦੂਜੀਆਂ ਜੇਲ੍ਹਾਂ ਵਿਚ ਬਦਲੀਆਂ ਵੀ ਕੀਤੀਆਂ ਜਾਂਦੀਆਂ ਸਨ ਪਰ ਮੈਂ ਪੂਰੀ ਜੇਲ੍ਹ ਏਥੇ ਰਾਵਲਪਿੰਡੀ ਵਿਚ ਹੀ ਕੱਟੀ।

ਪਹਿਲੀ ਸਤੰਬਰ ਨੂੰ ਦੂਜੀ ਸੰਸਾਰ ਜੰਗ ਦਾ ਆਰੰਭ ਹੋ ਗਿਆ। ਇਸ ਤਰ੍ਹਾਂ ਰਾਜਸੀ ਹਾਲਾਤ ਵਿਚ ਇਕ ਦਮ ਨਵਾਂ ਮੋੜ ਆ ਗਿਆ। ਅੰਗਰੇਜ਼ ਸਰਕਾਰ ਨੂੰ ਸਾਡੇ ਸ਼ਾਂਤੀਪੂਰਵਕ ਮੋਰਚੇ ਨਾਲੋਂ ਹੁਣ ਬਹੁਤ ਵੱਡੀਆਂ ਭਿਆਨਕ ਚੁਣੌਤੀਆਂ ਦਰਪੇਸ਼ ਸਨ ਇਸ ਲਈ ਉਸਨੇ ਪੰਜਾਬ ਕਿਸਾਨ ਕਮੇਟੀ ਦੇ ਆਗੂਆਂ ਨਾਲ ਮੋਰਚਾ ਬੰਦ ਕਰਨ ਲਈ ਗੱਲਬਾਤ ਛੇੜੀ। ਓਧਰ ਕਮਿਊਨਿਸਟਾਂ ਲਈ ਵੀ ਹੁਣ ਹੋਰ ਬਹੁਤ ਵੱਡੇ ਰਾਜਸੀ ਸੰਗਰਾਮ ਲਈ ਲੱਕ ਬੰਨ੍ਹਣ ਦਾ ਸਮਾਂ ਸੀ, ਉਹ ਵੀ ਹੁਣ ਇਹ ਮੋਰਚਾ ਸਮਾਪਤ ਕਰਨ ਦੇ ਚਾਹਵਾਨ ਸਨ। ਸੋ ਬਾਇੱਜ਼ਤ ਸਮਝੌਤਾ ਹੋ ਗਿਆ। ਸਰਕਾਰ ਨੇ ਜ਼ਿਲ੍ਹਾ ਲਾਹੌਰ ਵਿਚ ਨਵਾਂ ਬੰਦੋਬਸਤ ਕਰਨ ਦਾ ਫੈਸਲਾ ਵਾਪਸ ਲੈ ਲਿਆ ਅਤੇ ਪੰਜਾਬ ਕਿਸਾਨ ਕਮੇਟੀ ਨੇ ਮੋਰਚਾ ਵਾਪਸ ਲੈ ਲਿਆ। ਦੋਹਾਂ ਧਿਰਾਂ ਨੇ ਆਪਣੇ ਨਵੇਂ ਵੱਡੇ ਨਿਸ਼ਾਨੇ ਮਿੱਥ ਕੇ ਛੋਟੀ ਲੜਾਈ ਬੰਦ ਕਰ ਦਿੱਤੀ। ਅਕਤੂਬਰ ਮਹੀਨੇ ਸਾਰੇ ਕੈਦੀ ਰਿਹਾਅ ਕਰ ਦਿੱਤੇ ਗਏ। ਟਾਵੇਂ-ਟਾਵੇਂ ਹੀ ਅੰਦਰ ਰਹਿ ਗਏ, ਜਿਨ੍ਹਾਂ ਵਿਚ ਇਕ ਮੈਂ ਵੀ ਸਾਂ। ਪਹਿਲੇ ਪੰਜ ਮਹੀਨੇ ਤਾਂ ਮੇਲੇ ਵਾਂਗ ਲੰਘ ਗਏ ਸਨ। ਇਉਂ ਜਾਪਦਾ ਸੀ ਜਿਵੇਂ ਪਿਛਲੇ ਚਾਰ ਸਾਲ ਦੀ ਇਕ ਟੱਕ ਦੌੜ-ਭੱਜ ਤੋਂ ਬਾਅਦ ਛੁੱਟੀ ਬਿਤਾਈ ਜਾ ਰਹੀ ਹੈ, ਪਰ ਹੁਣ ਜੇਲ੍ਹ ਦਾ ਸੁਆਦ ਕਿਰਕਿਰਾ ਹੋ ਗਿਆ ਸੀ। ਅਗਲੇ ਦੋ ਮਹੀਨਿਆਂ ਵਿਚ ਮੈਂ ਦੋ ਪੁਸਤਕਾਂ ਪੜ੍ਹੀਆਂ- ਇਕ ਸੀ 'ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ', ਦੂਜੀ ਸੀ 'ਰੈਡ ਸਟਾਰ ਓਵਰ ਚਾਈਨਾ'। ਆਪਣੀ ਯਾਦ ਵਾਸਤੇ ਆਪਣੀ ਕਾਪੀ ਉਤੇ ਸਿਧਾਂਤਕ, ਵਿਚਾਰਧਾਰਕ ਰਾਜਸੀ ਨੁਕਤੇ ਵੀ ਅੰਕਤ ਕੀਤੇ।

## ਜੇਲ੍ਹ ਤੋਂ ਬਾਹਰ ਆ ਕੇ

ਮੈਂ ਰਾਵਲਪਿੰਡੀ ਜੇਲ੍ਹ ਤੋਂ ਜਨਵਰੀ 1940 ਵਿਚ ਰਿਹਾਅ ਹੋਇਆ ਤਾਂ ਪੰਜਾਬ ਕਿਸਾਨ ਸਭਾ ਦੇ ਦਫ਼ਤਰ ਪਹੁੰਚਦਿਆਂ ਹੀ ਸੁਨੇਹਾ ਮਿਲ ਗਿਆ ਕਿ ਫ਼ਲਾਣੀ ਤਰੀਖ਼

ਨੂੰ ਕਾਮਰੇਡ ਰਾਮ ਸਿੰਘ ਦੱਤ ਵੱਲੋਂ ਲਾਏ ਜਾਣ ਵਾਲੇ ਸਟੱਡੀ ਸਰਕਲ ਵਿਚ ਜ਼ਰੂਰ ਸ਼ਾਮਲ ਹੋਣਾ ਹੈ। ਕਾਮਰੇਡ ਦੱਤ ਨੇ ਇਸ ਤੋਂ ਪਹਿਲਾਂ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਅਨੇਕਾਂ ਸਾਥੀਆਂ ਦੇ ਸਟੱਡੀ ਸਰਕਲ ਲਾਏ ਸਨ। ਇਨ੍ਹਾਂ ਸਟੱਡੀ ਸਰਕਲਾਂ ਦਾ ਵਿਸ਼ੇਸ਼ ਮੰਤਵ ਜੰਗ ਨਾਲ ਪੈਦਾ ਹੋਈ ਨਵੀਂ ਹਾਲਤ ਵੇਲੇ ਦੇ ਵਿਸ਼ੇਸ਼ ਕਾਰਜਾਂ ਲਈ ਕੇਡਰ ਨੂੰ ਤਿਆਰ ਕਰਨਾ ਸੀ।

ਰਾਮ ਸਿੰਘ ਦੱਤ ਨੂੰ ਮੈਂ ਇਕ ਵੇਰੀ ਉਸਦੇ ਪਿੰਡ ਵੀਰਮ ਦੱਤਾ ਵਿਖੇ ਮਿਲ ਚੁੱਕਾ ਸਾਂ ਜਦੋਂ ਉਹ ਆਪਣੇ ਪਿੰਡ ਨਜ਼ਰਬੰਦ ਸਨ। ਮੇਰੇ ਉਤੇ ਉਸ ਦਾ ਪ੍ਰਭਾਵ ਮਿਲਵਾਂ-ਜੁਲਵਾਂ ਸੀ। ਉਹ ਮੈਨੂੰ ਇਕ ਪਾਸਿਓਂ ਕਮਿਊਨਿਸਟ ਆਗੂ ਲਗਦਾ ਸੀ ਅਤੇ ਦੂਜੇ ਪਾਸਿਓਂ ਪਿੰਡ ਦਾ ਚੌਧਰੀ, ਜਿਸ ਦਾ ਹੁੱਕਾ-ਪਾਣੀ ਭਰਨ ਵਾਸਤੇ ਇਕ ਦੋ ਸੇਵਾਦਾਰ ਹਾਜ਼ਰ ਰਹਿਣ। ਹੁਣ ਮੈਨੂੰ ਉਨ੍ਹਾਂ ਤੋਂ ਸਟੱਡੀ ਲੈਣ ਵਾਸਤੇ ਪਾਰਟੀ ਦਾ ਸੁਨੇਹਾ ਸੀ ਜੋ ਸਿਰ-ਮੱਥੇ ਮੰਨਣਾ ਹੀ ਸੀ।

ਇਹ ਸਟੱਡੀ ਸਰਕਲ 15 ਦਿਨ ਚੱਲਿਆ। ਇਸ ਵਿਚ ਮਾਰਕਸਵਾਦ ਦੇ ਮੂਲ ਸਿਧਾਂਤ, ਕਿਸਾਨੀ ਵਿਚ ਕੰਮ ਅਤੇ ਪਾਰਟੀ ਜਥੇਬੰਦੀ ਦੇ ਅਸੂਲਾਂ ਤੋਂ ਬਿਨਾਂ ਗੁਪਤ ਕੰਮ ਦੇ ਢੰਗਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਕਿਉਂਕਿ ਜੰਗ ਦਾ ਸਮਾਂ ਹੋਣ ਕਰਕੇ ਬਹੁਤ ਸਾਰੇ ਕੰਮ ਗੁਪਤ ਤੌਰ 'ਤੇ ਵੀ ਕਰਨ ਵਾਲੇ ਸਨ। ਮੇਰੇ ਨਾਲ ਅੱਠ ਸਾਥੀ ਹੋਰ ਸਕੂਲ ਵਿਚ ਹਾਜ਼ਰ ਸਨ।

ਇਸ ਸਕੂਲ ਸਮੇਂ ਮੈਨੂੰ ਰਾਮ ਸਿੰਘ ਦੱਤ ਵੱਖਰੀ ਤਰ੍ਹਾਂ ਦਾ ਨਜ਼ਰ ਆਇਆ। ਉਹ ਸਾਡੇ ਨਾਲ ਹੀ ਬੈਠ ਕੇ ਰੋਟੀ ਖਾਂਦਾ ਸੀ ਤੇ ਰਹਿਣ-ਸਹਿਣ ਵੀ ਸਾਦਾ ਕਿਸਮ ਦਾ ਸੀ। ਇਕ ਗੱਲ ਮੈਨੂੰ ਹੋਰ ਬੜੀ ਅਜੀਬ ਜਿਹੀ ਲੱਗੀ ਜੋ ਸੋਹਲ ਬੰਦਿਆਂ ਵਿਚ ਬਿਲਕੁੱਲ ਨਹੀਂ ਹੁੰਦੀ। ਹਰ ਸਿਖਿਆਰਥੀ ਤਿੰਨ ਜਾਂ ਚਾਰ ਫੁਲਕੇ ਖਾਂਦਾ ਸੀ, ਪਰ ਦੱਤ ਹੋਰੀਂ ਦਸ-ਬਾਰਾਂ ਵਿਲੇ ਲਾ ਦਿੰਦੇ ਸਨ। ਹੁਣ ਹੁੱਕਾ ਨਹੀਂ ਸਿਗਰਟ ਚਲਦੀ ਸੀ। ਅੰਕੜਿਆਂ ਅਤੇ ਨਕਸ਼ਿਆਂ ਰਾਹੀਂ ਉਹ ਆਪਣੀ ਗੱਲ ਨੂੰ ਹੋਰ ਸੁਖਾਲਾ ਬਣਾ ਦਿੰਦੇ ਸਨ। ਕਾਮਰੇਡ ਭਗਤ ਸਿੰਘ ਬਿਲਗਾ ਤੇ ਕਾਮਰੇਡ ਬੂਝਾ ਸਿੰਘ ਕੋਲੋਂ ਲਈ ਪਹਿਲੀ ਸਿਖਿਆ, ਚਾਰ ਸਾਲ ਦੇ ਇਕ-ਟੱਕ ਜਨਤਕ ਕੰਮ, ਰਾਵਲਪਿੰਡੀ ਜੇਲ੍ਹ ਵਿਚ ਪ੍ਰਾਪਤ ਕੀਤੀ ਹੋਰ ਜਾਣਕਾਰੀ ਤੇ ਹੁਣ ਕਾਮਰੇਡ ਦੱਤ ਦਾ ਸਟੱਡੀ ਸਰਕਲ-ਇਸ ਸਭ ਕੁਝ ਨਾਲ ਮੇਰੇ ਅੰਦਰ ਆਪਣੇ ਅਗਲੇ ਪੈਂਡੇ ਚਲਣ ਲਈ ਆਤਮ-ਵਿਸ਼ਵਾਸ ਬਲਵਾਨ ਹੋਇਆ। ਫੇਰ ਦੋ ਕੁ ਮਹੀਨੇ ਮੈਨੂੰ ਪੰਜਾਬ ਕਿਸਾਨ ਕਮੇਟੀ ਦੇ ਦਫਤਰ ਸਕੱਤਰ ਵਜੋਂ ਕੰਮ ਕਰਨ ਦਾ ਅੰਵਸਰ ਮਿਲਿਆ। ਇਸ ਨਾਲ ਪੰਜਾਬ ਦੇ ਸਿਰਕੱਢ ਸ਼ਾਥੀਆਂ ਨਾਲ ਮੇਰੀ ਜਾਣਕਾਰੀ ਵਧੀ। ਰਾਵਲਪਿੰਡੀ ਜੇਲ੍ਹ ਵਿਚ ਸਾਰੇ ਪੰਜਾਬ ਦੇ ਕੇਡਰ ਨਾਲ ਅਤੇ ਹੁਣ ਸਿਰਕੱਢ ਸਾਥੀਆਂ ਨਾਲ ਹੋਈ ਜਾਣਕਾਰੀ ਨੇ ਮੇਰੇ ਅਗਲੇਰੇ ਕੰਮ ਨੂੰ ਬਹੁਤ ਸਹਾਇਤਾ ਦਿੱਤੀ।

ਜੰਗ ਵਿਚ ਬਰਤਾਨੀਆਂ ਨੂੰ ਹਾਰਾਂ ਤੇ ਹਾਰਾਂ ਹੋ ਰਹੀਆਂ ਸਨ। ਉਸ ਉੱਤੇ ਕਰਾਰੀ ਸੱਟ ਮਾਰਨ ਦਾ ਨਾਦਰ ਮੌਕਾ ਸੀ। ਕਿਰਤੀ ਪਾਰਟੀ ਨੇ ਇਸ ਵਾਸਤੇ ਕਮਰਕੱਸੇ ਕਰਨੇ ਸਨ। ਸਰਕਾਰ ਨੂੰ ਵੀ ਇਸਦੀ ਜਾਣਕਾਰੀ ਸੀ। ਪੰਜਾਬ ਸਰਕਾਰ ਨੇ ਅਕਤੂਬਰ 1939 ਵਿਚ 'ਕਿਰਤੀ' ਅਖ਼ਬਾਰ ਦੀ ਪ੍ਰਕਾਸ਼ਨਾ ਬੰਦ ਕਰ ਦਿੱਤੀ ਸੀ। ਇਸ ਕਰਕੇ ਇਹ ਮੇਰਠ ਤੋਂ 'ਕਿਰਤੀ ਲਹਿਰ' ਦੇ ਨਾਉਂ ਹੇਠ ਛਾਪਣੀ ਸ਼ੁਰੂ ਕਰ ਦਿੱਤੀ ਸੀ, ਕਿਉਂਕਿ ਯੂ. ਪੀ. ਵਿਚ ਕਾਂਗਰਸ ਸਰਕਾਰ ਸੀ। ਕਾਮਰੇਡ ਭਗਤ ਸਿੰਘ ਬਿਲਗਾ ਨੂੰ ਨਵੰਬਰ 1939 ਵਿਚ ਗ੍ਰਿਫਤਾਰ ਕਰਕੇ ਸ਼ਾਹੀ ਕੈਦੀ ਬਣਾ ਦਿੱਤਾ ਸੀ। ਉਸ ਉੱਤੇ ਖੁਫ਼ੀਆ ਅਖ਼ਬਾਰ "ਲਾਲ ਢੰਡੋਰਾ" ਛਾਪਣ ਦਾ ਗੰਭੀਰ ਦੋਸ਼ ਸੀ। ਬਾਕੀ ਕਿਰਤੀ ਤੇ ਕਮਿਊਨਿਸਟ ਆਗੂਆਂ ਦੀਆਂ ਵੀ ਕਿਸੇ ਨਾ ਕਿਸੇ ਵੇਲੇ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਸੀ, ਜਿਸ ਨੂੰ ਮੁੱਖ ਰੱਖ ਕੇ ਕਿਰਤੀ ਪਾਰਟੀ ਦੀ ਕੇਂਦਰੀ ਕਮੇਟੀ ਨੇ ਅਪਰੈਲ 1940 ਦੀ ਮੀਟਿੰਗ ਵਿਚ ਹੇਠ ਲਿਖੇ ਮਹੱਤਵਪੂਰਨ ਫੈਸਲੇ ਲਏ:

1. ਕਾਮਰੇਡ ਰਾਮ ਕਿਸ਼ਨ ਤੇ ਅੱਛਰ ਸਿੰਘ ਛੀਨਾ ਨੂੰ ਸੋਵੀਅਤ ਯੂਨੀਅਨ ਭੇਜਿਆ ਜਾਵੇ।
2. ਕਾਮਰੇਡ ਹਰਮਿੰਦਰ ਸਿੰਘ ਸੋਢੀ ਤੇ ਗੁਰਚਰਨ ਸਿੰਘ ਸਹਿੰਸਰਾ ਮੇਰਠ ਦੀ ਛਾਉਣੀ ਵਿਚ ਫੌਜੀਆਂ ਨਾਲ ਤਾਲਮੇਲ ਕਰਨ।
3. ਕਾਮਰੇਡ ਧਨਵੰਤਰੀ ਲਾਹੌਰ ਵਿਚ ਪਾਰਟੀ ਦੇ ਖੁਫ਼ੀਆ ਅੱਡਿਆਂ 'ਤੇ ਛਾਪੇਖ਼ਾਨੇ ਦਾ ਪ੍ਰਬੰਧ ਕਰਨ।
4. ਕਾਮਰੇਡ ਬੂਝਾ ਸਿੰਘ ਤੇ ਨੈਣਾ ਸਿੰਘ ਧੂਤ ਭਾਰਤ ਦੇ ਇਕੋ ਇਕ ਸਟੀਲ ਦੇ ਕਾਰਖਾਨੇ ਟਾਟਾ ਨਗਰ ਵਿਚ ਮਜ਼ਦੂਰਾਂ ਨੂੰ ਜਥੇਬੰਦ ਕਰਨ।

ਇਹ ਸਾਰੇ ਉਪਰੋਕਤ ਸਾਥੀ ਸਮੇਤ ਕਾਮਰੇਡ ਰਾਮ ਸਿੰਘ ਦੱਤ ਦੇ ਕੇਂਦਰੀ ਕੰਟਰੋਲ ਬੋਰਡ ਦੇ ਮੈਂਬਰ ਸਨ, ਜੋ ਪਾਰਟੀ ਦੀਆਂ ਸਾਰੀਆਂ ਸਰਗਰਮੀਆਂ ਨੂੰ ਕੰਟਰੋਲ ਕਰਦਾ ਸੀ। ਇਹਦੇ ਤਹਿਤ ਤਿੰਨ ਮੈਂਬਰੀ ਸਕੱਤਰੇਤ ਬਣਾਇਆ ਗਿਆ ਜਿਸਦਾ ਕੰਮ ਸੀ ਕੇਂਦਰੀ ਦਫ਼ਤਰ ਦੀ ਸਥਾਪਤੀ, ਜ਼ਿਲ੍ਹਾ ਕਮੇਟੀਆਂ ਨਾਲ ਤਾਲ-ਮੇਲ, ਖੁਫ਼ੀਆ ਅਖ਼ਬਾਰ ਦੀ ਪ੍ਰਕਾਸ਼ਨਾ ਤੇ ਜਨਤਕ ਜਥੇਬੰਦੀਆਂ ਦੀ ਅਗਵਾਈ। ਨਿਰਣਾ ਇਹ ਲਿਆ ਗਿਆ ਕਿ ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਨਾਲ ਦੋ ਅਜਿਹੇ ਸਾਥੀ ਜੋੜੇ ਜਾਣ ਜੋ ਅਜੇ ਪੁਲਿਸ ਦੀਆਂ ਨਜ਼ਰਾਂ ਵਿਚ ਬਹੁਤੇ ਨਹੀਂ ਖਟਕਦੇ ਪਰ ਵੱਡੇ ਆਗੂਆਂ ਦੇ ਗ੍ਰਿਫਤਾਰ ਹੋਣ ਮਗਰੋਂ ਸਾਰੇ ਕੰਮ ਨੂੰ ਸੰਭਾਲ ਸਕਣ। ਇਸ ਵਾਸਤੇ ਮੇਰੀ ਅਤੇ ਕਾਮਰੇਡ ਹਰਬੰਸ ਸਿੰਘ ਕਰਨਾਣਾ ਦੀ ਚੋਣ ਕੀਤੀ ਗਈ। ਕਾਮਰੇਡ ਕਰਨਾਣਾ ਨਿਊਜ਼ੀਲੈਂਡ ਤੋਂ ਪਰਤੇ ਸਨ ਅਤੇ ਬੰਗਾ ਵਿਖੇ ਕੁਲਵਕਤੀ ਸਾਥੀਆਂ ਦਾ ਦਫਤਰ ਬਣਾ ਕੇ

ਤਹਿਸੀਲ ਨਵਾਂਸ਼ਹਿਰ ਦੇ ਸਾਰੇ ਪਾਰਟੀ ਕੰਮਾਂ ਦੀ ਅਗਵਾਈ ਕਰਦੇ ਸਨ।

ਅਪਰੈਲ ਮਹੀਨੇ ਦੇ ਅਖੀਰ ਵਿਚ ਮੈਨੂੰ ਕਾਮਰੇਡ ਬੂਝਾ ਸਿੰਘ ਨੇ ਦੱਸਿਆ ਕਿ ਮੇਰੀ ਡਿਊਟੀ ਲਾਹੌਰ ਪਾਰਟੀ ਦੇ ਖ਼ੁਫ਼ੀਆ ਦਫ਼ਤਰ ਤੋਂ ਫੰਕਸ਼ਨ ਕਰਨ ਦੀ ਲੱਗ ਗਈ ਹੈ। ਸੋ ਮੈਂ ਜ਼ਿਲ੍ਹਾ ਕਿਸਾਨ ਕਮੇਟੀ ਦਾ ਆਮ ਅਜਲਾਸ ਕਰਕੇ ਕਾਮਰੇਡ ਰਾਜਿੰਦਰ ਸਿੰਘ ਸਰੀਂਹ ਨੂੰ ਜ਼ਿਲ੍ਹਾ ਸਕੱਤਰ ਬਣਾਉਣ ਦਾ ਸੁਝਾਉ ਪੇਸ਼ ਕੀਤਾ। ਮੈਂ ਤੇ ਹਰਬੰਸ ਸਿੰਘ ਕਰਨਾਣਾ ਲਾਹੌਰ ਪਹੁੰਚ ਗਏ। ਉਥੇ ਕਾਮਰੇਡ ਸਹਿੰਸਰਾ ਨੇ ਖ਼ੁਫ਼ੀਆ ਦਫ਼ਤਰ ਲਈ ਕਾਮਰੇਡ ਦੇਵ ਦੱਤ ਅਟਲ ਦੀ ਮੱਦਦ ਨਾਲ ਨਵਾਂ ਕੋਟ ਵਿਚ ਇਕ ਮਕਾਨ ਲੈ ਰੱਖਿਆ ਸੀ। ਉਸਨੇ ਆਪਣਾ ਭੇਸ ਬਦਲਣ ਵਾਸਤੇ ਮੁੱਢਲਾ ਸੁਝਾਓ ਇਹ ਦਿੱਤਾ ਕਿ ਮੈਂ ਕਲੀਨ ਸ਼ੇਵ ਹੋ ਜਾਵਾਂ ਅਤੇ ਕਾਮਰੇਡ ਕਰਨਾਣਾ ਕੇਸਧਾਰੀ ਬਣ ਜਾਏ। ਸੋ ਮੈਂ ਚੈਨ ਸਿੰਘ ਚੈਨ ਤੋਂ ਪਰਕਾਸ਼ ਬਣ ਗਿਆ ਅਤੇ ਕਾਮਰੇਡ ਕਰਨਾਣਾ ਬਿਸ਼ੰਬਰ ਸਿੰਘ।

ਛੇਤੀਂ ਹੀ ਆਮ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਕਾਮਰੇਡ ਅੱਛਰ ਸਿੰਘ ਛੀਨਾ ਸੋਵੀਅਤ ਯੂਨੀਅਨ ਚਲੇ ਗਏ ਸਨ। ਕਾਮਰੇਡ ਰਾਮ ਕਿਸ਼ਨ ਅਫ਼ਗਾਨਿਸਤਾਨ ਦੀ ਸਰਹੱਦ 'ਤੇ ਆਮੂ ਦਰਿਆ ਦੀ ਭੇਂਟ ਹੋ ਗਏ ਸਨ। ਕੰਟਰੋਲ ਬੋਰਡ ਦੇ ਬਾਕੀ ਸਾਰੇ ਮੈਂਬਰ ਛੁੱਟ ਹਰਮਿੰਦਰ ਸਿੰਘ ਸੋਢੀ ਦੇ, ਅਕਤੂਬਰ ਤਕ ਗ੍ਰਿਫਤਾਰ ਹੋ ਗਏ ਸਨ। ਇਸ ਤਰ੍ਹਾਂ ਪ੍ਰਸਥਿਤੀਆਂ ਨੇ ਕਿਰਤੀ ਪਾਰਟੀ ਦੇ ਸਾਰੇ ਕੰਮ ਦੀ ਜ਼ਿੰਮੇਵਾਰੀ ਸਾਡੇ ਤਿੰਨ ਸਕੱਤਰੇਤ ਮੈਂਬਰਾਂ ਅਤੇ ਹਰਮਿੰਦਰ ਸਿੰਘ ਸੋਢੀ ਸਿਰ ਪਾ ਦਿੱਤੀ।

## ਅਣਕਿਆਸੀ ਜ਼ਿੰਮੇਵਾਰੀ ਸਿਰ ਆਣ ਪਈ

ਕਿਰਤੀ ਪਾਰਟੀ ਨਾਲ ਸਬੰਧਤ ਕਾਮਰੇਡ ਵਾਸਦੇਵ ਸਿੰਘ, ਕਾਮਰੇਡ ਚੰਨਣ ਸਿੰਘ ਢਕੋਵਾਲ ਅਤੇ ਕਾਮਰੇਡ ਤੇਜਾ ਸਿੰਘ ਸੁਤੰਤਰ 1935 ਤੋਂ ਸ਼ਾਹੀ ਕੈਦੀ ਬਣਾ ਕੇ ਜੇਲ੍ਹੀਂ ਡੱਕੇ ਹੋਏ ਸਨ। ਬਾਬਾ ਗੁਰਮੁਖ ਸਿੰਘ 1936 ਤੋਂ ਲਾਹੌਰ ਜੇਲ੍ਹ ਵਿਚ ਨਜ਼ਰਬੰਦ ਸਨ।

ਲਾਹੌਰ ਮੋਰਚੇ ਵਿਚ ਫੜੇ ਗਏ ਬਾਬਾ ਕੇਸਰ ਸਿੰਘ, ਬਾਬਾ ਭਾਗ ਸਿੰਘ ਕੈਨੇਡੀਅਨ ਅਤੇ ਜਵਾਲਾ ਬਿਲਗਾ ਨੂੰ ਰਿਹਾਅ ਕਰਨ ਦੀ ਥਾਂ ਜੰਗੀ ਕੈਦੀ ਬਣਾ ਲਿਆ ਗਿਆ। ਮਾਰਚ 1940 ਵਿਚ ਕਾਮਰੇਡ ਭਗਤ ਸਿੰਘ ਬਿਲਗਾ ਨੂੰ ਗ੍ਰਿਫਤਾਰ ਕਰਕੇ ਕੈਂਬਲਪੁਰ ਜੇਲ੍ਹ ਅੰਦਰ ਨਜ਼ਰਬੰਦ ਕਰ ਦਿੱਤਾ ਗਿਆ। ਇਸ ਤੋਂ ਪਤਾ ਲੱਗ ਰਿਹਾ ਸੀ ਕਿ ਬੜੀ ਛੇਤੀਂ ਹੋਰ ਵੀ ਉੱਘੇ ਆਗੂ ਤੇ ਵਰਕਰ ਫੜੇ ਜਾਣ ਵਾਲੇ ਹਨ। ਕਿਰਤੀ ਸੂਬਾ ਕਮੇਟੀ ਨੇ ਅਪਰੈਲ 1940 ਵਿਚ ਰਾਵੀ ਦਰਿਆ ਦੇ ਕੰਢੇ ਆਪਣੀ ਮੀਟਿੰਗ ਕਰਕੇ ਇਸ ਹਾਲਤ ਉੱਤੇ ਵਿਚਾਰ ਕੀਤੀ। ਉਸ ਵੇਲੇ ਸੂਬਾ ਕਮੇਟੀ ਦੇ ਲਗਭਗ ਹੇਠ ਲਿਖੇ ਮੈਂਬਰ ਸਨ:

ਰਾਮ ਕਿਸ਼ਨ, ਧਨਵੰਤਰੀ, ਰਾਮ ਸਿੰਘ ਦੱਤ, ਡਾ. ਭਾਗ ਸਿੰਘ, ਬੂਝਾ ਸਿੰਘ,

ਦਸੌਂਧਾ ਸਿੰਘ ਢਾਡਾ, ਸੰਤਾ ਸਿੰਘ ਗੰਡੀਵਿੰਡ, ਅੱਛਰ ਸਿੰਘ ਛੀਨਾ, ਹਰਮਿੰਦਰ ਸਿੰਘ ਸੋਢੀ, ਨੈਣਾ ਸਿੰਘ ਧੂਤ, ਮੋਹਨ ਲਾਲ ਕਿਰਤੀ, ਕਰਤਾਰ ਸਿੰਘ ਗਿੱਲ, ਹਰਨਾਮ ਸਿੰਘ ਚਮਕ, ਬਚਨ ਸਿੰਘ ਤਖਾਣਬੱਧ, ਮੁਹੱਬਤ ਸਿੰਘ ਆਦਿ।

ਮੈਨੂੰ ਤੇ ਹਰਬੰਸ ਸਿੰਘ ਕਰਨਾਣਾ ਨੂੰ ਉਸੇ ਮੀਟਿੰਗ ਵਿਚ ਸੂਬਾ ਕਮੇਟੀ ਮੈਂਬਰ ਲੈ ਕੇ ਸਕੱਤਰੇਤ ਵਿਚ ਪਾਇਆ ਗਿਆ। ਕਾਮਰੇਡ ਦਲੀਪ ਸਿੰਘ ਜੌਹਲ ਨੂੰ ਵੀ ਸੂਬਾ ਕਮੇਟੀ ਵਿਚ ਲਿਆ ਗਿਆ। ਸਕੱਤਰੇਤ ਦੇ ਤਿੰਨ ਦੇ ਤਿੰਨ ਮੈਂਬਰ (ਮੈਂ, ਕਰਨਾਣਾ ਤੇ ਸਹਿੰਸਰਾ) ਛੜੇ ਛਟਾਂਕ ਸਾਂ। ਇਕ ਪਰਿਵਾਰ ਦਾ ਰੂਪ ਦੇਣ ਵਾਸਤੇ ਸਾਡੇ ਨਾਲ ਕਾਮਰੇਡ ਸ਼ਕੁੰਤਲਾ ਸ਼ਾਰਦਾ ਨੂੰ ਰੱਖਿਆ ਗਿਆ। ਸ਼ਕੁੰਤਲਾ ਕਾਮਰੇਡ ਸ਼ਿਵ ਕੁਮਾਰ ਸ਼ਾਰਦਾ ਦੀ ਭੈਣ ਸੀ। ਸ਼ਿਵ ਕੁਮਾਰ ਨੇ ਉਸ ਦੌਰ ਵਿਚ ਬੜੇ ਮਹੱਤਵਪੂਰਨ ਕਾਰਜ ਨਿਭਾਏ। ਉਸਦੇ ਦੂਜੇ ਭਰਾ ਵੀ ਕਿਰਤੀ ਪਾਰਟੀ ਦੇ ਸਰਗਰਮ ਮੈਂਬਰ ਸਨ। ਸ਼ਕੁੰਤਲਾ ਨੂੰ ਪੜ੍ਹਾਈ ਕਰਨ ਸਮੇਂ ਆਪਣੇ ਪ੍ਰਿੰਸੀਪਲ ਦੇਵ ਦੱਤ ਅਟੱਲ ਤੋਂ ਕੁਛ ਮਾਰਕਸੀ ਸਿਖਿਆ ਮਿਲੀ ਹੋਈ ਸੀ। ਹੁਣ ਸ਼ਿਵ ਕੁਮਾਰ ਨੇ ਉਸਨੂੰ ਪਾਰਟੀ ਦੇ ਖੁਫ਼ੀਆ ਦਫਤਰ ਵਿਚ ਸਾਡੇ ਨਾਲ ਰਹਿਣ ਲਈ ਰਜ਼ਾਮੰਦ ਕਰ ਲਿਆ। ਸ਼ਕੁੰਤਲਾ ਦਾ ਵਿਆਹ ਹੋਇਆਂ ਅਜੇ ਡੇਢ ਦੋ ਸਾਲ ਹੀ ਹੋਏ ਸਨ। ਉਸਦੇ ਪਾਸ ਉਸਦਾ ਅੱਠ ਮਹੀਨੇ ਦਾ ਬੱਚਾ ਕਰਾਂਤੀ ਕੁਮਾਰ ਸੀ। ਉਸਦਾ ਪਤੀ ਕੁੰਜ ਬਿਹਾਰੀ ਲਾਲ ਉਕਾੜਾ ਦੀ ਕੱਪੜਾ ਮਿੱਲ ਵਿਚ ਮਜ਼ਦੂਰ ਬਣਕੇ ਯੂਨੀਅਨ ਦੀ ਉਸਾਰੀ ਦਾ ਕੰਮ ਕਰ ਰਿਹਾ ਸੀ। ਪਾਠਕ ਇਸ ਸਥਿਤੀ ਦਾ ਗਹੁ ਨਾਲ ਜਾਇਜ਼ਾ ਲੈ ਕੇ ਉਸ ਸਮੇਂ ਦੇ ਵਰਕਰਾਂ ਦੀ ਲਗਨ ਤੇ ਕੁਰਬਾਨੀ ਦੀ ਹਾਥ ਪਾ ਸਕਦੇ ਹਨ। ਸ਼ਕੁੰਤਲਾ ਪੂਰੇ ਪੌਣੇ ਦੋ ਸਾਲ ਸਾਡੀ ਭੈਣ ਬਣਕੇ ਸਾਡੇ ਨਾਲ ਰਹੀ ਤੇ ਨਾਲ ਹੀ ਗ੍ਰਿਫਤਾਰ ਹੋਈ।

7 ਜੂਨ ਨੂੰ ਕਾਮਰੇਡ ਰਾਮ ਕਿਸ਼ਨ ਤੇ ਅੱਛਰ ਸਿੰਘ ਛੀਨਾ ਰੂਸ ਜਾਣ ਲਈ ਰਵਾਨਾ ਹੋ ਗਏ। 8 ਜੂਨ ਨੂੰ ਕਾਮਰੇਡ ਧਨਵੰਤਰੀ ਤੇ ਮੋਹਨ ਲਾਲ ਗ੍ਰਿਫਤਾਰ ਕਰ ਲਏ ਗਏ। ਪਾਰਟੀ ਨੇ ਸਾਰੇ ਪੰਜਾਬ ਦੇ ਸਾਥੀਆਂ ਨੂੰ ਬਚ ਕੇ ਰਹਿਣ ਲਈ ਸੁਚੇਤ ਕਰ ਦਿੱਤਾ। 26 ਜੂਨ ਨੂੰ ਸਾਰੇ ਪੰਜਾਬ ਵਿਚ ਇਕੋ ਸਮੇਂ ਛਾਪੇ ਮਾਰ ਕੇ 94 ਸਾਥੀ ਗ੍ਰਿਫਤਾਰ ਕਰ ਲਏ ਗਏ, ਜਿਨ੍ਹਾਂ ਵਿਚੋਂ 55 ਕਿਰਤੀ ਸਨ। ਸੂਬਾ ਕਮੇਟੀ ਦੇ ਮੈਂਬਰ ਸੰਤਾ ਸਿੰਘ ਗੰਡੀਵਿੰਡ, ਹਰਨਾਮ ਸਿੰਘ ਚਮਕ, ਨੈਣਾ ਸਿੰਘ ਧੂਤ, ਬਾਬਾ ਰੂੜ ਸਿੰਘ, ਮੁਹੱਬਤ ਸਿੰਘ ਤੇ ਕਰਤਾਰ ਸਿੰਘ ਗਿੱਲ ਵੀ ਇਨ੍ਹਾਂ ਵਿਚ ਸ਼ਾਮਲ ਸਨ। ਅਗਸਤ ਮਹੀਨੇ ਕਾਮਰੇਡ ਰਾਮ ਸਿੰਘ ਦੱਤ ਤੇ ਡਾਕਟਰ ਭਾਗ ਸਿੰਘ ਵੀ ਫੜੇ ਗਏ।

ਸਤੰਬਰ 1940 ਦੇ ਤੀਜੇ ਹਫਤੇ ਸੂਬਾ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਕਾਮਰੇਡ ਬੂਝਾ ਸਿੰਘ, ਦਸੌਂਧਾ ਸਿੰਘ ਢਾਡਾ, ਸੋਢੀ ਹਰਮਿੰਦਰ ਸਿੰਘ, ਦੁੱਲਾ ਸਿੰਘ ਜਲਾਲਦੀਵਾਲ, ਗੁਰਚਰਨ ਸਿੰਘ ਸਹਿੰਸਰਾ, ਲੇਖਕ ਖੁਦ ਤੇ ਹਰਬੰਸ ਸਿੰਘ ਕਰਨਾਣਾ, ਦਲੀਪ ਸਿੰਘ ਜੌਹਲ, ਬਚਨ ਸਿੰਘ ਘੋਲੀਆ ਤੇ ਬਚਨ ਸਿੰਘ ਤਖਾਣਬਧ ਹਾਜ਼ਰ ਸਨ।

ਫੈਸਲਾ ਕੀਤਾ ਗਿਆ ਕਿ ਹੁਣ ਜਦੋਂ ਕੇਂਦਰੀ ਕੰਟਰੋਲ ਬੋਰਡ ਦੇ ਤਿੰਨਾਂ 'ਚੋਂ ਦੋ ਮੈਂਬਰ ਹਾਜ਼ਰ ਨਹੀਂ ਅਤੇ ਹੋਰ ਕਿਤਨੇ ਸਿਰਕੱਢ ਸਾਥੀ ਨਜ਼ਰਬੰਦ ਹੋ ਚੁੱਕੇ ਹਨ ਤਾਂ ਬਾਕੀ ਸੂਬਾ ਕਮੇਟੀ ਨੂੰ ਅਧਿਕਾਰ ਹੈ ਕਿ ਉਹ ਨਵੇਂ ਯੋਗ ਸਾਥੀ ਸ਼ਾਮਲ ਕਰਕੇ ਪੂਰੀ ਜ਼ਿੰਮੇਵਾਰੀ ਨਾਲ ਅਗਵਾਈ ਕਰੇ, ਅਥਵਾ ਸੂਬਾ ਸਕੱਤਰੇਤ ਨੂੰ ਹੀ ਕੇਂਦਰੀ ਕੰਟਰੋਲ ਬੋਰਡ ਦੀ ਤਾਕਤ ਦੇ ਕੇ ਪੋਲਿਤ ਬਿਓਰੋ ਦਾ ਦਰਜਾ ਦਿੱਤਾ ਜਾਵੇ। ਇਸ ਤਰ੍ਹਾਂ ਕਾਮਰੇਡ ਸਹਿੰਸਰਾ, ਮੈਂ ਤੇ ਕਰਨਾਣਾ ਦਾ ਪੋਲਿਤ ਬਿਓਰੋ ਪੂਰੇ ਅਧਿਕਾਰਾਂ ਸਹਿਤ ਕੰਮ ਕਰਨ ਲੱਗਾ। ਇਸ ਮੀਟਿੰਗ ਵਿਚ ਹੀ ਸੂਬਾ ਕਮੇਟੀ ਦੇ ਹੋਰ ਚਾਰ ਮੈਂਬਰ ਲਏ ਗਏ। ਉਹ ਸਨ ਕਿਸਾਨ ਆਗੂ ਕਾਮਰੇਡ ਵਧਾਵਾ ਰਾਮ, ਮਜ਼ਦੂਰ ਆਗੂ ਰਾਮ ਨਾਥ ਸ਼ਰਮਾ ਤੇ ਹਰਦੇਵ ਰਾਏ ਤੇ ਸੂਬਾ ਸਰਹੱਦ ਤੋਂ ਕਿਸਾਨ ਕਮਿਊਨਿਸਟ ਆਗੂ ਕਾਮਰੇਡ ਖੁਸ਼ਹਾਲ ਖਾਂ ਖਟਕ। ਸਾਰੇ ਕੰਮ ਦਾ ਰਿਵੀਊ ਕਰਨ ਵਾਸਤੇ 17-18 ਅਪਰੈਲ 1941 ਨੂੰ ਸੂਬਾ ਕਮੇਟੀ ਦੀ ਮੀਟਿੰਗ ਹੋਈ। ਉਸ ਵਕਤ ਕਾਮਰੇਡ ਬੂਝਾ ਸਿੰਘ ਤੇ ਦਸੌਂਧਾ ਸਿੰਘ ਢਾਡਾ ਵੀ ਗ੍ਰਿਫਤਾਰ ਹੋ ਚੁੱਕੇ ਸਨ। ਉਨ੍ਹਾਂ ਦੀ ਥਾਂ ਕਾਮਰੇਡ ਜਗਜੀਤ ਸਿਘ ਲਾਇਲਪੁਰੀ ਤੇ ਜਗੀਰ ਸਿੰਘ ਕੋਟ ਸੌਂਧਾ ਨੂੰ ਮੈਂਬਰ ਲਿਆ ਗਿਆ। ਕਾਮਰੇਡ ਸਹਿੰਸਰਾ ਦੀ ਥਾਂ ਕਾਮਰੇਡ ਦੂਲਾ ਸਿੰਘ ਨੂੰ ਪੋਲਿਤ ਬਿਓਰੋ ਵਿਚ ਲਿਆ ਗਿਆ ਅਤੇ ਕਾਮਰੇਡ ਸਹਿੰਸਰਾ ਦੀ ਤਜਵੀਜ਼ ਉੱਤੇ ਮੈਨੂੰ ਸਕੱਤਰ ਬਣਾਇਆ ਗਿਆ। ਐਸਾ ਕਾਮਰੇਡ ਸਹਿੰਸਰਾ ਨੇ ਆਪਣੇ ਵੱਲੋਂ ਹੋਈ ਇਕ ਬੱਜਰ ਗਲਤੀ ਦੇ ਅਹਿਸਾਸ ਕਾਰਨ ਕੀਤਾ। ਅਗਲੇ 8 ਮਹੀਨੇ ਉਹ ਸੂਬਾ ਕਮੇਟੀ ਦੇ ਮੈਂਬਰ ਤਾਂ ਰਹੇ ਪਰ ਫੇਰ ਉਹ ਪਠਾਣੀ ਇਲਾਕੇ ਵਿਚ ਕੰਮ ਕਰਨ ਤਕ ਸੀਮਤ ਹੋ ਗਏ। ਇਸ ਇਲਾਕੇ ਵਿਚ ਉਸਨੇ ਬੜੀ ਮੁਹਾਰਤ ਨਾਲ ਕੰਮ ਕੀਤਾ। ਉਹ ਪਸ਼ਤੋ ਵੀ ਬੋਲ ਲੈਂਦੇ ਸਨ, ਨਮਾਜ਼ ਵੀ ਪੜ੍ਹ ਲੈਂਦੇ ਸਨ ਅਤੇ ਪਠਾਣੀ ਲਿਬਾਸ ਪਹਿਨ ਕੇ ਪਠਾਣਾਂ ਵਿਚ ਰਚ ਮਿਚ ਜਾਂਦੇ ਸਨ। ਉਨ੍ਹਾਂ ਦੇ ਏਥੇ ਦੇ ਕੰਮ ਨੇ ਪਾਰਟੀ ਨੂੰ ਕਈ ਪੱਖਾਂ ਤੋਂ ਬਹੁਤ ਲਾਭ ਪਹੁੰਚਾਇਆ।

## 1940-42 ਦੇ 22 ਮਹੀਨੇ ਦੇ ਨਵੇਂ ਤਕਾਜ਼ੇ ਤੇ ਨਵੇਂ ਹੰਭਲੇ

1940 ਦੇ ਅੱਧ ਵਿਚ ਪ੍ਰਸਥਿਤੀਆਂ ਨੇ ਮੈਨੂੰ ਕਿਰਤੀ ਪ੍ਰਾਰਟੀ ਦੇ ਜ਼ਿਲ੍ਹਾ ਪੱਧਰ ਦੇ ਆਗੂ ਤੋਂ ਸਿਰਮੌਰ ਲੀਡਰਸ਼ਿਪ ਵਿਚ ਲੈ ਆਂਦਾ। ਨਾ ਮੈਨੂੰ ਇਸ ਦੀ ਕੋਈ ਅਸਾਧਾਰਨ ਖ਼ੁਸ਼ੀ ਸੀ ਨਾ ਕੋਈ ਘਬਰਾਹਟ। ਸਮੇਂ ਨੇ ਜਿਥੇ ਲੈ ਆਂਦਾ, ਆਪਣੀ ਯੋਗਤਾ ਅਨੁਸਾਰ ਸਾਰਾ ਤਾਣ ਲਾ ਕੇ ਫਰਜ਼ ਨਿਭਾਉਣਾ-ਇਹ ਮੇਰਾ ਮੁੱਢ ਤੋਂ ਦ੍ਰਿੜ੍ਹ ਸੰਕਲਪ ਰਿਹਾ ਹੈ।

ਮੈਂ ਕਮਿਊਨਿਸਟ ਲਹਿਰ ਵਿਚ 1936 ਤੋਂ ਪੂਰੀ ਨਿਸ਼ਠਾ ਨਾਲ ਕੰਮ ਕਰਦਾ ਚਲਿਆ ਆਇਆ ਹਾਂ। ਪਰ ਮੈਨੂੰ 1940-42 ਦੇ 22 ਮਹੀਨੇ ਸਭ ਸਮਿਆਂ ਨਾਲੋਂ ਵਧੇਰੇ ਫਲਦਾਇਕ ਵਿਖਾਈ ਦਿੰਦੇ ਹਨ। ਇਸ ਕਰਕੇ ਨਹੀਂ ਕਿ ਮੈਂ ਉਸ ਸਮੇਂ ਚੋਟੀ ਦੇ ਤਿੰਨ ਆਗੂਆਂ ਵਿਚ ਸ਼ਾਮਲ ਸਾਂ। ਸਗੋਂ ਇਸ ਕਰਕੇ ਕਿ ਕੀਤੀ ਮਿਹਨਤ ਜਿਤਨੀ

ਫਲਦਾਇਕ ਉਦੋਂ ਹੋਈ, ਮੁੜ ਉਹ ਹੱਦ ਨਹੀਂ ਛੋਹੀ ਗਈ। ਜੰਗ ਦਾ ਸਮਾਂ ਹੋਣ ਕਰਕੇ ਸਖ਼ਤੀ ਦਾ ਦੌਰ ਸੀ। ਕਿਸੇ ਵਿਖਾਵੇ ਜਾਂ ਨੁਮਾਇਸ਼ੀ ਕੰਮ ਦੀ ਗੁੰਜਾਇਸ਼ ਨਹੀਂ ਸੀ। ਜਿਸ ਨੇ ਜੋ ਕਰਨਾ ਸੀ ਆਪਣੀ ਪੱਧਰ 'ਤੇ ਠੋਸ ਤੇ ਅਰਥ ਭਰਪੂਰ ਕੰਮ ਹੀ ਕਰਨਾ ਸੀ। ਉਦੋਂ 'ਯੋਗ ਕਮਾਵਣਾ ਬੜਾ ਔਖਾ' ਸੀ। ਲੀਡਰੀ ਨੂੰ ਹੱਥ ਮਾਰਨ ਲਈ ਕੋਈ ਕਿੜਕਿੜ ਨਹੀਂ ਸੀ। ਮੈਂ ਉਸ ਸਮੇਂ ਦੇ ਕੰਮ ਦੀ ਵੇਰਵੇ ਸਹਿਤ ਤਸਵੀਰ 'ਕਿਰਤੀ ਪਾਰਟੀ ਦੂਜੀ ਸੰਸਾਰ ਜੰਗ ਸਮੇਂ' ਨਾਉਂ ਦੀ ਪੁਸਤਕ ਵਿਚ ਪੇਸ਼ ਕੀਤੀ ਹੈ ਅਤੇ ਉਹ ਪੁਸਤਕ ਸਮਰਪਤ ਕੀਤੀ ਹੈ 'ਉਨ੍ਹਾਂ ਸੈਂਕੜੇ ਸੰਗਰਾਮੀ ਸਾਥੀਆਂ ਨੂੰ ਜਿਨ੍ਹਾਂ ਦੇ ਸਿਰ ਉੱਤੇ ਕਿਰਤੀ ਪਾਰਟੀ ਦੇ ਡੰਕੇ ਵੱਜੇ'। ਮੇਰੀ ਸੋਚ ਅਨੁਸਾਰ ਉਹ ਆਗੂ ਮੂਰਖ਼ ਹੈ ਜਿਹੜਾ ਇਹ ਗੁਮਾਨ ਕਰਦਾ ਹੈ ਕਿ ਉਸਦੇ ਸਿਰ ਉੱਤੇ ਪਾਰਟੀ ਦੇ ਡੰਕੇ ਵੱਜਦੇ ਹਨ।

ਇਸ ਦੇ ਨਾਲ ਹੀ ਇਕ ਹੋਰ ਕਦੇ ਨਾ ਵਿਸਾਰਨ ਵਾਲਾ ਤੱਥ ਇਹ ਹੈ ਕਿ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਕੈਂਬਲਪੁਰ ਜੇਲ੍ਹ ਵਿਚ ਹੁੰਦਿਆਂ ਸਾਨੂੰ ਅਨੇਕਾਂ ਨੇਕ ਸਲਾਹਾਂ ਦਿੱਤੀਆਂ। ਕਈ ਪੱਖਾਂ ਵਿਚ ਸਹਿਯੋਗ ਤੇ ਕੁਝ ਪੱਖਾਂ ਵਿਚ ਅਗਵਾਈ ਵੀ ਦਿੱਤੀ। ਸਾਡੀ ਕੇਂਦਰੀ ਟੀਮ ਦੀ ਸਫ਼ਲਤਾ ਵਿਚ ਉਸਦਾ ਯੋਗਦਾਨ ਸ਼ਾਮਲ ਹੈ।

ਉਸ ਸਮੇਂ ਦੇ ਨਿਭਾਏ ਗਏ ਕਾਰਜਾਂ ਨੂੰ ਸਮੁੱਚਤਾ ਵਿਚ ਬਿਆਨ ਕਰਨਾ ਹੋਵੇ ਤਾਂ ਉਹ ਸਮਾਂ ਕਿਰਤੀ ਪਾਰਟੀ ਨੂੰ ਇਕ ਮਜਬੂਤ ਡਸਿਪਲਨ ਵਾਲੀ ਕਮਿਊਨਿਸਟ ਪਾਰਟੀ ਦਾ ਰੂਪ ਦੇਣ ਦਾ ਸਮਾਂ ਸੀ ਕਿਉਂਕਿ ਇਸ ਤੋਂ ਬਿਨਾਂ ਜੰਗ ਦੇ ਸਮੇਂ ਦੇ ਵਿਸ਼ੇਸ਼ ਕਾਰਜ ਨਿਭਾਏ ਹੀ ਨਹੀਂ ਸੀ ਜਾ ਸਕਦੇ। ਪਰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਹ ਵਿਸ਼ੇਸ਼ ਕਾਰਜ ਵੀ ਪਹਿਲੇ ਚੌਦਾਂ-ਪੰਦਰਾਂ ਸਾਲਾਂ ਅੰਦਰ ਹਜ਼ਾਰਾਂ ਕਿਰਤੀ ਇਨਕਲਾਬੀਆਂ ਦੀ ਘਾਲਣਾ ਨਾਲ ਮਜਬੂਤ ਆਧਾਰ ਹੋਣ ਕਰਕੇ ਹੀ ਸੰਪਨ ਹੋ ਸਕਿਆ।

*ਇਹ ਆਧਾਰ ਕੀ ਸੀ?*

1926 ਵਿਚ ਸ਼ੁਰੂ ਕੀਤੀ ਕਿਰਤੀ ਅਖ਼ਬਾਰ ਰਾਹੀਂ ਸੋਸ਼ਲਿਜ਼ਮ ਤੇ ਕਮਿਊਨਿਸਟ ਸਿਧਾਂਤ ਦਾ ਭਾਰੀ ਪ੍ਰਚਾਰ ਹੋ ਚੁੱਕਾ ਸੀ। ਇਸ ਅਖ਼ਬਾਰ ਨੂੰ ਪੜ੍ਹਨ, ਸੁਨਣ ਵਾਲੇ ਹਜ਼ਾਰਾਂ ਦੀ ਗਿਣਤੀ ਵਿਚ ਮੌਜੂਦ ਸਨ। ਜਦ ਕਦੇ ਪਰਚਾ ਜ਼ਬਤ ਹੋ ਜਾਂਦਾ ਤਾਂ ਉਸ ਨੂੰ ਹੱਥੋ-ਹੱਥੀ ਵੰਡਣ ਵਾਲਿਆਂ ਦਾ ਪੂਰਾ ਜਾਲ ਸੀ। ਮਾਸਕੋ ਤੋਂ ਮਾਰਕਸਵਾਦ ਦੀ ਸਿਖਿਆ ਪ੍ਰਾਪਤ ਕਰਕੇ ਆਏ ਸਾਥੀਆਂ ਨੇ 'ਲਾਲ ਢੰਡੋਰਾ' ਨਾਂਅ ਦਾ ਖ਼ੁਫ਼ੀਆ ਪਰਚਾ ਚਾਲੂ ਕੀਤਾ ਅਤੇ ਉਸਦੇ ਛਾਪਣ ਤੇ ਵੰਡਣ ਵਾਲਿਆਂ ਦਾ ਵੀ ਤਕੜਾ ਤਾਣਾ-ਬਾਣਾ ਸੀ। ਖ਼ੁਫ਼ੀਆ ਅਖ਼ਬਾਰ ਤੋਂ ਬਿਨਾਂ ਮਾਸਕੋ ਤੋਂ ਆਏ ਸਾਥੀ ਗ੍ਰਿਫਤਾਰ ਹੋਣ ਤਕ ਖ਼ੁਫ਼ੀਆ ਰਹਿ.ਕੇ ਹੀ ਕੰਮ ਕਰਦੇ ਸਨ। ਉਨ੍ਹਾਂ ਦੇ ਖ਼ੁਫ਼ੀਆ ਕੰਮ ਦਾ ਜੋੜ-ਮੇਲ ਅਥਵਾ ਉਸ ਖ਼ੁਫ਼ੀਆ ਕੰਮ ਦਾ ਖੁੱਲ੍ਹੇ ਕੰਮ ਨਾਲ ਤਾਲਮੇਲ ਕਰਨ ਵਾਲਿਆਂ ਦਾ ਵੀ ਤਕੜਾ ਜੁਗਾੜ ਸੀ। ਗ਼ਦਰ ਪਾਰਟੀ ਦੇ ਯੋਧਿਆਂ ਦੇ ਕੁਰਬਾਨੀ ਭਰੇ ਸਾਕੇ ਸਨ। ਉਨ੍ਹਾਂ

ਗੁਰਦਵਾਰਾ ਤੇ ਅਕਾਲੀ ਲਹਿਰ ਵਿਚ ਵੀ ਘਾਲਣਾ ਘਾਲੀ ਸੀ ਅਤੇ ਬੱਬਰ ਅਕਾਲੀ ਲਹਿਰ ਨਾਲ ਨਾਤਾ ਜੋੜਿਆ ਸੀ। ਉਹ ਕਿਰਤੀ-ਕਿਸਾਨ ਪਾਰਟੀ ਦੇ ਗਿਰਦ ਇਕੱਠੇ ਹੁੰਦੇ ਤੇ ਜੁੜਦੇ ਗਏ। ਉਨ੍ਹਾਂ ਦਾ ਸ਼ਹੀਦ ਭਗਤ ਸਿੰਘ ਦੀ ਭਾਰਤ ਨੌਜਵਾਨ ਸਭਾ ਦੀ ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਪਾਰਟੀ ਨਾਲ ਵੀ ਸੰਪਰਕ ਸੀ। ਉਨ੍ਹਾਂ ਨੇ ਆਜ਼ਾਦ ਪਖਤੂਨ ਕਬੀਲਿਆਂ ਰਾਹੀਂ ਕਾਬਲ ਤਕ ਅੱਡੇ ਬਣਾਏ ਹੋਏ ਸਨ। ਉਨ੍ਹਾਂ ਦਾ ਕਮਿਊਨਿਸਟ ਕੌਮਾਂਤਰੀ ਨਾਲ ਵੀ ਸੰਬੰਧ ਸੀ। ਸਿਆਣੇ ਤੇ ਤਜਰਬੇਕਾਰ ਆਗੂਆਂ ਦੀ ਸੂਬਾ ਪੱਧਰ ਦੀ ਇਕ ਕਮੇਟੀ ਸੀ ਜੋ ਹਿੰਦ ਕਮਿਊਨਿਸਟ ਪਾਰਟੀ ਦੀ ਪੰਜਾਬ ਸੂਬਾ ਕਮੇਟੀ ਦੇ ਨਾਂਅ ਉੱਤੇ ਖੁਫ਼ੀਆ ਕੰਮ ਕਰਦੀ ਸੀ ਅਤੇ ਖੁਲ੍ਹੇ ਜਨਤਕ ਕੰਮ ਨੂੰ ਕਈ ਰੂਪਾਂ ਵਿਚ ਅਗਵਾਈ ਦਿੰਦੀ ਸੀ। ਭਾਵੇਂ ਥੱਲੇ ਕੋਈ ਬਾਕਾਇਦਾ ਜ਼ਿਲ੍ਹਾ ਕਮੇਟੀਆਂ ਤੇ ਮੈਂਬਰਸ਼ਿਪ ਨਹੀਂ ਸੀ ਪਰ ਪਿੰਡੀਂ, ਕਸਬੀਂ ਮੌਜੂਦ ਹਜ਼ਾਰਾਂ ਹਮਦਰਦ ਸਾਥੀ ਸਨ ਜੋ ਸੂਬਾ ਕਮੇਟੀ ਦੀ ਆਮ ਅਗਵਾਈ ਹੇਠ ਸਮੇਂ-ਸਮੇਂ ਹਰਕਤ ਵਿਚ ਆ ਜਾਂਦੇ ਸਨ। ਸਾਰੇ ਕਿਰਤੀ ਖੁੱਲ੍ਹਾ ਕੰਮ ਸੋਸ਼ਲਿਸਟ ਪਾਰਟੀ ਦੇ ਨਾਮ ਉੱਤੇ ਕਰਦੇ ਸਨ। ਕਿਰਤੀਆਂ ਦੀ ਅਗਵਾਈ ਹੇਠ ਪੰਜਾਬ ਕਿਸਾਨ ਸਭਾ ਬਣੀ, ਜਿਸਨੇ ਕਲਸੀਆਂ, ਚੜਿਕ, ਨੀਲੀਬਾਰ, ਅੰਮ੍ਰਿਤਸਰ ਤੇ ਲਾਹੌਰ ਦੇ ਕਈ ਮੋਰਚੇ ਵੀ ਲਾਏ ਤੇ ਚਲਾਏ। ਦੁਆਬੇ ਵਿਚ ਨਹਿਰ ਕੱਢਣ ਦੇ ਸਵਾਲ ਉੱਤੇ ਜਲੰਧਰ ਵਿਖੇ ਕੜ ਤੋੜ ਮੁਜ਼ਾਹਰਾ ਕੀਤਾ। ਸਰਵ-ਹਿੰਦ ਕਿਸਾਨ ਸਭਾ ਵਿਚ ਕਿਰਤੀਆਂ ਦਾ ਮਹੱਤਵਪੂਰਨ ਸਥਾਨ ਸੀ। ਬਾਬਾ ਸੋਹਣ ਸਿੰਘ ਭਕਨਾ ਇਸ ਦੇ ਪਰਧਾਨ ਰਹਿ ਚੁੱਕੇ ਸਨ। ਕਈ ਥਾਈਂ ਮਜ਼ਦੂਰਾਂ ਵਿਚ ਵੀ ਕਿਰਤੀ ਸਰਗਰਮ ਸਨ ਅਤੇ ਟਾਟਾ ਨਗਰ ਦੇ ਇਕੋ-ਇਕ ਇਸਪਾਤ ਦੇ ਕਾਰਖ਼ਾਨੇ ਦੇ ਮਜ਼ਦੂਰਾਂ ਦੇ ਘੋਲ ਵਿਚ ਕਿਰਤੀ ਕਾਮਰੇਡ ਹਜ਼ਾਰਾ ਸਿੰਘ ਸ਼ਹੀਦ ਹੋ ਗਏ ਸਨ।

ਸੋ 1940-42 ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾਈ ਇਹ ਹੈ ਕਿ ਇਸ ਸਮੇਂ ਸਾਰੇ ਕੰਮ ਨੂੰ ਕਮਿਊਨਿਸਟ ਜਥੇਬੰਦੀ ਦੇ ਸੰਪੂਰਨ ਰੂਪ ਵਿਚ ਢਾਲਿਆ ਗਿਆ। ਕਿਉਂਕਿ ਇਸ ਤੋਂ ਬਗੈਰ ਇਸ ਸਮੇਂ ਦੇ ਕਾਰਜ ਨੇਪਰੇ ਨਹੀਂ ਸੀ ਚਾੜ੍ਹੇ ਜਾ ਸਕਦੇ। ਪਹਿਲਾਂ ਹੋਰ ਸਭ ਕੁਝ ਦੇ ਬਾਵਜੂਦ ਇਹ ਘਾਟ ਇਸ ਕਰਕੇ ਰਹੀ ਕਿਉਂਕਿ ਕਿਰਤੀ ਪਾਰਟੀ ਦੀ ਲੀਡਰਸ਼ਿਪ ਲਗਾਤਾਰ ਹਿੰਦ ਕਮਿਊਨਿਸਟ ਪਾਰਟੀ ਦੀ ਸੂਬਾ ਇਕਾਈ ਨਾਲ ਏਕਤਾ ਕਰਨ ਦੇ ਆਹਰ ਵਿਚ ਰਹੀ ਅਤੇ ਇਹ ਸੋਚ ਭਾਰੂ ਰਹੀ ਕਿ ਥੱਲੇ ਤਕ ਮੁਕਾਬਲੇ ਦੀ ਫੌਜ ਤਿਆਰ ਨਾ ਕੀਤੀ ਜਾਵੇ। ਪਰ ਜੰਗ ਲੱਗਣ ਕਾਰਨ ਪੈਦਾ ਹੋਈ ਹਾਲਤ ਨੇ ਕਿਰਤੀ ਲੀਡਰਸ਼ਿਪ ਨੂੰ ਮਜਬੂਰ ਕਰ ਦਿੱਤਾ ਕਿ ਉਹ ਤੇਜ਼ੀ ਨਾਲ ਆਪਣੇ ਰੈਂਕਸ ਨੂੰ ਸਮੇਂ ਦੇ ਤਕਾਜ਼ੇ ਪੂਰੇ ਕਰਨ ਲਈ ਤੱਤਪਰ ਕਰੇ। ਹੁਣ ਦੇ ਮੁੱਖ ਕਾਰਜ ਹੇਠ ਲਿਖੇ ਸਨ:

1. ਸਾਰੇ ਪਾਰਟੀ ਸਾਥੀਆਂ ਨੂੰ ਮਾਰਕਸਵਾਦ ਤੇ ਮੁੱਢਲੇ ਕਮਿਊਨਿਸਟ ਅਸੂਲਾਂ ਦੀ ਸਿੱਖਿਆ ਦੇ ਕੇ ਸਰਗਰਮ ਤੇ ਕੁਰਬਾਨੀ ਕਰਨ ਲਈ ਤਿਆਰ ਕਰਨਾ।

2. ਖ਼ੁਫ਼ੀਆ ਤਿਆਰੀ ਲਈ ਗੁਪਤ ਅੱਡੇ ਤੇ ਗੁਰੀਲੇ ਤਾਇਨਾਤ ਕਰਨਾ, ਗੁਪਤ ਪ੍ਰੈਸ ਤੇ ਸਰਕੂਲਰਾਂ ਰਾਹੀਂ ਹੇਠਾਂ ਤੋਂ ਉੱਪਰ ਤਕ ਪੂਰਾ ਜੀਵਤ ਤਾਲਮੇਲ ਕਾਇਮ ਕਰਨਾ, ਲੋੜ ਸਮੇਂ ਹਥਿਆਰਾਂ ਦਾ ਪ੍ਰਬੰਧ ਅਤੇ ਫੌਜ ਅੰਦਰ ਕੰਮ।
3. ਨਾਲ ਹੀ ਨਾਲ ਜਨਤਾ ਵਿਚ ਖੁਲ੍ਹਾ ਰਾਜਸੀ ਤੇ ਜਨਤਕ ਕੰਮ ਅਤੇ ਉਸਦੇ ਆਧਾਰ ਉੱਤੇ ਫੰਕਸ਼ਨਿੰਗ ਜਮਾਤੀ ਜਨਤਕ ਤੇ ਜਮਹੂਰੀ ਜਥੇਬੰਦੀਆਂ ਦਾ ਪਾਸਾਰ।
4. ਪੰਜਾਬ ਅਤੇ ਪਖਤੂਨ ਇਲਾਕਿਆਂ ਦੀ ਇਨਕਲਾਬੀ ਲਹਿਰ ਦਾ ਦੂਜੇ ਇਲਾਕਿਆਂ ਦੀ ਇਨਕਲਾਬੀ ਲਹਿਰ ਨਾਲ ਸੰਭਵ ਤਾਲਮੇਲ ਕਰਨਾ ਅਥਵਾ ਵਿਸ਼ਾਲ ਕੌਮੀ ਲਹਿਰ ਨਾਲ ਸਮਲਿਤ ਹੋਣਾ।

## ਜੂਨ 1940 ਤੋਂ ਬਾਅਦ ਦਾ ਇਕ ਸਾਲ

ਸਾਮਰਾਜੀ ਜੰਗ ਦੇ ਸਖ਼ਤੀ ਦੇ ਬਾਵਜੂਦ ਇਹ ਸਾਲ ਕਿਰਤੀ ਪਾਰਟੀ ਦੇ ਹੋਰ ਵਿਸਥਾਰ ਤੇ ਤਕੜਾਈ ਦਾ ਸਾਲ ਹੈ।

ਸਭ ਤੋਂ ਪਹਿਲਾ ਕੰਮ ਕੀਤਾ ਗਿਆ ਸਾਰੇ ਪਾਰਟੀ ਮੈਂਬਰਾਂ ਨੂੰ ਮਾਰਕਸੀ ਸਿਖਿਆ ਨਾਲ ਲੈੱਸ ਕਰਨ ਦਾ। ਲੀਡਰਸ਼ਿਪ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਮਾਰਕਸੀ ਸਿਖਿਆ ਹੀ ਹੈ ਜੋ ਬੁੱਧੀ ਨੂੰ ਸਾਫ਼ ਕਰਦੀ, ਰਾਹ ਰੁਸ਼ਨਾਉਂਦੀ, ਅੱਗੇ ਵਧਣ ਲਈ ਬਲ ਬਖ਼ਸ਼ਦੀ, ਦ੍ਰਿੜ੍ਹਤਾ ਪ੍ਰਦਾਨ ਕਰਦੀ ਅਥਵਾ ਕਿਸੇ ਦੀ ਉਂਗਲੀ ਫੜਨ ਦੀ ਥਾਂ ਹਰ ਸਾਥੀ ਨੂੰ ਖ਼ੁਦ ਸਿਰ ਹੋ ਕੇ ਲੋਕਾਂ ਵਿਚ ਵਿਚਰਨ ਦੇ ਯੋਗ ਬਣਾਉਂਦੀ ਹੈ।

ਇਸ ਲਈ ਇਸ ਸਾਲ ਅੰਦਰ 110 ਸਟੱਡੀ ਸਰਕਲ ਲਾ ਕੇ ਨੌਂ ਸੌ ਦੇ ਲਗਭਗ ਸਾਥੀਆਂ ਨੂੰ ਕੰਡੇ ਉੱਤੇ ਕੀਤਾ ਗਿਆ। ਇਹ ਸਾਰੇ ਸਥਾਨਕ ਵਰਕਰ ਬਣ ਗਏ। ਸਥਾਨਕ ਵਰਕਰ ਹੀ ਪਾਰਟੀ ਦੀ ਅਸਲ ਸ਼ਕਤੀ ਹੁੰਦੇ ਹਨ ਕਿਉਂਕਿ ਉਨ੍ਹਾਂ ਹੀ ਪਾਰਟੀ ਦੇ ਹਰ ਪ੍ਰੋਗਰਾਮ ਨੂੰ ਲੋਕਾਂ ਵਿਚ ਲਿਜਾਣਾ ਹੁੰਦਾ ਹੈ।

ਸਟੱਡੀ ਸਰਕਲ ਪੰਜ ਤੋਂ ਸੱਤ ਦਿਨ ਦੇ ਹੁੰਦੇ ਅਤੇ ਖ਼ੁਫ਼ੀਆ ਤੌਰ 'ਤੇ ਲਾਏ ਜਾਂਦੇ ਪਰ ਪੁਲਿਸ ਨੂੰ ਇਕ ਬਜਵਾੜੇ ਤੋਂ ਬਿਨਾਂ ਕਿਸੇ ਸਟੱਡੀ ਸਰਕਲ ਦਾ ਪਤਾ ਨਹੀਂ ਲੱਗਾ। ਲੈਕਚਰ ਦੇਣ ਵਾਲੇ ਹੁੰਦੇ ਸਨ-ਤਿੰਨੇ ਪੋਲਿਤ ਬਿਓਰੋ ਮੈਂਬਰ ਅਤੇ ਦਲੀਪ ਸਿੰਘ ਜੌਹਲ, ਸ਼ਿਵ ਕੁਮਾਰ ਸ਼ਾਰਦਾ, ਵਿਸ਼ਨੂੰ ਦੱਤ ਸ਼ਰਮਾ, ਭੂਰਬਜਿੰਦਰ ਸਿੰਘ ਆਦਿ। ਲੈਕਚਰ ਵੇਲੇ ਕਿਸੇ ਨੂੰ ਨੋਟ ਲੈਣ ਦੀ ਆਗਿਆ ਨਹੀਂ ਸੀ. ਜਿਸ ਕਰਕੇ ਹਰ ਸਾਥੀ ਪੂਰੇ ਗੌਹ ਨਾਲ ਲੈਕਚਰ ਸੁਣਦਾ ਸੀ। ਅਖ਼ੀਰ ਵਿਚ ਟੀਚਰ ਸਵਾਲ ਲਿਖਵਾ ਦਿੰਦਾ ਸੀ ਜਿਨ੍ਹਾਂ ਦੇ ਜਵਾਬ ਵਿਚ ਸਾਰਾ ਲੈਕਚਰ ਆ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਮਾਰਕਸੀ ਲਿਟਰੇਚਰ ਦੀ ਬਹੁਤ ਘਾਟ ਸੀ। ਇਸ ਕਰਕੇ ਸੂਝ ਦੇਣ ਦਾ ਵੱਡਾ ਸਾਧਨ ਇਹ ਸਟੱਡੀ

ਸਰਕਲ ਹੀ ਸਨ। ਇਸ ਨਾਲ ਸਥਾਨਕ ਵਰਕਰ ਪੈਦਾ ਹੋਣ ਤੋਂ ਇਲਾਵਾ ਹੋਰ ਬੜਾ ਲਾਭ ਹੋਇਆ। ਕਾਂਗੜਾ ਦੀ ਸਾਰੀ ਜ਼ਿਲ੍ਹਾ ਕਾਂਗਰਸ ਲੀਡਰਸ਼ਿਪ ਉਸ ਜ਼ਿਲ੍ਹੇ ਦੀ ਪਹਿਲੀ ਕਿਰਤੀ ਲੀਡਰਸ਼ਿਪ ਬਣੀ। ਸੂਬਾ ਸਰਹੱਦ ਦਾ ਸਾਰਾ ਫਾਰਵਰਡ ਬਲਾਕ ਕਿਰਤੀ ਪਾਰਟੀ ਵਿਚ ਤਬਦੀਲ ਹੋ ਗਿਆ। ਕਬਾਇਲੀ ਇਲਾਕਿਆਂ ਵਿਚ ਮਜਬੂਤ ਟਾਵੇਂ-ਟਾਵੇਂ ਅੱਡੇ ਬਣਨ ਨਾਲ ਸਾਡੇ ਕਾਬਲ ਵਲ ਦੇ ਸਾਰੇ ਕੰਮ ਆਸਾਨ ਹੋ ਗਏ। ਜ਼ਿਲ੍ਹਾ ਸ਼ੇਖੂਪੁਰ ਦਾ ਕਾਂਗਰਸ ਪ੍ਰਧਾਨ ਲਾਲ ਸਿੰਘ ਕੰਵਰ ਕਿਰਤੀ ਪਾਰਟੀ ਦਾ ਵਰਕਰ ਤੇ ਆਗੂ ਬਣਿਆ। ਹੋਰ ਕਈ ਨਵੇਂ ਵਰਕਰ ਤੁਰੇ ਜਿਵੇਂ ਕਿ ਅਜੀਤ ਸਿੰਘ ਮਾਣਕਪੁਰੀ, ਸੁਸ਼ੀਲਾ ਚੈਨ, ਸਰਲਾ ਸ਼ਰਮਾ, ਬਾਲਕ ਰਾਮ ਅੰਮ੍ਰਿਤਸਰ ਤੇ ਭਗਵੰਤ ਸਿੰਘ ਸੰਧੂ ਆਦਿ।

ਦੂਜਾ ਵੱਡਾ ਕੰਮ ਸਾਰੇ ਸਾਥੀਆਂ ਨੂੰ ਸੈੱਲਾਂ ਵਿਚ ਸੂਤਰਬੱਧ ਕਰਕੇ ਫੰਕਸ਼ਨਿੰਗ ਜ਼ਿਲ੍ਹਾ ਕਮੇਟੀਆਂ ਬਣਾਉਣ ਦਾ ਸੀ ਜਿਨ੍ਹਾਂ ਨਾਲ ਥੱਲੇ ਨੂੰ ਸਰਕੂਲਰ ਤੇ ਉੱਪਰ ਨੂੰ ਰਿਪੋਰਟਾਂ ਰਾਹੀਂ ਜੀਉਂਦੇ ਜਾਗਦੇ ਸਬੰਧ ਬਣਾਏ ਗਏ। ਇਸ ਤਰ੍ਹਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਫ਼ਿਰੋਜ਼ਪੁਰ, ਗੁਰਦਾਸਪੁਰ, ਕਾਂਗੜਾ, ਲਾਹੌਰ ਸ਼ਹਿਰ ਤੇ ਪੇਂਡੂ, ਮਿੰਟਗੁਮਰੀ, ਸ਼ੇਖੂਪੁਰ ਤੇ ਲਾਇਲਪੁਰ ਵਿਚ ਬਾਕਾਇਦਾ ਕੰਮ ਕਰਦੀਆਂ ਜ਼ਿਲ੍ਹਾ ਕਮੇਟੀਆਂ ਬਣੀਆਂ। ਪਟਿਆਲਾ, ਮਲੇਰਕੋਟਲਾ, ਕਲਸੀਆਂ, ਜੀਂਦ, ਫਰੀਦਕੋਟ, ਕਪੂਰਥਲਾ, ਹੁਸ਼ਿਆਰਪੁਰ, ਅੰਬਾਲਾ, ਸਿਆਲਕੋਟ ਅਤੇ ਕੈਂਬਲਪੁਰ ਵਿਚ ਵੀ ਛੋਟੀਆਂ-ਵੱਡੀਆਂ ਪਾਰਟੀ ਇਕਾਈਆਂ ਸਥਾਪਤ ਕੀਤੀਆਂ ਗਈਆਂ। ਸੂਬਾ ਸਰਹੱਦ ਦੀ ਪਾਰਟੀ ਤਾਕਤ ਨੂੰ ਇਕ ਜ਼ਿਲ੍ਹਾ ਕਮੇਟੀ ਦਾ ਦਰਜਾ ਦਿੱਤਾ ਗਿਆ। ਉਤਮਾਨ ਖੇਲੀ, ਬਾਜੌਰੀ ਤੇ ਮਹਿਮਦ ਕਬੀਲਿਆਂ ਵਿਚ ਵੀ ਪਾਰਟੀ ਨੁਕਲੀਏ ਸਨ। ਟਾਟਾ ਨਗਰ ਵਿਚ ਕਾਮਰੇਡ ਹਜ਼ਾਰਾ ਸਿੰਘ ਦੀ ਸ਼ਹੀਦੀ ਮਗਰੋਂ ਉਥੇ ਦੇ ਕੰਮ ਲਈ ਕਾਮਰੇਡ ਬੂਝਾ ਸਿੰਘ ਅਤੇ ਫੇਰ ਗੁਰਚਰਨ ਸਿੰਘ ਰੰਧਾਵਾ ਤੇ ਗੰਧਰਵ ਸੇਨ ਨੂੰ ਭੇਜਿਆ ਗਿਆ। ਭਾਵੇਂ ਇਹ ਸਾਥੀ ਵੀ ਗ੍ਰਿਫਤਾਰ ਕਰ ਲਏ ਗਏ ਸਨ।

ਤੀਜਾ ਵੱਡਾ ਕੰਮ ਸੀ ਖ਼ੁਫ਼ੀਆ ਅਖ਼ਬਾਰ ਚਾਲੂ ਕਰਕੇ ਪੈਰਾਂ ਉੱਤੇ ਖੜ੍ਹੇ ਕਰਨ ਦਾ। ਗੁਪਤ ਅਖ਼ਬਾਰ 'ਲਾਲ ਝੰਡਾ' ਦੋ ਹਜ਼ਾਰ ਦੀ ਗਿਣਤੀ ਵਿਚ ਛਪਦਾ ਸੀ। ਇਹ ਹੁਣ ਮੁਫ਼ਤ ਨਹੀਂ ਸੀ ਵੰਡਿਆ ਜਾਂਦਾ। 1300 ਪਰਚੇ ਵੇਚੇ ਜਾਂਦੇ ਸਨ। ਅਖ਼ਬਾਰ ਨੂੰ ਲਿਜਾਂਦਾ ਤੇ ਵੰਡਦਾ ਕੋਈ ਸਾਥੀ ਫੜਿਆ ਨਹੀਂ ਸੀ ਗਿਆ। ਕਦੇ-ਕਦੇ ਸਾਰੇ ਪੰਜਾਬ ਅੰਦਰ ਗੁਪਤ ਤੌਰ ਉੱਤੇ ਇਕੋ ਸਮੇਂ ਕੰਧਾਂ ਉੱਤੇ ਲਾਉਣ ਲਈ ਪੋਸਟਰ ਵੀ ਪ੍ਰਕਾਸ਼ਤ ਕੀਤੇ ਜਾਂਦੇ ਸਨ। ਸੱਤ ਜ਼ਿਲ੍ਹਾ ਕਮੇਟੀਆਂ ਪਾਸ ਆਪਣੀ ਸਾਈਕਲੋ ਸਟਾਈਲ ਮਸ਼ੀਨ ਜਾਂ ਛਪਾਈ ਦਾ ਪ੍ਰਬੰਧ ਸੀ ਜਿਸ ਨਾਲ ਕਦੇ-ਕਦੇ ਸਥਾਨਕ ਤੌਰ ਉੱਤੇ ਲੋੜੀਂਦੇ ਲੀਫਲੈੱਟ ਛਾਪ ਲਏ ਜਾਂਦੇ ਸਨ।

ਚੌਥਾ ਮਹੱਤਵਪੂਰਨ ਕੰਮ ਸੀ ਜਨਤਕ ਜਥੇਬੰਦੀਆਂ ਦੀ ਉਸਾਰੀ ਤੇ ਜਨਤਕ ਸਰਗਰਮੀ ਦਾ। ਜਨਤਕ ਕੰਮ ਘਟਿਆ ਨਹੀਂ ਸਗੋਂ ਇਸਦਾ ਹੋਰ ਪਾਸਾਰ ਹੋਇਆ। ਪੰਜਾਬ ਕਿਸਾਨ ਕਮੇਟੀ ਮੁੱਖ ਤੌਰ ਉੱਤੇ ਕਿਰਤੀ ਪਾਰਟੀ ਦੇ ਕੰਟਰੋਲ ਹੇਠ ਸੀ। ਸੂਬਾ ਕਿਸਾਨ ਕਮੇਟੀ ਦਾ ਦਫਤਰ ਅੰਮ੍ਰਿਤਸਰ ਤੋਂ ਲਾਹੌਰ ਤਬਦੀਲ ਕੀਤਾ ਗਿਆ, ਜਿਸ ਵਿਚ ਸਾਥੀ ਪਿਆਰਾ ਸਿੰਘ ਕੋਟਲੀ ਨੇ ਦਫਤਰ ਸਕੱਤਰ ਵਜੋਂ ਬਹੁਤ ਵਧੀਆ ਡਿਊਟੀ ਨਿਭਾਈ। ਭੈੜੇ ਮੌਸਮ ਅਤੇ ਹਕੂਮਤੀ ਸਖ਼ਤੀ ਦੇ ਬਾਵਜੂਦ ਸੂਬੇ ਦੇ ਡੈਲੀਗੇਟ ਸਮਾਗਮ ਵਿਚ 658 ਦੀ ਰਿਕਾਰਡ ਤੋੜ ਹਾਜ਼ਰੀ ਸੀ। ਕਾਂਗੜਾ, ਸਿਆਲਕੋਟ ਤੇ ਗੁੱਜਰਾਂਵਾਲਾ ਆਦਿ ਨਵੇਂ ਜ਼ਿਲ੍ਹਿਆਂ ਵਿਚ ਕਿਸਾਨ ਕਮੇਟੀਆਂ ਸਥਾਪਤ ਹੋਈਆਂ।

ਇਸਤਰੀਆਂ ਵਿਚ ਕੰਮ ਵਧਾਉਣ ਲਈ ਵੀ ਉਪਰਾਲੇ ਸ਼ੁਰੂ ਹੋਏ। ਕਿਰਤੀ ਆਗੂ ਬੀਬੀ ਰਘਬੀਰ ਕੌਰ ਦਾ ਭਾਸ਼ਨ ਸੁਣਨ ਲਈ ਕਾਨਫ਼ਰੰਸਾਂ ਵਿਚ ਔਰਤਾਂ ਦੀ ਗਿਣਤੀ ਚੋਖੀ ਹੁੰਦੀ ਸੀ। ਸਾਂਗਲਾ ਹਿਲ ਦੀ ਬੀਬੀ ਫ਼ਾਤਮਾ ਦੀ ਵੀ ਚੋਖੀ ਇਮਦਾਦੀ ਭੂਮਿਕਾ ਹੈ। ਦੇਵ ਦੱਤ ਅਟੱਲ ਨੇ ਅਧਿਆਪਕ ਹੁੰਦਿਆਂ ਦੇਵ ਸਮਾਜ ਕਾਲਜ ਵਿਚ ਤਰੀਕੇ-ਤਰੀਕੇ ਨਾਲ ਲੜਕੀਆਂ ਨੂੰ ਸ਼ੋਸ਼ਲਿਜ਼ਮ ਪੱਖੀ ਸਿਖਿਆ ਦਿੱਤੀ। ਸ਼ਕੁੰਤਲਾ ਸ਼ਾਰਦਾ ਨੇ ਲਿਟਰੇਰੀ ਟਾਈਪ ਦੀ ਅਧਿਐਨਸ਼ੀਲ ਮਹਿਲਾ ਸੰਮਤੀ ਬਣਾਈ ਹੋਈ ਸੀ। ਕਿਰਤੀ ਪਾਰਟੀ ਨੇ ਆਪਣੇ ਇਕ ਸਰਕੂਲਰ ਰਾਹੀਂ ਕਿਸਾਨ ਔਰਤਾਂ ਵਿਚ ਕੰਮ ਕਰਨ ਵੱਲ ਧਿਆਨ ਦੁਆਇਆ ਸੀ।

ਇਸ ਸਮੇਂ ਇਕ ਵੱਡਾ ਇਤਿਹਾਸਕ ਕਾਰਜ ਹੈ ਕਿਰਤੀ ਪਾਰਟੀ ਦਾ ਸ੍ਰੀ ਸੁਭਾਸ਼ ਚੰਦਰ ਬੋਸ ਨੂੰ ਉਸਦੀ ਇੱਛਾ ਅਨੁਸਾਰ ਦੇਸ਼ ਤੋਂ ਬਾਹਰ ਕੱਢਣ ਦਾ ਜਿਸਦਾ ਵਿਸਥਾਰ ਅੱਗੇ ਚਲ ਕੇ ਕੀਤਾ ਜਾਵੇਗਾ।

## ਕਿਰਤੀ ਪਾਰਟੀ ਵੱਲੋਂ ਕੀਤੇ ਗੁਪਤ ਕਾਰਜ

ਕਮਿਊਨਿਸਟ ਪਾਰਟੀ ਦੀ ਸਰਗਰਮੀ ਦੇ ਜਿਤਨੇ ਪੱਖ ਹੁੰਦੇ, ਜੰਗ ਲੱਗਣ ਦੇ ਸਮੇਂ ਇਨ੍ਹਾਂ ਕਾਰਜਾਂ ਵਿਚ ਤੀਖ਼ਣਤਾ ਆਉਂਦੀ ਹੈ ਅਤੇ ਕਈ ਵਾਧੂ ਗੁਪਤ ਕਾਰਜ ਵੀ ਕਰਨੇ ਪੈਂਦੇ ਹਨ।

'ਕਿਰਤੀ' ਅਖ਼ਬਾਰ ਪੰਜਾਬ ਤੋਂ ਬਾਹਰ ਮੇਰਠ ਲਿਜਾਣੀ ਪਈ ਕਿਉਂਕਿ ਉਥੇ ਸੂਬਾ ਸਰਕਾਰ ਕਾਂਗਰਸ ਦੀ ਹੋਣ ਕਰਕੇ ਪੰਜਾਬ ਦੀ ਸਾਮਰਾਜ-ਪੱਖੀ ਯੂਨੀਅਨਿਸਟ ਸਰਕਾਰ ਵਰਗੀ ਸਖ਼ਤੀ ਨਹੀਂ ਸੀ। ਪਰ ਪੰਜਾਬ ਸਰਕਾਰ ਨੇ ਉਸਦਾ ਪੰਜਾਬ ਵਿਚ ਦਾਖ਼ਲਾ ਬੰਦ ਕਰ ਦਿੱਤਾ। ਤਦ ਖ਼ੁਫ਼ੀਆ ਅਖ਼ਬਾਰ 'ਲਾਲ ਝੰਡਾ' ਮਾਸਕ ਪ੍ਰਕਾਸ਼ਤ ਕਰਨ ਦੀ ਲੋੜ ਪਈ। ਪਹਿਲਾਂ ਇਹ ਪਰਚਾ ਕਦੇ ਕਦਾਈਂ ਪ੍ਰਕਾਸ਼ਤ ਹੁੰਦਾ ਸੀ, ਪਰ ਹੁਣ ਇਸਦੀ ਲਗਾਤਾਰ ਪ੍ਰਕਾਸ਼ਨਾ ਦੀ ਲੋੜ ਸੀ।

ਇਸ ਕਾਰਜ ਵਾਸਤੇ ਸਾਈਕਲੋ ਸਟਾਈਲ ਮਸ਼ੀਨ, ਕਾਗਜ਼ ਤੇ ਸਿਆਹੀ, ਫੇਰ ਇਸਦੇ ਛਾਪਣ ਲਈ ਸੁਰੱਖਿਅਤ ਸਥਾਨ ਅਥਵਾ 'ਲਾਲ ਝੰਡਾ' ਹਰ ਜ਼ਿਲ੍ਹੇ ਅੰਦਰ ਪਹੁੰਚਾਉਣ ਅਥਵਾ ਇਸ ਵਾਸਤੇ ਲਿਖੇ ਲੇਖ ਸਾਈਕਲੋ ਮਸ਼ੀਨ ਵਾਲੇ ਅੱਡੇ ਤੱਕ ਪਹੁੰਚਾਉਣ ਦਾ ਪ੍ਰਬੰਧ ਜ਼ਰੂਰੀ ਸੀ।

ਇਸ ਕਾਰਜ ਵਿਚ ਕਾਮਰੇਡ ਮੁਹੱਬਤ ਸਿੰਘ ਕੋਟ ਸੋਂਹਦਾ ਜ਼ਿਲ੍ਹਾ ਸ਼ੇਖ਼ੂਪੁਰ ਨੇ ਮੱਦਦ ਕੀਤੀ। ਉਸਦਾ ਸਾਰਾ ਪਰਿਵਾਰ ਕਮਿਊਨਿਸਟ ਰੰਗ ਵਿਚ ਰੰਗਿਆ ਹੋਇਆ ਸੀ। ਉਸ ਦੀਆਂ ਦੋਹਾਂ ਭੈਣਾਂ ਨੇ ਪਾਰਟੀ ਦੇ ਕਈ ਕੰਮਾਂ ਵਿਚ ਪੂਰਾ ਹੱਥ ਵਟਾਇਆ। ਉਸਨੇ ਆਪਣੇ ਪਿੰਡ ਦਾ ਇਕ ਹੋਰ ਵਧੀਆ ਤੇ ਹੁਸ਼ਿਆਰ ਨੌਜਵਾਨ ਵਰਕਰ ਜਗੀਰ ਸਿੰਘ ਤਿਆਰ ਕਰ ਲਿਆ ਸੀ। ਲੀਡਰਸ਼ਿਪ ਦੇ ਲਿਖੇ ਹੋਏ ਲੇਖ ਲਿਆਉਣ ਅਤੇ ਸਾਈਕਲੋ ਮਸ਼ੀਨ ਦਾ ਸਾਰਾ ਕੰਮ ਉਹੀ ਕਰਦਾ ਸੀ। ਉਰਦੂ ਵਿਚ ਸਟੈਨਸਲ ਲਿਖਣ ਦਾ ਕੰਮ ਕਾਮਰੇਡ ਅਮਰ ਸਿੰਘ ਕੱਕੜ ਕਰਦਾ ਸੀ। ਪੰਜਾਬੀ ਵਿਚ ਸਟੈਨਸਿਲ ਵਾਸਤੇ ਕਾਮਰੇਡ ਜਗੀਰ ਸਿੰਘ ਨੇ ਟਾਈਪ ਸਿੱਖ ਲਿਆ ਸੀ, ਕੁਝ ਸਟੈਨਸਿਲ ਮੈਂ ਆਪਣੇ ਹੱਥੀਂ ਲਿਖੇ ਸਨ।

ਛਪਿਆ 'ਲਾਲ ਝੰਡਾ' ਤੇ ਹੋਰ ਲਿਟਰੇਚਰ ਜ਼ਿਲ੍ਹਿਆਂ ਤਕ ਪਹੁੰਚਾਉਣ ਵਾਸਤੇ ਅਨੇਕਾਂ ਸਾਥੀਆਂ ਨੇ ਘਾਲਣਾ ਘਾਲੀ। ਇਸ ਤਰ੍ਹਾਂ ਸੂਬਾ ਸਰਹੱਦ ਤੋਂ ਲੈ ਕੇ ਦਿੱਲੀ ਤਕ 'ਲਾਲ ਝੰਡਾ' ਤੇ ਹੋਰ ਲਿਟਰੇਚਰ-ਪੋਸਟਰ ਆਦਿ ਬਿਨਾਂ ਕਿਸੇ ਫੜੋਫੜੀ ਦੇ ਪਹੁੰਚਦੇ ਰਹੇ।

'ਲਾਲ ਝੰਡਾ' ਤੋਂ ਬਿਨਾਂ ਕਈ ਵਾਰੀ ਕੁਝ ਭਖ਼ਦੇ ਮਸਲਿਆਂ ਉੱਤੇ ਇਕ ਪੰਨੇ ਦੇ ਪੋਸਟਰ ਕੱਢੇ ਜਾਂਦੇ ਸਨ ਜੋ ਮਿੱਥੇ ਸਮੇਂ ਉੱਤੇ ਸਾਰੇ ਥਾਈਂ ਕੰਧਾਂ ਤੇ ਪੁਲਾਂ ਉੱਤੇ ਲਾਏ ਜਾਂਦੇ ਸਨ। ਮਿਥੇ ਸਮੇਂ ਦੀ ਉਲੰਘਣਾ ਨਾ ਕਰਨ ਦੀ ਸਖ਼ਤ ਹਦਾਇਤ ਹੁੰਦੀ ਸੀ।

ਕੁਝ ਜ਼ਿਲ੍ਹਿਆਂ ਨੇ ਆਪਣੀਆਂ ਸਾਈਕਲੋ ਮਸ਼ੀਨਾਂ ਖ਼ਰੀਦ ਲਈਆਂ ਸਨ ਜੋ ਕੇਂਦਰ ਦੇ ਲਿਖੇ ਇਸ਼ਤਿਹਾਰ ਵੀ ਛਾਪ ਦਿੰਦੀਆਂ ਸਨ ਤੇ ਸਥਾਨਕ ਭਖ਼ਦੇ ਮਸਲਿਆਂ ਬਾਰੇ ਆਪਣੇ ਪੋਸਟਰ ਵੀ।

'ਲਾਲ ਝੰਡਾ' ਕਾਫੀ ਚਿਰ ਪਿੰਡ ਕੋਟ ਸੋਂਹਦੇ ਤੋਂ ਨਿਕਲਦਾ ਰਿਹਾ। ਫੇਰ ਉਸਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਨਾਨੋ ਨੰਗਲ ਤੋਂ ਛਾਪਣ ਲਈ ਸਾਈਕਲੋ ਮਸ਼ੀਨ ਤੇ ਹੋਰ ਜ਼ਰੂਰੀ ਸਾਮਾਨ ਬੜੀ ਚੌਕਸੀ ਨਾਲ ਉੱਥੇ ਲਿਜਾਇਆ ਗਿਆ। ਏਥੇ ਇਸਤਰੀਆਂ ਦੀ ਇਕ ਅਜਿਹੀ ਜਥੇਬੰਦੀ ਸੀ ਜਿਸ ਦੀਆਂ ਔਰਤਾਂ ਸਿਰ ਉੱਤੇ ਪਹਿਲਾਂ ਪਟਾ ਬੰਨ੍ਹਦੀਆਂ ਸਨ ਤੇ ਫੇਰ ਚੁੰਨੀ ਲੈਂਦੀਆਂ ਸਨ। ਉਸ ਜਥੇਬੰਦੀ ਵੱਲੋਂ ਕੀਤੇ ਵਿਆਹ ਕਾਨੂੰਨੀ ਪ੍ਰਵਾਨ ਕੀਤੇ ਜਾਂਦੇ ਸਨ। ਇਸ ਜਥੇਬੰਦੀ ਦੀ ਇਕ ਬੀਬੀ ਰਣਜੀਤ ਕੌਰ ਦੇ ਘਰ 'ਲਾਲ ਝੰਡਾ' ਛਾਪਣ ਦਾ ਪ੍ਰਬੰਧ ਸੀ। ਹੁਣ ਜ਼ਿਲ੍ਹਿਆਂ ਤਕ ਪਰਚਾ ਅੱਪੜਦਾ ਕਰਨ ਦੇ

ਨਵੇਂ ਰਾਹ ਸਨ। ਛੇ ਮਹੀਨੇ ਮਗਰੋਂ ਇਹ ਸਾਈਕਲੋ ਮਸ਼ੀਨ ਜ਼ਿਲ੍ਹਾ ਲਾਹੌਰ ਦੇ ਪਿੰਡ ਘਵਿੰਡ ਲਿਆਂਦੀ ਗਈ ਜਿਥੇ ਪੁਰਾਣੇ ਗ਼ਦਰੀ ਬਾਬਾ ਹੁਕਮ ਸਿੰਘ ਦੇ ਕੰਟਰੋਲ ਹੇਠ ਸਾਥੀ ਅਰਜਨ ਸਿੰਘ ਦੇ ਬਾਗ਼ ਵਿਚ 'ਲਾਲ ਝੰਡਾ' ਤੇ ਹੋਰ ਪੋਸਟਰ ਛਪਦੇ ਰਹੇ। ਇਥੋਂ ਜ਼ਿਲਿਆਂ ਤਕ ਪਰਚਾ ਪਹੁੰਚਾਉਣ ਲਈ ਬਿਲਕੁੱਲ ਵੱਖਰੇ ਰਾਹ ਬਣਾਏ ਗਏ।

ਲਾਲ ਝੰਡਾ' ਦੇ ਮੱਥੇ ਉੱਤੇ ਕਮਿਊਨਿਸਟ ਇੰਟਰਨੈਸ਼ਨਲ ਦੇ ਹਿੰਸੇ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਲਿਖਿਆ ਗਿਆ ਸੀ, ਕਿਉਂਕਿ ਕਿਰਤੀ ਪਾਰਟੀ ਦਾ ਕਮਿਊਨਿਸਟ ਇੰਟਰਨੈਸ਼ਨਲ ਨਾਲ ਸਿੱਧਾ ਸੰਬੰਧ ਸੀ।

'ਲਾਲ ਝੰਡਾ' ਵਿਚ ਕਾਫੀ ਲੇਖ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਲਿਖੇ ਹੋਏ ਹਨ। ਉਹ ਉਸ ਵੇਲੇ ਕੈਂਬਲਪੁਰ ਜੇਲ੍ਹ ਵਿਚ ਸ਼ਾਹੀ ਕੈਦੀ ਸਨ। ਕਿਰਤੀ ਪਾਰਟੀ ਨੇ ਆਪਣੇ ਇਕ ਭਰੋਸੇਯੋਗ ਵਰਕਰ ਕਾਮਰੇਡ ਜੀਵਨ ਸਿੰਘ 'ਦੁਖੀ' ਦੀ ਲੱਕੜੀ ਦੀ ਦੁਕਾਨ ਉਸ ਜੇਲ੍ਹ ਦੇ ਸਾਹਮਣੇ ਬਣਾ ਦਿੱਤੀ ਸੀ। ਕਾਮਰੇਡ ਸੁਤੰਤਰ ਹੋਰੀਂ ਜੇਲ੍ਹ ਦੇ ਇਕ ਹਮਦਰਦ ਵਾਰਡਰ ਰਾਹੀਂ ਆਪਣਾ ਲੇਖ ਜੀਵਨ ਸਿੰਘ 'ਦੁਖੀ' ਦੀ ਦੁਕਾਨ ਉੱਤੇ ਪਹੁੰਚਾ ਦਿੰਦੇ। ਕਾਮਰੇਡ ਸੁਤੰਤਰ ਹੋਰਾਂ ਦਾ ਸਾਰਾ ਚਿੱਠੀ ਪੱਤਰ ਇਸੇ ਵਿਧੀ ਰਾਹੀਂ ਸਾਡੇ ਨਾਲ ਹੁੰਦਾ ਸੀ।

ਦੂਜਾ ਵੱਡਾ ਗੁਪਤ ਕਾਰਜ ਸੀ ਕਿਰਤੀ ਪਾਰਟੀ ਦਾ ਖ਼ੁਫ਼ੀਆ ਕੇਂਦਰੀ ਦਫ਼ਤਰ ਸਥਾਪਤ ਕਰਨ ਦਾ। ਇਹ ਕੰਮ ਕਾਮਰੇਡ ਦੇਵ ਦੱਤ ਅਟੱਲ ਨੇ ਸਿਰੇ ਚਾੜ੍ਹਿਆ। ਲਾਹੌਰ ਦੀ ਬਾਹਰੀ ਆਬਾਦੀ ਨਵਾਂ ਕੋਟ ਵਿਚ ਉਸਦਾ ਇਕ ਪਰਿਵਾਰ ਉੱਤੇ ਖ਼ਾਸਾ ਪ੍ਰਭਾਵ ਸੀ। ਕਾਮਰੇਡ ਦੇਵ ਦੱਤ ਨੇ ਉਸ ਪਰਿਵਾਰ ਨੂੰ ਸਾਡੇ ਬਾਰੇ ਸਾਰੀ ਅਸਲੀਅਤ ਦੱਸ ਕੇ ਉਨ੍ਹਾਂ ਨੂੰ ਇਹ ਇਤਿਹਾਸਕ ਕਾਰਜ ਪੂਰਾ ਕਰਨ ਲਈ ਮਨਾ ਲਿਆ। ਸਾਡੇ ਬਾਰੇ ਆਮ ਲੋਕਾਂ ਨੂੰ ਦੱਸਿਆ ਗਿਆ ਕਿ ਇਹ ਵੱਡੇ ਵਿਉਪਾਰ ਦਾ ਕੰਮ ਕਰਦੇ ਹਨ ਅਤੇ ਇਸ ਕਾਰਜ ਲਈ ਸਾਰੇ ਪੰਜਾਬ ਵਿਚ ਤੇ ਹੋਰ ਥਾਈਂ ਵੀ ਜਾਂਦੇ-ਆਉਂਦੇ ਰਹਿੰਦੇ ਹਨ।

ਇਕ ਪਰਿਵਾਰ ਦਾ ਰੂਪ ਦੇਣ ਲਈ ਸਾਡੇ ਨਾਲ ਇਕ ਇਸਤਰੀ ਦਾ ਹੋਣਾ ਜ਼ਰੂਰੀ ਸੀ। ਇਸ ਵਾਸਤੇ ਕਾਮਰੇਡ ਸ਼ਿਵ ਕੁਮਾਰ ਸ਼ਾਰਦਾ ਨੇ ਆਪਣੀ ਭੈਣ ਸ਼ਕੁੰਤਲਾ ਨੂੰ ਮੇਰੀ ਭੈਣ ਵਜੋਂ ਰਹਿਣ ਲਈ ਰਜ਼ਾਮੰਦ ਕਰ ਲਿਆ। ਉਹ ਵੀ ਕਾਮਰੇਡ ਦੇਵ ਦੱਤ ਅਟੱਲ ਦੇ ਸਕੂਲ ਵਿਚ ਪੜ੍ਹੀ ਹੋਈ ਸੀ। ਸ਼ਿਵ ਕੁਮਾਰ ਆਪ ਕਿਰਤੀ ਪਾਰਟੀ ਦਾ ਕੁਲਵਕਤੀ ਵਰਕਰ ਸੀ। ਉਸ ਦਾ ਛੋਟਾ ਭਰਾ ਵੀ ਰਾਜਸੀ ਸਰਗਰਮੀਆਂ ਕਰਦਾ ਸੀ ਤੇ ਉਸਦਾ ਵੱਡਾ ਭਰਾ ਅਸ਼ਵਨੀ ਕੁਮਾਰ ਲੁਧਿਆਣਾ ਵਿਚ ਡਾਕਟਰੀ ਦੀ ਦੁਕਾਨ ਕਰਦਾ ਸੀ ਅਤੇ ਕਿਰਤੀ ਪਾਰਟੀ ਦੇ ਮਰੀਜ਼ਾਂ ਦਾ ਮੁਫ਼ਤ ਇਲਾਜ ਕਰਦਾ ਸੀ। ਸ਼ਕੁੰਤਲਾ ਦਾ ਵਿਆਹ ਹੋਏ ਦੋ ਕੁ ਸਾਲ ਹੋਏ ਸਨ। ਉਸਦਾ ਪਤੀ ਕੁੰਜ ਬਿਹਾਰੀ ਲਾਲ ਉਕਾੜਾ ਮਿੱਲ ਵਿਚ ਕਿਰਤੀ ਪਾਰਟੀ ਦੇ ਵਰਕਰ ਵਜੋਂ ਕੰਮ ਕਰਦਾ ਸੀ। ਉਸਨੇ ਉਥੇ ਤਕੜੀ

ਯੂਨੀਅਨ ਖੜ੍ਹੀ ਕਰ ਲਈ ਸੀ। ਸ਼ਕੁੰਤਲਾ ਤੇ ਕੁੰਜ ਬਿਹਾਰੀ ਲਾਲ ਦਾ ਵਿਆਹ ਇਸ ਪ੍ਰਤਿਗਿਆ ਨਾਲ ਹੋਇਆ ਸੀ ਕਿ ਉਨ੍ਹਾਂ ਦੋਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਲੈਣਾ ਹੈ। ਇਸ ਕਰਕੇ ਕਾਮਰੇਡ ਕੁੰਜ ਬਿਹਾਰੀ ਲਾਲ ਦੀ ਸਹਿਮਤੀ ਨਾਲ ਹੀ ਸ਼ਕੁੰਤਲਾ ਦਾ ਸਾਡੇ ਨਾਲ ਰਹਿਣ ਦਾ ਫੈਸਲਾ ਹੋਇਆ ਸੀ।

## ਪ੍ਰਤੀਬੱਧ ਵਰਕਰ ਤਿਆਰ ਕੀਤੇ

1939 ਵਿਚ ਦੂਜੀ ਸੰਸਾਰ ਜੰਗ ਲੱਗ ਜਾਣ ਕਾਰਨ ਬਰਤਾਨਵੀ ਸਰਕਾਰ ਨੇ ਕਮਿਊਨਿਸਟਾਂ ਉੱਤੇ ਹਰ ਤਰ੍ਹਾਂ ਦੀ ਸਖ਼ਤੀ ਕਰਨੀ ਹੈ, ਇਸ ਦਾ ਅਨੁਮਾਨ ਤਾਂ ਪਹਿਲਾਂ ਤੋਂ ਹੀ ਸੀ ਪਰ ਜਦ ਮਾਰਚ 1940 ਵਿਚ ਭਾਰਤੀ ਕਮਿਊਨਿਸਟ ਪਾਰਟੀ, ਸੋਸ਼ਲਿਸਟ ਪਾਰਟੀ ਅਤੇ ਕਿਸਾਨ ਸਭਾ ਦੇ ਕਈ ਸਿਰਕੱਢ ਆਗੂ ਗ੍ਰਿਫਤਾਰ ਕਰ ਲਏ ਗਏ ਅਤੇ ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦ ਕਰ ਦਿੱਤੇ ਗਏ ਤਾਂ ਰੱਤੀ ਭਰ ਸ਼ੱਕ ਨਾ ਰਹਿ ਗਈ ਕਿ ਛੇਤੀਂ ਹੀ ਹੋਰ ਅਨੇਕਾਂ ਸਰਗਰਮ ਸਾਥੀ ਫੜੇ ਜਾਣ ਵਾਲੇ ਹਨ।

ਇਸ ਪੈਣ ਵਾਲੇ ਖੱਪੇ ਨੂੰ ਭਰਨ ਵਾਸਤੇ ਹੀ ਮੈਨੂੰ ਤੇ ਹਰਬੰਸ ਸਿੰਘ ਕਰਨਾਣਾ ਨੂੰ ਉੱਪਰ ਲਿਆਂਦਾ ਗਿਆ ਸੀ। ਅਗਲੇ ਚਾਰ-ਪੰਜ ਮਹੀਨਿਆਂ ਵਿਚ ਹੀ ਹੋਰ ਵੱਡੇ ਆਗੂ ਫੜੇ ਜਾਣ ਕਰਕੇ ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਤੇ ਸੋਢੀ ਹਰਮਿੰਦਰ ਸਿੰਘ ਦੋ ਪੁਰਾਣੇ ਆਗੂ ਸਾਡੇ ਨਾਲ ਰਹਿ ਗਏ ਸਨ ਜਿਨ੍ਹਾਂ ਨੂੰ ਪਹਿਲਾਂ ਤੋਂ ਸੂਬਾ ਲੀਡਰਸ਼ਿਪ ਵਿਚ ਹੋਣ ਕਰਕੇ ਸੂਬਾ ਪੱਧਰੀ ਕੰਮਾਂ ਦਾ ਪਤਾ ਸੀ।

ਹੁਣ ਸਾਰੇ ਕੰਮਾਂ ਦੀ ਪੂਰਤੀ ਲਈ ਪਹਿਲੀ ਲੋੜ ਸੀ ਪਾਰਟੀ ਦੀ ਸਾਰੀ ਮੈਂਬਰਸ਼ਿਪ ਤੇ ਪੱਕੇ ਹਮਦਰਦਾਂ ਨੂੰ ਸੂਝਵਾਨ ਤੇ ਸਰਗਰਮ ਕਰਦਿਆਂ ਦਰਮਿਆਨੀ ਲੀਡਰਸ਼ਿਪ ਪੈਦਾ ਕਰਨ ਵਾਸਤੇ ਸਟੱਡੀ ਸਰਕਲ ਲਾਉਣਾ।

ਕੋਈ ਵੀ ਲੀਡਰਸ਼ਿਪ ਹੋਵੇ ਜੇ ਉਸਦੇ ਆਮ ਮੈਂਬਰ ਤੇ ਸਥਾਨਕ ਵਰਕਰ ਆਪਣੇ ਲੋਕਾਂ ਨਾਲ ਜੁੜੇ ਹੋਏ ਨਾ ਹੋਣ ਤਾਂ ਉਹ ਕੋਈ ਕਾਰਜ ਨਹੀਂ ਕਰ ਸਕਦੀ। ਲੀਡਰਾਂ ਦੀ ਸਿਧਾਂਤਕ ਜਾਣਕਾਰੀ ਦਾ ਕੋਈ ਅਰਥ ਨਹੀਂ ਜੇ ਉਹ ਆਪਣੇ ਰੈਂਕਸ ਨੂੰ ਸਿਆਣੇ ਕਰਨ ਦਾ ਕੰਮ ਪਹਿਲ ਦੇ ਆਧਾਰ 'ਤੇ ਨਹੀਂ ਕਰਦੇ। ਮੈਂਬਰਾਂ ਦੀ ਗਿਣਤੀ ਵਧਾਉਣਾ ਵੀ ਜ਼ਰੂਰੀ ਕੰਮ ਹੈ, ਪਰ ਇਸ ਤੋਂ ਵੱਡਾ ਕੰਮ ਹੈ ਮੈਂਬਰਾਂ ਨੂੰ ਸਿਆਣੇ ਕਰਨ ਦਾ। ਸੂਝਵਾਨ ਅਤੇ ਪ੍ਰਤੀਬੱਧ ਥੋੜ੍ਹੀ ਮੈਂਬਰਸ਼ਿਪ ਵੀ ਵੱਡੇ ਕ੍ਰਿਸ਼ਮੇ ਕਰ ਸਕਦੀ ਹੈ।

ਇਸ ਕਾਰਜ ਲਈ ਮੈਨੂੰ ਤੇ ਹਰਬੰਸ ਸਿੰਘ ਕਰਨਾਣਾ ਨੂੰ ਨਿਯੁਕਤ ਕਰਨ ਦੇ ਨਾਲ ਹੀ ਹਦਾਇਤ ਕੀਤੀ ਗਈ ਸੀ ਕਿ ਸਾਰੇ ਮੈਂਬਰਾਂ ਨੂੰ ਬਰਾਂਚਾਂ ਵਿਚ ਪਰੋ ਕੇ ਯੋਗ ਸਾਥੀਆਂ ਦੀਆਂ ਇਲਾਕਾ ਕਮੇਟੀਆਂ ਬਣਾ ਦਿੱਤੀਆਂ ਜਾਣ ਅਤੇ ਪਾਰਟੀ ਦੇ ਸਰਕੂਲਰ ਅਤੇ 'ਲਾਲ ਝੰਡਾ' ਥੱਲੇ ਤੱਕ ਪਹੁੰਚਾਉਣ ਲਈ ਸੁਰੱਖਿਅਤ ਅੱਡਿਆਂ ਦਾ ਬੰਦੋਬਸਤ

ਕੀਤਾ ਜਾਵੇ। ਇਸ ਕਾਰਜ ਵਿਚ ਕਾਮਰੇਡ ਦਲੀਪ ਸਿੰਘ ਜੌਹਲ ਨੇ ਸਾਡੇ ਨਾਲ ਹੀ ਕਾਫੀ ਸਮਾਂ ਦਿੱਤਾ। ਕੁਝ ਨਵੇਂ ਉੱਠੇ ਸਾਥੀ ਇਸ ਕਾਰਜ ਵਾਸਤੇ ਬਹੁਤ ਸਹਾਈ ਹੋਏ। ਜਿਵੇਂ ਕਾਮਰੇਡ ਸ਼ਿਵ ਕੁਮਾਰ ਸ਼ਾਰਦਾ ਤੇ ਭੂਰਬਜਿੰਦਰ ਸਿੰਘ। ਸ਼ਿਵ ਕੁਮਾਰ ਸ਼ਾਰਦਾ ਨੇ ਜ਼ਿਲ੍ਹਾ ਕਾਂਗੜਾ ਦੀ ਸਾਰੀ ਜ਼ਿਲ੍ਹਾ ਲੀਡਰਸ਼ਿਪ ਨੂੰ ਸਟੱਡੀ ਸਰਕਲ ਦੇ ਕੇ ਓਥੋਂ ਕਿਰਤੀ ਪਾਰਟੀ ਦੀ ਪਹਿਲੀ ਜ਼ਿਲ੍ਹਾ ਕਮੇਟੀ ਵਿਚ ਪਰਤ ਦਿੱਤਾ ਅਤੇ ਉਥੇ ਇਕ ਹੋਰ ਸਰਗਰਮ ਸਾਥੀ ਪਰਸ ਰਾਮ ਕੁਲਵਕਤੀ ਆਗੂ ਬਣਿਆ। ਜ਼ਿਲ੍ਹਾ ਸ਼ੇਖੂਪੁਰ ਵਿਚ ਮੇਰੇ ਵੱਲੋਂ ਲਾਏ ਸਟੱਡੀ ਸਰਕਲ ਨਾਲ ਕਾਮਰੇਡ ਸ਼ਰਧਾ ਸਿੰਘ, ਰਛਪਾਲ ਸਿੰਘ ਤੇ ਗੁਰਦਿਆਲ ਸਿੰਘ ਮੌਲਵੀ ਮੈਦਾਨ ਵਿਚ ਨਿੱਤਰੇ ਜਿਨ੍ਹਾਂ ਪਾਰਟੀ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਨਿਭਾਈਆਂ। ਲਾਲ ਸਿੰਘ ਕੰਵਰ ਕਾਂਗਰਸੀ ਆਗੂ ਵੀ ਕਾਮਰੇਡ ਕਰਨਾਣਾ ਦੇ ਸਟੱਡੀ ਸਰਕਲ ਤੋਂ ਕਿਰਤੀ ਪਾਰਟੀ ਵਿਚ ਸ਼ਾਮਲ ਹੋਇਆ।

ਕਾਮਰੇਡ ਵਿਸ਼ਨੂੰ ਦੱਤ ਨੇ ਅੰਮ੍ਰਿਤਸਰ ਦੇ ਕੁਝ ਮਜ਼ਦੂਰ ਸਾਥੀਆਂ ਦਾ ਸਕੂਲ ਲਾਇਆ ਜਿਸ ਨਾਲ ਮਿੱਲ ਦਾ ਕਲਰਕ ਬਾਲਕ ਰਾਮ ਟਰੇਡ ਯੂਨੀਅਨ ਵਰਕਰ ਬਣ ਕੇ ਉਭਰਿਆ। ਮੇਰੇ ਵੱਲੋਂ ਸਮੁੰਦਰੀ ਜ਼ਿਲ੍ਹਾ ਲਾਇਲਪੁਰ ਵਿਚ ਲਾਏ ਸਕੂਲ ਸਮੇਂ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨਾਲ ਸੰਬੰਧ ਜੁੜਿਆ। ਨੀਲੀ ਬਾਰ ਦੇ ਮੁਜਾਰਿਆਂ ਦੇ ਘੋਲ ਦਾ ਪ੍ਰਸਿੱਧ ਆਗੂ ਕਾਮਰੇਡ ਵਧਾਵਾ ਰਾਮ ਮੇਰੇ ਵੱਲੋਂ ਲਾਏ ਇਕ ਸਕੂਲ 'ਚੋਂ ਏਨਾ ਪ੍ਰਭਾਵਿਤ ਹੋਇਆ ਕਿ ਉਸਨੇ ਇਸ ਇਲਾਕੇ ਵਿਚ ਤਿੰਨ ਚਾਰ ਹੋਰ ਸਕੂਲ ਲਾਉਣ ਦੀ ਮੰਗ ਕੀਤੀ। ਨਤੀਜੇ ਵਜੋਂ ਇਸ ਇਲਾਕੇ ਵਿਚ ਹੋਰ ਅਨੇਕਾਂ ਵਰਕਰ ਪੈਦਾ ਹੋਏ ਤੇ ਮਿੰਟਗੁਮਰੀ ਦੀ ਜ਼ਿਲ੍ਹਾ ਕਮੇਟੀ ਸਥਾਪਤ ਹੋ ਗਈ।

ਜ਼ਿਲ੍ਹਾ ਲਾਹੌਰ ਵਿਚ ਭਾਰਤੀ ਕਮਿਊਨਿਸਟ ਪਾਰਟੀ ਦਾ ਜ਼ੋਰ ਸੀ। ਕਿਰਤੀ ਪਾਰਟੀ ਦੇ ਸਥਾਨਕ ਵਰਕਰ ਤਾਂ ਕਾਫੀ ਸਨ ਪਰ ਜ਼ਿਲ੍ਹਾ ਪੱਧਰ ਦਾ ਕੰਮ ਕਰਨ ਵਾਲਾ ਕੋਈ ਨਹੀਂ ਸੀ। ਇਸ ਜ਼ਿਲ੍ਹੇ ਵਿਚ ਸਟੱਡੀ ਸਰਕਲ ਲਾਉਣ ਦੀ ਡਿਊਟੀ ਮੇਰੀ ਸੀ। ਮੈਂ ਸਟੱਡੀ ਸਰਕਲਾਂ ਦੀ ਲੜੀ ਸ਼ੁਰੂ ਕੀਤੀ ਤਾਂ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕਾਮਰੇਡ ਜਗਜੀਤ ਸਿੰਘ ਅਨੰਦ ਨੇ ਵੀ ਇਹ ਕਾਰਜ ਸ਼ੁਰੂ ਕਰ ਦਿੱਤਾ। ਉਹ ਮੇਰੀ ਸਿੱਖਿਆ ਉਧੇੜ ਦਿੰਦੇ ਅਤੇ ਮੈਂ ਉਨ੍ਹਾਂ ਦੀ ਸਿੱਖਿਆ ਉੱਤੇ ਪਾਣੀ ਫੇਰ ਦਿੰਦਾ। ਇਸ ਉਧੇੜ ਬੁਨਣ ਕਰਕੇ ਸਾਨੂੰ ਆਸ ਤੋਂ ਘੱਟ ਸਫ਼ਲਤਾ ਮਿਲੀ। ਤਦ ਵੀ ਅਸੀਂ ਸੀ. ਪੀ. ਆਈ. ਦੀ ਜ਼ਿਲ੍ਹਾ ਲੀਡਰਸ਼ਿਪ ਦਾ ਇਕ ਥੰਮ੍ਹ ਕਾਮਰੇਡ ਕਰਤਾਰ ਸਿੰਘ ਕਰਤਾਰ ਆਪਣੇ ਵੱਲ ਖਿੱਚ ਲਿਆ। ਇਸ ਨੇ ਮੇਰੇ ਕੰਮ ਨੂੰ ਸੌਖਾ ਕਰ ਦਿੱਤਾ।

ਇਨ੍ਹਾਂ ਸਟੱਡੀ ਸਰਕਲਾਂ ਵਿਚ ਕਿਸੇ ਸਾਥੀ ਨੂੰ ਨੋਟ ਲੈਣ ਦੀ ਆਗਿਆ ਨਹੀਂ ਸੀ ਤਾਂ ਜੋ ਉਹ ਲੈਕਚਰ ਨੂੰ ਪੂਰੇ ਧਿਆਨ ਨਾਲ ਸੁਣ ਸਕੇ। ਲੈਕਚਰ ਦੇਣ ਵਾਲਾ ਸਾਥੀ ਲੈਕਚਰ ਪੂਰਾ ਹੋਣ ਮਗਰੋਂ ਸਾਰਿਆਂ ਨੂੰ ਸਵਾਲ ਲਿਖਾ ਦਿੰਦਾ ਸੀ। ਉਨ੍ਹਾਂ

ਸਵਾਲਾਂ ਦੇ ਸਹੀ ਜਵਾਬ ਵਿਚ ਦਿੱਤੇ ਲੈਕਚਰ ਦੇ ਸਾਰੇ ਨੁਕਤੇ ਆ ਜਾਂਦੇ ਸਨ।

ਮਈ ਤੇ ਜੂਨ ਦੇ ਦੋ ਮਹੀਨੇ ਤਾਂ ਇਹ ਸਕੂਲ ਬਿਨਾਂ ਚੌਕਸੀ ਦੇ ਲਾਏ ਗਏ ਪਰ ਫੜੋ-ਫੜੀ ਸ਼ੁਰੂ ਹੋਣ ਮਗਰੋਂ ਪੂਰੀ ਚੌਕਸੀ ਵਰਤੀ ਜਾਂਦੀ ਸੀ। ਕੋਈ ਸਾਥੀ ਬਿਨਾਂ ਪੁੱਛਿਆਂ-ਦੱਸਿਆਂ ਸਕੂਲ ਵਿਚੋਂ ਕਿਤੇ ਨਹੀਂ ਸੀ ਜਾ ਸਕਦਾ। ਹਰ ਇਕ ਨੂੰ ਸਕੂਲ ਦੇ ਸਾਰੇ ਦਿਨ ਮੁੜ ਘਰ ਜਾਣ ਦੀ ਆਗਿਆ ਨਹੀਂ ਸੀ।

ਇਨ੍ਹਾਂ ਸਟੱਡੀ ਸਰਕਲਾਂ ਨੇ 680 ਸਾਥੀ ਅਜਿਹੇ ਪੈਦਾ ਕੀਤੇ ਜਿਹੜੇ ਪਾਰਟੀ ਦੇ ਆਦੇਸ਼ ਵੇਲੇ ਆਪਣਾ ਸਾਰਾ ਕੰਮ ਛੱਡ ਕੇ ਉਸ ਆਦੇਸ਼ ਦੀ ਪਾਲਣਾ ਕਰਦੇ ਸਨ। ਸਾਰੇ ਜ਼ਿਲ੍ਹਿਆਂ ਅੰਦਰ ਪਾਰਟੀ ਦਾ ਜਥੇਬੰਦਕ ਢਾਂਚਾ ਖੜ੍ਹਾ ਹੋ ਗਿਆ।

ਹੁਣ ਇਕ ਸਵਾਲ ਉੱਠਦਾ ਹੈ ਕਿ ਥੱਲਿਓਂ ਉੱਪਰ ਤੱਕ ਅਜਿਹਾ ਜਥੇਬੰਦਕ ਢਾਂਚਾ ਖੜ੍ਹਾ ਕਰਨ ਲਈ ਕਿਰਤੀ ਪਾਰਟੀ ਦੇ ਆਗੂਆਂ ਨੇ ਪਹਿਲਾਂ ਅਜਿਹਾ ਹੰਭਲਾ ਕਿਉਂ ਨਹੀਂ ਸੀ ਮਾਰਿਆ ਜਦਕਿ 'ਕਿਰਤੀ' ਅਖ਼ਬਾਰ ਦੀ 1926 ਤੋਂ ਪ੍ਰਕਾਸ਼ਨਾ ਨਾਲ ਕਿਰਤੀ ਪਾਰਟੀ ਦਾ ਮੁੱਢ ਉਦੋਂ ਤੋਂ ਹੀ ਬੱਝ ਚੁੱਕਾ ਸੀ। ਫੇਰ ਗ਼ਦਰ ਪਾਰਟੀ ਦੇ ਲੱਗਭੱਗ ਸਾਰੇ ਆਗੂ ਜੇਲ੍ਹਾਂ ਤੋਂ ਬਾਹਰ ਆ ਕੇ ਅਥਵਾ ਬਹੁਤ ਸਾਰੇ ਸਾਥੀ ਮਾਰਕਸਵਾਦ ਦੀ ਪੜ੍ਹਾਈ ਕਰਕੇ ਇਸ ਘੇਰੇ ਵਿਚ ਸ਼ਾਮਲ ਹੋ ਗਏ ਸਨ।

ਇਸ ਸਵਾਲ ਦਾ ਜਵਾਬ ਇਹ ਹੈ ਕਿ ਜਿਥੇ ਕਿਰਤੀ ਪਾਰਟੀ ਦਾ ਕਮਿਊਨਿਸਟ ਕੌਮਾਂਤਰੀ ਨਾਲ ਗੂੜ੍ਹਾ ਸੰਬੰਧ ਸੀ ਉਥੇ ਕਮਿਊਨਿਸਟ ਕੌਮਾਂਤਰੀ ਨੇ ਭਾਰਤੀ ਕਮਿਊਨਿਸਟ ਪਾਰਟੀ ਨੂੰ ਪਾਰਟੀ ਵਜੋਂ ਮਾਨਤਾ ਦਿੱਤੀ ਹੋਈ ਸੀ। ਅਨੇਕਾਂ ਕਾਰਨਾਂ ਕਰਕੇ ਕਿਰਤੀ ਪਾਰਟੀ ਤੇ ਸੀ. ਪੀ. ਆਈ. ਦੀ ਏਕਤਾ ਨਹੀਂ ਸੀ ਹੋ ਸਕੀ। ਪਰ ਏਕਤਾ ਦੀ ਇੱਛਾ ਅਤੇ ਇਸ ਲਈ ਲਗਾਤਾਰ ਕੀਤੇ ਯਤਨਾਂ ਕਰਕੇ ਕਿਰਤੀ ਪਾਰਟੀ ਦੇ ਆਗੂ ਆਪਣੇ ਘੇਰੇ ਨੂੰ ਸੰਪੂਰਨ ਕਮਿਊਨਿਸਟ ਢਾਂਚੇ ਵਿਚ ਢਾਲਣ ਤੋਂ ਗੁਰੇਜ਼ ਕਰਦੇ ਰਹੇ। ਪਰ ਹੁਣ ਜੰਗ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਕਿ ਇਹ ਕਾਰਜ ਕੀਤੇ ਬਿਨਾਂ ਸਮੇਂ ਦੇ ਤਕਾਜ਼ਿਆਂ ਨੂੰ ਪੂਰਾ ਨਹੀਂ ਸੀ ਕੀਤਾ ਜਾ ਸਕਦਾ।

## ਸੰਸਾਰ ਜੰਗ ਦੇ ਬਿਖੜੇ ਸਮੇਂ ਕਿਰਤੀ ਪਾਰਟੀ ਵੱਲੋਂ ਜਨਤਕ ਲਹਿਰਾਂ ਦੀ ਉਸਾਰੀ

ਬਰਤਾਨੀਆ ਦੇ ਜਾਬਰ ਰਾਜ ਦੀ ਸਖ਼ਤੀ ਸਮੇਂ ਜਿਥੇ ਅਨੇਕਾਂ ਗੁਪਤ ਕਾਰਜ ਕਰਨੇ ਜ਼ਰੂਰੀ ਸਨ, ਉਥੇ ਕਿਰਤੀ ਪਾਰਟੀ ਦਾ ਅਸਲ ਕਾਰਜ ਜਨਤਕ ਲਹਿਰਾਂ ਦੀ ਉਸਾਰੀ ਲਗਾਤਾਰ ਜਾਰੀ ਰੱਖਣਾ ਜ਼ਰੂਰੀ ਨਹੀਂ ਸੀ ਸਗੋਂ ਇਸਦਾ ਹੋਰ ਵਿਸਥਾਰ ਕਰਨ ਦੀ ਲੋੜ ਸ਼ੀ। ਕਿਰਤੀ ਪਾਰਟੀ ਨੇ ਇਸ ਕਾਰਜ ਵਲ ਪੂਰੀ ਗੰਭੀਰਤਾ ਨਾਲ ਧਿਆਨ ਦਿੱਤਾ।

## ਕਿਸਾਨ ਫਰੰਟ

ਕਿਸਾਨਾਂ ਦੀ ਜਥੇਬੰਦੀ ਕਿਸਾਨ ਕਮੇਟੀ ਉਸਾਰਨ ਵਿਚ ਕਿਰਤੀ ਪਾਰਟੀ ਨੇ ਬਹੁਤ ਮੱਲਾਂ ਮਾਰੀਆਂ। ਭਾਵੇਂ ਉਦੋਂ ਵੀ ਕਮਿਊਨਿਸਟ ਕਿਰਤੀ ਪਾਰਟੀ ਅਤੇ ਹਿੰਦ ਕਮਿਊਨਿਸਟ ਪਾਰਟੀ ਵਿਚ ਵੰਡੇ ਹੋਏ ਸਨ, ਪਰ ਕਿਸਾਨ ਕਮੇਟੀ ਵਿਚ ਉਹ ਮਿਲ ਕੇ ਕੰਮ ਕਰਦੇ ਸਨ। ਅੱਜ ਵਾਂਗ ਨਹੀਂ ਕਿ ਜਿਤਨੇ ਕਮਿਊਨਿਸਟ ਧੜੇ, ਉਤਨੀਆਂ ਵੱਖਰੀਆਂ ਕਿਸਾਨ ਜਥੇਬੰਦੀਆਂ।

ਗ਼ਦਰੀ ਆਗੂਆਂ ਤੇ ਉਨ੍ਹਾਂ ਦੇ ਪ੍ਰਭਾਵ ਹੇਠਲੇ ਵਰਕਰਾਂ ਦੇ 1916 ਤੋਂ 1935 ਤਕ ਕੌਮੀ ਆਜ਼ਾਦੀ ਦੇ ਘੋਲ ਵਿਚ ਪਾਏ ਯੋਗਦਾਨ ਅਤੇ ਜਮਾਤੀ ਸੂਝ ਨਾਲ ਕਿਸਾਨੀ ਵਿਚ ਕੀਤੇ ਕੰਮਾਂ ਦਾ ਹੀ ਨਤੀਜਾ ਸੀ ਕਿ 1937 ਵਿਚ ਜਦੋਂ ਕਿਸਾਨ ਕਮੇਟੀ ਦੀ ਸਥਾਪਨਾ ਹੋਈ ਤਾਂ ਉਸਦੀ ਵਾਗਡੋਰ ਕਿਰਤੀ ਪਾਰਟੀ ਦੇ ਹੀ ਹੱਥ ਸੀ। ਲਗਭਗ ਇਹੋ ਹਾਲਤ ਥੱਲੇ ਜ਼ਿਲ੍ਹਾ ਕਮੇਟੀਆਂ ਵਿਚ ਸੀ।

ਪੰਜਾਬ ਕਿਸਾਨ ਕਮੇਟੀ ਦੇਂ ਪਹਿਲੇ ਪਰਧਾਨ ਬਾਬਾ ਜਵਾਲਾ ਸਿੰਘ (ਕਿਰਤੀ) ਜਨਰਲ ਸਕੱਤਰ ਬੀ. ਪੀ. ਐੱਲ. ਬੇਦੀ (ਕਿਰਤੀ ਸਮਰਥਕ ਸ਼ੋਸਲਿਸਟ) ਅਤੇ ਮੀਤ ਸਕੱਤਰ ਕਾਮਰੇਡ ਕਰਤਾਰ ਸਿੰਘ ਗਿੱਲ (ਕਿਰਤੀ) ਸਨ। ਉਦੋਂ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਕਿਸਾਨ ਕਮੇਟੀਆਂ ਨਹੀਂ ਸਨ, ਪਰ ਗੁਪਤ ਸਮੇਂ ਦੇ ਸੂਤਰਬੱਧ ਕੰਮ ਨਾਲ ਜ਼ਿਲ੍ਹਾ ਸ਼ੇਖੂਪੁਰ, ਮਿੰਟਗੁਮਰੀ ਤੇ ਮੁਲਤਾਨ ਅੰਦਰ 1940 ਵਿਚ ਜ਼ਿਲ੍ਹਾ ਕਾਂਗੜਾ, ਅੰਬਾਲਾ, ਸਿਆਲਕੋਟ ਗੁਜ਼ਰਾਂਵਾਲਾ ਤੇ ਸਰਗੋਧਾ ਵਿਚ ਤੇ ਪੰਜਾਬ ਦੀਆਂ ਰਿਆਸਤਾਂ ਵਿਚ 1941 ਵਿਚ ਵੀ ਜ਼ਿਲ੍ਹਾ ਕਮੇਟੀਆਂ ਹੋਂਦ ਵਿਚ ਆ ਗਈਆਂ ਸਨ। ਇਸ ਸਮੇਂ ਸਰਕਾਰ ਨੇ ਹਰ ਰਾਜਸੀ ਤੇ ਜਨਤਕ ਵਿਰੋਧਤਾ ਨੂੰ ਕੁਚਲ ਦੇਣ ਲਈ ਸਾਰੇ ਹਰਬੇ ਵਰਤੇ। ਆਗੂ ਤੇ ਸਰਗਰਮ ਵਰਕਰ ਬਿਨਾਂ ਮੁਕੱਦਮਾ ਚਲਾਏ ਬੇਮਿਆਦੇ ਸਮੇਂ ਲਈ ਜੇਲ੍ਹੀਂ ਡੱਕ ਦਿੱਤੇ ਗਏ। ਬਾਹਰ ਰਹਿ ਗਏ ਸਰਗਰਮ ਵਰਕਰਾਂ ਨੂੰ ਗੁਪਤ ਰਹਿ ਕੇ ਕੰਮ ਕਰਨ ਲਈ ਮਜਬੂਰ ਹੋਣਾ ਪਿਆ। ਇਹ ਸਮਾਂ ਪਾਰਟੀ ਦੀ ਅਸਲ ਸ਼ਕਤੀ ਦਾ ਇਮਤਿਹਾਨ ਸੀ। ਕਿਰਤੀ ਪਾਰਟੀ ਨੂੰ ਮਾਣ ਹੈ ਕਿ ਨਾ ਸਿਰਫ ਕੰਮ ਨੂੰ ਜਾਰੀ ਰੱਖਿਆ, ਸਗੋਂ ਹੋਰ ਵਧਾਇਆ।

ਸੂਬਾ ਕਿਸਾਨ ਕਮੇਟੀ ਵਿਚ ਕਿਰਤੀਆਂ ਦੇ ਕੀਤੇ ਕੰਮ ਕਰਕੇ 1938-39 ਦੇ ਸਰਬ ਹਿੰਦ ਸਮਾਗਮ ਵਿਚ ਬਾਬਾ ਸੋਹਣ ਸਿੰਘ ਭਕਨਾ ਨੂੰ ਪਰਧਾਨ, ਕਾਮਰੇਡ ਬੂਝਾ ਸਿੰਘ ਨੂੰ ਮੀਤ ਪਰਧਾਨ, ਕਾਮਰੇਡ ਹਰਬੰਸ ਸਿੰਘ ਕਰਨਾਣਾ ਨੂੰ ਮੀਤ ਸਕੱਤਰ, ਕਰਤਾਰ ਸਿੰਘ ਗਿੱਲ ਨੂੰ ਪੰਜਾਬ, ਕਸ਼ਮੀਰ, ਸਿੰਧ ਤੇ ਸੂਬਾ ਸਰਹੱਦ ਦਾ ਖੇਤਰੀ ਸਕੱਤਰ ਚੁਣਿਆ ਗਿਆ।

1941 ਵਿਚ ਪਕਾਲਾ (ਆਂਧਰਾ) ਵਿਖੇ ਸਰਬ ਹਿੰਦ ਕਿਸਾਨ ਸਮਾਗਮ ਵਿਚ

ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨੂੰ ਪਰਧਾਨ ਥਾਪਿਆ ਗਿਆ ਕਿਉਂਕਿ ਘੋਰ ਤਸ਼ੱਦਦ ਦੇ ਬਾਵਜੂਦ ਪੰਜਾਬ ਹੀ ਇਕ ਐਸਾ ਸੂਬਾ ਸੀ ਜਿਸ ਦਾ ਹਰ ਪੱਖੋਂ ਕੰਮ ਚਲਦਾ ਰਿਹਾ ਸੀ।

ਫਤਹਿਗੜ੍ਹ ਕੋਰਟਾਣਾ ਦੀ ਇਤਿਹਾਸਕ ਸੂਬਾ ਕਾਨਫ਼ਰੰਸ 21 ਤੋਂ 23 ਸਤੰਬਰ 1941 ਤੱਕ ਪੁਲਿਸ ਦੇ ਘੋਰ ਤਸ਼ੱਦਦ ਦੇ ਬਾਵਜੂਦ ਬੜੀ ਸਫ਼ਲਤਾ ਨਾਲ ਸੰਪਨ ਹੋਈ। ਕਾਨਫ਼ਰੰਸ ਦੇ ਇਕ ਤੋਂ ਬਾਅਦ ਬਣੇ ਚਾਰ ਪਰਧਾਨ ਅੱਗੜ-ਪਿੱਛੜ ਫੜੇ ਜਾਂਦੇ ਰਹੇ। ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਨੇ ਖੁਫ਼ੀਆ ਰਹਿ ਕੇ ਕਾਨਫ਼ਰੰਸ ਦਾ ਸੰਚਾਲਨ ਕੀਤਾ। ਨਵੀਂ ਔਰਤ ਵਰਕਰ ਸੁਸ਼ੀਲ ਕੁਮਾਰੀ ਨੇ ਹੱਡ-ਭੰਨਵੀਂ ਮਿਹਨਤ ਕਰਕੇ ਇਸਤਰੀਆਂ ਨੂੰ ਭਾਰੀ ਗਿਣਤੀ ਵਿਚ ਲਾਮਬੰਦ ਕੀਤਾ। ਇਸ ਕਾਨਫ਼ਰੰਸ ਦੀ ਸਫ਼ਲਤਾ ਕਿਰਤੀ ਪਾਰਟੀ ਦੇ ਗੁਪਤ ਤੇ ਖੁਲ੍ਹੇ ਜਨਤਕ ਕੰਮ ਦੇ ਸੁਮੇਲ ਦਾ ਸਪੱਸ਼ਟ ਵਿਖਾਵਾ ਸੀ।

ਦੂਜੀ ਖ਼ਾਸ ਵਰਨਣ ਯੋਗ ਗੱਲ ਇਹ ਹੈ ਕਿ ਉਸ ਸਮੇਂ ਪਿੰਡ-ਪਿੰਡ ਮੈਂਬਰਸ਼ਿਪ ਕਰਕੇ ਪਿੰਡ, ਇਲਾਕਾ, ਜ਼ਿਲ੍ਹਾ ਅਤੇ ਸੂਬਾ ਕਿਸਾਨ ਕਮੇਟੀ ਦੀ ਚੋਣ ਬਾਕਾਇਦਾ ਡੈਲੀਗੇਟ ਚੁਣਕੇ ਹੁੰਦੀ ਸੀ। ਹਰ ਪੱਧਰ 'ਤੇ ਕਮੇਟੀਆਂ ਬਹੁਤ ਸੁਚੱਜੇ ਢੰਗ ਨਾਲ ਫੰਕਸ਼ਨ ਕਰਦੀਆਂ ਸਨ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕਲ੍ਹ ਸਥਾਨਕ ਕਮੇਟੀਆਂ ਤਾਂ ਕੀ, ਬਾਕਾਇਦਾ ਮੈਂਬਰਸ਼ਿਪ ਵੀ ਨਹੀਂ ਹੁੰਦੀ। ਸੂਬਾ ਪੱਧਰੀ ਫੱਟੇ ਬਹੁਤ ਹਨ।

### ਮਜ਼ਦੂਰ ਫਰੰਟ

ਕਿਰਤੀ ਪਾਰਟੀ ਨੇ ਮਜ਼ਦੂਰਾਂ ਦੇ ਕੰਮ ਵਲ ਲਗਾਤਾਰ ਧਿਆਨ ਦਿੱਤਾ। ਉਦਾਹਰਣ ਵਜੋਂ ਕਾਮਰੇਡ ਭਗਤ ਸਿੰਘ ਬਿਲਗਾ ਨੇ ਮਾਸਕੋ ਤੋਂ ਪਰਤਦਿਆਂ ਹੀ ਸੀ. ਪੀ. ਆਈ. ਦੇ ਕੇਂਦਰ ਨਾਲ ਸੰਪਰਕ ਕੀਤਾ ਅਤੇ ਉਸਦੀ ਹਦਾਇਤ ਅਨੁਸਾਰ ਕਲਕੱਤਾ, ਖੜਗਪੁਰ ਤੇ ਕਾਨ੍ਹਪੁਰ ਦੇ ਮਜ਼ਦੂਰਾਂ ਵਿਚ ਕੰਮ ਕੀਤਾ। ਕਾਮਰੇਡ ਪੂਰਨ ਸਿੰਘ ਰੁੜਕਾ ਕਲਾਂ ਨੇ ਵੀ ਕੁਝ ਥਾਈਂ ਉਨ੍ਹਾਂ ਦੇ ਨਾਲ ਹੀ ਡਿਊਟੀ ਦਿੱਤੀ।

ਟਾਟਾ ਨਗਰ ਉਸ ਸਮੇਂ ਦੇਸ਼ ਦਾ ਇਕੋ ਇਕ ਫੌਲਾਦ ਦਾ ਵੱਡਾ ਕੇਂਦਰ ਸੀ। ਪਰ ਉਥੇ ਸੀ. ਪੀ. ਆਈ. ਨੇ ਕੋਈ ਕੰਮ ਨਹੀਂ ਸੀ ਕੀਤਾ। ਕਿਰਤੀ ਪਾਰਟੀ ਦੇ ਕਾਮਰੇਡ ਹਜ਼ਾਰਾ ਸਿੰਘ ਨੇ ਊਟੀ ਬੰਬ ਕੇਸ ਦੀ ਸਜ਼ਾ ਭੁਗਤਣ ਪਿੱਛੋਂ ਮੰਗ ਕੇ ਉਥੇ ਕੰਮ ਦੀ ਡਿਊਟੀ ਲਈ ਅਤੇ ਪ੍ਰਭਾਵਸ਼ਾਲੀ ਮਜ਼ਦੂਰ ਯੂਨੀਅਨ ਖੜ੍ਹੀ ਕੀਤੀ। ਉਨ੍ਹਾਂ ਨੂੰ ਉਥੇ ਹੀ ਪਿਕਟਿੰਗ ਕਰਦਿਆਂ ਮਾਲਕਾਂ ਵੱਲੋਂ ਉਸ ਉੱਤੇ ਟਰੱਕ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ। ਫੇਰ ਕਾਮਰੇਡ ਨੈਣਾ ਸਿੰਘ ਧੂਤ ਨੂੰ ਕਿਰਤੀ ਪਾਰਟੀ ਨੇ ਉਥੇ ਕੰਮ ਕਰਨ ਲਈ ਨਿਯੁਕਤ ਕੀਤਾ। ਉਨ੍ਹਾਂ ਦੇ ਗ੍ਰਿਫਤਾਰ ਹੋਣ ਮਗਰੋਂ ਕਾਮਰੇਡ ਬੂਝਾ ਸਿੰਘ ਨੇ ਕੰਮ ਨੂੰ ਜਾਰੀ ਰੱਖਿਆ, ਪਰ ਕੁਝ ਸਮੇਂ ਮਗਰੋਂ ਉਹ ਵੀ ਗ੍ਰਿਫਤਾਰ ਕਰ ਲਏ ਗਏ। 1941 ਵਿਚ

ਨਵੀਂ ਪਾਰਟੀ ਲੀਡਰਸ਼ਿਪ ਨੇ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਤੇ ਗੰਧਰਵ ਸੇਨ ਨੂੰ ਉਥੇ ਭੇਜਿਆ, ਪਰ ਉਹ ਵੀ ਕੁਝ ਸਮੇਂ ਮਗਰੋਂ ਗ੍ਰਿਫਤਾਰ ਹੋ ਗਏ। ਫੇਰ ਕਿਰਤੀ ਲੀਡਰਸ਼ਿਪ ਨੇ ਨਿਰਣਾ ਕੀਤਾ ਕਿ ਪੰਜਾਬ ਤੋਂ ਵਰਕਰ ਭੇਜ ਕੇ ਉਥੇ ਕੰਮ ਕਰਨਾ ਸੰਭਵ ਨਹੀਂ। ਬੋਲੀ ਤੇ ਪਹਿਰਾਵੇ ਦੇ ਫਰਕ ਕਰਕੇ ਪੰਜਾਬੀ ਸਾਥੀਆਂ ਦੀ ਪਹਿਚਾਣ ਛੇਤੀਂ ਕਰ ਲਈ ਜਾਂਦੀ ਹੈ। ਫੇਰ ਅਸੀਂ ਉਥੋਂ ਦੇ ਇਕ ਵਰਕਰ ਅਬੁਲ ਔਲਾ ਨੂੰ ਪੰਜਾਬ ਬੁਲਾ ਕੇ ਮਜ਼ਦੂਰਾਂ ਵਿਚ ਕੰਮ ਕਰਨ ਦੀ ਸਿਖਿਆ ਦੇ ਕੇ ਉਥੇ ਨਿਯੁਕਤ ਕੀਤਾ।

ਲਾਹੌਰ ਰੇਲਵੇ ਵਰਕਸ਼ਾਪ ਵਿਚ ਮਿਰਜ਼ਾ ਇਬਰਾਹੀਮ ਅਤੇ ਬਾਬਾ ਕਰਤਾਰ ਸਿੰਘ ਜਿਹੇ ਉੱਘੇ ਕਿਰਤੀ ਵਰਕਰ ਸਨ। 1940 ਵਿਚ ਉਥੇ ਪਾਰਟੀ ਸਕੂਲ ਲਾ ਕੇ 15 ਪਾਰਟੀ ਮੈਂਬਰ ਬਣਾ ਲਏ ਗਏ। ਇਨ੍ਹਾਂ 'ਚੋਂ ਕਰਮ ਇਲਾਹੀ, ਬਸ਼ੀਰ, ਲਈਕ ਅਹਿਮਦ ਵਰਕਰ ਬਣੇ। ਇਸ ਯੂਨੀਅਨ ਦਾ ਸਰਵ ਹਿੰਦ ਰੇਲਵੇਮੈਨ ਯੂਨੀਅਨ ਨਾਲ ਇਲਹਾਕ ਕਰਵਾਇਆ ਗਿਆ।

ਲਾਹੌਰ ਦੇ ਬਦਾਮੀ ਬਾਗ਼ ਵਿਚ ਆਇਰਨ ਐਂਡ ਸਟੀਲ ਦੇ ਦੋਹਾਂ ਕਾਰਖਾਨਿਆਂ, ਰਾਮਗੜ੍ਹ ਵਿਚ ਨਾਰੰਗ ਸਟੀਲ ਫੈਕਟਰੀ ਅਤੇ ਪ੍ਰੈਸ ਵਰਕਰਜ਼ ਯੂਨੀਅਨ ਵਿਚ ਕਿਰਤੀ ਪਾਰਟੀ ਦਾ ਬੋਲਬਾਲਾ ਸੀ। ਬਿਜਲੀ ਦੀ ਯੂਨੀਅਨ ਵਿਚ ਕਾਮਰੇਡ ਰਾਮਨਾਥ ਤੇ ਸੋਹਣ ਸਿੰਘ ਖੁੰਢਾ ਕਿਰਤੀ ਆਗੂ ਸਨ। ਸ਼ਾਪ ਅਸਿਸਟੈਂਟ ਯੂਨੀਅਨ ਵਿਚ ਧਰਮਵੀਰ, ਪ੍ਰਭਦਿਆਲ ਅਤੇ ਮਾਸਟਰ ਰਾਮ ਨਾਥ ਦਾ ਛੋਟਾ ਭਾਈ ਅਥਵਾ ਬਾਲਟੀਆਂ ਬਣਾਉਣ ਵਾਲਿਆਂ ਵਿਚ ਡਾਕਟਰ ਬਾਗ ਅਲੀ ਤੇ ਵੇਦ ਪ੍ਰਕਾਸ਼ ਸਰਗਰਮ ਸਨ।

ਮਜ਼ਦੂਰ ਕੰਮ ਦਾ ਦੂਜਾ ਵੱਡਾ ਕੇਂਦਰ ਅੰਮ੍ਰਿਤਸਰ ਸੀ। ਇਥੇ ਬਹੁਤਾ ਕੰਮ ਟੈਕਸਟਾਈਲ ਦਾ ਸੀ। ਕਿਰਤੀ ਪਾਰਟੀ ਨੇ ਟੈਕਸਟਾਈਲ ਯੂਨੀਅਨ ਜਥੇਬੰਦ ਕੀਤੀ, ਜਿਸਦਾ ਪਰਧਾਨ ਰਾਮ ਸਿੰਘ ਘਾਲਾਮਾਲਾ, ਮੀਤ ਪਰਧਾਨ ਸੱਤਪਾਲ ਚੋਪੜਾ, ਜਨਰਲ ਸਕੱਤਰ ਮਹਾਸ਼ਾ ਉੱਤਮ ਚੰਦ ਸਨ। ਕਾਮਰੇਡ ਵਿਸ਼ਨੂੰ ਦੱਤ ਸ਼ਰਮਾ ਦੇ ਜ਼ਿਲ੍ਹਾ ਗੁਰਦਾਸਪੁਰ ਵਿਚ ਵਾਰੰਟ ਨਿਕਲ ਗਏ ਤਾਂ ਉਹ ਰੂਪ ਬਦਲ ਕੇ ਅੰਮ੍ਰਿਤਸਰ ਆ ਕੇ ਇਸ ਯੂਨੀਅਨ ਵਿਚ ਸਰਗਰਮ ਹੋ ਗਿਆ। ਉਸਦੀ ਸਿਖਿਆ ਨਾਲ ਮਾਸਟਰ ਮਿਲਖੀ ਰਾਮ, ਉਮਿੰਦਰ ਸਿੰਘ ਤੇ ਬਾਲਕ ਰਾਮ ਨਵੇਂ ਵਰਕਰ ਬਣੇ। ਇਮਾਰਤੀ ਵਰਕਰਜ਼ ਯੂਨੀਅਨ (ਆਗੂ ਪ੍ਰੀਤਮ ਸਿੰਘ ਕਲਸੀ), ਸਟੀਲ ਵਰਕਰਜ਼ ਯੂਨੀਅਨ ਅਤੇ ਪ੍ਰੈਸ ਵਰਕਰਜ਼ ਯੂਨੀਅਨ ਵਿਚ ਵੀ ਕਿਰਤੀ ਪਾਰਟੀ ਦੀ ਬੱਲੇ-ਬੱਲੇ ਸੀ।

ਉਕਾੜਾ ਕਾਟਲ ਮਿੱਲ ਵਿਚ ਮਜ਼ਦੂਰਾਂ ਦੀ ਜਥੇਬੰਦੀ ਦਾ ਮੁੱਢ ਬੰਨ੍ਹਿਆ ਗਿਆ। ਕਾਮਰੇਡ ਕੁੰਜ ਬਿਹਾਰੀ ਲਾਲ ਨੇ ਬੜੇ ਸਿਰੜ ਨਾਲ ਕੰਮ ਕਰਕੇ 8 ਮਹੀਨੇ ਅੰਦਰ ਤਕੜੀ ਯੂਨੀਅਨ ਖੜ੍ਹੀ ਕਰ ਦਿੱਤੀ। ਉਕਾੜਾ ਦੇ ਮਜ਼ਦੂਰਾਂ ਵਿਚ ਬਹੁਗਿਣਤੀ ਮੁਸਲਮਾਨਾਂ ਦੀ ਹੋਣ ਕਰਕੇ ਕਾਦੀਆਂ 'ਚੋਂ ਨਿਕਲੇ ਨਵੇਂ ਵਰਕਰ ਅਬਦੁਲ ਸਲਾਮ ਨੂੰ

ਉਥੇ ਭੇਜਿਆ ਗਿਆ। ਡੇਢ ਸਾਲ ਦੇ ਹੱਡ ਭੰਨ ਕੰਮ ਨਾਲ 2600 ਮੈਂਬਰਸ਼ਿਪ ਦੀ ਟੈਕਸਟਾਈਲ ਵਰਕਰਜ਼ ਯੂਨੀਅਨ ਖੜ੍ਹੀ ਕਰਕੇ ਉਸਦਾ ਆਲ ਇੰਡੀਆ ਟਰੇਡ ਯੂਨੀਅਨ ਨਾਲ ਇਲਹਾਕ ਕਰ ਦਿੱਤਾ ਗਿਆ।

ਲੁਧਿਆਣਾ ਵਿਚ ਹੌਜ਼ਰੀ ਵਿਚ ਖਾਸ ਕਰਕੇ ਅਤੇ ਹੋਰ ਮਜ਼ਦੂਰਾਂ ਵਿਚ ਵੀ ਕਿਰਤੀ ਪਾਰਟੀ ਦਾ ਕੰਮ ਸੀ। ਜਲੰਧਰ ਸ਼ਹਿਰ ਦੇ ਹੌਜ਼ਰੀ ਵਰਕਰਾਂ ਵਿਚ ਟਹਿਲ ਸਿੰਘ ਬਾਗ਼ੀ ਅਤੇ ਅੱਪਰਾ ਦੀ ਹੌਜ਼ਰੀ ਵਿਚ ਕਾਮਰੇਡ ਮੁਹੰਮਦ ਅਨਵਰ ਤੇ ਗਵਰਧਨ ਦਾਸ, ਧਾਰੀਵਾਲ ਦੀ ਵੂਲਨ ਮਿੱਲ ਵਿਚ ਕਾਮਰੇਡ ਛੱਜੂ ਮੱਲ ਵੈਦ, ਅਬਦੁੱਲਾਪੁਰ ਜ਼ਿਲ੍ਹਾ ਅੰਬਾਲਾ ਦੀ ਕਾਗਜ਼ ਮਿੱਲ ਵਿਚ ਕਾਮਰੇਡ ਨਾਥੀ ਰਾਮ ਅਥਵਾ ਬਟਾਲਾ ਦੀ ਤਾਂਗਾ ਯੂਨੀਅਨ ਵਿਚ ਸ਼ੋਰੀ ਲਾਲ ਕਿਰਤੀ ਆਗੂ ਸਨ।

ਕਲਕੱਤਾ ਵਿਖੇ ਮੋਟਰ ਟਰਾਂਸਪੋਰਟ ਵਰਕਰਜ਼ ਯੂਨੀਅਨ ਅੰਦਰ ਕਿਰਤੀ ਪਾਰਟੀ ਦੇ ਸਾਥੀ ਸਰਗਰਮ ਸਨ। ਦਿੱਲੀ ਅੰਦਰ ਵੀ ਕੁਝ ਖਿੰਡਵਾ ਕੰਮ ਸੀ। ਬੰਗਾ, ਹੁਸ਼ਿਆਰਪੁਰ, ਸਿਆਲਕੋਟ ਅਤੇ ਫ਼ਿਰੋਜ਼ਪੁਰ ਵਿਚ ਵੀ ਕਿਰਤੀ ਪ੍ਰਭਾਵ ਹੇਠ ਛੋਟੀਆਂ-ਛੋਟੀਆਂ ਯੂਨੀਅਨਾਂ ਸਨ। 1940-41 ਦੇ ਇਕ ਸਾਲ ਦੇ ਸਮੇਂ ਅੰਦਰ 30 ਮਜ਼ਦੂਰ ਹੜਤਾਲਾਂ ਹੋਈਆਂ। ਇਨ੍ਹਾਂ ਹੜਤਾਲਾਂ ਦੀ ਕਿਸਾਨਾਂ ਨੇ ਰਾਸ਼ਨ, ਫੰਡ ਤੇ ਵਲੰਟੀਅਰ ਦੇ ਕੇ ਮੱਦਦ ਕੀਤੀ। ਇਸ ਇਕ ਸਾਲ ਅੰਦਰ ਮਜ਼ਦੂਰਾਂ ਅੰਦਰ ਨਿਤ ਦੇ ਕੰਮ ਕਰਨ ਨਾਲ ਵੱਖ-ਵੱਖ ਸ਼ਹਿਰਾਂ ਅੰਦਰ ਯੂਨੀਅਨਾਂ ਖੜ੍ਹੀਆਂ ਹੋ ਜਾਣ ਮਗਰੋਂ ਕਿਰਤੀ ਪਾਰਟੀ ਦੀ ਲੀਡਰਸ਼ਿਪ ਨੇ ਫੈਸਲਾ ਕੀਤਾ ਕਿ ਜਿਨ੍ਹਾਂ ਯੂਨੀਅਨਾਂ ਦਾ ਸਰਬ-ਹਿੰਦ ਟਰੇਡ ਯੂਨੀਅਨ ਨਾਲ ਇਲਹਾਕ ਹੋ ਚੁੱਕਾ ਹੈ, ਉਨ੍ਹਾਂ ਦੇ ਪ੍ਰਤੀਨਿਧਾਂ ਨੂੰ ਇਕੱਠੇ ਕਰਕੇ ਪੰਜਾਬ ਟਰੇਡ ਯੂਨੀਅਨ ਦਾ ਗਠਨ ਕੀਤਾ ਜਾਵੇ।

ਸਾਥੀ ਰਾਮ ਨਾਥ ਸ਼ਰਮਾ ਦੀ ਡਿਊਟੀ ਸੀ. ਪੀ. ਆਈ. ਦੇ ਮਜ਼ਦੂਰ ਕੰਮ ਕਰਨ ਵਾਲੇ ਆਗੂਆਂ ਨਾਲ ਸੰਪਰਕ ਕਰਨ ਦੀ ਲਾਈ ਗਈ। ਨਤੀਜੇ ਵਜੋਂ ਆਲ ਇੰਡੀਆ ਟਰੇਡ ਯੂਨੀਅਨ ਨਾਲ ਜੁੜੀਆਂ 17 ਯੂਨੀਅਨਾਂ ਦੇ ਪ੍ਰਤੀਨਿਧਾਂ ਦੀ ਮੀਟਿੰਗ ਲਾਹੌਰ ਵਿਚ ਹੋਈ। ਇਸ ਵਿਚ ਲਾਹੌਰ, ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ, ਧਾਰੀਵਾਲ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਫ਼ਿਰੋਜ਼ਪੁਰ, ਲਾਇਲਪੁਰ, ਉਕਾੜਾ, ਸਿਆਲਕੋਟ, ਗੁੱਜਰਾਂਵਾਲਾ, ਰਾਵਲਪਿੰਡੀ ਤੇ ਮੁਲਤਾਨ ਦੀਆਂ ਯੂਨੀਅਨਾਂ ਸ਼ਾਮਲ ਹੋਈਆਂ। ਪਿਛਲੇ ਤਿੰਨ ਸ਼ਹਿਰਾਂ ਦੀਆਂ ਯੂਨੀਅਨਾਂ ਬਹੁਤਾ ਕਰਕੇ ਸੀ. ਪੀ. ਆਈ. ਨਾਲ ਸੰਬੰਧਤ ਸਨ। ਲਾਹੌਰ ਤੇ ਅੰਮ੍ਰਿਤਸਰ ਤੋਂ ਵੀ ਕੁਝ ਪ੍ਰਤੀਨਿਧ ਸੀ. ਪੀ. ਆਈ. ਦੇ ਸਨ, ਪਰ ਬਹੁਤੀ ਗਿਣਤੀ ਕਿਰਤੀ ਪ੍ਰਤੀਨਿਧਾਂ ਦੀ ਸੀ। ਸੂਬਾ ਪਰਧਾਨ ਸੀ. ਪੀ. ਆਈ. ਦਾ ਪ੍ਰੋਫੈਸਰ ਅਬਦੁੱਲਾ ਸਫ਼ਦਰ ਅਤੇ ਜਨਰਲ ਸਕੱਤਰ ਕਿਰਤੀ ਪਾਰਟੀ ਦਾ ਮਾਸਟਰ ਰਾਮ ਨਾਥ ਚੁਣਿਆ ਗਿਆ। ਸਮਾਗਮ ਦੀ ਰਿਪੋਰਟ ਅਨੁਸਾਰ ਪਿਛਲੇ ਇਕ ਸਾਲ ਵਿਚ 30

ਹੜਤਾਲਾਂ ਹੋਈਆਂ ਸਨ। ਸਮਾਗਮ ਤੋਂ ਛੇਤੀਂ ਮਗਰੋਂ ਹੋਰ ਯੂਨੀਅਨਾਂ ਨੇ ਆਪਣਾ ਨਾਤਾ ਪੰਜਾਬ ਟਰੇਡ ਯੂਨੀਅਨ ਨਾਲ ਜੋੜਿਆ।

ਕਾਮਰੇਡ ਰਾਮ ਨਾਥ ਸ਼ਰਮਾ ਪੰਜਾਬ ਟਰੇਡ ਯੂਨੀਅਨ ਵੱਲੋਂ ਸਰਬ-ਹਿੰਦ ਟਰੇਡ ਯੂਨੀਅੰਨ ਦੇ ਫਰਵਰੀ 1942 ਦੇ ਲਖਨਊ ਸਮਾਗਮ ਵਿਚ ਸ਼ਾਮਲ ਹੋਏ। ਉਹ ਉਥੋਂ ਵਾਪਸ ਮੁੜਦੇ ਗ੍ਰਿਫਤਾਰ ਕਰ ਲਏ ਗਏ ਸਨ।

### ਔਰਤ ਫਰੰਟ

ਕਿਰਤੀ ਪ੍ਰਾਰਟੀ ਕੋਲ ਬੀਬੀ ਰਘਬੀਰ ਕੌਰ ਇਕ ਬਹੁਤ ਵਧੀਆ ਇਸਤਰੀ ਆਗੂ ਸੀ। ਉਹ ਪ੍ਰਭਾਵਸ਼ਾਲੀ ਤਕਰੀਰ ਕਰਦੀ ਸੀ। ਉਹ ਕਿਰਤੀ ਪਾਰਟੀ ਵੱਲੋਂ ਅਸੰਬਲੀ ਦੀ ਮੈਂਬਰ ਵੀ ਬਣੀ।

ਸ਼ਕੁੰਤਲਾ ਸ਼ਾਰਦਾ ਆਪਣੇ ਭਰਾ ਸ਼ਿਵ ਕੁਮਾਰ ਸ਼ਾਰਦਾ ਦੇ ਪਰਭਾਵ ਅਧੀਨ ਰਾਜਸੀ ਮੈਦਾਨ ਵਿਚ ਆਈ। ਉਸਦਾ ਵਿਆਹ ਕਾਮਰੇਡ ਕੁੰਜ ਬਿਹਾਰੀ ਨਾਲ ਇਸ ਪ੍ਰਤਿਗਿਆ ਨਾਲ ਹੋਇਆ ਸੀ ਕਿ ਦੋਹਾਂ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਕੰਮ ਕਰਨਾ ਹੈ।

ਕਾਮਰੇਡ ਦੇਵ ਦਤ ਅਟੱਲ ਦੇਵ ਸਮਾਜ ਕਾਲਜ ਲਾਹੌਰ ਵਿਚ ਅਧਿਆਪਕ ਸੀ ਅਤੇ ਢੰਗ-ਢੰਗ ਨਾਲ ਦੇਸ਼ਭਗਤੀ ਅਤੇ ਸੋਸ਼ਲਿਜ਼ਮ ਦੀ ਸਿਖਿਆ ਦਿੰਦਾ ਸੀ। ਉਸਦੀ ਸਿਖਿਆ ਨਾਲ ਸ਼ਕੁੰਤਲਾ ਸ਼ਾਰਦਾ, ਸੁਸ਼ੀਲ ਕੁਮਾਰੀ, ਸ਼ਕੁੰਤਲਾ ਤ੍ਰੇਹਣ ਅਤੇ ਕਈ ਹੋਰ ਲੜਕੀਆਂ ਦੇਸ਼ ਭਗਤੀ ਅਤੇ ਮਾਰਕਸਵਾਦ ਵਲ ਮਾਇਲ ਹੋਈਆਂ। ਇਕ ਹੋਰ ਰਾਜਸਥਾਨੀ ਪ੍ਰੋਫੈਸਰ ਯਗਯਾਵਲਕ ਵੀ ਇਸੇ ਭਾਂਤ ਦੀ ਸਿਖਿਆ ਦਿੰਦਾ ਸੀ। ਉਸਦੀ ਸਿਖਿਆ ਨਾਲ ਉਰਮਲਾ, ਸੁਹੇਲ, ਵਤਸਲਾ ਤੇ ਊਸ਼ਾ ਇਸ ਪਾਸੇ ਮਾਇਲ ਹੋਈਆਂ।

ਸੁਸ਼ੀਲਾ ਦੇ ਪਿਤਾ ਬਟਾਲਾ ਦੇ ਵਸਨੀਕ ਸਨ। ਉਨ੍ਹਾਂ ਨੂੰ ਉਨ੍ਹਾਂ ਦੇ ਬਜਰੀ ਵਾਲੇ ਸਾਂਝੀਦਾਰ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਸੀ। ਸੁਸ਼ੀਲਾ ਆਪਣੇ ਪਿਤਾ ਦਾ ਬਦਲਾ ਲੈਣ ਲਈ ਜਾਸੂਸੀ ਨਾਵਲ ਪੜ੍ਹਿਆ ਕਰਦੀ ਸੀ ਜਾਂ ਇਨਕਲਾਬੀਆਂ ਦੇ ਜੀਵਨ ਅਥਵਾ ਅਜਿਹੇ ਕਾਰਜ ਕਰਨ ਵਾਲੀ ਪਾਰਟੀ ਦੀ ਤਲਾਸ਼ ਵਿਚ ਸੀ।

18 ਸਾਲ ਦੀ ਉਮਰ ਵਿਚ ਬਾਲਗ ਹੋ ਕੇ ਉਸਨੇ ਜੁਲਾਈ 1941 'ਚ ਆਪਣਾ ਘਰ ਛੱਡ ਦਿੱਤਾ ਅਤੇ ਲਾਹੌਰ ਸ਼ਕੁੰਤਲਾ ਸ਼ਾਰਦਾ ਕੋਲ ਪਹੁੰਚ ਗਈ। ਸ਼ਕੁੰਤਲਾ ਨੇ ਮੇਰੇ ਤੇ ਕਰਨਾਣਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਫੈਸਲਾ ਕੀਤਾ ਕਿ ਘਰੋਂ ਦੱਸੇ ਪੁੱਛੇ ਬਿਨਾਂ ਆਈ ਲੜਕੀ ਸਾਂਭਣਾ ਖ਼ਤਰਾ ਮੁੱਲ ਲੈਣ ਵਾਲੀ ਗੱਲ ਹੈ। ਇਸ ਲਈ ਸੁਸ਼ੀਲਾ ਨੂੰ ਭੈਅਭੀਤ ਕਰਕੇ ਘਰ ਮੋੜਨ ਲਈ ਮੈਂ ਸੁਸ਼ੀਲਾ ਨੂੰ ਮਿਲਿਆ ਅਤੇ ਕਈ ਤਰ੍ਹਾਂ ਦੇ ਖ਼ਤਰਿਆਂ ਦਾ ਭਿਆਨਕ ਨਕਸ਼ਾ ਪੇਸ਼ ਕੀਤਾ। ਸੁਸ਼ੀਲਾ ਦਾ ਸੰਖੇਪ ਉੱਤਰ ਇਹ ਸੀ ਕਿ

ਉਹ ਸਭ ਕੁਝ ਸੋਚ ਸਮਝ ਕੇ ਪਾਰਟੀ ਵਿਚ ਸ਼ਾਮਲ ਹੋਣ ਲਈ ਆਈ ਹੈ। ਅਸੀਂ ਉਸਨੂੰ ਕੋਟ ਸੋਂਹਦੇ ਕਾਮਰੇਡ ਮੁਹੱਬਤ ਸਿੰਘ ਦੀਆਂ ਭੈਣਾਂ ਤੇ ਪਤਨੀ ਕੋਲ ਭੇਜ ਦਿੱਤਾ ਤਾਂ ਜੋ ਉਹ ਸੁਸ਼ੀਲਾ ਨੂੰ ਕਿਸੇ ਤਰ੍ਹਾਂ ਵਾਪਸ ਮੁੜ ਜਾਣ ਲਈ ਮਨਾ ਲੈਣ।

ਕਈ ਦਿਨ ਮਗਰੋਂ ਉਸਨੇ ਕਿਸੇ ਹੱਥ ਪਾਰਟੀ ਨੂੰ ਲਿਖ ਕੇ ਭੇਜ ਦਿੱਤਾ ਕਿ ਉਹ ਛੁੱਟੀਆਂ ਕੱਟਣ ਨਹੀਂ ਆਈ, ਪਾਰਟੀ ਕੋਈ ਕੰਮ ਦੇਵੇ। ਓਧਰ ਸ਼ਕੁੰਤਲਾ ਸ਼ਾਰਦਾ ਨੇ ਦੱਸਿਆ ਕਿ ਓਹ ਇਸ ਕੁੜੀ ਨੂੰ ਜਾਣਦੀ ਹੈ, ਇਹ ਸੱਚੇ ਦਿਲੋਂ ਕੰਮ ਕਰਨਾ ਚਾਹੁੰਦੀ ਹੈ, ਇਸ ਨੂੰ ਮੋੜੇ ਨਾ। ਸੋ ਫੈਸਲਾ ਹੋਇਆ ਕਿ ਉਸਨੂੰ ਮੂਲ ਸਿਧਾਂਤਾਂ ਦੀ ਪੜ੍ਹਾਈ ਦੇ ਕੇ ਕੋਈ ਪਾਰਟੀ ਕੰਮ ਦਿੱਤਾ ਜਾਏ।

ਉਸਨੂੰ ਇਕ ਪਾਰਟੀ ਹਮਦਰਦ ਦੇ ਘਰ ਰੱਖਕੇ ਮੈਂ ਇਕ ਹਫਤਾ ਦੋ-ਦੋ ਘੰਟੇ ਦੇ ਲੈਕਚਰ ਦਿੱਤੇ। ਅਗਲੇ ਲੈਚਕਰ ਤੋਂ ਪਹਿਲਾਂ ਪਿਛਲੇ ਲੈਕਚਰ ਬਾਰੇ ਸਵਾਲ ਕੀਤੇ ਜਾਂਦੇ ਤਾਂ ਉਹ ਲਗਭਗ ਠੀਕ ਜਵਾਬ ਦਿੰਦੀ। ਇਸ ਤੋਂ ਸਾਨੂੰ ਯਕੀਨ ਹੋ ਗਿਆ ਕਿ ਉਹ ਪਾਰਟੀ ਵੱਲੋਂ ਦਿੱਤਾ ਕੰਮ ਪੂਰੀ ਨਿਸ਼ਠਾ ਨਾਲ ਕਰੇਗੀ।

ਉਸਨੂੰ ਸਭ ਤੋਂ ਪਹਿਲਾ ਕੰਮ ਦਿੱਤਾ ਵੀ ਬਹੁਤ ਮੁਸ਼ਕਿਲ। ਫਤਹਿਗੜ੍ਹ ਕੋਰਟਾਨਾ ਦੀ ਸੂਬਾ ਕਿਸਾਨ ਕਾਨਫ਼ਰੰਸ ਲਈ ਔਰਤਾਂ ਨੂੰ ਲਾਮਬੰਦ ਕਰਨ ਦਾ। ਡਾਢਾ ਮੁਸ਼ਕਿਲ ਇਮਤਿਹਾਨ ਸੀ। ਪਰ ਸੁਸ਼ੀਲਾ ਨੇ ਇਹ ਪਾਸ ਕਰਨਾ ਤੱਕਿਆ ਹੋਇਆ ਸੀ। ਉਸ ਦੀ ਮਿਹਨਤ ਸਦਕਾ ਔਰਤਾਂ ਦੀ ਲਾਮਬੰਦੀ ਨਾਲ ਕਾਨਫ਼ਰੰਸ ਨੂੰ ਹਰ ਪੱਖ ਤੋਂ ਸਫ਼ਲਤਾ ਮਿਲੀ।

ਫ਼ਿਰੋਜਪੁਰ ਦੀ ਜ਼ਿਲ੍ਹਾ ਕਮੇਟੀ ਨੇ ਸੁਸ਼ੀਲਾ ਦੇ ਕੰਮ ਦੀ ਬਹੁਤ ਪਰਸੰਸਾ ਕੀਤੀ। ਪਰ ਨਾਲ ਹੀ ਕੇਂਦਰੀ ਕਮੇਟੀ ਨੂੰ ਲਿਖ ਕੇ ਭੇਜਿਆ ਕਿ ਸੁਸ਼ੀਲਾ ਦਾ ਵਿਆਹ ਹੋ ਜਾਣਾ ਚਾਹੀਦਾ ਹੈ, ਨਹੀਂ ਤਾਂ ਲੋਕਾਂ ਵਿਚ ਅਥਵਾ ਵਿਰੋਧੀਆਂ ਵੱਲੋਂ ਕਈ ਤਰ੍ਹਾਂ ਦੀ ਚੁਰਚੁਰ ਹੁੰਦੀ ਹੈ।

ਇਸੇ ਸਮੇਂ ਪ੍ਰੋਫੈਸਰ ਸਰਲ ਦੀ ਭੈਣ ਸਰਲਾ ਸ਼ਰਮਾ ਵੀ ਮੈਦਾਨ ਵਿਚ ਉੱਤਰ ਆਈ ਸੀ। ਉਸਦੀ ਸ਼ਾਦੀ ਕਾਮਰੇਡ ਪਰਸ ਰਾਮ ਨਾਲ ਖ਼ੁਦ ਪ੍ਰੋਫ਼ੈਸਰ ਸਰਲ ਨੇ ਕਰ ਦਿੱਤੀ। ਸਰਲਾ ਨੇ ਵਧੇਰੇ ਜ਼ਿਲਾ ਅੰਮ੍ਰਿਤਸਰ ਵਿਚ ਕੰਮ ਕੀਤਾ।

ਕਾਂਗੜੇ ਤੋਂ ਇਕ ਵਰਕਰ ਊਸ਼ਾ ਵੀ ਮੈਦਾਨ ਵਿਚ ਉੱਤਰ ਆਈ ਸੀ। ਉਸਨੇ ਜ਼ਿਲਾ ਫ਼ਿਰੋਜ਼ਪੁਰ ਵਿਚ ਕਾਮਰੇਡ ਸੁਸ਼ੀਲਾ ਦੇ ਦੂਜੇ ਗੇੜ ਵਿਚ ਸਾਥ ਦਿੱਤਾ।

ਜ਼ਿਲ੍ਹਾ ਸ਼ੇਖ਼ੂਪੁਰ ਵਿਚ ਵੀ ਸੁਸ਼ੀਲਾ ਨੇ ਔਰਤ ਫਰੰਟ ਉੱਤੇ ਕੰਮ ਕੀਤਾ। ਕੋਟ ਸੋਂਹਦਾ ਅਤੇ ਝੀਉਰ ਕੋਟਲੀ ਦੇ ਕੇਂਦਰਾਂ ਤੋਂ ਅੱਗੇ ਕੰਮ ਫੈਲਾਇਆ। ਸੁਸ਼ੀਲਾ ਨੇ ਬੀਬੀ ਗੁਰਬਚਨ ਕੌਰ ਮਾਨ ਕੋਲ ਮਾਨਾਂਵਾਲਾ ਰਹਿ ਕੇ ਉਸਦੇ ਵਿਚਾਰ ਤਬਦੀਲ ਕੀਤੇ। ਬੀਬੀ ਗੁਰਬਚਨ ਕੌਰ ਮਾਨਾਂਵਾਲਾ ਦੇ ਮਸ਼ਹੂਰ ਸਰਦਾਰਾਂ ਦੇ ਖਾਨਦਾਨ ਵਿਚ ਜੋਗਿੰਦਰ

ਸਿੰਘ ਮਾਨ ਦੀ ਨੇਤਰਹੀਣ ਭੈਣ ਸੀ। ਉਹ ਇਸਤਰੀਆਂ ਬਾਰੇ ਸੁਧਾਰਕ ਤੇ ਅਗਾਂਹਵਧੂ ਗੀਤ ਲਿਖਣ ਲਗ ਪਈ ਸੀ। ਉਸਦਾ ਤਿਆਰ ਕੀਤਾ ਹੇਠ ਲਿਖਿਆ ਗੀਤ ਬੜਾ ਪ੍ਰਸਿੱਧ ਸੀ:

"ਸੁਣ ਸਖੀ ਪਿਆਰੀ ਨੀਂ,
ਹੋ ਕੇ ਮਹਾਨ ਸ਼ਕਤੀ ਤੂੰ ਬਣਿਓਂ ਨਾਕਾਰੀ ਨੀ"

ਸੁਸ਼ੀਲਾ ਦੇ ਜਤਨ ਨਾਲ ਉਸ ਦੀ ਮਾਸੀ ਦੀ ਪੋਤੀ ਸ਼ਕੁੰਤਲਾ ਤ੍ਰਹਿਣ ਵੀ ਕੰਮ ਵਿਚ ਨਿਕਲ ਆਈ ਸੀ। ਪਹਿਲਾਂ ਉਸ ਨੇ ਸੁਸ਼ੀਲਾ ਨਾਲ ਰਲਕੇ, ਫੇਰ ਇਕੱਲਿਆਂ ਇਸ ਜ਼ਿਲ੍ਹੇ ਵਿਚ ਕੰਮ ਕੀਤਾ। ਜ਼ਿਲ੍ਹਾ ਕਾਂਗੜਾ ਵਿਚ ਕਾਮਰੇਡ ਸ਼ਿਵ ਕੁਮਾਰ ਸ਼ਾਰਦਾ ਦਾ ਕੰਮ ਤਾਂ ਯਾਦਗਾਰੀ ਹੈ। ਬਾਬਾ ਕਾਂਸ਼ੀ ਰਾਮ ਪਹਾੜੀ ਗਾਂਧੀ ਦੀ ਭਤੀਜੀ ਰਾਮ ਰੱਖੀ ਵੀ ਪਾਰਟੀ ਕੰਮ ਵਿਚ ਹਿੱਸਾ ਲੈਣ ਲਗ ਪਈ ਸੀ। ਉਸਦੀ ਸ਼ਾਦੀ ਕਾਮਰੇਡ ਸ਼ਿਵ ਕੁਮਾਰ ਸ਼ਾਰਦਾ ਨਾਲ ਹੋ ਗਈ। ਮਗਰੋਂ ਰਾਮ ਰੱਖੀ ਦਾ ਨਾਮ ਤਬਦੀਲ ਕਰਕੇ ਊਸ਼ਾ ਰੱਖਿਆ ਗਿਆ।

ਜ਼ਿਲਾ ਜਲੰਧਰ, ਲੁਧਿਆਣਾ ਸ਼ਹਿਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਵਿਚ ਵੀ ਟਾਵੀਆਂ ਟਾਵੀਆਂ ਸਥਾਨਕ ਔਰਤ ਵਰਕਰ ਸਨ।

ਉਪਰੋਕਤ ਸਾਰੀ ਵਾਰਤਾ ਤੋਂ ਸਪੱਸ਼ਟ ਹੈ ਕਿ ਇਸਤਰੀਆਂ ਵਿਚ ਕੰਮ ਬਾਕਾਇਦਾ ਤੌਰ ਉੱਤੇ 1941 ਅੰਦਰ ਹੀ ਸ਼ੁਰੂ ਹੋਇਆ ਅਤੇ ਤੇਜ਼ੀ ਨਾਲ ਫੈਲਿਆ। ਕਿਰਤੀ ਪਾਰਟੀ ਵੱਲੋਂ 16 ਜੂਨ 1941 ਦੇ ਸ੍ਰਕੂਲਰ ਵਿਚ ਲਿਖਿਆ ਹੈ ਕਿ, "ਕਿਸਾਨ ਔਰਤਾਂ ਵਿਚ ਕੰਮ ਕਰਨ ਲਈ ਐਸੀ ਲੜਕੀਆਂ (ਉਦਾਹਰਣ ਵਜੋਂ ਸਾਡੇ ਵਰਕਰਾਂ ਦੀਆਂ ਔਰਤਾਂ ਤੇ ਲੜਕੀਆਂ) ਤਿਆਰ ਕੀਤੀਆਂ ਜਾਣ ਜਿਨ੍ਹਾਂ ਨੂੰ ਸਿਖਿਆ ਦੇ ਕੇ ਸੂਝਵਾਨ ਬਣਾਇਆ ਜਾਵੇ ਜੋ ਔਰਤਾਂ ਦੀਆਂ ਮੀਟਿੰਗਾਂ ਅਤੇ ਜਲਸੇ ਕਰਨ ਅਤੇ ਔਰਤ ਜਥੇਬੰਦੀ ਖੜ੍ਹੀ ਕਰਨ ਵਿਚ ਸਹਾਈ ਹੋਣ।"

8 ਫਰਵਰੀ 1942 ਦੇ ਸਰਕੂਲਰ ਵਿਚ ਲਿਖਿਆ ਹੈ, "ਬਹੁਤ ਛੇਤੀਂ ਪੰਜਾਬ ਵਿਚ ਔਰਤਾਂ ਦੀ ਇਕ ਜਥੇਬੰਦੀ ਖੜ੍ਹੀ ਕੀਤੀ ਜਾ ਰਹੀ ਹੈ ਜੋ ਆਪਣੇ ਨਿੱਤ ਦਿਹਾੜੀ ਦੇ ਸਵਾਲਾਂ ਨੂੰ ਲਵੇਗੀ। ਜ਼ਿਲ੍ਹਾ ਕਮੇਟੀਆਂ ਆਪਣੇ-ਆਪਣੇ ਜ਼ਿਲੇ ਤੋਂ ਵੱਧ ਤੋਂ ਵੱਧ ਔਰਤਾਂ ਇਸ ਮੀਟਿੰਗ ਵਿਚ ਭੇਜਣ ਅਤੇ ਉਨ੍ਹਾਂ ਦੇ ਕਿਰਾਏ ਦਾ ਬੰਦੋਬਸਤ ਕਰਨ।"

ਸੋ ਔਰਤਾਂ ਦਾ ਇਹ ਸੂਬਾ ਪੱਧਰੀ ਇਕੱਠ 20 ਫਰਵਰੀ 1942 ਨੂੰ ਲਾਹੌਰ ਵਿਚ ਹੋਇਆ। ਇਸ ਵਿਚ ਸਾਰੇ ਜ਼ਿਲਿਆਂ 'ਚੋਂ ਲੱਗਭੱਗ ਇਕ ਸੌ ਔਰਤਾਂ ਹਾਜ਼ਰ ਸਨ। ਭਾਵੇਂ ਪਹਿਲਕਦਮੀ ਪਾਰਟੀ ਦੀ ਸੀ ਅਤੇ ਸੱਦਾ ਪੱਤਰ ਬੀਬੀ ਰਘਬੀਰ ਕੌਰ ਐਮ.ਐਲ.ਏ. ਵੱਲੋਂ ਜਾਰੀ ਕੀਤਾ ਗਿਆ ਸੀ ਪਰ ਪਾਰਟੀ ਦੀ ਪਹੁੰਚ ਤੇ ਤਰੱਦਦ ਨਾਲ ਕਾਂਗਰਸ ਅਤੇ ਮੁਸਲਿਮ ਲੀਗ ਦੀਆਂ ਆਗੂ ਤੇ ਕੁਝ ਔਰਤਾਂ ਵੀ ਸ਼ਾਮਲ ਹੋਈਆਂ। ਇਸਤ੍ਰੀ

ਜਥੇਬੰਦੀ ਦਾ ਨਾਮ "ਪਰੋਗਰੈਸਿਵ ਵਿਮਨ ਕਾਨਫ਼ਰੰਸ" ਰੱਖਿਆ ਗਿਆ। ਇਸਦੇ ਮੰਤਵਾਂ ਬਾਰੇ ਨੀਤੀ ਬਿਆਨ ਤਿੰਨ ਘੰਟੇ ਦੀ ਬਹਿਸ ਵਿਚਾਰ ਮਗਰੋਂ ਸਰਬ ਸੰਮਤੀ ਨਾਲ ਪਾਸ ਹੋਇਆ। ਇਸਦਾ ਖਰੜਾ ਕੈਂਬਲਪੁਰ ਜੇਲ੍ਹ ਵਿਚ ਬੰਦ ਕਾਮਰੇਡ ਤੇਜਾ ਸਿੰਘ ਸੁਤੰਤਰ ਅਤੇ ਭਗਤ ਸਿੰਘ ਬਿਲਗਾ ਵੱਲੋਂ ਦਿੱਤੀ ਸੇਧ ਤੇ ਸਲਾਹ ਅਨੁਸਾਰ ਤਿਆਰ ਕੀਤਾ ਗਿਆ ਸੀ। ਇਸ ਨੀਤੀ ਬਿਆਨ ਦੇ ਨਾਲ ਹੀ ਸੰਖੇਪ ਵਿਧਾਨ ਅਤੇ ਮੈਂਬਰੀ ਫਾਰਮ ਦੇ ਸ਼ਬਦ ਵੀ ਪਾਸ ਕੀਤੇ ਗਏ। ਬੀਬੀ ਰਘਬੀਰ ਕੌਰ ਨੂੰ ਪਰਧਾਨ, ਸ਼੍ਰੀਮਤੀ ਸੀਤਾ ਦੇਵੀ (ਕਾਂਗਰਸ) ਤੇ ਬੀਬੀ ਰਸ਼ੀਦਾ ਬੇਗ਼ਮ (ਮੁਸਲਿਮ ਲੀਗ) ਨੂੰ ਮੀਤ ਪ੍ਰਧਾਨ ਅਥਵਾ ਸੁਸ਼ੀਲਾ ਨੂੰ ਜਨਰਲ ਸਕੱਤਰ ਚੁਣਿਆ ਗਿਆ।

ਉਸੇ ਦਿਨ ਤੋਂ ਭਰਤੀ ਸ਼ੁਰੂ ਹੋ ਗਈ ਅਤੇ ਮਾਰਚ ਦੇ ਅਖ਼ੀਰ ਤਕ ਦੋ ਹਜ਼ਾਰ ਮੈਂਬਰਸ਼ਿਪ ਕਰਕੇ ਜ਼ਿਲ੍ਹਾ ਲਾਹੌਰ, ਅੰਮ੍ਰਿਤਸਰ, ਫ਼ਿਰੋਜ਼ਪੁਰ ਤੇ ਕਾਂਗੜਾ ਦੀਆਂ ਜ਼ਿਲ੍ਹਾ ਕਮੇਟੀਆਂ ਵੀ ਬਣ ਗਈਆਂ। ਉਸ ਸਮੇਂ ਹਿੰਦ ਕਮਿਊਨਿਸਟ ਪਾਰਟੀ ਦੀ ਕੋਈ ਵਰਕਰ ਨਜ਼ਰ ਨਹੀਂ ਸੀ ਆ ਰਹੀ, ਸਿਵਾਏ ਲਾਹੌਰ ਸ਼ਹਿਰ ਦੀਆਂ ਕੁਝ ਵਿਦਿਆਰਥਣਾਂ ਦੇ।

ਪੰਜਾਬ ਅੰਦਰ ਕਮਿਊਨਿਸਟਾਂ ਦੀ ਪਹਿਲਕਦਮੀ ਨਾਲ ਉਸਰੀ ਇਹ ਪਹਿਲੀ ਇਸਤਰੀ ਜਥੇਬੰਦੀ ਹੈ।

## ਵਿਦਿਆਰਥੀ ਫਰੰਟ

ਇਸ ਫਰੰਟ ਉੱਤੇ ਹਿੰਦ ਕਮਿਊਨਿਸਟ ਪਾਰਟੀ ਦਾ ਪ੍ਰਭਾਵ ਕਿਰਤੀ ਪਾਰਟੀ ਨਾਲੋਂ ਵਧੇਰੇ ਸੀ। ਕਿਰਤੀ ਪਾਰਟੀ ਦੇ ਆਗੂ ਸਨ-ਬਲਰਾਜ ਮਹਿਤਾ, ਖ਼ਰਾਇਤੀ ਰਾਮ ਸਰੀਨ, ਵਿਦਿਆ ਸਾਗਰ, ਭਗਵੰਤ ਸਿੰਘ ਸੰਧੂ ਅਤੇ ਕੁਝ ਹੋਰ।

ਲਾਹੌਰ ਅਤੇ ਅੰਮ੍ਰਿਤਸਰ ਉਸ ਸਮੇਂ ਵਿਦਿਆ ਦੇ ਮੁਖ ਕੇਂਦਰ ਸਨ। ਏਥੇ ਸੀ. ਪੀ. ਆਈ. ਦੇ ਨਾਲ-ਨਾਲ ਕਿਰਤੀ ਪਾਰਟੀ ਦਾ ਵੀ ਕਾਫੀ ਪ੍ਰਭਾਵ ਸੀ। ਇਸ ਤੋਂ ਬਿਨਾਂ ਰਾਵਲਪਿੰਡੀ, ਲਾਇਲਪੁਰ, ਗੋਜਰਾ, ਮੋਗਾ ਤੇ ਜਲੰਧਰ ਦੇ ਕਾਲਜਾਂ ਦੀਆਂ ਵਿਦਿਆਰਥੀ ਯੂਨੀਅਨਾਂ ਵਿਚ ਵੀ ਕਿਰਤੀ ਪਾਰਟੀ ਦਾ ਚੋਖਾ ਪ੍ਰਭਾਵ ਸੀ।

ਲਾਹੌਰ ਡੀ. ਏ. ਵੀ. ਕਾਲਜ ਵਿਚ ਯੂਨੀਅਨ ਦੀ ਅਗਵਾਈ ਕਿਰਤੀ ਪਾਰਟੀ ਦੇ ਹੱਥ ਸੀ। ਹੇਲੀ ਕਾਲਜ ਦਾ ਪ੍ਰਧਾਨ ਇੰਦਰ ਕੁਮਾਰ ਗੁਜਰਾਲ ਸੀ ਪਰ ਉਸਦਾ ਕੰਮ ਤਸੱਲੀਬਖ਼ਸ਼ ਨਾ ਹੋਣ ਕਰਕੇ ਉਸਨੂੰ ਬੇਵਿਸ਼ਵਾਸੀ ਮਤੇ ਰਾਹੀਂ ਲਾਹ ਦਿੱਤਾ ਗਿਆ। ਉਸਦੀ ਥਾਂ ਧਰਮਪਾਲ ਕਿਰਤੀ ਪ੍ਰਧਾਨ ਬਣਿਆ। ਏਥੇ ਨਜ਼ਰ ਮੁਹੰਮਦ, ਤੁਫੈਲ, ਸ਼ਾਹ ਅਬੂਲ ਅਤੇ ਯਾਸੀਨ ਕਿਰਤੀ ਦੇ ਸਰਗਰਮ ਵਰਕਰ ਸਨ। ਦੇਵ ਸਮਾਜ ਇੰਟਰਮੀਡੀਏਟ ਕਾਲਜ ਵਿਚ ਲੜਕੀਆਂ ਦਾ ਸੈੱਲ ਸੀ।

ਸਨਾਤਨ ਧਰਮ ਕਾਲਜ ਵਿਚ ਵਿਦਿਆ ਸਾਗਰ ਅਤੇ ਇੰਜੀਨੀਅਰਿੰਗ ਕਾਲਜ ਵਿਚ ਖਰਾਇਤੀ ਲਾਲ ਸਰੀਨ ਕਿਰਤੀ ਆਗੂ ਸਨ। ਦਿਆਲ ਸਿੰਘ ਕਾਲਜ ਵਿਚ

ਵੇਦ ਪਾਲ ਅਤੇ ਉਸਦਾ ਵੱਡਾ ਭਰਾ ਸੂਰਜਪਾਲ ਕਿਰਤੀ ਵਰਕਰ ਸਨ। ਇਸਲਾਮੀਆ ਕਾਲਜ ਵਿਚ ਕਿਰਤੀ ਪਾਰਟੀ ਦੇ ਚੌਦਾਂ ਮੈਂਬਰ ਸਨ। ਸਿੱਖ ਨੈਸ਼ਨਲ ਕਾਲਜ ਵਿਚ ਕਾਮਰੇਡ ਸਤਵੰਤ ਸਿੰਘ ਸੀ. ਪੀ. ਆਈ. ਨਾਲ ਸੀ ਪਰ ਉਸਦਾ ਛੋਟਾ ਭਰਾ ਕਿਰਤੀ ਪਾਰਟੀ ਵੱਲ ਸੀ। ਇਸ ਕੰਮ ਦੇ ਨਤੀਜੇ ਵਜੋਂ ਕਾਮਰੇਡ ਧਰਮਪਾਲ ਲਾਹੌਰ ਦੀ ਸਟੂਡੈਂਟਸ ਯੂਨੀਅਨ ਦਾ ਜਨਰਲ ਸਕੱਤਰ ਵੀ ਬਣ ਗਿਆ ਸੀ।

ਅੰਮ੍ਰਿਤਸਰ ਵਿਚ ਕਿਰਤੀ ਪਾਰਟੀ ਦੇ ਸਰਗਰਮ ਸਟੂਡੈਂਟਸ ਵਰਕਰ ਸਨ: ਬਾਬਾ ਗੁਰਬਚੰਨ ਸਿੰਘ ਕੈਰੋਂ, ਭਗਵੰਤ ਸਿੰਘ ਸੰਧੂ ਨਾਭਾ, ਜੋਗਿੰਦਰ ਸਿੰਘ ਬੇਦੀ, ਕਿਰਪਾਲ ਸਿੰਘ ਕਸੇਲ, ਮਹਿੰਦਰ ਸਿੰਘ ਨੌਸ਼ਹਿਰਾ, ਅਨੂਪ ਸਿੰਘ ਮਹਿਲਾਂ ਵਾਲਾ, ਜਸਵੰਤ ਸਿੰਘ ਵਛੋਆ ਅਤੇ ਪ੍ਰੋਫੈਸਰ ਪਰੇਮ ਨਾਥ। ਬਲਵੰਤ, ਅਨੂਪ ਅਤੇ ਵਿਦਿਆ ਸ਼ਹਿਜ਼ਾਦਾ ਨੰਦ ਕਾਲਜ ਵਿਚ ਔਰਤ ਵਰਕਰ ਸਨ।

ਰਾਵਲਪਿੰਡੀ ਵਿਚ ਦੀਪਕ ਮਨਮੋਹਨ ਵਿਦਿਆਰਥੀ ਯੂਨੀਅਨ ਦਾ ਸਰਗਰਮ ਕਿਰਤੀ ਵਰਕਰ ਸੀ। ਪ੍ਰਸਿੱਧ ਐਕਟਰ ਦੇਵ ਆਨੰਦ ਵੀ ਉਥੇ ਕਿਰਤੀ ਪਾਰਟੀ ਦਾ ਹਮਦਰਦ ਸੀ।

ਲਾਇਲਪੁਰ ਦੇ ਦੋਹਾਂ ਕਾਲਜਾਂ ਵਿਚ ਕਿਰਤੀ ਪਾਰਟੀ ਦੇ ਸਮਝਦਾਰ ਵਰਕਰ ਸਨ। ਅਜਨੰਦਨ ਅਤੇ ਅੱਛਰ ਸਿੰਘ ਸਮੁੰਦਰੀ ਉੱਘੇ ਵਰਕਰ ਸਨ।

ਮੋਗਾ ਦੇ ਕਾਲਜ ਤੇ ਹਾਈ ਸਕੂਲਾਂ ਵਿਚ ਕਿਰਤੀ ਪਾਰਟੀ ਦਾ ਚੋਖਾ ਕੰਮ ਸੀ। ਦਯਾਨੰਦ ਮਥਰਾ ਦਾਸ ਕਾਲਜ ਵਿਚ ਮਹਿੰਦਰ ਸਿੰਘ ਢੁੱਡੀਕੇ ਅਤੇ ਮੋਤਾ ਸਿੰਘ ਨਥੂਵਾਲ ਸਰਗਰਮ ਵਰਕਰ ਸਨ। ਸੈਦੋ ਲਾਲ ਮੋਗਾ, ਅਜਮੇਰ ਸਿੰਘ ਅਤੇ ਧਿਆਨ ਸਿੰਘ ਘਲ ਕਲਾਂ ਨੇ ਵੀ ਚੋਖਾ ਕੰਮ ਕੀਤਾ।

ਜਲੰਧਰ ਦੇ ਡੀ. ਏ. ਵੀ. ਕਾਲਜ ਵਿਚ ਟਹਿਲ ਸਿੰਘ ਬਾਗੀ ਦੀ ਮਦਦ ਨਾਲ ਯੂਨੀਅਨ ਖੜ੍ਹੀ ਕੀਤੀ ਗਈ। ਮਲਕ ਨੂਰ ਮਹੱਲਾ ਕਰਾਰ ਖਾਂ ਕਿਰਤੀ ਹਮਦਰਦ ਸੀ। ਦੂਜਾ ਸਾਥੀ ਸੀ ਸ਼ੇਖ ਹਬੀਬ ਬਸਤੀ ਗੁਜਾਂ।

ਕਾਦੀਆਂ ਅੰਦਰ ਨੌਜਵਾਨ ਵਿਦਿਆਰਥੀ ਅਬਦੁਲ ਸਲਾਮ ਨੇ ਕੰਮ ਸ਼ੁਰੂ ਕੀਤਾ।

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਕਾਨਫ਼ਰੰਸ ਪਟਨਾ ਵਿਖੇ 1942 ਦੇ ਸ਼ੁਰੂ ਵਿਚ ਹੋਈ। ਉਸ ਵਿਚ ਪੰਜਾਬ ਤੋਂ ਹਿੰਦ ਕਮਿਊਨਿਸਟ ਪਾਰਟੀ ਦੇ 70 ਅਤੇ ਕਿਰਤੀ ਪਾਰਟੀ ਦੇ 24 ਡੈਲੀਗੇਟ ਸਨ। ਕੇਵਲ ਇਹੋ ਫਰੰਟ ਸੀ ਜਿਸ ਵਿਚ ਹਿੰਦ ਕਮਿਊਨਿਸਟ ਪਾਰਟੀ ਦਾ ਸਾਡੇ ਨਾਲੋਂ ਵਧੇਰੇ ਪਰਭਾਵ ਸੀ।

ਇਕ ਵਿਸ਼ੇਸ਼ ਗੱਲ ਇਹ ਹੈ ਕਿ ਕਿਰਤੀ ਪਾਰਟੀ ਦੇ ਸਟੂਡੈਂਟਸ ਵਰਕਰਾਂ ਨੂੰ ਮਜ਼ਦੂਰ ਤੇ ਕਿਸਾਨ ਕੰਮ ਵਿਚ ਵੀ ਹਿੱਸਾ ਲੈਣ ਦੀ ਹਦਾਇਤ ਸੀ।

# ਕਮਿਊਨਿਸਟ ਏਕਤਾ ਲਈ ਪਹਿਲਕਦਮੀ

ਕਾਮਰੇਡ ਤੇਜਾ ਸਿੰਘ ਸੁਤੰਤਰ ਕੈਂਬਲਪੁਰ ਵਿਚ ਸ਼ਾਹੀ ਕੈਦੀ ਵਜੋਂ ਨਜ਼ਰਬੰਦ ਸਨ। ਕਿਰਤੀ ਲੀਡਰਸ਼ਿਪ ਨੇ ਉਨ੍ਹਾਂ ਨਾਲ ਜਿਉਂਦਾ-ਜਾਗਦਾ ਸੰਬੰਧ ਬਣਾਇਆ ਹੋਇਆ ਸੀ। ਉਨ੍ਹਾਂ ਨੂੰ ਆਪਣੇ ਕੰਮ ਦੀਆਂ ਭੇਜੀਆਂ ਰਿਪੋਰਟਾਂ ਵਿਚ ਕਿਰਤੀ ਲੀਡਰਸ਼ਿਪ ਨੇ ਦੋ ਨੁਕਤੇ ਉਭਾਰ ਕੇ ਪੇਸ਼ ਕੀਤੇ ਸਨ:

1. ਭਾਰਤ ਵਿਚ ਕੋਈ ਕਮਿਊਨਿਸਟ ਪਾਰਟੀ ਨਹੀਂ, ਦੋ ਕਮਿਊਨਿਸਟ ਗਰੁੱਪ ਹਨ-ਨੈਸ਼ਨਲ ਫਰੰਟ ਅਤੇ ਕਿਰਤੀ। ਕਮਿਊਨਿਸਟ ਕੌਮਾਂਤਰੀ ਦੋਹਾਂ ਨੂੰ ਤਸਲੀਮ ਕਰਦੀ ਹੈ।

2. ਕਿਰਤੀ ਪਾਰਟੀ ਪੰਜਾਬ ਤੋਂ ਬਾਹਰ ਵੀ ਆਪਣੇ ਕੰਮ ਨੂੰ ਵਧਾਏਗੀ।

ਕਾਮਰੇਡ ਸੁਤੰਤਰ ਨੇ ਸਾਡੇ ਦੋਹਾਂ ਨੁਕਤਿਆਂ ਦੇ ਜਵਾਬ ਵਿਚ ਸਪੱਸ਼ਟ ਕੀਤਾ ਕਿ ਭਾਰਤ ਵਿਚ ਕਮਿਊਨਿਸਟ ਕੌਮਾਂਤਰੀ ਵੱਲੋਂ ਮਾਨਤਾ ਪ੍ਰਾਪਤ ਹਿੰਦ ਕਮਿਊਨਿਸਟ ਪਾਰਟੀ ਮੌਜੂਦ ਹੈ ਅਤੇ ਉਸਦੀ ਪੰਜਾਬ ਇਕਾਈ ਨੂੰ ਹੀ ਜੋਸ਼ ਗਰੁੱਪ ਆਖਿਆ ਜਾਂਦਾ ਹੈ। "ਕਿਰਤੀ ਪਾਰਟੀ" ਨੂੰ ਕਮਿਊਨਿਸਟ ਕੌਮਾਂਤਰੀ ਇਕ ਵਧੀਆ ਕੰਮ ਕਰ ਰਹੇ ਕਮਿਊਨਿਸਟ ਗਰੁੱਪ ਵਜੋਂ ਹੀ ਮਾਨਤਾ ਦਿੰਦੀ ਹੈ। ਕਾਮਰੇਡ ਸੁਤੰਤਰ ਨੇ ਹੋਰ ਵਿਆਖਿਆ ਕਰਦਿਆਂ ਸਾਨੂੰ ਜ਼ੋਰ-ਸ਼ੋਰ ਨਾਲ ਕੰਮ ਕਰਨ ਲਈ ਵਧਾਈ ਦਿੰਦਿਆਂ ਆਖਿਆ ਕਿ ਦੂਜੇ ਸੂਬਿਆਂ ਵਿਚ ਕੰਮ ਵਧਾਉਣ ਦੀ ਥਾਂ ਪੰਜਾਬ ਵਿਚ ਕਮਿਊਨਿਸਟ ਏਕਤਾ ਲਈ ਜਤਨ ਕਰੋ।

ਕਿਰਤੀ ਪੋਲਿਤ ਬਿਓਰੋ ਨੂੰ ਇਕ ਨਵਾਂ ਚਾਨਣ ਹੋਇਆ। ਕਾਮਰੇਡ ਸੁਤੰਤਰ ਨਾਲ ਹੋਰ ਪੱਤਰ ਵਿਵਹਾਰ ਤੋਂ ਮਗਰੋਂ ਕਿਰਤੀ ਪੋਲਿਤ ਬਿਓਰੋ ਨੇ ਭਾਰਤੀ ਕਮਿਊਨਿਸਟ ਪਾਰਟੀ ਨਾਲ ਬਿਨਾਂ ਸ਼ਰਤ ਏਕਤਾ ਦੇ ਮਸਲੇ ਨੂੰ ਆਪਣੇ ਏਜੰਡੇ ਉਤੇ ਚਾੜ੍ਹ ਲਿਆ। ਅਪਰੈਲ 1941 ਵਿਚ ਕਿਰਤੀ ਸੂਬਾ ਕਮੇਟੀ ਨੇ ਫੈਸਲਾ ਕੀਤਾ ਕਿ ਭਾਰਤੀ ਕਮਿਊਨਿਸਟ ਪਾਰਟੀ ਨੂੰ ਏਕਤਾ ਦੀ ਪੇਸ਼ਕਸ਼ ਕਰ ਦਿੱਤੀ ਜਾਏ। ਪਰ ਭਾਰਤੀ ਕਮਿਊਨਿਸਟ ਪਾਰਟੀ ਦਾ ਪ੍ਰਤੀਨਿਧ ਲੱਭਦਿਆਂ ਦੋ ਮਹੀਨੇ ਲੰਘ ਗਏ। ਮਈ ਦੇ ਅਖ਼ੀਰ ਵਿਚ ਨਿਰਮਲਾ ਸ਼ੇਰ ਜੰਗ ਨੇ ਇਤਲਾਹ ਦਿੱਤੀ ਕਿ ਉਹ ਪਾਰਟੀ ਦੇ ਜ਼ਿੰਮੇਵਾਰ ਲੀਡਰਾਂ ਨਾਲ ਮਿਲਣ ਦਾ ਪ੍ਰਬੰਧ ਕਰ ਸਕਦੀ ਹੈ। ਇਸ ਦੇ ਨਾਲ ਹੀ ਨਿਰਮਲਾ ਨੇ ਦਿਉਲੀ ਜੇਲ੍ਹ (ਜਿਥੇ ਸਾਰੇ ਭਾਰਤ ਦੇ ਕਮਿਊਨਿਸਟਾਂ ਨੂੰ ਬੰਦ ਕੀਤਾ ਹੋਇਆ ਸੀ) ਤੋਂ ਕਿਰਤੀ ਆਗੂਆਂ ਦਾ ਸਾਡੇ ਵਾਸਤੇ ਭੇਜਿਆ ਪੱਤਰ ਮੈਨੂੰ ਦਿੱਤਾ। ਉਸ ਵਿਚ ਲਿਖਿਆ ਸੀ, "ਅਸੀਂ ਦਿਓਲੀ ਜੇਲ੍ਹ ਦੇ ਸਾਰੇ ਸਾਥੀ ਯਕੀਨ ਕਰਦੇ ਹਾਂ ਕਿ ਨੈਸ਼ਨਲ ਫਰੰਟ ਗਰੁੱਪ ਅਸਲ ਵਿਚ ਭਾਰਤੀ ਕਮਿਊਨਿਸਟ ਪਾਰਟੀ ਹੈ, ਇਸ ਲਈ ਅਸੀਂ ਬਿਨਾਂ ਸ਼ਰਤ ਇਸ ਵਿਚ ਸ਼ਾਮਲ ਹੋ ਗਏ

ਹਾਂ।" ਬਾਹਰ ਅਸੀਂ ਤਾਂ ਪਹਿਲਾਂ ਹੀ ਇਸ ਹੱਕ ਵਿਚ ਸਾਂ। ਸਾਨੂੰ ਬੜੀ ਖ਼ੁਸ਼ੀ ਹੋਈ, ਕਿਉਂਕਿ ਉਨ੍ਹਾਂ ਆਪਣੀ ਥਾਂ ਉਹੀ ਕਦਮ ਉਠਾ ਲਿਆ ਸੀ ਜਿਸ ਵਾਸਤੇ ਬਾਹਰੋਂ ਏਕਤਾ ਪ੍ਰਾਪਤ ਕਰਨ ਮਗਰੋਂ ਅਸੀਂ ਉਨ੍ਹਾਂ ਨੂੰ ਲਿਖਣਾ ਸੀ।

ਜੂਨ 1941 ਵਿਚ ਮੈਂ ਨਿਰਮਲਾ ਸ਼ੇਰ ਜੰਗ ਦੇ ਦੱਸੇਂ ਪਤੇ ਉੱਤੇ ਕਮਿਊਨਿਸਟ ਪਾਰਟੀ ਗਰੁੱਪ ਦੇ ਆਰਗੇਨਾਈਜ਼ਰ ਕਾਮਰੇਡ ਹਰਬੰਸ ਸਿੰਘ ਬਾਸੀ ਨੂੰ ਮਿਲਿਆ। ਉਸਨੇ ਭਰੋਸਾ ਦੁਆਇਆ ਕਿ ਕਿਰਤੀ ਸੂਬਾ ਕਮੇਟੀ ਵੱਲੋਂ ਬਿਨਾਂ ਸ਼ਰਤ ਏਕਤਾ ਦਾ ਮਤਾ ਪਾਸ ਕਰਨ ਮਗਰੋਂ ਬਹੁਤ ਛੇਤੀਂ ਉਹ ਕੇਂਦਰੀ ਕਮੇਟੀ ਦਾ ਫੈਸਲਾ ਲਿਆ ਦੇਵੇਗਾ ਤਾਂ ਜੋ ਕੰਮ ਨੂੰ ਨੁਕਸਾਨ ਨਾ ਪੁੱਜੇ। ਪਰ ਬਾਸੀ ਹੋਰੀਂ ਸਾਨੂੰ ਮੁੜ ਟੱਕਰੇ ਹੀ ਨਹੀਂ।

15 ਜੂਨ 1941 ਨੂੰ ਕਿਰਤੀ ਪਾਰਟੀ ਦੀ ਸੂਬਾ ਮੀਟਿੰਗ ਵਿਚ ਪੋਲਿਤ ਬਿਓਰੋ ਅਤੇ ਕਾਮਰੇਡ ਸੁਤੰਤਰ ਵਿਚਕਾਰ ਹੋਇਆ ਚਿੱਠੀ ਪੱਤਰ ਪੜ੍ਹਿਆ ਗਿਆ। ਮੈਂ ਹਰਬੰਸ ਸਿੰਘ ਬਾਸੀ ਨਾਲ ਹੋਈ ਗੱਲਬਾਤ ਦੱਸੀ। ਇਸ ਮੀਟਿੰਗ ਵਿਚ ਚਾਰ-ਪੰਜ ਸਾਥੀ ਨਹੀਂ ਸੀ ਆਏ। ਇਸ ਲਈ ਸਾਰੇ ਮੈਂਬਰਾਂ ਦੀ ਹਾਜ਼ਰੀ ਵਾਸਤੇ ਅਗਲੀ ਮੀਟਿੰਗ 15 ਜੁਲਾਈ 1941 ਦੀ ਰੱਖੀ ਗਈ।

ਇਸ ਮੀਟਿੰਗ ਵਿਚ 17 ਵਿਚੋਂ 15 ਸਾਥੀ ਹਾਜ਼ਰ ਸਨ। ਇਹ ਘਾਟ ਦੋ ਰਿਜ਼ਨਲ ਸਕੱਤਰਾਂ (ਕਾਮਰੇਡ ਈਸ਼ਰ ਸਿੰਘ ਖਾਰਾ ਅਤੇ ਭੂਰਬਜਿੰਦਰ ਸਿੰਘ) ਨੇ ਪੂਰੀ ਕਰ ਦਿੱਤੀ। ਸਾਰੇ ਪੱਖਾਂ ਉੱਤੇ ਵਿਚਾਰ ਕਰਨ ਮਗਰੋਂ ਸਰਬ ਸੰਮਤੀ ਨਾਲ ਬਿਨਾਂ ਸ਼ਰਤ ਏਕਤਾ ਦਾ ਮਤਾ ਪਾਸ ਕਰ ਦਿੱਤਾ ਗਿਆ। ਉਹ ਹਰਬੰਸ ਸਿੰਘ ਬਾਸੀ ਨੂੰ ਮਤਾ ਦੇ ਦਿੱਤਾ ਪਰ ਉਹ ਮੁੜ ਕੇ ਸਾਨੂੰ ਮਿਲਿਆ ਹੀ ਨਹੀਂ।

ਆਖ਼ਰ ਹਰ ਖ਼ਤਰੇ ਨੂੰ ਮੁੱਲ ਲੈ ਕੇ ਕਾਮਰੇਡ ਹਰਮਿੰਦਰ ਸਿੰਘ ਸੋਢੀ ਨੂੰ ਕੇਂਦਰੀ ਕਮੇਟੀ ਦਾ ਉੱਤਰ ਲਿਆਉਣ ਲਈ ਬੰਬਈ ਭੇਜਿਆ ਗਿਆ। ਇਸ ਤਰ੍ਹਾਂ ਉਸਦੇ ਹੱਥੀਂ ਕੇਂਦਰੀ ਕਮੇਟੀ ਦਾ 30 ਅਕਤੂਬਰ ਦਾ ਕੀਤਾ ਫ਼ੈਸਲਾ ਸਾਨੂੰ 30 ਦਸੰਬਰ 1941 ਨੂੰ ਪ੍ਰਾਪਤ ਹੋਇਆ। ਉਸ ਵਿਚ ਲਿਖਿਆ ਸੀ, "ਕਿਰਤੀ ਪਾਰਟੀ ਨੂੰ ਅਜੇ ਆਪਣੀ ਜਥੇਬੰਦੀ ਵੱਖਰੀ ਕਾਇਮ ਰੱਖਣੀ ਚਾਹੀਦੀ ਹੈ। ਰਾਜਸੀ ਸੋਚ ਸਮਝ ਇਕ ਕਰਨ ਅਤੇ ਵਰਕਰਾਂ ਦਾ ਆਪਸੀ ਭਰੋਸਾ ਪੈਦਾ ਕਰਨ ਲਈ ਦੋਵਾਂ ਗਰੁੱਪਾਂ ਦੇ ਵਰਕਰ ਰਲ-ਮਿਲ ਕੇ ਕੰਮ ਕਰਨ, ਇਕ ਦੂਜੇ ਦਾ ਲਿਟਰੇਚਰ ਪੜ੍ਹਣ ਅਤੇ ਇਕ ਦੂਜੇ ਦੀ ਘਾਟ ਦੀ ਪੜਚੋਲ ਕਰਨ ਤਾਂ ਜੋ ਆਪਸੀ ਸੂਝ, ਸਮਝ ਮਜਬੂਤ ਹੋਵੇ।

30 ਦਸੰਬਰ 1941 ਨੂੰ ਕਿਰਤੀ ਸੂਬਾ ਕਮੇਟੀ ਨੇ ਉਸ ਪੱਤਰ ਉੱਤੇ ਵਿਚਾਰ ਕਰਕੇ ਕੇਂਦਰੀ ਕਮੇਟੀ ਨੂੰ ਅਪੀਲ ਕੀਤੀ ਕਿ ਜਿਵੇਂ ਕਿਵੇਂ ਕਿਰਤੀ ਪਾਰਟੀ ਨੂੰ ਹੁਣ ਆਪਣੇ ਅੰਦਰ ਸਮੋ ਲਿਆ ਜਾਵੇ। ਦੇਰ ਕਰਨ ਨਾਲ ਪਿੱਛੇ ਵਾਂਗ ਕਿਤੇ ਬਣਿਆ ਕੰਮ ਨਾ ਵਿਗੜ ਜਾਵੇ। ਕਾਮਰੇਡ ਹਰਮਿੰਦਰ ਸਿੰਘ ਸੋਢੀ ਕਿਰਤੀ ਪਾਰਟੀ ਦਾ ਇਹ ਪ੍ਰਸਤਾਵ

ਲੈ ਕੇ ਬੰਬਈ ਨੂੰ ਜਾਂਦਿਆਂ 12 ਜਨਵਰੀ 1942 ਨੂੰ ਰਾਹ ਵਿਚ ਹੀ ਗ੍ਰਿਫਤਾਰ ਹੋ ਗਿਆ। ਫੇਰ ਜਗਜੀਤ ਸਿੰਘ ਲਾਇਲਪੁਰੀ ਉਹ ਪ੍ਰਸਤਾਵ ਲੈ ਕੇ ਬੰਬਈ ਗਿਆ। ਇਸਦਾ ਉਤਰ ਆਉਣ ਤੋਂ ਪਹਿਲਾਂ 26 ਫਰਵਰੀ 1942 ਨੂੰ ਕਿਰਤੀ ਪੋਲਿਤ ਬਿਓਰੋ ਗ੍ਰਿਫਤਾਰ ਹੋ ਗਿਆ।

ਮਾਰਚ 1942 ਵਿਚ ਜਾ ਕੇ ਕੇਂਦਰੀ ਕਮੇਟੀ ਵੱਲੋਂ ਦੋਹਾਂ ਪੱਖਾਂ ਦੇ ਚਾਰ ਸਾਥੀ ਲੈ ਕੇ ਇਕ ਸਾਂਝੀ ਜਥੇਬੰਦਕ ਕਮੇਟੀ ਸਥਾਪਤ ਕੀਤੀ ਗਈ। ਪਰ ਜਦੋਂ ਅਗਲੇ ਮਹੀਨੇ ਰਿਹਾਈਆਂ ਸ਼ੁਰੂ ਹੋਈਆਂ ਤਾਂ ਇਸ ਕਮੇਟੀ ਨੂੰ ਬਿਲਕੁੱਲ ਅੱਖੋਂ ਪਰੋਖੇ ਕਰਕੇ ਕੇਂਦਰ ਨੇ ਦੋਹਾਂ ਪਾਸਿਆਂ ਦੇ ਪੁਰਾਣੇ ਢੁੱਠਾਂ ਵਾਲੇ ਆਗੂਆਂ ਦੀ ਨਵੀਂ ਜਥੇਬੰਦਕ ਕਮੇਟੀ ਬਣਾ ਦਿੱਤੀ।

## ਵਿਆਹ ਤੋਂ ਕੀਤੀ ਤੋਬਾ ਕਿਵੇਂ ਟੁੱਟੀ?

ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਮੋਗਾ) ਵਿਚ ਪਿੰਡ ਫਤਹਿਗੜ੍ਹ ਕੋਰਟਾਣਾ ਵਿਚ ਹੋ ਰਹੀ ਸੂਬਾ ਕਿਸਾਨ ਕਾਨਫ਼ਰੰਸ ਜਿਸਨੂੰ ਅਸਫ਼ਲ ਕਰਨ ਲਈ ਸਰਕਾਰ ਦਾ ਟਿੱਲ ਲੱਗਾ ਹੋਇਆ ਸੀ, ਵਿਚ ਔਰਤਾਂ ਨੂੰ ਲਾਮਬੰਦ ਕਰਨ ਦਾ ਕੰਮ ਸੁਸ਼ੀਲਾ ਨੂੰ ਦਿੱਤਾ ਗਿਆ ਸੀ। ਇਸ ਕੰਮ ਨੂੰ ਉਸਨੇ ਇਕ ਸ਼ਹਿਰੀ ਲੜਕੀ ਹੁੰਦਿਆਂ ਜਿਸ ਸਿਰੜ ਨਾਲ ਨਿਭਾਇਆ ਉਸ ਨਾਲ ਪਾਰਟੀ ਲੀਡਰਸ਼ਿਪ ਨੂੰ ਯਕੀਨ ਹੋ ਗਿਆ ਕਿ ਸੁਸ਼ੀਲਾ ਸੱਚੀਂ-ਮੁੱਚੀਂ ਇਕ ਵਧੀਆ ਵਰਕਰ ਬਣੇਗੀ।

ਉਸਦੇ ਕੰਮ ਬਾਰੇ ਜ਼ਿਲ੍ਹਾ ਪਾਰਟੀ ਲੀਡਰਸ਼ਿਪ ਨੇ ਪ੍ਰਸੰਸਾ ਪੱਤਰ ਭੇਜਿਆ। ਪਰ ਨਾਲ ਹੀ ਲਿਖ ਦਿੱਤਾ ਕਿ ਸੁਸ਼ੀਲਾ ਦੀ ਕਿਸੇ ਚੰਗੇ ਸਾਥੀ ਨਾਲ ਸ਼ਾਦੀ ਕਰ ਦਿੱਤੀ ਜਾਵੇ ਤਾਂ ਠੀਕ ਹੈ। ਕਿਉਂਕਿ ਜਦੋਂ ਕੋਈ ਪੁੱਛਦਾ ਹੈ ਕਿ ਸੁਸ਼ੀਲਾ ਦਾ ਘਰ ਵਾਲਾ ਕਿਥੇ ਹੈ ਤਾਂ ਸਾਨੂੰ ਦੱਸਣਾ ਪੈਂਦਾ ਹੈ ਕਿ ਇਸਦੀ ਅਜੇ ਸ਼ਾਦੀ ਨਹੀਂ ਹੋਈ। ਸੁਸ਼ੀਲਾ ਨੂੰ ਜਦੋਂ ਕੋਈ ਔਰਤ ਪੁੱਛਦੀ ਕਿ ਤੁਹਾਡੇ ਘਰ ਵਿਚੋਂ ਕੌਣ ਇਹ ਕੰਮ ਕਰਦਾ ਹੈ ਤਾਂ ਉਹ ਕਹਿ ਦਿੰਦੀ ਕਿ ਉਸਦੇ ਪਿਤਾ ਜੀ ਦੇਸ਼ ਭਗਤ ਸਨ। ਇਸ ਲਈ ਉਹ ਵੀ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਿੱਸਾ ਪਾਉਣਾ ਚਾਹੁੰਦੀ ਹੈ।

ਜਦੋਂ ਅਸੀਂ ਸੁਸ਼ੀਲਾ ਨੂੰ ਦੱਸਿਆ ਕਿ ਜਿਥੇ ਤੂੰ ਪਾਰਟੀ 'ਚ ਕੰਮ ਕਰਦੀ ਆਈ ਹੈਂ ਉਥੋਂ ਦੀ ਜ਼ਿਲਾ ਕਮੇਟੀ ਦੀ ਇਹ ਰਾਏ ਹੈ ਤਾਂ ਸੁਸ਼ੀਲਾ ਨੇ ਉੱਤਰ ਦਿੱਤਾ ਕਿ ਪਾਰਟੀ ਲਾਭ ਵਾਸਤੇ ਉਸਦੀ ਸ਼ਾਦੀ ਦੀ ਰਸਮ ਪੂਰੀ ਕਰ ਦਿੱਤੀ ਜਾਵੇ ਪਰ ਇਹ ਵਿਆਹ ਕੇਵਲ ਵਿਖਾਵੇ ਦਾ ਹੋਵੇਗਾ। ਸੋ ਜਿਹੜਾ ਸਾਥੀ ਉਸਦੀ ਸ਼ਰਤ ਨੂੰ ਮੰਨ ਲਵੇ ਉਸ ਨਾਲ ਵਿਆਹ ਦੀ ਰਸਮ ਪੂਰੀ ਕਰ ਦਿੱਤੀ ਜਾਵੇ।

ਹੁਣ ਪਾਰਟੀ ਲੀਡਰਸ਼ਿਪ ਨੇ ਅਜੇਹੇ ਸਾਥੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ,

ਜੋ ਸੁਸ਼ੀਲਾ ਦੀ ਸ਼ਰਤ ਨੂੰ ਮਨਜ਼ੂਰ ਕਰੇ। ਜ਼ਿਲ੍ਹਾ ਜਲੰਧਰ ਦੇ ਕਾਮਰੇਡ ਅਜੀਤ ਸਿੰਘ ਗੜ੍ਹ ਪਧਾਣਾ ਤੇ ਕਿਸ਼ਨ ਸਿੰਘ ਚੀਮਾ ਦੇ ਨਾਮ ਸਾਹਮਣੇ ਆਏ ਅਤੇ ਹੋਰ ਜ਼ਿਲ੍ਹਿਆਂ ਵੱਲ ਵੀ ਧਿਆਨ ਮਾਰਿਆ। ਪਰ ਉਹ ਸਾਥੀ ਵੀ ਇਸ ਨਿਆਰੇ ਕਾਰਜ ਲਈ ਤਿਆਰ ਨਹੀਂ ਸੀ ਹੁੰਦੇ। ਦੂਜੇ ਪਾਸੇ ਸ਼ਕੁੰਤਲਾ ਸ਼ਾਰਦਾ (ਜੋ ਸਾਡੇ ਨਾਲ ਪਾਰਟੀ ਦੇ ਗੁਪਤ ਅੱਡੇ 'ਤੇ ਰਹਿੰਦੀ ਸੀ) ਮੇਰੇ ਬਾਰੇ ਜ਼ੋਰ ਪਾ ਰਹੀ ਸੀ ਕਿ ਚੈਨ ਸਿੰਘ ਚੈਨ ਤੋਂ ਬਿਨਾਂ ਹੋਰ ਕੋਈ ਸਾਥੀ ਇਸ ਕਾਰਜ ਲਈ ਦਰੁਸਤ ਨਹੀਂ ਕਿਉਂਕਿ ਸੁਸ਼ੀਲਾ ਦੇ ਸੁਭਾਓ ਤੋਂ ਉਹ ਜਾਣੂੰ ਸੀ। ਉਸਨੇ ਕਿਹਾ ਕਿ ਸੁਸ਼ੀਲਾ ਨੇ ਆਪਣੇ ਸਟੈਂਡ ਤੋਂ ਏਧਰ-ਓਧਰ ਨਹੀਂ ਹੋਣਾ। ਇਧਰ ਕਾਮਰੇਡ ਚੈਨ ਦਾ ਵੀ ਸਾਰੀ ਉਮਰ ਵਿਆਹ ਨਾ ਕਰਾਉਣ ਦਾ ਵਿਚਾਰ ਹੈ। ਸੋ ਜੇ ਇਹ ਵਿਖਾਵੇ ਤਕ ਹੀ ਰਿਹਾ ਤਾਂ ਵੀ ਠੀਕ ਹੈ ਅਤੇ ਜੇ ਸਮੇਂ ਨਾਲ ਸੱਚਮੁੱਚ ਦਾ ਬਣ ਗਿਆ ਤਾਂ ਹੋਰ ਵੀ ਠੀਕ ਹੈ। ਸੋ ਅਖ਼ੀਰ ਪਾਰਟੀ ਲੀਡਰਸ਼ਪਿ ਨੇ ਇਹੋ ਫੈਸਲਾ ਕਰ ਦਿੱਤਾ।

ਉਸੇ ਸਮੇਂ ਇਕ ਹੋਰ ਲੜਕੀ ਸੁਸ਼ੀਲਾ ਵਾਂਗ ਹੀ ਬਿਨਾਂ ਦੱਸਿਆਂ ਘਰੋਂ ਆ ਗਈ ਸੀ। ਉਸਦੇ ਰਿਸ਼ਤੇਦਾਰ ਰਾਸ਼ਟਰੀਆ ਸੇਵਕ ਸੰਘ ਨਾਲ ਸਬੰਧਤ ਸਨ। ਉਨ੍ਹਾਂ ਦੇ ਦਬਾਉ ਨਾਲ ਪੁਲਸ ਥਾਂ-ਥਾਂ ਛਾਪੇ ਮਾਰ ਰਹੀ ਸੀ। ਸਾਡੇ ਕੇਂਦਰੀ ਗੁਪਤ ਅੱਡੇ ਨੂੰ ਵੀ ਖ਼ਤਰਾ ਸੀ। ਇਸ ਕਰਕੇ ਖੁੱਲ੍ਹੇ ਤੌਰ ਉੱਤੇ ਪਬਲਿਕ ਵਿਚ ਲਿਆਉਣ ਵਾਸਤੇ ਉਸ ਦੀ ਮਰਜ਼ੀ ਨਾਲ ਉਸਦਾ ਵੀ ਸੁਸ਼ੀਲਾ ਵਾਂਗ ਫਰਜ਼ੀ ਵਿਆਹ ਕਰਨ ਦਾ ਫੈਸਲਾ ਲਿਆ ਗਿਆ। ਉਸਦੇ ਵਾਸਤੇ ਕਾਮਰੇਡ ਦਲੀਪ ਸਿੰਘ ਜੌਹਲ ਦਾ ਨਾਉਂ ਪਾਸ ਕੀਤਾ ਗਿਆ।

ਇਸ ਦੋਹਾਂ ਵਿਆਹਾਂ ਦੀ ਰਸਮ ਪਿੰਡ ਨਾਨੋ ਨੰਗਲ ਜ਼ਿਲ੍ਹਾ ਗੁਰਦਾਸਪੁਰ ਵਿਚ ਕੀਤੀ ਗਈ। ਇਸ ਪਿੰਡ ਵਿਚ ਪਾਰਟੀ ਦਾ ਮਜਬੂਤ ਅੱਡਾ ਸੀ। ਏਥੇ ਹੀ ਉਸ ਸਮੇਂ ਖ਼ੁਫ਼ੀਆ 'ਲਾਲ ਝੰਡਾ' ਛਪਦਾ ਸੀ ਅਤੇ ਏਥੇ ਇਕ ਅਜਿਹੀ ਇਸਤਰੀ ਸਭਾ ਸੀ ਜਿਸਨੂੰ ਵਿਆਹ ਰਜਿਟਰਡ ਕਰਨ ਦਾ ਅਧਿਕਾਰ ਸੀ।

ਮੈਂ ਤੇ ਕਾਮਰੇਡ ਦਲੀਪ ਸਿੰਘ ਇਕੱਠੇ ਬੈਠ ਗਏ ਅਤੇ ਸੁਸ਼ੀਲਾ ਤੇ ਉਰਮਿਲਾ 'ਕੱਠੀਆਂ। ਬਸ ਸਵਾ-ਸਵਾ ਰੁਪਏ ਦਾ ਪ੍ਰਸ਼ਾਦ ਕਰਵਾ ਕੇ ਇਹ ਵਿਆਹ ਸੰਪੂਰਨ ਹੋ ਗਿਆ। ਫੇਰੇ ਵੀ ਨਹੀਂ ਹੋਏ, ਬੈਠਿਆਂ ਸੀਸ ਝੁਕਾ ਦਿੱਤਾ। ਔਰਤਾਂ ਵਿਚ ਆਮ ਚਰਚਾ ਸੀ ਕਿ ਪਤਾ ਨਹੀਂ ਕਿਸ ਕੁੜੀ ਦਾ ਕਿਸ ਮੁੰਡੇ ਨਾਲ ਵਿਆਹ ਹੋਇਆ ਹੈ।

ਵਿਆਹ ਮਗਰੋਂ ਸੁਸ਼ੀਲਾ ਨੂੰ ਵੀ ਪੁਲਸ ਗ੍ਰਿਫਤਾਰ ਕਰਨਾ ਚਾਹੁੰਦੀ ਸੀ, ਪਰ ਉਹ ਨਵੇਂ ਜ਼ਿਲ੍ਹੇ ਕਾਂਗੜੇ ਵਿਚ ਜਾ ਕੇ ਕੰਮ ਕਰਨ ਲਗ ਪਈ ਸੀ। ਜੰਗ ਬਾਰੇ ਪਾਰਟੀ ਨੀਤੀ ਬਦਲ ਗਈ ਤਾਂ ਵਰਕਰਾਂ ਦੀ ਫੜੋ-ਫੜੋ ਬੰਦ ਹੋ ਗਈ। ਸੁਸ਼ੀਲਾ ਮੈਨੂੰ (ਸੂਬਾ ਸਕੱਤਰ ਵਜੋਂ) ਆਪਣੇ ਕੰਮ ਦੀ ਰਿਪੋਰਟ ਦੇਣ ਲਈ ਚਾਰ ਮਹੀਨੇ ਮਗਰੋਂ ਮਿਲੀ। ਸਾਡੀ

ਹੋਰ ਕੋਈ ਜ਼ਾਤੀ ਗੱਲਬਾਤ ਨਹੀਂ ਹੋਈ, ਪਰ ਉਸਦੇ ਕੰਮ ਨੂੰ ਦੇਖ ਕੇ ਮੇਰੇ ਅੰਦਰ ਥੋੜ੍ਹਾ ਅਹਿਸਾਸ ਪੈਦਾ ਹੋ ਰਿਹਾ ਸੀ ਕਿ ਜੇਕਰ ਇਹ ਵਿਆਹ ਸੱਚਮੁੱਚ ਦਾ ਵੀ ਹੋ ਜਾਵੇ ਤਾਂ ਕੋਈ ਹਰਜ ਨਹੀਂ। ਪਰ ਸੁਸ਼ੀਲਾ ਅੰਦਰ ਅਜੇ ਵੀ ਅਜਿਹੀ ਭਾਵਨਾ ਪੈਦਾ ਹੋਈ ਨਹੀਂ ਸੀ ਜਾਪਦੀ। ਮੈਂ ਕੁਝ ਦਿਨ ਮਗਰੋਂ ਗ੍ਰਿਫਤਾਰ ਹੋ ਗਿਆ ਅਤੇ ਦੋ ਮਹੀਨੇ ਸ਼ਾਹੀ ਕਿਲ੍ਹਾ ਲਾਹੌਰ ਵਿਚ ਰੱਖ ਕੇ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਭੇਜ ਦਿੱਤਾ ਗਿਆ, ਜਿੰਥੇ ਪੰਜਾਬ ਦੇ ਹੋਰ ਬਹੁਤ ਸਾਰੇ ਸਾਥੀ ਨਜ਼ਰਬੰਦ ਸਨ। ਸੁਸ਼ੀਲਾ ਨੇ ਓਥੇ ਆ ਕੇ ਮੇਰੇ ਨਾਲ ਕੋਈ ਮੁਲਾਕਾਤ ਨਹੀਂ ਕੀਤੀ। ਇਕ ਕਾਮਰੇਡ ਵਜੋਂ ਹੀ ਚਿੱਠੀ ਪੱਤਰ ਕਰਦੀ ਰਹੀ।

## ਪਾਰਟੀ ਹੈੱਡਕੁਆਰਟਰ ਤੋਂ ਸਾਡੀ ਗ੍ਰਿਫਤਾਰੀ

ਫਰਵਰੀ, 1942 ਨੂੰ ਸਾਡੇ ਮੁੱਖ ਖੁਫ਼ੀਆ ਦਫਤਰ ਉੱਤੇ ਪੁਲਿਸ ਦੀ ਧਾੜ ਨੇ ਅੱਧੀ ਰਾਤ ਵੇਲੇ ਛਾਪਾ ਮਾਰ ਕੇ ਮੈਨੂੰ, ਹਰਬੰਸ ਸਿੰਘ ਕਰਨਾਣਾ ਅਤੇ ਸ਼ਕੁੰਤਲਾ ਸ਼ਾਰਦਾ ਨੂੰ ਗ੍ਰਿਫਤਾਰ ਕਰਕੇ ਇਕ ਕਮਰੇ ਵਿਚ ਬੰਦ ਕਰ ਦਿੱਤਾ। ਪੁਲਿਸ ਨੂੰ ਆਸ ਸੀ ਕਿ ਇਥੇ ਆਉਂਦਾ ਸ਼ਾਇਦ ਕੋਈ ਹੋਰ ਸਾਥੀ ਵੀ ਹੱਥ ਲੱਗ ਜਾਏ। ਸਵੇਰ ਸਾਰ ਕਾਮਰੇਡ ਕਿਸ਼ਨ ਸਿੰਘ ਚੀਮਾ ਸਾਈਕਲ ਉੱਤੇ ਸਾਡੇ ਵਲ ਆ ਰਿਹਾ ਸੀ, ਪਰ ਉਸਨੇ ਦੂਰੋਂ ਹੀ ਪੁਲਿਸ ਨੂੰ ਦੇਖ ਕੇ ਸਾਈਕਲ ਪਿਛਾਂਹ ਮੋੜ ਲਿਆ ਤੇ ਬਚ ਗਿਆ। ਉਸੇ ਰਾਤ ਸ਼ਾਹੂ ਦੀ ਗੜ੍ਹੀ ਇਕ ਮਕਾਨ (ਜਿਥੋਂ ਅਸੀਂ ਬਾਹਰੋਂ ਆਏ ਗਏ ਨਾਲ ਮੁਲਾਕਾਤ ਕਰਦੇ ਸਾਂ) 'ਚੋਂ ਕਾਮਰੇਡ ਜੀਵਨ ਸਿੰਘ ਦੁਖੀ ਨੂੰ ਗ੍ਰਿਫਤਾਰ ਕਰ ਲਿਆ। ਇਸ ਤੋਂ ਸਾਫ ਹੋ ਜਾਂਦਾ ਸੀ ਕਿ ਪੁਲਿਸ ਨੂੰ ਉਸ ਮਕਾਨ ਦਾ ਵੀ ਪਤਾ ਲੱਗ ਚੁੱਕਾ ਸੀ।

ਪੁਲਿਸ ਨੇ ਦੋ ਕੁ ਮਹੀਨੇ ਪਹਿਲਾਂ ਸਾਡੇ ਮਕਾਨ ਦੇ ਲਾਗਲੇ ਖੂਹ ਉੱਤੇ ਕੰਮ ਕਰਦੇ ਕਿਸਾਨਾਂ ਤੋਂ ਪੁੱਛਗਿੱਛ ਕੀਤੀ ਸੀ ਕਿ ਇਸ ਮਕਾਨ ਵਿਚ ਰਹਿਣ ਵਾਲੇ ਕੀ ਕੰਮ ਕਰਦੇ ਹਨ। ਸਪੱਸ਼ਟ ਸੀ ਕਿ ਪੁਲਿਸ ਨੂੰ ਸਾਡੇ ਬਾਰੇ ਕੁਛ ਸ਼ੱਕ ਪੈ ਚੁੱਕਾ ਸੀ। ਉਨ੍ਹਾਂ ਕਿਸਾਨਾਂ ਨੇ ਮਾਲਕ ਮਕਾਨ ਨੂੰ ਦੱਸਿਆ ਕਿ ਪੁਲਸ ਉਨ੍ਹਾਂ ਤੋਂ ਪਤਾ ਕਰ ਰਹੀ ਸੀ ਕਿ ਇਸ ਮਕਾਨ ਦੇ ਕਿਰਾਏਦਾਰ ਕੌਣ ਹਨ। ਮਾਲਿਕ ਮਕਾਨ ਨੇ ਸਾਨੂੰ ਦੱਸਿਆ। ਮੈਂ ਕਾਮਰੇਡ ਕਰਨਾਣਾ ਨੂੰ ਆਖਿਆ ਕਿ ਹੁਣ ਸਾਨੂੰ ਬਿਨਾਂ ਕਿਸੇ ਦੇਰੀ ਤੋਂ ਇਹ ਮਕਾਨ ਛੱਡ ਕੇ ਹੋਰ ਮਕਾਨ ਲੈ ਲੈਣਾ ਚਾਹੀਦਾ ਹੈ ਤਾਂ ਹਰਬੰਸ ਸਿੰਘ ਨੇ ਕਿਹਾ ਕਿ ਇਹ ਮਕਾਨ ਤਾਂ ਇਕ ਕਿਲ੍ਹਾ ਹੈ। ਚਲੋ ਦੋ-ਤਿੰਨ ਹਫ਼ਤੇ ਬਾਹਰ ਚਲੇ ਜਾਂਦੇ ਹਾਂ। ਦੇਖਦੇ ਹਾਂ ਕਿ ਪੁਲਿਸ ਛਾਪਾ ਮਾਰਦੀ ਹੈ ਕਿ ਨਹੀਂ। ਮੈਂ ਉਸ ਨਾਲ ਸਹਿਮਤ ਨਹੀਂ ਸੀ, ਪਰ ਕਰਨਾਣਾ ਨੇ ਮੈਨੂੰ ਐਵੇਂ ਡਰੀ ਜਾਣ ਦਾ ਦੋਸ਼ ਦਿੱਤਾ। ਕਰਨਾਣੇ ਦੀ ਗੱਲ ਮੰਨ ਕੇ ਅਸੀਂ ਪੰਦਰਾਂ-ਵੀਹ ਦਿਨ ਲਈ ਬਾਹਰ ਜ਼ਿਲ੍ਹਿਆਂ ਵਿਚ ਚਲੇ ਗਏ। ਪੁਲਸ ਨੇ ਇਸ ਦੌਰਾਨ ਉਸ ਮਕਾਨ 'ਤੇ ਕੋਈ ਛਾਪਾ ਨਹੀਂ ਮਾਰਿਆ। ਅਸੀਂ ਮੁੜ ਉਸੇ ਮਕਾਨ ਵਿਚ

ਆ ਕੇ ਰਹਿਣ ਲੱਗ ਪਏ। ਇਕ ਹੋਰ ਪਾਸਿਓਂ ਵੱਡੀ ਗਲਤੀ ਹੋ ਗਈ। ਕਾਮਰੇਡ ਦੁੱਲਾ ਸਿੰਘ ਪੋਲਿਤ ਬਿਊਰੋ ਦਾ ਤੀਜਾ ਮੈਂਬਰ ਸੀ ਕਿਉਂਕਿ ਗੁਰਚਰਨ ਸਿੰਘ ਸਹਿੰਸਰਾ ਪਠਾਣੀ ਇਲਾਕਿਆਂ ਵਿਚ ਆਪਣੀ ਸੋਚ ਮੁਤਾਬਕ ਕੰਮ ਕਰਨ ਚਲਾ ਗਿਆ ਸੀ। ਕਾਮਰੇਡ ਦੁੱਲਾ ਸਿੰਘ ਨੂੰ ਕਿਸੇ ਕੰਮ ਚੀਮਾ ਕਲਾਂ ਜ਼ਿਲ੍ਹਾ ਜਲੰਧਰ ਵਿਖੇ ਕਾਮਰੇਡ ਭੋਲਾ ਸਿੰਘ ਪਾਸ ਭੇਜਿਆ ਸੀ। ਉਸਨੂੰ ਦੱਸਿਆ ਸੀ ਕਿ ਨਕੋਦਰ ਤੋਂ ਨੂਰਮਹਿਲ ਸਟੇਸ਼ਨ ਉੱਤੇ ਗੱਡੀ ਤੋਂ ਉੱਤਰ ਕੇ ਫਿਲੌਰ ਵੱਲ ਨੂੰ ਲਾਈਨ ਦੇ ਨਾਲ-ਨਾਲ ਤੁਰ ਪਵੇ। ਸਿਗਨਲ ਕੋਲ ਇਕ ਸਾਥੀ ਉਹਦੀ ਉਡੀਕ ਕਰ ਰਿਹਾ ਹੋਵੇਗਾ। ਉਸਦੇ ਨਾਲ ਚਲੇ ਜਾਣਾ। ਪਰ ਕਾਮਰੇਡ ਦੁੱਲਾ ਸਿੰਘ ਉਲਟ ਪਾਸੇ ਨੂੰ ਤੁਰ ਪਿਆ। ਫੇਰ ਉਸਨੂੰ ਲਿਜਾਣ ਵਾਲਾ ਸਾਥੀ ਕਿਥੋਂ ਮਿਲਣਾ ਸੀ। ਕਾਮਰੇਡ ਦੁੱਲਾ ਸਿੰਘ ਨੂਰਮਹਿਲ ਸ਼ਹਿਰ ਦੇ ਵਿਚੋਂ ਦੀ ਹੋ ਕੇ ਚੀਮਾ ਕਲਾਂ ਵੱਲ ਨੂੰ ਤੁਰ ਪਿਆ। ਮਾੜੀ ਕਿਸਮਤ ਨੂੰ ਉਸਨੂੰ ਇਕ ਬੰਦਾ ਮਿਲ ਪਿਆ ਜੋ ਪਾਨਾਮਾ ਵਿਖੇ ਉਸ ਨਾਲ ਕੰਮ ਕਰਦਾ ਸੀ। ਉਸਨੇ ਪੁੱਛ ਲਿਆ ਕਿ ਕਿਥੇ ਜਾਣਾ ਹੈ। ਉਸਨੇ ਦੁਲਾ ਸਿੰਘ ਨੂੰ ਚੀਮਾ ਕਲਾਂ ਦੇ ਰਸਤੇ ਪਾ ਦਿੱਤਾ। ਉਹ ਬੰਦਾ ਏਧਰ ਆ ਕੇ ਸੀ. ਆਈ. ਡੀ. ਵਿਚ ਹੋ ਗਿਆ ਸੀ। ਉਸਨੇ ਥਾਣੇ ਜਾ ਕੇ ਦੱਸ ਦਿੱਤਾ ਕਿ ਦੁੱਲਾ ਸਿੰਘ ਚੀਮਾ ਕਲਾਂ ਨੂੰ ਜਾ ਰਿਹਾ ਹੈ। ਪੁਲਿਸ ਨੇ ਪਿੱਛਾ ਕਰਕੇ ਕਾਮਰੇਡ ਦੁੱਲਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਅਤੇ ਅਗਲੇ ਦਿਨ ਜਲੰਧਰ ਪੁਲਿਸ ਕੋਲ ਭੇਜ ਦਿੱਤਾ। ਉਸਦਾ ਨਾਮ ਗੁਪਤਵਾਸੀਆਂ ਵਿਚ ਪੜ੍ਹਕੇ ਜਲੰਧਰ ਪੁਲਿਸ ਨੇ ਉਸਨੂੰ ਲਾਹੌਰ ਸ਼ਾਹੀ ਕਿਲ੍ਹੇ ਦੇ ਬੁੱਚੜਖਾਨੇ ਭੇਜ ਦਿੱਤਾ। ਪੁਲਸ ਨੇ ਪਹਿਲੇ ਤਿੰਨ-ਚਾਰ ਦਿਨ ਤਸ਼ੱਦਦ ਕੀਤਾ ਫੇਰ ਉਸਦੀ ਸਾਦਗੀ ਤੋਂ ਲਾਭ ਉਠਾਉਣ ਲਈ ਨਵਾਂ ਡਰਾਮਾ ਰਚਿਆ।

ਇਕ ਸੀ. ਆਈ. ਡੀ. ਵਾਲਾ ਉਸਨੂੰ ਬਹੁਤ ਹਮਦਰਦੀ ਨਾਲ ਮਿਲਣ ਲੱਗਾ। ਇਉਂ ਜਾਪਦਾ ਜਿਵੇਂ ਉਹ ਬਹੁਤ ਬਚ ਬਚਾ ਕੇ ਉਸ ਨਾਲ ਵੇਲੇ-ਕੁਵੇਲੇ ਮਿਲਦਾ ਹੈ। ਕਾਮਰੇਡ ਦੁੱਲਾ ਸਿੰਘ ਨੂੰ ਉਸਨੇ ਦੱਸਿਆ "ਉਹ ਸੋਸ਼ਲਿਸਟ ਪਾਰਟੀ ਨਾਲ ਸੰਬੰਧ ਰੱਖਦਾ ਹੈ, ਕਿਲ੍ਹੇ ਦੀ ਪੁਲਸ ਵਿਚ ਉਸਦੇ ਇਕ ਦੋ ਰਿਸ਼ਤੇਦਾਰ ਹਨ, ਉਹ ਉਨ੍ਹਾਂ ਨੂੰ ਮਿਲਣ ਆਉਣ ਦੇ ਬਹਾਨੇ ਕਈ ਭੇਦ ਕੱਢ ਲੈਂਦਾ ਹੈ ਅਤੇ ਜੇ ਤੁਹਾਨੂੰ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸੋ।"

ਇਕ ਦਿਨ ਕੁਝ ਫਰੂਟ ਲਿਆ ਦਿੱਤੇ। ਫੇਰ ਥੋੜ੍ਹੀ ਮਠਿਆਈ। ਇਸ ਤਰ੍ਹਾਂ ਉਸਨੇ ਕਾਮਰੇਡ ਦੁੱਲਾ ਸਿੰਘ ਉੱਤੇ ਸੱਚਮੁੱਚ ਹਮਦਰਦ ਹੋਣ ਦਾ ਭਰੋਸਾ ਜਮਾ ਲਿਆ। ਫੇਰ ਉਸਨੇ ਕਾਮਰੇਡ ਦੁੱਲਾ ਸਿੰਘ ਨੂੰ ਪੁੱਛਿਆ ਕਿ ਜੇ ਕਿਸੇ ਨੂੰ ਉਸਨੇ ਕੋਈ ਸੁੱਖ ਸੁਨੇਹਾ ਦੇਣਾ ਹੈ ਤਾਂ ਲਿਖ ਦੇਵੇ। ਉਹ ਸੁਨੇਹਾ ਦੇ ਕੇ ਅਗਲੇ ਦਾ ਜਵਾਬ ਲਿਆ ਦੇਵੇਗਾ। ਕਾਮਰੇਡ ਦੁੱਲਾ ਸਿੰਘ ਉਸ ਦੇ ਝਾਂਸੇ ਵਿਚ ਆ ਗਿਆ ਅਤੇ ਕਾਮਰੇਡ ਜਗੀਰ ਸਿੰਘ ਕੋਟ ਸੋਹਦਾ ਨੂੰ ਖਤ ਲਿਖ ਦਿੱਤਾ ਕਿ ਉਹ ਕਿਲ੍ਹੇ ਵਿਚ ਆ ਕੇ ਉਸਨੂੰ ਮਿਲ ਜਾਵੇ।

ਇਹ ਚਿੱਠੀ ਲਿਆਉਣ ਵਾਲਾ ਬੰਦਾ ਤੁਹਾਨੂੰ ਮੇਰੇ ਨਾਲ ਮਿਲਾ ਦੇਵੇਗਾ। ਸੀ. ਆਈ. ਡੀ. ਵਾਲਾ ਚਿੱਠੀ ਲੈ ਕੇ ਕੋਟ ਸੋਂਹਦੇ ਜਗੀਰ ਸਿੰਘ ਨੂੰ ਜਾ ਮਿਲਿਆ। ਜਗੀਰ ਸਿੰਘ ਨੇ ਉਸ ਨਾਲ ਦੂੱਲਾ ਸਿੰਘ ਨੂੰ ਮਿਲਣ ਦਾ ਦਿਨ ਤੈਅ ਕਰ ਲਿਆ। ਇਹ ਗੱਲ ਜਗੀਰ ਸਿੰਘ ਨੇ ਸਾਨੂੰ ਕੇਂਦਰੀ ਦਫਤਰ ਵਿਚ ਆ ਕੇ ਦੱਸੀ ਤਾਂ ਅਸੀਂ ਉਸਨੂੰ ਸਮਝਾ ਦਿੱਤਾ ਕਿ ਇਹ ਤਾਂ ਕਿਲ੍ਹੇ ਅੰਦਰ ਜਾ ਕੇ ਆਪ ਪੁਲਸ ਦੇ ਪੰਜੇ ਵਿਚ ਫਸਣ ਵਾਲੀ ਗੱਲ ਹੈ। ਹੋ ਸਕਦਾ ਹੈ ਕਿ ਪੁਲਸ ਨੇ ਜਗੀਰ ਸਿੰਘ ਦਾ ਪਿੱਛਾ ਕਰਕੇ ਕੇਂਦਰੀ ਦਫਤਰ ਦੀ ਸੂਹ ਕੱਢ ਲਈ ਹੋਵੇ।

ਮਿੱਥੇ ਦਿਨ ਉੱਤੇ ਕਾਮਰੇਡ ਜਗੀਰ ਸਿੰਘ ਕਿਲ੍ਹੇ ਵਿਚ ਨਾ ਗਿਆ ਤਾਂ ਉਹੀ ਸੀ. ਆਈ. ਡੀ. ਵਾਲਾ ਫੇਰ ਕੋਟ ਸੋਂਹਦੇ ਜਾ ਕੇ ਕਾਮਰੇਡ ਜਗੀਰ ਸਿੰਘ ਨੂੰ ਮਿਲਿਆ ਤਾਂ ਜਗੀਰ ਸਿੰਘ ਨੇ ਕਹਿ ਦਿੱਤਾ ਕਿ ਉਸ ਨੇ ਪਾਰਟੀ ਦਾ ਖਹਿੜਾ ਛੱਡ ਦਿੱਤਾ ਹੈ, ਉਸਦਾ ਹੁਣ ਨਾ ਪਾਰਟੀ ਨਾਲ ਅਤੇ ਨਾ ਦੂੱਲਾ ਸਿੰਘ ਨਾਲ ਕੋਈ ਵਾਸਤਾ ਹੈ।

ਦੂੱਲਾ ਸਿੰਘ ਦੀ ਥਾਂ ਕਾਮਰੇਡ ਹਰਮਿੰਦਰ ਸਿੰਘ ਸੋਢੀ ਨੂੰ ਪੋਲਿਤ ਬਿਓਰੋ ਵਿਚ ਲੈ ਲਿਆ ਗਿਆ। ਉਂਝ ਵੀ ਉਹ ਸੀਨੀਅਰ ਸਾਥੀ ਹੋਣ ਕਰਕੇ ਸਾਡੇ ਕੋਲ ਦਫਤਰ ਵਿਚ ਆਉਂਦਾ ਰਹਿੰਦਾ ਸੀ। ਕਿਰਤੀ ਪਾਰਟੀ ਵੱਲੋਂ ਹਿੰਦ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਣ ਦਾ ਮਤਾ ਕੀਤਿਆਂ ਛੇ ਮਹੀਨੇ ਲੰਘ ਜਾਣ ਤੋਂ ਬਾਅਦ ਵੀ ਹਿੰਦ ਕਮਿਊਨਿਸਟ ਪਾਰਟੀ ਦੇ ਕੇਂਦਰੀ ਦਫਤਰ ਵੱਲੋਂ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ। ਇਸ ਲਈ ਕਾਮਰੇਡ ਹਰਮਿੰਦਰ ਸਿੰਘ ਸੋਢੀ ਨੂੰ ਬੰਬਈ ਹਿੰਦ ਕਮਿਊਨਿਸਟ ਪਾਰਟੀ ਦੇ ਕੇਂਦਰ ਨਾਲ ਸੰਪਰਕ ਕਰਨ ਲਈ ਭੇਜਿਆ ਤਾਂ ਉਹ ਜਨਵਰੀ 1942 ਦੇ ਅੱਧ ਵਿਚ ਰਾਹ ਵਿਚ ਹੀ ਪੁਲਸ ਦੇ ਹੱਥ ਆ ਗਿਆ।

ਉਪਰੋਕਤ ਕਈ ਘਟਨਾਵਾਂ ਕਿਰਤੀ ਪਾਰਟੀ ਦੇ ਕੇਂਦਰੀ ਦਫਤਰ ਦਾ ਪੁਲਸ ਨੂੰ ਪਤਾ ਲੱਗ ਜਾਣ ਦੀ ਸੰਭਾਵਨਾ ਵਲ ਸਾਫ ਇਸ਼ਾਰਾ ਕਰਦੀਆਂ ਸਨ, ਪਰ ਅਫਸੋਸ ਹੈ ਕਿ ਅਸੀਂ ਅਵੇਸਲੇ ਰਹੇ। ਸੋ ਜਨਵਰੀ 1942 ਦੇ ਅਖ਼ੀਰ ਵਿਚ ਅੱਧੀ ਰਾਤ ਨੂੰ ਛਾਪਾ ਮਾਰਕੇ ਪੁਲਸ ਨੇ ਮੈਨੂੰ, ਹਰਬੰਸ ਕਰਨਾਣਾ ਅਤੇ ਸ਼ਕੁੰਤਲਾ ਸ਼ਾਰਦਾ ਨੂੰ ਗ੍ਰਿਫਤਾਰ ਕਰ ਲਿਆ ਅਤੇ ਲਾਹੌਰ ਸ਼ਾਹੀ ਕਿਲ੍ਹੇ ਦੇ ਬੁੱਚੜਖਾਨੇ ਦੀ ਕਾਲ ਕੋਠੜੀ ਦੀ ਜ਼ਿੱਲਤ ਸਹਿਣੀ ਪਈ।

## ਲਾਹੌਰ ਸ਼ਾਹੀ ਕਿਲ੍ਹੇ ਅੰਦਰ

ਲਾਹੌਰ ਦੇ ਸ਼ਾਹੀ ਕਿਲ੍ਹੇ ਦਾ ਨਾਮ ਸੁਣਕੇ ਸਧਾਰਨ ਬੰਦਾ ਤਾਂ ਇਹੋ ਸਮਝਦਾ ਹੋਵੇਗਾ ਕਿ ਆਮ ਜੇਲ੍ਹਾਂ ਨਾਲੋਂ ਏਥੇ ਨਜ਼ਰਬੰਦਾਂ ਨੂੰ ਬਹੁਤ ਸਹੂਲਤਾਂ ਹੁੰਦੀਆਂ ਹੋਣਗੀਆਂ। ਪਰ ਜਿਸ ਨੂੰ ਇਥੇ ਬੰਦ ਕੀਤਾ ਗਿਆ, ਉਸ ਤੋਂ ਏਥੇ ਦੀ ਵਾਰਤਾ ਸੁਣਕੇ ਪਤਾ ਲੱਗ

ਜਾਂਦਾ ਹੈ ਕਿ ਇਹੋ ਜਿਹਾ ਕੁੰਭੀ ਨਰਕ ਹੋਰ ਕਿਸੇ ਥਾਂ ਨਹੀਂ ਹੈ। ਏਥੇ ਦੇ ਹਰ ਕਰਮਚਾਰੀ ਨੂੰ ਸਿਖਿਆ ਦਿੱਤੀ ਹੁੰਦੀ ਹੈ ਕਿ ਨਜ਼ਰਬੰਦ ਨੂੰ ਹਰ ਢੰਗ-ਤਰੀਕੇ ਨਾਲ ਤੰਗ ਕਰੋ ਅਤੇ ਇਨ੍ਹਾਂ ਦੀ ਬੇਇੱਜ਼ਤੀ ਕਰੋ। ਸਬੰਧਤ ਬੰਦੇ ਦੇ ਰਹਿਣ ਲਈ ਇਕ ਭੀੜੀ ਜਿਹੀ ਕੋਠੜੀ, ਜਿਸ ਵਿਚ ਦੋ ਪੈਰ ਸੈਰ ਕਰਨ ਦੀ ਥਾਂ ਨਹੀਂ ਹੁੰਦੀ, ਉਸੇ ਕੋਠੜੀ ਵਿਚ ਟੱਟੀਖਾਨਾ, ਉਥੇ ਹੀ ਰੋਟੀ ਪਾਣੀ, ਉਥੇ ਹੀ ਲੇਟਣਾ। ਰੋਟੀ ਜੰਗਲੇ ਦੇ ਹੇਠਾਂ ਦੀ ਫੜਾਈ ਜਾਂਦੀ ਅਤੇ ਦਾਲ ਵਿਚ ਥੋੜੀ ਬਹੁਤ ਕਿਰਕ ਵੀ ਜ਼ਰੂਰ ਹੁੰਦੀ। ਜੇ ਕਿਤੇ ਥੋੜ੍ਹੀ ਜਿਹੀ ਨੀਂਦ ਆ ਜਾਣੀ ਤਾਂ ਪਹਿਰੇਦਾਰ ਨੇ ਆਪਣੀ ਸੋਟੀ ਨਾਲ ਹੁੱਝ ਮਾਰ ਦੇਣੀ। ਸੂਰਜ ਦੀ ਧੁੱਪ ਚਾਹੀਦੀ ਹੋਵੇ ਤਾਂ ਪਰਦਾ ਕਰ ਦੇਣਾ। ਜਦੋਂ ਧੁੱਪ ਬਹੁਤ ਤਿੱਖੀ ਹੋਵੇ ਤਾਂ ਕੋਈ ਰੋਕ ਨਹੀਂ। ਰਾਤ ਨੂੰ ਸੌਣ ਨਹੀਂ ਦੇਣਾ। ਪਾਣੀ ਦੀ ਇਕੋ ਘੜੀ ਹੈ, ਚਾਹੇ ਪਾਣੀ ਪੀਣ ਲਈ ਰੱਖ ਲਓ, ਚਾਹੇ ਉਸ ਨਾਲ ਨਹਾ ਲਵੋ।

ਅਫਸਰਾਂ ਨੇ ਜਦੋਂ ਪੁੱਛਗਿੱਛ ਕਰਨੀ ਤਾਂ ਹਰ ਰੰਗ ਢੰਗ ਦਾ ਸਲੂਕ ਕਰਨਾ। ਜਦੋਂ ਦੇਖਣਾ ਕਿ ਇਹ ਹੱਥ-ਪੱਲੇ ਕੁਛ ਨਹੀਂ ਪਾਉਂਦਾ ਤਾਂ ਗੰਦੀਆਂ ਗਾਲ੍ਹਾਂ ਕੱਢਕੇ ਕੁਰਸੀਉਂ ਥੱਲੇ ਸੁੱਟ ਦੇਣਾ ਤੇ ਮਿੱਟੀ-ਘੱਟੇ ਵਿਚ ਬਿਠਾ ਦੇਣਾ। ਇਕ ਦਿਨ ਮੇਰੇ ਨਾਲ ਇਕ ਅਜਿਹੀ ਹਰਕਤ ਹੋਈ ਜੋ ਅਜੇ ਤਕ ਸ਼ਾਇਦ ਕਿਸੇ ਨਾਲ ਨਹੀਂ ਹੋਈ ਹੋਣੀ। ਮੈਨੂੰ ਦਫਤਰ ਸੱਦਿਆ ਤੇ ਪੰਜ ਸੱਤ ਮਾਂ ਭੈਣ ਦੀਆਂ ਗਾਲ੍ਹਾਂ ਕੱਢਕੇ ਆਖਿਆ ਕਿ ਸਾਰੇ ਕੱਪੜੇ ਲਾਹ ਦੇ(ਇਕ ਕੱਛਾ ਰੱਖਕੇ)। ਦੋ ਹੱਟੇ-ਕੱਟੇ ਪਠਾਣ ਆ ਗਏ ਤੇ ਅਫਸਰਾਂ ਨੂੰ ਪੁੱਛਣ ਲੱਗੇ, "ਕੀ ਹੁਕਮ ਹੈ ਜੀ!" ਇਕ ਅਫਸਰ ਬੋਲਿਆ, "ਇਸ ਕਾਮਰੇਡ ਨੂੰ ਧੂਹ ਕੇ ਲੈ ਜਾਓ ਤੇ ਇਸਦਾ ਕੱਛਾ ਲਾਹ ਕੇ ਇਸਦੇ ਪਿੱਛੋਂ ਦੀ ਅਜਿਹਾ ਟੀਕਾ ਕਰ ਦਿਉ ਕਿ ਇਸਦੇ ਅੰਦਰੋਂ ਕਾਮਰੇਡੀ ਦੇ ਕਟਾਣੂ ਮਰ ਜਾਣ। ਤੁਸੀਂ ਅੱਜ ਪਸ਼ੌਰ ਨੂੰ ਮਹੀਨੇ ਦੀ ਛੁੱਟੀ ਜਾਣਾ ਹੈ, ਇਸ ਤੋਹਫ਼ੇ ਨੂੰ ਨਾਲ ਲੈ ਜਾਉ ਅਤੇ ਜਦੋਂ ਵਾਪਸ ਮੁੜੋ ਤਾਂ ਇਸਨੂੰ ਕਾਮਰੇਡ ਤੋਂ ਬੰਦਾ ਬਣਾ ਕੇ ਲਿਆਉਣਾ।" ਇਹ ਸੁਣਕੇ ਉਹ ਦੋਵੇਂ ਪਠਾਣ ਉੱਠੇ ਅਤੇ ਮੈਨੂੰ ਧੂਹ ਕੇ ਲਿਜਾਣ ਲੱਗੇ। ਏਨੇ ਨੂੰ ਇਕ ਹੋਰ ਅਫਸਰ ਭੱਜਾ-ਭੱਜਾ ਆਇਆ ਤੇ ਕਹਿਣ ਲੱਗਾ, "ਚੈਨ ਨੂੰ ਛੱਡ ਦਿਉ। ਚੰਗੀ ਹੋਵੇ, ਮਾੜੀ ਹੋਵੇ ਇਹ ਇਕ ਪਾਰਟੀ ਦਾ ਲੀਡਰ ਹੈ, ਬੰਦਿਆਂ ਵਾਂਗ ਗੱਲ ਕਰੋ। ਮੈਂ ਖ਼ੁਦ ਇਸ ਨਾਲ ਗੱਲ ਕਰ ਲਵਾਂਗਾ।"

ਉਹ ਮੈਨੂੰ ਦੂਜੇ ਕਮਰੇ ਵਿਚ ਲੈ ਗਿਆ ਅਤੇ ਬੜੀ ਹਲੀਮੀ ਨਾਲ ਕਹਿਣ ਲੱਗਾ, "ਉਹ ਕਿਲ੍ਹੇ ਦਾ ਦੂਜੇ ਦਰਜੇ ਦਾ ਅਫਸਰ ਹੈ। ਤੇਰੇ ਨਾਲ ਜੋ ਛੋਟੇ ਅਫਸਰਾਂ ਨੇ ਕੀਤੀ ਹੈ, ਉਸ ਲਈ ਮੈਂ ਮੁਆਫੀ ਮੰਗਦਾ ਹਾਂ। ਦੇਖੋ, ਅਸੀਂ ਤੁਹਾਡਾ ਸਾਰਾ ਰਿਕਾਰਡ ਛਾਪੇ ਵਾਲੇ ਦਿਨ ਫੜ ਲਿਆ ਹੈ, ਸਾਨੂੰ ਲੱਗਭੱਗ ਸਾਰੀ ਗੱਲ ਦਾ ਪਤਾ ਹੈ। ਬਾਕੀ ਸਾਨੂੰ ਸਭ ਕੁਝ ਤੇਰੇ ਸਾਥੀ ਹਰਬੰਸ ਕਰਨਾਣਾ ਨੇ ਦੱਸ ਦਿੱਤਾ ਹੈ। ਪਰ ਸਾਡਾ ਮੁਖੀ ਅਫਸਰ ਪੁੱਛੂ ਕਿ ਤੁਸੀਂ ਚੈਨ ਸਿੰਘ ਤੋਂ ਕੀ ਪੁੱਛਿਆ ਹੈ? ਸੋ ਥੋੜ੍ਹੀ ਬਹੁਤ ਕਹਾਣੀ ਤੈਨੂੰ

ਵੀ ਦੱਸਣੀ ਪੈਣੀ ਹੈ, ਤਦ ਹੀ ਛੁਟਕਾਰਾ ਹੋਣਾ ਤੇਰਾ ਵੀ ਤੇ ਮੇਰਾ ਵੀ।" ਮੈਂ ਕਿਹਾ, "ਇਹ ਤੁਹਾਡੀ ਬੜੀ ਮਿਹਰਬਾਨੀ ਹੈ ਜੋ ਮੈਨੂੰ ਜਾਹਲਾਂ ਕੋਲੋਂ ਛੁਡਾ ਲਿਆ। ਇਸ ਤਰ੍ਹਾਂ ਕਰੋ ਕਿ ਜਿਹੜਾ ਰਿਕਾਰਡ ਤੁਸੀਂ ਫੜਿਆ ਹੈ, ਉਸ ਮੁਤਾਬਕ ਮੈਨੂੰ ਸਵਾਲ ਕਰੀ ਜਾਓ, ਮੈਂ ਉਸਦੀ ਤਸਦੀਕ ਕਰ ਦੇਵਾਂਗਾ।" ਹੁਣ ਉਹ ਅਫਸਰ ਲਾਲ-ਪੀਲਾ ਹੋ ਗਿਆ ਅਤੇ ਕਹਿਣ ਲੱਗਾ, "ਤੁਸੀਂ ਕਾਮਰੇਡ ਸੱਚੀਂ-ਮੁੱਚੀਂ ਜੁੱਤੀ ਦੇ ਯਾਰ ਹੋ। ਦੱਸ ਸਭ ਕੁਝ ਦਿੰਦੇ ਹੋ ਪਰ ਜੁੱਤੀਆਂ ਖਾ ਕੇ। ਚੱਲ ਆਪਣੀ ਹਵਾਲਾਤ ਵਿਚ। ਤੇਰੀ ਸੋਹਣੀ ਨੂੰ ਅਸੀਂ ਫੜ ਲਿਆਂਦਾ ਹੈ ਅਤੇ ਉਸ ਤੋਂ ਸਭ ਕੁਝ ਪੁੱਛ ਲੈਣਾ ਹੈ। ਜਿਹੜੀ ਤੁਹਾਡੀ ਰਖੇਲ ਸੀ ਸ਼ਕੁੰਤਲਾ, ਛਾਪੇ ਵਾਲੇ ਦਿਨ ਥੱਲੇ ਦੇ ਕਮਰੇ 'ਚੋਂ ਅਸੀਂ ਹਰਬੰਸ ਸਿੰਘ ਕਰਨਾਣੇ ਨਾਲ ਖੇਹ ਖਾਂਦੀ ਫੜੀ ਸੀ। ਉਹ ਵੀ ਸਭ ਕੁਝ ਦੱਸ ਗਈ ਹੈ, ਤੈਂ ਵੀ ਦੱਸ ਦੇਣਾ ਹੈ, ਪਰ ਉਨ੍ਹਾਂ ਪਟਾਣਾਂ ਦੇ ਬੱਸ ਪੈ ਕੇ।"

ਮੈਨੂੰ ਮੇਰੇ ਘੁਰਨੇ ਵਿਚ ਲਿਜਾ ਕੇ ਬੰਦ ਕਰ ਦਿੱਤਾ। ਸ਼ਾਮ ਨੂੰ ਰੋਟੀ ਤੋਂ ਵੀ ਜਵਾਬ ਹੋ ਗਿਆ। ਜਦ ਸੌਣ ਲੱਗਾ ਤਾਂ ਪਹਿਰੇਦਾਰ ਸਿਪਾਹੀ ਨੇ ਮੇਰੇ ਇਕ ਪੈਰ ਨਾਲ ਰੱਸਾ ਬੰਨ੍ਹ ਦੂਜਾ ਸਿਰਾ ਆਪ ਫੜ ਲਿਆ। ਜਦੋਂ ਮੈਨੂੰ ਨੀਂਦ ਆਉਣ ਲੱਗੇ ਉਹ ਰੱਸੀ ਖਿੱਚ ਲਿਆ ਕਰੇ। ਮੈਨੂੰ ਉਸ ਨੇ ਇਕ ਮਿੰਟ ਵੀ ਸੌਣ ਨਹੀਂ ਦਿੱਤਾ। ਅਗਲੇ ਦਿਨ ਰੋਟੀ ਤਾਂ ਮਿਲ ਗਈ, ਪਰ ਸੌਣ ਫੇਰ ਬਿਲਕੁੱਲ ਨਹੀਂ ਦਿੱਤਾ। ਨਾ ਦਿਨ ਨੂੰ ਨਾ ਰਾਤ ਨੂੰ। ਮੈਨੂੰ ਚੱਕਰ ਆਉਣ ਲੱਗ ਪਏ। ਜੇ ਇਕ ਦਿਨ ਹੋਰ ਇਹੋ ਕੁਛ ਹੁੰਦਾ ਰਹਿੰਦਾ ਤਾਂ ਮੈਂ ਪਾਗ਼ਲ ਹੋ ਜਾਂਦਾ।

ਇਕ ਦਿਨ ਮਗਰੋਂ ਇਕ ਹੋਰ ਛੋਟਾ ਅਫਸਰ ਆਇਆ ਅਤੇ ਮੈਨੂੰ ਕਮਰੇ ਦੇ ਖਿੜਕ ਲਾਗੇ ਬੁਲਾ ਕੇ ਮੇਰੀ ਉਂਗਲੀ ਵਿਚ ਉਂਗਲੀ ਪਾ ਲਈ। ਮੈਂ ਸਮਝ ਗਿਆ ਕਿ ਜ਼ਿਲ੍ਹਾ ਸ਼ੇਖ਼ੂਪੁਰ ਦਾ ਉਹ ਸਾਥੀ ਫੜ ਲਿਆ ਗਿਆ ਹੈ ਜਿਸ ਕੋਲ ਅਸੀਂ ਪਾਰਟੀ ਦਾ ਫੰਡ ਰਾਖਵਾਂ ਰੱਖਦੇ ਸਾਂ ਅਤੇ ਉਂਗਲੀ ਵਿਚ ਉਂਗਲੀ ਫਸੌਣੀ ਸਹੀ ਵਸੂਲੀਏ ਦੀ ਨਿਸ਼ਾਨੀ ਰੱਖੀ ਹੋਈ ਸੀ। ਘੰਟੇ ਕੁ ਬਾਦ ਕਾਮਰੇਡ ਜਗੀਰ ਸਿੰਘ ਕੋਟ ਸੋਂਹਦਾ ਮੇਰੇ ਕਮਰੇ ਦੇ ਖਿੜਕ ਮੋਹਰੇ ਲਿਆ ਖੜ੍ਹਾ ਕੀਤਾ। ਜਿਹੜਾ ਪੁਲਸ ਵਾਲਾ ਉਸਦੇ ਨਾਲ ਆਇਆ ਸੀ ਉਸਨੇ ਮੈਨੂੰ ਨਮਸਕਾਰ ਕਰਕੇ ਆਖਿਆ ਕਿ ਤੁਹਾਡੇ ਇਸ ਬੇਲੀ ਨੂੰ ਕਾਮਰੇਡ ਦੁੱਲਾ ਸਿੰਘ ਦੀਆਂ ਚਿੱਠੀਆਂ ਉਹੀ ਲਿਜਾ ਕੇ ਦਿੰਦਾ ਸੀ। ਉਸਨੇ ਇਹ ਵੀ ਦੱਸਿਆ ਕਿ ਤੁਹਾਡੇ ਹੋਰ ਅਨੇਕਾਂ ਸਾਥੀ ਥਾਹੋਂ-ਥਾਹੀਂ ਫੜੇ ਗਏ ਹਨ। ਅਗਲੇ ਦਿਨ ਕਾਮਰੇਡ ਜੀਵਨ ਸਿੰਘ ਦੁਖੀ ਵੀ ਕਾਮਰੇਡ ਜਗੀਰ ਸਿੰਘ ਦੇ ਨਾਲ ਉਸੇ ਹਵਾਲਾਤ ਵਿਚ ਨਜ਼ਰੀਂ ਪਿਆ।

ਹਫਤੇ ਕੁ ਮਗਰੋਂ ਇਕ ਵੱਡਾ ਅੰਗਰੇਜ਼ ਅਫਸਰ ਕਿਲ੍ਹੇ ਵਿਚ ਆਇਆ। ਮੈਨੂੰ ਦਫਤਰ ਵਿਚ ਬੁਲਾਇਆ ਗਿਆ। ਮੇਰੇ ਅੰਦਰ ਵੜਦੇ ਸਾਰ ਹੀ ਉਸਨੇ ਮੇਰੇ ਨਾਲ ਹੱਥ

ਮਿਲਾਇਆ ਅਤੇ ਕੁਰਸੀ ਉੱਤੇ ਬੈਠਣ ਲਈ ਕਿਹਾ। ਮੈਂ ਹੈਰਾਨ ਜਿਹਾ ਹੋ ਗਿਆ ਕਿ ਅੱਜ ਬਿਲਕੁੱਲ ਵੱਖਰਾ ਵਰਤਾਉ ਵੀ ਕੋਈ ਚਾਲ ਹੈ! ਮੈਂ ਸੋਚ ਰਿਹਾ ਸੀ ਕਿ ਅੱਜ ਕੋਈ ਨਵਾਂ ਡਰਾਮਾ ਹੋਣ ਵਾਲਾ ਹੈ। ਉਸ ਅਫਸਰ ਨੇ ਮੇਰੀ ਹੈਰਾਨਗੀ ਪਛਾਣ ਕੇ ਆਖਿਆ, "ਕਲ੍ਹ ਤਕ ਤੁਸੀਂ ਸਾਡੇ ਦੁਸ਼ਮਣ ਸੀ, ਅੱਜ ਸਾਡੇ ਮਿੱਤਰ ਹੋ।" ਮੈਂ ਚੁੱਪ ਰਿਹਾ। ਉਸ ਅਫ਼ਸਰ ਨੇ ਸਪੱਸ਼ਟ ਕਰ ਦਿੱਤਾ ਕਿ, "ਅੰਗਰੇਜ਼ ਸਰਕਾਰ ਨੂੰ ਪੂਰਾ ਯਕੀਨ ਹੋ ਗਿਆ ਹੈ ਕਿ ਸੋਵੀਅਤ ਯੂਨੀਅਨ ਉੱਤੇ ਹਿਟਲਰ ਦੇ ਹਮਲੇ ਨਾਲ ਜੋ ਨਵੀਂ ਹਾਲਤ ਪੈਦਾ ਹੋਈ ਹੈ, ਉਸ ਨਾਲ ਹੁਣ ਤੁਸੀਂ ਅੰਗਰੇਜ਼ ਸਰਕਾਰ ਨੂੰ ਨਹੀਂ, ਜਰਮਨੀ ਨੂੰ ਆਪਣਾ ਇਕ ਨੰਬਰ ਦੁਸ਼ਮਣ ਸਮਝਦੇ ਹੋ। ਇਹ ਠੀਕ ਹੈ ਕਿ ਅੰਗਰੇਜ਼ ਸਰਕਾਰ ਨੇ ਤੁਹਾਡੇ ਉੱਤੇ ਸੁਭਾਸ਼ ਚੰਦਰ ਬੋਸ ਦੇ ਫਾਰਵਰਡ ਬਲਾਕ ਤੇ ਸਰਹੱਦੀ ਪਠਾਣਾਂ ਨਾਲ ਰਲਕੇ ਅੰਗਰੇਜ਼ ਸਰਕਾਰ ਵਿਰੁੱਧ ਹਥਿਆਰਬੰਦ ਬਗ਼ਾਵਤ ਕਰਨ ਦੀ ਸਾਜ਼ਿਸ਼ ਦਾ ਮੁਕੱਦਮਾ ਤਿਆਰ ਕਰ ਲਿਆ ਸੀ। ਪਰ ਹੁਣ ਸਾਨੂੰ ਠੀਕ ਪਤਾ ਲੱਗ ਗਿਆ ਹੈ ਕਿ ਤੁਸੀਂ ਸੁਭਾਸ਼ ਚੰਦਰ ਬੋਸ ਨੂੰ ਜਰਮਨੀ ਨਹੀਂ ਸੀ ਭੇਜਿਆ, ਨਾ ਹੀ ਬੋਸ ਜਰਮਨੀ ਜਾਣਾ ਚਾਹੁੰਦਾ ਸੀ ਪਰ ਹਾਲਤ ਦੇ ਗੇੜ ਨੇ ਬੋਸ ਨੂੰ ਜਰਮਨੀ ਪਹੁੰਚਾ ਦਿੱਤਾ। ਤੁਹਾਡੇ ਪਲੈਨ ਕੀ ਸੀ ਤੇ ਹੁਣ ਕੀ ਹਨ, ਸਾਨੂੰ ਇਸ ਬਾਰੇ ਸੋਵੀਅਤ ਸਰਕਾਰ ਤੋਂ ਵੀ ਤਸਦੀਕ ਹੋ ਗਈ ਹੈ। ਇਸ ਲਈ ਹੀ ਮੈਂ ਤੁਹਾਨੂੰ ਵਧਾਈ ਦਿੱਤੀ ਸੀ ਕਿ ਹੁਣ ਉਹ ਸਾਜ਼ਿਸ਼ ਕੇਸ ਖਤਮ ਕਰ ਦਿੱਤਾ ਗਿਆ ਹੈ ਅਤੇ ਕਮਿਊਨਿਸਟਾਂ ਨੂੰ ਹੁਣ ਅਸੀਂ ਆਪਣਾ ਫੌਰੀ ਦੁਸ਼ਮਣ ਸਮਝਣਾ ਛੱਡ ਦਿੱਤਾ ਹੈ। ਅੱਜ ਤੋਂ ਤੁਹਾਡੇ ਨਾਲ ਹਮਦਰਦੀ ਵਾਲਾ ਰਵਈਆ ਹੋਵੇਗਾ।"

ਮੈਨੂੰ ਅਗਲੇ ਦਿਨ ਸ਼ਾਹੀ ਕਿਲ੍ਹੇ ਤੋਂ ਕੱਢ ਕੇ ਇਕ ਲੋਕਲ ਪੁਲਸ ਥਾਣੇ ਦੀ ਹਵਾਲਾਤ ਵਿਚ ਬੰਦ ਕਰ ਦਿੱਤਾ ਅਤੇ ਉਥੇ ਬੀਬੀ ਰਘਬੀਰ ਕੌਰ ਐਮ. ਐਲ. ਏ. ਨੇ ਮੈਨੂੰ ਇਕ ਸਾਫ ਸੁਥਰਾ ਬਿਸਤਰਾ ਵੀ ਪਹੁੰਚਾ ਦਿੱਤਾ। ਹਫਤੇ ਕੁ ਬਾਦ ਮੈਨੂੰ ਹੋਰ ਸਾਥੀਆਂ ਸਮੇਤ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਭੇਜ ਦਿੱਤਾ ਜਿਥੇ ਪੰਜਾਬ ਦੇ ਹੋਰ ਕਮਿਊਨਿਸਟ ਨਜ਼ਰਬੰਦ ਸਨ।

ਬਖ਼ਸ਼ੀ ਸੰਪੂਰਨ ਸਿੰਘ ਜੋ ਸ਼ਾਹੀ ਕਿਲ੍ਹੇ ਅੰਦਰ ਪੁੱਛ ਪੜਤਾਲ ਕਰਨ ਵਾਲੇ ਸੈਕਸ਼ਨ ਦਾ ਇੰਚਾਰਜ ਸੀ, ਬਹੁਤ ਜ਼ਾਲਮ ਸੀ। ਉਸਦੀ ਅਗਵਾਈ ਹੇਠ ਹੀ ਏਥੇ ਨਜ਼ਰਬੰਦ ਸਾਥੀਆਂ ਨੂੰ ਕੋਹਿਆ ਜਾਂਦਾ ਸੀ। ਉਸਦੀ ਸਖ਼ਤੀ ਤੋਂ ਦੁਖੀ ਹੋ ਕੇ ਹਰ ਕੋਈ ਉਸਨੂੰ ਬਦ-ਦੁਆ ਦਿੰਦਾ ਸੀ ਕਿ ਉਹ ਕੁੱਤੇ ਦੀ ਮੌਤ ਮਰੇ। ਸੰਪੂਰਨ ਸਿੰਘ ਨਾਲ ਹੋਇਆ ਵੀ ਇਹੋ ਕੁਛ। ਉਹ ਅਜਿਹਾ ਬਿਮਾਰ ਹੋਇਆ ਕਿ ਉਸ ਦੇ ਕੀੜੇ ਚਲਣ ਲੱਗ ਪਏ। ਉਹ ਪਾਗਲ ਜਿਹਾ ਹੋ ਉੱਚੀ-ਉੱਚੀ ਕਹਿਣ ਲਗ ਪਿਆ "ਕਾਮਰੇਡੋ! ਮੈਂ ਤੁਹਾਥੋਂ ਮੁਆਫੀ ਮੰਗਦਾ ਹਾਂ। ਮੈਂ ਅੰਨ੍ਹੇ ਹੋ ਕੇ ਤੁਹਾਨੂੰ ਬਹੁਤ ਕਸ਼ਟ ਦਿੱਤੇ। ਪਰ ਹੁਣ ਮੈਨੂੰ ਮਾਫ ਕਰ ਦਿਓ। ਮੇਰੇ ਨਾਲ ਜੋ ਕੁਝ ਹੋ ਰਿਹਾ ਹੈ ਉਹ ਤੁਹਾਡੀ ਬਦ-ਦੁਆ ਕਰਕੇ ਹੋ ਰਿਹਾ ਹੈ।

ਪਰ ਹੁਣ ਮੇਰੀ ਮਿੰਨਤ ਮੰਨ ਕੇ ਮੈਨੂੰ ਮਾਫ ਕਰ ਦਿਓ।" ਬਸ ਇਸੇ ਹਾਲਤ ਵਿਚ ਉਸਦੇ ਪ੍ਰਾਣ ਨਿਕਲ ਗਏ। ਆਮ ਲੋਕੀ ਇਹੋ ਕਹਿੰਦੇ ਸਨ ਕਿ ਇਸਨੂੰ ਆਪਣੀ ਕੀਤੀ ਦਾ ਫਲ ਮਿਲ ਗਿਆ ਹੈ।

## ਸੁਭਾਸ਼ ਚੰਦਰ ਬੋਸ ਨੂੰ ਦੇਸੋਂ ਬਾਹਰ ਕੱਢਣਾ

ਸਾਨੂੰ ਫ਼ਖ਼ਰ ਹੈ ਕਿ ਉਸ ਵੇਲੇ ਅਸੀਂ ਇਕ ਇਤਿਹਾਸਕ ਕਾਰਜ ਨੇਪਰੇ ਚਾੜ੍ਹਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਹ ਕਾਰਜ ਹੈ ਕਾਂਗਰਸ ਦੇ ਉਚ ਕੋਟੀ ਦੇ ਆਗੂ ਸੁਭਾਸ਼ ਚੰਦਰ ਬੋਸ ਨੂੰ ਖ਼ੁਫ਼ੀਆ ਤੌਰ 'ਤੇ ਦੇਸ਼ ਤੋਂ ਬਾਹਰ ਕੱਢਣਾ। ਸੁਭਾਸ਼ ਚੰਦਰ ਬੋਸ ਨੂੰ ਪਹਿਲਾਂ ਹਿੰਦੋਸਤਾਨ ਦੀ ਆਜ਼ਾਦੀ ਦੇ ਘੋਲ ਵਿਚ ਹਿਟਲਰ ਉੱਤੇ ਬੜੀਆਂ ਆਸਾਂ ਸਨ ਪਰ ਹਿਟਲਰ ਦੇ ਫਾਸ਼ਿਸ਼ਟ ਵਿਚਾਰਾਂ ਤੇ ਅਮਲਾਂ ਨੇ ਉਸਦੇ ਇਸ ਵਿਚਾਰ ਨੂੰ ਬਿਲਕੁੱਲ ਤਬਦੀਲ ਕਰ ਦਿੱਤਾ। ਸੋਵੀਅਤ ਯੂਨੀਅਨ ਦੀਆਂ ਲੋਕ-ਪੱਖੀ ਅਤੇ ਸਾਮਰਾਜ ਵਿਰੋਧੀ ਨੀਤੀਆਂ ਤੋਂ ਉਸਨੂੰ ਵਿਸ਼ਵਾਸ਼ ਹੋ ਗਿਆ ਕਿ ਸੋਵੀਅਤ ਯੂਨੀਅਨ ਸਾਡਾ ਗਵਾਂਢੀ ਹੈ, ਉਹ ਹਿੰਦੁਸਤਾਨ ਦੇ ਸੁਤੰਤਰਤਾ ਸੰਗਰਾਮ ਵਿਚ ਨਿਸ਼ਚੇ ਹੀ ਮਦਦਗਾਰ ਸਾਬਤ ਹੋਵੇਗਾ। ਸਾਥੋਂ ਪਹਿਲੀ ਕਿਰਤੀ ਲੀਡਰਸ਼ਿਪ ਨਾਲ ਉਸਨੇ ਗੱਲ ਕੀਤੀ ਕਿ ਉਹ ਉਸ ਨੂੰ ਕਿਸੇ ਤਰ੍ਹਾਂ ਸੋਵੀਅਤ ਯੂਨੀਅਨ ਪੁਚਾ ਦੇਵੇ। ਕਿਰਤੀ ਲੀਡਰਸ਼ਿਪ ਨੇ ਇਸਨੂੰ ਅਤਿ ਮਹੱਤਵਪੂਰਨ ਕਾਰਜ ਸਮਝ ਕੇ ਸੁਭਾਸ਼ ਚੰਦਰ ਬੋਸ ਨਾਲ ਪਲੈਨ ਬਣਾ ਕੇ ਉਸਨੂੰ ਪਿਸ਼ਾਵਰ ਪਹੁੰਚ ਜਾਣ ਲਈ ਕਿਹਾ। ਕਾਮਰੇਡ ਅੱਛਰ ਸਿੰਘ ਛੀਨਾ ਦਾ ਕਾਮਰੇਡ ਰਾਮ ਕਿਸ਼ਨ ਨੂੰ ਲੈ ਕੇ ਰੂਸ ਜਾਣ ਦਾ ਪ੍ਰੋਗਰਾਮ ਪਹਿਲਾਂ ਹੀ ਬਣ ਚੁੱਕਾ ਸੀ। ਹੁਣ ਸੁਭਾਸ਼ ਚੰਦਰ ਬੋਸ ਨੂੰ ਵੀ ਨਾਲ ਲੈ ਕੇ ਜਾਣ ਦੀ ਗੱਲ ਪੱਕੀ ਹੋ ਗਈ। ਪਰ ਸੁਭਾਸ਼ ਚੰਦਰ ਬੋਸ ਨੇ ਬਲੈਕ ਹੋਲ ਸਾਕੇ ਵਿਰੁੱਧ ਚਲ ਰਹੀ ਲਹਿਰ ਦੀ ਅਗਵਾਈ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਨੂੰ ਜੇਲ੍ਹ ਡੱਕ ਦਿੱਤਾ ਗਿਆ। ਉਧਰ ਛੀਨਾ ਜੀ ਨੇ ਬਣੇ ਹੋਏ ਪ੍ਰੋਗਰਾਮ ਅਨੁਸਾਰ ਰੂਸ ਨੂੰ ਚਲੇ ਹੀ ਜਾਣਾ ਸੀ। ਪਰ ਉਹ ਜਾਂਦੇ ਹੋਏ ਪਠਾਣੀ ਇਲਾਕਿਆਂ ਦੇ ਪਾਰਟੀ ਆਗੂ ਕਾਮਰੇਡ ਭਗਤ ਰਾਮ ਤਲਵਾੜ ਨੂੰ ਪੱਕੀ ਕਰ ਗਏ ਕਿ ਹੁਣ ਸੁਭਾਸ਼ ਚੰਦਰ ਬੋਸ ਨੂੰ ਰੂਸ ਪਹੁੰਚਾਉਣ ਦੀ ਜ਼ਿੰਮੇਵਾਰੀ ਉਸਦੀ ਹੈ।

ਕਾਮਰੇਡ ਛੀਨਾ ਕਾਮਰੇਡ ਰਾਮ ਕਿਸ਼ਨ ਨੂੰ ਨਾਲ ਲੈ ਕੇ ਅਫ਼ਗਾਨਿਸਤਾਨ ਤੇ ਰੂਸ ਦੀ ਹੱਦ ਨਾਲ ਲਗਦੇ ਦਰਿਆ ਆਮੂ ਨੂੰ ਪਾਰ ਕਰਨ ਲਈ ਠਿਲ ਪਿਆ। ਪਰ ਕਾਮਰੇਡ ਰਾਮ ਕਿਸ਼ਨ ਦਰਿਆ ਪਾਰ ਨਾ ਕਰ ਸਕਿਆ ਤੇ ਦਰਿਆ ਦੇ ਤੇਜ਼ ਪਾਣੀ ਵਿਚ ਰੁੜ੍ਹ ਗਿਆ। ਕਾਮਰੇਡ ਰਾਮ ਕਿਸ਼ਨ ਨੂੰ ਅਸੀਂ ਆਮੂ ਦਰਿਆ ਦਾ ਸ਼ਹੀਦ ਆਖ ਕੇ ਯਾਦ ਕਰਦੇ ਹਾਂ।

ਸੁਭਾਸ਼ ਚੰਦਰ ਬੋਸ ਦੇ ਫਾਰਵਰਡ ਬਲਾਕ ਦਾ ਸੂਬਾ ਸਰਹੱਦ ਦਾ ਲੀਡਰ ਮੀਆਂ

ਅਕਬਰ ਸ਼ਾਹ ਸੀ। ਸੁਭਾਸ਼ ਚੰਦਰ ਬੋਸ ਨੇ ਪੰਦਰਾਂ ਦਿਨ ਦਾ ਅਗਿਆਤਵਾਸ ਧਾਰਨ ਕਰਕੇ ਆਪ੍ਰਣੀ ਦਾਹੜੀ ਬਣਾ ਲਈ। ਫੈਜ਼ ਟੋਪੀ ਪਹਿਨ ਕੇ ਇਕ ਮੁਸਲਮਾਨ ਮੁਸਾਫ਼ਰ ਵਜੋਂ ਉਹ ਆਪਣੇ ਭਤੀਜੇ ਦੀ ਕਾਰ ਵਿਚ ਬੈਠ ਗੋਮੋਂ ਸਟੇਸ਼ਨ ਤੋਂ ਫਰੰਟੀਅਰ ਮੇਲ ਫੜ ਕੇ ਪਿਸ਼ਾਵਰ ਮੀਆਂ ਅਕਬਰ ਸ਼ਾਹ ਕੋਲ ਪਹੁੰਚ ਗਿਆ। ਸੂਬਾ ਸਰਹੱਦ ਦਾ ਫਾਰਵਰਡ ਬਲਾਕ ਹੁਣ ਕਾਮਰੇਡ ਰਾਮ ਕਿਸ਼ਨ, ਗੁਰਚਰਨ ਸਿੰਘ ਸਹਿੰਸਰਾ ਅਤੇ ਕਾਮਰੇਡ ਭਗਤ ਰਾਮ ਦੇ ਜਤਨਾਂ ਨਾਲ ਕਿਰਤੀ ਪਾਰਟੀ ਦੀ ਇਕਾਈ ਹੀ ਬਣ ਚੁੱਕਾ ਸੀ। ਅਕਬਰ ਸ਼ਾਹ ਨੇ ਕਾਮਰੇਡ ਭਗਤ ਰਾਮ ਨੂੰ ਸੱਦ ਕੇ ਦੱਸਿਆ ਕਿ ਸੁਭਾਸ਼ ਚੰਦਰ ਬੋਸ ਮੇਰੇ ਪਾਸ ਪਹੁੰਚ ਗਿਆ ਹੈ। ਹੁਣ ਉਸ ਨੂੰ ਕਾਬਲ ਪਹੁੰਚਾਣ ਦੀ ਵਿਉਂਤ ਬਣਾਵੇ। ਇਹ ਕਾਰਜ ਪਹਿਲਾਂ ਵੀ ਉਸੇ ਨੇ ਕਰਨਾ ਸੀ। ਕਾਮਰੇਡ ਭਗਤ ਰਾਮ ਨੇ ਲਾਹੌਰ ਆ ਕੇ ਸਾਡੇ ਨਾਲ ਗੱਲਬਾਤ ਕੀਤੀ। ਅਸੀਂ ਉਸਨੂੰ ਇਹ ਇਤਿਹਾਸਕ ਕਾਰਜ ਕਰਨ ਲਈ ਹੱਲਾਸ਼ੇਰੀ ਦਿੱਤੀ। ਕਾਮਰੇਡ ਭਗਤ ਰਾਮ ਨੇ ਸ਼੍ਰੀ ਸੁਭਾਸ਼ ਨੂੰ ਪਠਾਣੀ ਕੱਪੜੇ ਪੁਆ ਕੇ ਜ਼ਿਆਉਦੀਨ ਬਣਾ ਦਿੱਤਾ। ਪਰ ਮੁਸ਼ਕਲ ਇਹ ਸੀ ਕਿ ਸੁਭਾਸ਼ ਚੰਦਰ ਬੋਸ ਦੀ ਨਾ ਸ਼ਕਲ ਸੂਰਤ ਪਠਾਣਾਂ ਵਾਲੀ ਸੀ ਅਤੇ ਨਾ ਉਹ ਪਸ਼ਤੋ ਬੋਲੀ ਜਾਣਦਾ ਸੀ। ਕਾਮਰੇਡ ਭਗਤ ਰਾਮ ਨੇ ਸੁਭਾਸ਼ ਚੰਦਰ ਬੋਸ ਨੂੰ ਪਠਾਣੀ ਪੋਸ਼ਾਕ ਪੁਆ ਕਹਾਣੀ ਇਹ ਬਣਾਈ ਕਿ ਉਹ ਆਪਣੇ ਇਸ ਚਾਚੇ ਨੂੰ ਕਾਬਲ ਇਲਾਜ ਵਾਸਤੇ ਲਿਜਾ ਰਿਹਾ ਹੈ ਅਤੇ ਉਹ ਗੂੰਗਾ ਵੀ ਹੈ ਤੇ ਬਹਿਰਾ ਵੀ। ਬੜੀ ਮੁਸ਼ਕਲ ਨਾਲ ਕਾਬਲ ਤਕ ਦਾ ਸਫ਼ਰ ਤੈਅ ਕੀਤਾ। ਉਥੇ ਭਗਤ ਰਾਮ ਨੇ ਰੂਸੀ ਰਾਜਦੂਤ ਦੀ ਕਾਰ ਰੋਕ ਕੇ ਆਖਿਆ ਕਿ ਇਹ ਮੇਰੇ ਨਾਲ ਸੁਭਾਸ਼ ਚੰਦਰ ਬੋਸ ਹੈ ਅਤੇ ਤੁਹਾਡੇ ਨਾਲ ਰੂਸ ਜਾਣ ਲਈ ਗੱਲਬਾਤ ਕਰਨੀ ਚਾਹੁੰਦਾ ਹੈ। ਪਰ ਰੂਸੀ ਰਾਜਦੂਤ ਨੇ ਇਹ ਕਹਿ ਕੇ ਕਾਰ ਤੋਰ ਲਈ "ਮੈਨੂੰ ਕੀ ਪਤਾ ਕਿ ਇਹ ਕੌਣ ਹੈ?" ਬੜਾ ਵੱਡਾ ਝੰਜਟ ਖੜ੍ਹਾ ਹੋ ਗਿਆ। ਭਗਤ ਰਾਮ ਪਾਰਟੀ ਦਫਤਰ ਲਾਹੌਰ ਆਇਆ। ਅਸੀਂ ਕਾਮਰੇਡ ਸੁਤੰਤਰ ਦੀ ਸਲਾਹ ਲਈ ਕਿ ਹੁਣ ਕੀ ਕੀਤਾ ਜਾਏ। ਸੁਤੰਤਰ ਨੇ ਕਿਹਾ ਕਿ ਐਡਾ ਵੱਡਾ ਲੀਡਰ ਜੋ ਸਾਡੀ ਮਦਦ ਭਾਲਦਾ ਰੂਸ ਜਾਣਾ ਚਾਹੁੰਦਾ ਹੈ, ਹੁਣ ਕਿਸੇ ਸੂਰਤ ਖ਼ਾਲੀ ਹੱਥ ਵਾਪਸ ਮੋੜਨਾ ਬਹੁਤ ਮਾੜੀ ਗੱਲ ਹੈ। ਅੱਜ ਕਲ੍ਹ ਰੂਸ ਦਾ ਜਰਮਨੀ ਨਾਲ ਸਮਝੌਤਾ ਹੈ, ਇਸ ਲਈ ਸੁਭਾਸ਼ ਨੂੰ ਜਰਮਨੀ ਦੀ ਮਦਦ ਨਾਲ ਰੂਸ ਭੇਜਣ ਦਾ ਜਤਨ ਕੀਤਾ ਜਾਏ।" ਸੋ ਭਗਤ ਰਾਮ ਮੁੜ ਕਾਬਲ ਪੁੱਜਿਆ ਤੇ ਕਿਸੇ ਢੰਗ ਨਾਲ ਜਰਮਨ ਦੂਤ ਨਾਲ ਸੰਪਰਕ ਕਰ ਲਿਆ। ਜਰਮਨ ਦੂਤ ਨੇ ਸੁਭਾਸ਼ ਚੰਦਰ ਬੋਸ ਨੂੰ ਰੂਸ ਪਹੁੰਚਾਣ ਦਾ ਭਰੋਸਾ ਦਿੱਤਾ। ਪਰ ਕਈ ਦਿਨ ਲੰਘ ਗਏ। ਓਧਰ ਸੁਭਾਸ਼ ਬੋਸ ਜੀ ਬਹੁਤ ਬੇਚੈਨ ਸਨ। ਇਸ ਲਈ ਇਕ ਪਾਰਟੀ ਹਮਦਰਦ ਆਬਾਦ ਖਾਂ ਜੋ ਰੂਸ ਦੀ ਸਰਹੱਦ ਤਕ ਬੱਸ ਚਲਾਉਂਦਾ ਸੀ, ਨਾਲ ਗੱਲਬਾਤ ਕੀਤੀ। ਇਸ ਸਾਥੀ ਨੇ ਇਹ ਵੀ ਭਰੋਸਾ ਦਿੱਤਾ ਕਿ ਉਹ ਬੋਸ ਨੂੰ ਰੂਸ ਦੀ ਹੱਦ ਵੀ ਟਪਾ ਦੇਵੇਗਾ। ਜਿਸ ਦਿਨ ਬੱਸ ਨੇ

ਜਾਣਾ ਸੀ, ਉਸ ਤੋਂ ਪਹਿਲੀ ਸ਼ਾਮ ਜਰਮਨ ਰਾਜਦੂਤ ਵੱਲੋਂ ਸੁਨੇਹਾ ਆ ਗਿਆ ਕਿ ਇਟਲੀ ਦੇ ਦੂਤ ਘਰ ਪਹੁੰਚ ਜਾਉ, ਸਵੇਰੇ ਮਾਸਕੋ ਲਈ ਜਹਾਜ਼ ਤਿਆਰ ਹੈ। ਸੋ ਬੱਸ ਦੀਆਂ ਟਿਕਟਾਂ ਵਾਪਸ ਕਰਕੇ ਕਾਮਰੇਡ ਭਗਤ ਰਾਮ ਸ਼੍ਰੀ ਸੁਭਾਸ਼ ਚੰਦਰ ਬੋਸ ਨੂੰ ਇਟਲੀ ਦੇ ਦੂਰਘਰ ਛੱਡ ਆਇਆ। ਪਰ ਇਟਲੀ ਵਾਲਿਆਂ ਨੇ ਸੁਭਾਸ਼ ਜੀ ਨੂੰ ਮਾਸਕੋ ਦੀ ਥਾਂ ਬਰਲਨ ਜਾ ਉਤਾਰਿਆ। ਜਰਮਨੀ ਨੇ ਜੰਗ ਵਿਚ ਇੰਗਲੈਂਡ ਤੇ ਫਰਾਂਸ ਨੂੰ ਨਿੱਸਲ ਕਰਕੇ ਰੂਸ ਉੱਤੇ ਹਮਲਾ ਕਰਨ ਦੀ ਸੋਚ ਬਣਾਈ ਹੋਈ ਸੀ। ਜਰਮਨੀ ਤੇ ਰੂਸ ਦੀ ਜੰਗ ਅਵੱਸ਼ ਹੋਣੀ ਹੈ, ਇਸਦਾ ਅੰਦਰੋ-ਅੰਦਰੀ ਰੂਸ ਨੂੰ ਵੀ ਪਤਾ ਸੀ ਤੇ ਜਰਮਨੀ ਨੂੰ ਵੀ। ਜਰਮਨੀ ਨੇ ਬੋਸ ਨੂੰ ਇਸ ਕਰਕੇ ਕਾਬੂ ਕਰ ਲਿਆ ਕਿ ਉਹ ਰੂਸ ਨਾ ਚਲਾ ਜਾਵੇ।

ਰੂਸੀ ਆਗੂਆਂ ਨੇ ਸਾਨੂੰ ਆਖਿਆ ਕਿ ਜਦ ਤਕ ਹੋ ਸਕੇ ਜਰਮਨੀ ਤੇ ਇਟਲੀ ਵਾਲਿਆਂ ਨਾਲ ਆਪਣੇ ਬਣੇ ਸਬੰਧ ਕਾਇਮ ਰੱਖੋ ਤੇ ਉਧਰ ਦੇ ਜਿਹੜੇ ਭੇਦ ਮਿਲ ਸਕਣ ਉਹ ਲੈ ਕੇ ਸਾਨੂੰ ਪਹੁੰਚਾਈ ਜਾਓ। ਅਸੀਂ ਇਸ ਅਨੁਸਾਰ ਕੁਝ ਦੇਰ ਤੱਕ ਜਰਮਨੀ ਅਤੇ ਇਟਲੀ ਵਾਲਿਆਂ ਤੋਂ ਜੋ ਸੂਹ ਪ੍ਰਾਪਤ ਕਰ ਸਕੇ ਉਹ ਸੋਵੀਅਤ ਨੂੰ ਪਹੁੰਚਾਉਂਦੇ ਰਹੇ। ਜਰਮਨੀ, ਇਟਲੀ ਵਾਲਿਆਂ ਨੇ ਹਿੰਦੋਸਤਾਨ ਵਿਚ ਭੰਨਤੋੜ ਦੀਆਂ ਕਾਰਵਾਈਆਂ ਕਰਨ ਲਈ ਸਾਨੂੰ ਡਾਇਨਾਸਾਈਟ ਤੇ ਹੋਰ ਇਸੇ ਭਾਂਤ ਦਾ ਲਕਾ-ਤੁਕਾ ਦਿੱਤਾ। ਉਹ ਅਸੀ ਆਪਣੇ ਕਬਾਇਲੀ ਦੋਸਤਾਂ ਨੂੰ ਦਿੰਦੇ ਰਹੇ। ਇਸ ਫਾਸ਼ਿਸ਼ਟ ਜੁੰਡਲੀ ਤੋਂ ਅਸੀਂ ਨਕਦ ਰਕਮ ਵੀ ਪ੍ਰਾਪਤ ਕੀਤੀ ਪਰ ਉਹ ਵੀ ਅਸੀਂ ਸੋਵੀਅਤ ਰਾਜਦੂਤ ਰਾਹੀਂ ਸੋਵੀਅਤ ਸਰਕਾਰ ਨੂੰ ਭੇਜਦੇ ਰਹੇ। ਇਸ ਮਦਦ ਦੀ ਨਿਸ਼ਾਨੀ ਵਜੋਂ ਇਕ ਟੈਂਕ 'ਕਿਰਤੀ' ਨਾਉਂ ਦਾ ਤਿਆਰ ਕਰਕੇ ਜੰਗ ਵਿਚ ਵਰਤਿਆ ਗਿਆ (ਕਾਮਰੇਡ ਛੀਨੇ ਦੀ ਜ਼ੁਬਾਨੀ ਇਸ ਤੱਥ ਦਾ ਸਾਨੂੰ ਪਤਾ ਲੱਗਾ)

ਅਸੀਂ ਫ਼ਕੀਰ ਇਪੀ ਨਾਲ ਵੀ ਕਾਮਰੇਡ ਗੁਰਚਰਨ ਸਿੰਘ ਸਹਿੰਸਰਾ ਰਾਹੀਂ ਗੱਲਬਾਤ ਕੀਤੀ ਤਾਂ ਜੋ ਹੋਰ ਕਬਾਇਲੀਆਂ ਵਾਂਗ ਭਾਰਤ ਦੀ ਆਜ਼ਾਦੀ ਲਈ ਸਾਡੇ ਨਾਲ ਕੁਝ ਤਾਲਮੇਲ ਕਰੇ। ਪਰ ਉਸਨੂੰ ਲੁੱਟ-ਖੋਹ ਤੇ ਮਾਰ-ਧਾੜ ਤੋਂ ਬਿਨਾਂ ਹੋਰ ਕੋਈ ਗਰਜ਼ ਨਹੀਂ ਸੀ। ਭੰਨ-ਤੋੜ ਦੀਆਂ ਕਾਰਵਾਈਆਂ ਕਰਨ ਕਰਕੇ ਜਰਮਨੀ ਉਸਦੀ ਮਦਦ ਕਰਦਾ ਸੀ। ਉਹ ਹੱਦ ਦਰਜੇ ਦਾ ਰੂੜੀਵਾਦੀ ਅਥਵਾ ਕਮਿਊਨਿਸਟ ਤੇ ਸੋਵੀਅਤ ਵਿਰੋਧੀ ਸੀ। ਇਸ ਕਰਕੇ ਸਾਡਾ ਉਸ ਨਾਲ ਕੁਝ ਵੀ ਸਾਂਝਾ ਨਹੀਂ ਸੀ।

ਉਧਰ ਅਸੀਂ ਸੁਭਾਸ਼ ਚੰਦਰ ਬੋਸ ਨੂੰ ਜਰਮਨ ਦੂਤ ਘਰ ਰਾਹੀਂ ਸੁਨੇਹਾ ਭੇਜ ਦਿੱਤਾ ਕਿ ਸਾਡੇ ਕਹਿਣ ਤੋਂ ਪਹਿਲਾਂ ਬਰਲਨ ਤੋਂ ਰੇਡੀਓ ਉੱਤੇ ਕੋਈ ਤਕਰੀਰ ਨਾ ਕਰੇ ਤਾਂ ਜੋ ਭਾਰਤ ਸਰਕਾਰ ਭੰਬਲਭੂਸੇ ਵਿਚ ਪਈ ਰਹੇ। ਭਾਰਤ ਸਰਕਾਰ ਦੇ ਵਾਇਸਰਾਏ ਨੇ ਪਾਰਲੀਮੈਂਟ ਵਿਚ ਬਿਆਨ ਦਿੱਤਾ ਕਿ "ਪਤਾ ਨਹੀਂ ਸੁਭਾਸ਼ ਚੰਦਰ ਦੇਸ਼ ਤੋਂ ਬਾਹਰ ਚਲਾ ਗਿਆ ਹੈ ਜਾਂ ਸਨਿਆਸੀ ਬਣ ਕੇ ਕਿਸੇ ਮੰਦਰ ਵਿਚ ਟਿਕਾਣਾ ਕਰ ਰਿਹਾ ਹੈ।"

ਕਈ ਮਹੀਨਿਆਂ ਮਗਰੋਂ ਸਾਡੇ ਕਹਿਣ ਉੱਤੇ ਸੁਭਾਸ਼ ਚੰਦਰ ਬੋਸ ਨੇ ਬਰਲਨ ਤੋਂ ਤਕਰੀਰ ਕੀਤੀ ਤੇ ਆਖਿਆ ਕਿ ਹਿੰਦੁਸਤਾਨ ਦੀ ਆਜ਼ਾਦੀ ਦੀ ਘੜੀ ਆਣ ਪਹੁੰਚੀ ਹੈ। ਤਦ ਜਾ ਕੇ ਸਰਕਾਰ ਨੂੰ ਉਸ ਬਾਰੇ ਪੂਰੀ ਜਾਣਕਾਰੀ ਹੋਈ ਕਿ ਉਹ ਜਰਮਨੀ ਜਾ ਪਹੁੰਚਾ ਹੈ। ਫੇਰ ਸਰਕਾਰ ਇਹ ਸੂਹ ਕੱਢਣ ਲੱਗੀ ਕਿ ਉਹ ਬਰਲਨ ਗਿਆ ਕਿਵੇਂ? ਫਾਰਵਰਡ ਬਲਾਕ ਦੇ ਕੁਝ ਆਗੂਆਂ ਨੇ ਆਪਣੀ ਗ੍ਰਿਫਤਾਰੀ ਮਗਰੋਂ ਕਮਜ਼ੋਰੀ ਦਿਖਾਈ। ਕੁਝ ਸੋਢੀ ਹਰਮਿੰਦਰ ਸਿੰਘ ਦੀ ਗ੍ਰਿਫਤਾਰੀ ਨੇ ਕਸਰ ਪੂਰੀ ਕਰ ਦਿੱਤੀ। ਤਦ ਜਾ ਕੇ ਭਾਰਤ ਸਰਕਾਰ ਨੇ ਬਿਆਨ ਦਿੱਤਾ ਕਿ ਉਸਨੂੰ ਇਕ ਬਹੁਤ ਵੱਡੀ ਸਾਜ਼ਿਸ਼ ਦਾ ਪਤਾ ਲੱਗਾ ਹੈ ਜਿਸਦਾ ਖਿਲਾਰਾ ਬੰਗਾਲ ਤੋਂ ਲੈ ਕੇ ਪੰਜਾਬ ਅਤੇ ਉਸ ਤੋਂ ਵੀ ਅੱਗੇ ਤਕ ਫੈਲਿਆ ਹੋਇਆ ਹੈ। ਜੇ ਕਿਤੇ ਜੰਗ ਦਾ ਚਰਿਤਰ ਨਾ ਬਦਲਦਾ ਤਾਂ ਅਸੀਂ ਕਦੋਂ ਦੇ ਫਾਹੇ ਲੱਗੇ ਹੋਣਾ ਸੀ।

ਦੋ ਖ਼ਾਸ ਗੱਲਾਂ ਨੋਟ ਕਰਨ ਵਾਲੀਆਂ (1) ਛੇ ਮਹੀਨੇ ਤਕ ਭਾਰਤ ਸਰਕਾਰ ਨੂੰ ਪਤਾ ਨਹੀਂ ਲੱਗਾ ਕਿ ਸੁਭਾਸ਼ ਚੰਦਰ ਬੋਸ ਕਿੱਥੇ ਹੈ?

(2) ਅਸੀਂ ਜਰਮਨੀ ਨਾਲ ਸਬੰਧ ਜਾਰੀ ਰੱਖਣ ਲਈ ਸੋਵੀਅਤ ਸਰਕਾਰ ਦੀ ਹਦਾਇਤ ਉੱਤੇ ਕਾਇਮ ਰਹੇ।

## ਫੌਜੀ ਭਰਤੀ ਦਾ ਵਿਰੋਧ

ਪੰਜਾਬ ਸਰਕਾਰ ਆਪਣੀਆਂ ਫਾਈਲਾਂ ਵਿਚ ਮੰਨਦੀ ਹੈ ਕਿ ਕਿਰਤੀ ਪਾਰਟੀ ਫੌਜੀਆਂ ਦੀ ਭਰਤੀ ਦਾ ਵਿਰੋਧ ਵੀ ਕਰਦੀ ਹੈ ਅਤੇ ਫੌਜੀਆਂ ਦੀ ਵਫ਼ਦਾਰੀ ਨੂੰ ਜਰਜਰਾ ਵੀ ਕਰਦੀ ਹੈ। ਦਿੱਲੀ ਦੇ ਨੈਸ਼ਨਲ ਆਰਕਾਈਵ ਵਿਚ ਢੇਰ ਸਾਰੀਆਂ ਫਾਇਲਾਂ ਇਸ ਤੱਥ ਦਾ ਪ੍ਰਗਟਾਵਾ ਕਰਦੀਆਂ ਹਨ, ਜਿਨ੍ਹਾਂ ਨੂੰ ਹਰ ਕੋਈ ਜਾ ਕੇ ਪੜ੍ਹ ਸਕਦਾ ਹੈ।

ਫਾਈਲ ਨੰਬਰ 7.1.41 ਅਨੁਸਾਰ 29 ਅਕਤੂਬਰ 1940 ਨੂੰ ਬੰਬਈ ਵਿਖੇ ਸੀ। ਆਈ. ਡੀ. ਅਫਸਰਾਂ ਦੀ ਮੀਟਿੰਗ ਹੋਈ। ਇਹ ਨੋਟ ਕੀਤਾ ਗਿਆ "ਕਿਰਤੀ ਪਾਰਟੀ ਨੇ ਫੌਜੀ ਭਰਤੀ ਦਾ ਵਿਰੋਧ ਕਰਨ ਵਾਲੇ ਲੀਫਲੈਟ ਵੀ ਕੱਢੇ ਹਨ ਅਤੇ ਆਪਣੇ ਮੈਂਬਰਾਂ ਰਾਹੀਂ ਪਰਚਾਰ ਵੀ ਕੀਤਾ ਹੈ। ਕਿਰਤੀ ਏਜੰਸੀਆਂ ਵੱਲੋਂ ਭਾਰਤੀ ਫੌਜ ਦੀ ਵਫ਼ਾਦਾਰੀ ਨੂੰ ਖੋਖਲਾ ਕਰਨ ਲਈ ਕੀਤੇ ਜਤਨਾਂ ਵਲ ਸੀ. ਆਈ. ਡੀ. ਨੂੰ ਖ਼ਾਸ ਨਜ਼ਰ ਰੱਖਣੀ ਚਾਹੀਦੀ ਹੈ। ਜਦੋਂ ਵੀ ਫੌਜੀ ਛੁੱਟੀ ਆਉਂਦੇ ਹਨ, ਉਨ੍ਹਾਂ ਨਾਲ ਸੰਪਰਕ ਪੈਦਾ ਕੀਤਾ ਜਾਂਦਾ ਹੈ। ਕਿਰਤੀ ਪਾਰਟੀ ਨੇ ਫੌਜੀ ਭਰਤੀ ਵਿਰੁੱਧ ਇਸ਼ਤਿਹਾਰ ਵੀ ਕੱਢੇ ਹਨ। ਵਿਅਕਤੀਗਤ ਤੌਰ ਉੱਤੇ ਫੌਜੀਆਂ ਨੂੰ ਪਹੁੰਚ ਕਰਨ ਦੇ ਜਤਨ ਜਾਰੀ ਹਨ। ਕੇਂਦਰੀ ਸਿਖ ਜ਼ਿਲ੍ਹਿਆਂ ਅੰਦਰ ਜੰਗ ਵਿਰੋਧੀ ਪ੍ਰਚਾਰ ਜਾਰੀ ਹੈ। ਰੰਗਰੂਟਾਂ ਅਤੇ ਡਿਊਟੀ ਦੇ ਰਹੇ ਫੌਜੀਆਂ ਦੇ ਟੱਬਰਾਂ ਤੇ ਰਿਸ਼ਤੇਦਾਰਾਂ ਨਾਲ ਜੋੜ ਲਾਉਣ ਦੇ ਜਥੇਬੰਦ ਜਤਨ ਹੋ ਰਹੇ

ਹਨ। ਚਕ ਲਾਲਾ ਐਮ. ਟੀ. ਡਿਪੂ ਤੋਂ ਛੁੱਟੀ 'ਤੇ ਆਇਆ ਇਕ ਸਿੱਖ ਸਿਪਾਹੀ ਫੜਿਆ ਗਿਆ। ਉਸ ਕੋਲ ਬਗ਼ਾਵਤ ਫੈਲਾਉਣ ਵਾਲੇ ਕਿਰਤੀ ਲੀਫਲੈੱਟ ਸਨ ਜੋ ਉਹ ਫੌਜ ਵਿਚ ਲਿਜਾ ਰਿਹਾ ਸੀ। ਉਸ ਤੋਂ ਕਈ ਹੋਰ ਸਿਵਲ ਤੇ ਫੌਜੀ ਬੰਦਿਆਂ ਦਾ ਪਤਾ ਲੱਗਾ ਹੈ।

ਗਵਰਨਰ ਪੰਜਾਬ ਆਪਣੀ 15.11.1940 ਦੀ ਰਿਪੋਰਟ ਵਿਚ ਲਿਖਦਾ ਹੈ: "ਇਕ ਚਿੰਤਾ ਵਾਲੀ ਗੱਲ ਇਹ ਹੈ ਕਿ ਜੱਟ ਸਿੱਖਾਂ ਦੀ ਭਰਤੀ ਲੋੜ ਅਨੁਸਰ ਨਹੀਂ ਹੋ ਰਹੀ। ਇਸ ਦਾ ਕਾਰਨ ਕਮਿਊਨਿਸਟਾਂ ਤੇ ਅਕਾਲੀਆਂ ਵੱਲੋਂ ਸਾਲਾਂ ਬੱਧੀ ਸਰਕਾਰ ਵਿਰੁੱਧ ਪ੍ਰਚਾਰ ਹੈ। ਜੰਗ ਵਿਰੋਧੀ ਸਰਗਰਮੀਆਂ ਨੇ ਅਜੀਬ ਤਰੀਕਾ ਫੜਿਆ ਹੈ। ਫੌਜੀਆਂ ਨੂੰ ਖ਼ਤ ਲਿਖੇ ਜਾ ਰਹੇ ਹਨ ਕਿ ਅਸਤੀਫ਼ਾ ਦੇ ਕੇ ਨੱਠ ਜਾਓ ਅਤੇ ਅਫ਼ਸਰ ਮਾਰ ਦਿਓ।"

ਹੋਰ ਚਾਰ ਰਿਪੋਰਟਾਂ ਵਿਚ ਲਿਖਿਆ ਹੈ ਕਿ, 'ਫ਼ਿਕਰ ਵਾਲੀ ਇਕੋ ਗੱਲ ਹੈ ਕਿ ਜੱਟ ਸਿੱਖਾਂ ਦੀ ਭਰਤੀ ਬਹੁਤ ਘੱਟ ਹੈ, 23.6.41 ਨੂੰ ਭਰਤੀ ਦੀ ਹਾਲਤ ਨਿਮਨ ਲਿਖਤ ਸੀ:

| *ਪੰਗਤੀ* | *ਮੰਗ* | *ਪੂਰੀ ਹੋਈ* |
|---|---|---|
| *ਜਟ ਸਿੱਖ* | *484* | *52* |
| *ਹੋਰ ਸਿੱਖ* | *656* | *124* |
| *ਜੋੜ* | *1140* | *176* |

ਪਰ ਜਦ ਜਰਮਨੀ ਨੇ ਸੋਵੀਅਤ ਯੂਨੀਅਨ ਉੱਤੇ ਹਮਲਾ ਕਰ ਦਿੱਤਾ ਅਤੇ ਜਰਮਨੀ ਵਿਰੁੱਧ ਸੋਵੀਅਤ ਯੂਨੀਅਨ ਤੇ ਬਰਤਾਨੀਆ ਦੀ ਸੰਧੀ ਹੋ ਗਈ ਤਾਂ ਅਸੀਂ ਫੌਜੀ ਭਰਤੀ ਦਾ ਵਿਰੋਧ ਛੱਡ ਦਿੱਤਾ। ਤਦ ਗਵਰਨਰ ਪੰਜਾਬ ਨੇ 23.10.41 ਦੀ ਰਿਪੋਰਟ ਵਿਚ ਲਿਖਿਆ, "ਪਹਿਲਾਂ ਨਾਲੋਂ ਸਿੱਖ ਰੰਗਰੂਟਾਂ ਦੀ ਭਰਤੀ ਵਿਚ ਬਿਹਤਰੀ ਆਈ ਹੈ।"

✤✤✤

# ਭਾਰਤੀ ਕਮਿਊਨਿਸਟ ਪਾਰਟੀ ਵਿਚ

## ਗੁਜਰਾਤ ਸਪੈਸ਼ਲ ਜੇਲ੍ਹ

ਸਾਰੇ ਹਿੰਦੋਸਤਾਨ ਵਿਚ ਵਿਆਪਕ ਐਜੀਟੇਸ਼ਨ ਹੋਈ ਕਿ ਦਿਓਲੀ ਸਪੈਸ਼ਲ ਕੈਂਪ (ਜਿਥੇ ਹਿੰਦੋਸਤਾਨ ਦੇ ਸਾਰੇ ਕਮਿਊਨਿਸਟ ਨਜ਼ਰਬੰਦ ਸਨ) ਨੂੰ ਤੋੜ ਕੇ ਸਾਰੇ ਕੈਦੀ ਆਪਣੇ-ਆਪਣੇ ਸੂਬਿਆਂ ਵਿਚ ਭੇਜ ਦਿੱਤੇ ਜਾਣ। ਕਿਰਤੀ ਪਾਰਟੀ ਨੇ ਦਿਓਲੀ ਕੈਂਪ ਤੋੜਨ ਲਈ ਸਾਰੇ ਦੇਸ਼ 'ਚੋਂ ਇਕ ਨੰਬਰ ਐਜੀਟੇਸ਼ਨ ਕੀਤੀ ਸੀ। ਭਾਰਤੀ ਕਮਿਊਨਿਸਟ ਪਾਰਟੀ ਨੇ ਵੀ ਆਪਣੇ ਵਿਤ ਅਨੁਸਾਰ ਸਿਵਲ ਲਿਬਰਟੀਜ਼ ਯੂਨੀਅਨ ਰਾਹੀਂ ਐਜੀਟੇਸ਼ਨ ਕੀਤੀ ਸੀ। ਦਿਓਲੀ ਜੇਲ੍ਹ ਦੇ ਨਜ਼ਰਬੰਦਾਂ ਨੇ ਜੇਲ੍ਹ ਅੰਦਰ ਭੁੱਖ ਹੜਤਾਲ ਕੀਤੀ। ਨਤੀਜੇ ਵਜੋਂ ਸਰਕਾਰ ਨੇ ਦਿਓਲੀ ਕੈਂਪ ਬੰਦ ਕਰਕੇ ਸਾਰੇ ਨਜ਼ਰਬੰਦ ਆਪਣੇ-ਆਪਣੇ ਸੂਬਿਆਂ ਵਿਚ ਭੇਜ ਦਿੱਤੇ।

ਪੰਜਾਬ ਦੇ ਕਮਿਊਨਿਸਟ ਗੁਜਰਾਤ ਸਪੈਸ਼ਲ ਜੇਲ੍ਹ ਅੰਦਰ ਲਿਆ ਕੇ ਬੰਦ ਕਰ ਦਿੱਤੇ ਅਤੇ ਸਾਰਿਆਂ ਨੂੰ ਬੀ ਕਲਾਸ ਦਿੱਤੀ ਗਈ।

ਮੈਨੂੰ ਤੇ ਕਾਮਰੇਡ ਕਰਨਾਣਾ ਨੂੰ ਵੀ ਸ਼ਾਹੀ ਕਿਲ੍ਹਾ ਲਾਹੌਰ ਤੋਂ ਕੱਢ ਕੇ ਮਾਰਚ 1942 ਦੇ ਅੱਧ ਵਿਚ ਗੁਜਰਾਤ ਸਪੈਸ਼ਲ ਜੇਲ੍ਹ ਭੇਜ ਦਿੱਤਾ ਗਿਆ। ਏਥੇ ਸਾਰੇ ਪੰਜਾਬ ਦੇ ਕਮਿਊਨਿਸਟ ਤੇ ਇਨਕਲਾਬੀ ਵਰਕਰਾਂ ਦੀ ਰੌਣਕ ਲੱਗੀ ਹੋਈ ਸੀ। ਰੋਜ਼ ਸਵੇਰੇ ਸੈਰ ਕਰਨੀ, ਫੇਰ ਮਾਰਕਸਵਾਦ ਦੇ ਸਿਧਾਂਤਕ ਸਕੂਲ ਲਗਣੇ, ਨਾਲ਼ ਹੀ ਹਰ ਤਰ੍ਹਾਂ ਦੀਆਂ ਖੇਡਾਂ ਦਾ ਪੂਰਾ ਪ੍ਰਬੰਧ ਸੀ।

ਕਾਮਰੇਡ ਧਨਵੰਤਰੀ ਨੇ ਕਮਿਊਨਿਸਟ ਮੈਨੀਫੈਸਟੋ ਬਾਰੇ ਤਿੰਨ ਮਹੀਨੇ ਕਲਾਸ ਲਾਈ। ਕਾਮਰੇਡ ਮੋਹਨ ਲਾਲ ਕਿਰਤੀ ਨੇ ਰਾਜਸੀ ਆਰਥਕਤਾ ਬਾਰੇ ਆਪਣੀ ਸਮਰੱਥਾ ਅਨੁਸਾਰ ਲੈਕਚਰ ਦਿੱਤੇ। ਕਾਮਰੇਡ ਸਰਦਾਰਾ ਸਿੰਘ ਸਿਕੰਦਰਪੁਰੀ ਮਾਰਕਸੀ ਫਲਸਫ਼ੇ ਬਾਰੇ ਲੈਕਚਰ ਦੇਣ ਲੱਗੇ ਛੇਤੀਂ ਉਲਝ ਗਏ। ਕਾਮਰੇਡ ਨੈਣਾ ਸਿੰਘ ਧੂਤ ਦੀ ਮਦਦ ਵੀ ਕੰਮ ਨਾ ਆਈ। ਅਖ਼ੀਰ ਵਿਚ ਇਸ ਵਿਸ਼ੇ 'ਤੇ ਡਾਕਟਰ ਭਾਗ ਸਿੰਘ ਨੇ ਪੰਦਰਾਂ-ਵੀਹ ਦਿਨ ਲਾਏ। ਉਨ੍ਹਾਂ ਮੁੱਢ ਵਿਚ ਹੀ ਦੱਸ ਦਿੱਤਾ ਕਿ ਉਹ ਇਸ ਵਿਸ਼ੇ ਦੇ ਮਾਸਟਰ ਤਾਂ ਨਹੀਂ, ਕੁਝ ਜਾਣਕਾਰੀ ਜ਼ਰੂਰ ਹੈ।

ਇਕ ਦਿਨ ਜੇਲ੍ਹ ਕਮੇਟੀ ਨੇ ਸਭਿਆਚਾਰਕ ਪ੍ਰੋਗਰਾਮ ਕਰਨ ਦਾ ਫੈਸਲਾ ਕਰਕੇ ਮੁਖ ਆਈਟਮ ਕਵੀ ਦਰਬਾਰ ਦੀ ਰੱਖੀ ਅਤੇ ਸਾਰੇ ਸਾਥੀਆਂ ਨੂੰ ਆਪਣੀ-ਆਪਣੀ ਸਮਰੱਥਾ ਅਨੁਸਾਰ ਹਿੱਸਾ ਪਾਉਣ ਦਾ ਆਦੇਸ਼ ਦਿੱਤਾ। ਕਈ ਸਾਥੀਆਂ ਨੇ ਮੇਰੇ ਉੱਤੇ ਵੀ ਕੋਈ ਨਾ ਕੋਈ ਆਈਟਮ ਪੇਸ਼ ਕਰਨ ਲਈ ਦਬਾਓ ਪਾਇਆ, ਪਰ ਮੈਂ ਨਾਂਹ ਕਰ ਦਿੱਤੀ। ਅਖ਼ੀਰ ਕਾਮਰੇਡ ਚਮਕ ਜੋ ਇਸ ਪ੍ਰੋਗਰਾਮ ਦੇ ਇੰਚਾਰਜ ਸਨ, ਮੇਰੇ ਪਾਸ ਆਏ। ਮੈਂ ਉਨ੍ਹਾਂ ਨੂੰ ਸਾਫ ਦੱਸ ਦਿੱਤਾ ਕਿ ਮਾਰਕਸਵਾਦ ਦੇ ਮੇਰੇ ਉਸਤਾਦ ਕਾਮਰੇਡ ਭਗਤ ਸਿੰਘ ਬਿਲਗਾ ਨੇ ਮੈਨੂੰ ਠੀਕ ਤੌਰ 'ਤੇ ਭਾਵੁਕ ਹੋਣ ਤੋਂ ਬਚਣ ਲਈ ਕਵਿਤਾ ਲਿਖਣ ਦਾ ਖਹਿੜਾ ਛੱਡਣ ਦੀ ਨਸੀਹਤ ਕੀਤੀ ਸੀ ਤੇ ਮੈਂ ਇਸ ਪੱਖੋਂ ਤੋਬਾ ਕੀਤੀ ਹੋਈ ਹੈ। ਚਮਕ ਜੀ ਨੇ ਆਖਿਆ "ਏਥੇ ਕਿਹੜਾ ਜਨਤਕ ਕੰਮ ਹੋ ਰਿਹਾ ਹੈ ਜਾਂ ਇਨਕਲਾਬੀ ਲਹਿਰ ਚਲ ਰਹੀ ਹੈ। ਇਹ ਤਾਂ ਕਾਮਰੇਡ ਜੀ ਜੇਲ੍ਹ ਹੈ ਜਿਥੇ ਅਸੀਂ ਸਾਰੇ ਹੰਢੇ ਹੋਏ ਵਰਕਰ ਰਹਿ ਰਹੇ ਹਾਂ। ਏਥੇ ਤਾਂ ਹਲਕੇ-ਫੁਲਕੇ ਪ੍ਰੋਗਰਾਮ ਆਯੋਜਿਤ ਕਰਨ ਦੀ ਅਵਸ਼ਕਤਾ ਹੈ। ਜੇਲ੍ਹ ਕਮੇਟੀ ਕਿਹੜੀ ਮੂਰਖ਼ ਹੈ ਜਿਸਨੇ ਇਹ ਪ੍ਰੋਗਰਾਮ ਬਣਾਇਆ ਹੈ।" ਫੇਰ ਚਮਕ ਜੀ ਨੇ ਪਾਰਟੀ ਫੈਸਲਿਆਂ ਤੋਂ ਸਿਰ ਫੇਰਨ ਦੀ ਗਲਤੀ ਦਾ ਅਹਿਸਾਸ ਕਰਵਾਇਆ। ਅਖ਼ੀਰ ਮੈਨੂੰ ਕੋਈ ਆਈਟਮ ਪੇਸ਼ ਕਰਨ ਲਈ ਹਾਂ ਕਰਨੀ ਪਈ, ਪਰ ਮੈਂ ਹੱਸਦਿਆਂ ਆਖ ਦਿੱਤਾ ਕਿ ਫੇਰ ਮੈਂ ਸਾਰੀ ਭਾਵੁਕਤਾ ਦਾ ਪ੍ਰਗਟਾਵਾ ਕਰ ਦੇਣਾ ਹੈ। ਮੈਂ ਆਪਣੀ ਲਿਖਤ ਤੁਹਾਨੂੰ ਵਿਖਾ ਦੇਵਾਂਗਾ, ਜੇ ਉਹ ਪੜ੍ਹਨ ਯੋਗ ਹੋਈ ਤਦ ਹੀ ਪੇਸ਼ ਕਰਾਂਗਾ।

ਸੱਚੀ ਗੱਲ ਤਾਂ ਇਹ ਹੈ ਕਿ ਮੇਰਾ ਤੇ ਸੁਸ਼ੀਲਾ ਦਾ ਵਿਖਾਵੇ ਵਾਲਾ ਵਿਆਹ ਹੋਣ ਤੋਂ ਬਾਦ ਸੁਸ਼ੀਲਾ ਦੀ ਨਿਸ਼ਠਾ ਤੇ ਯੋਗਤਾ ਨੂੰ ਦੇਖ ਕੇ ਮੇਰੇ ਅੰਦਰ ਸੱਚਮੁੱਚ ਦੇ ਜੀਵਨ-ਸਾਥ ਦੀ ਤਰੰਗ ਉੱਠ ਪਈ ਸੀ। ਇਸ ਦਾ ਪ੍ਰਗਟਾਵਾ ਹੁਣ ਲਿਖੀ ਕਵਿਤਾ ਤੋਂ ਵੀ ਹੁੰਦਾ ਸੀ। ਡਰਦਿਆਂ-ਡਰਦਿਆਂ ਉਹ ਕਵਿਤਾ ਕਾਮਰੇਡ ਚਮਕ ਨੂੰ ਵਿਖਾ ਕੇ ਉਸਦੀ ਰਾਏ ਪੁੱਛੀ। ਉਸਨੇ ਮੈਨੂੰ ਇਹ ਕਵਿਤਾ ਨਿਸ਼ੰਗ ਹੋ ਕੇ ਪੜ੍ਹਨ ਲਈ ਹੱਲਾਸ਼ੇਰੀ ਦਿੱਤੀ।

ਹੁਣ ਇਹ ਕਵਿਤਾ ਪੇਸ਼ ਹੈ, ਪਰ ਸਾਰੇ ਸ਼ਬਦ ਇੰਨ-ਬਿੰਨ ਉਹੀ ਨਹੀਂ, ਕਿਉਂਕਿ ਮੇਰੇ ਪਾਸ ਉਸਦੀ ਨਕਲ ਨਹੀਂ ਹੈ, ਯਾਦ ਕਰਕੇ ਬੁੱਤਾ ਸਾਰਿਆ ਹੈ:

*ਚਮਕ ਦਮਕ ਜੈਸੇ ਚੰਨ ਪੁੰਨਿਆ ਦਾ,*
*ਸੁਘੜ ਸਿਆਣੀ ਸ਼ੁਭ ਖ਼ਿਆਲ ਸੁੰਦਰੀ,*
*ਕਿਹੜੇ-ਕਿਹੜੇ ਦਾ ਮੈਂ ਕਰਾਂ ਵਰਨਣ,*
*ਸਾਰੇ ਪੱਖਾਂ ਤੋਂ ਬੇਮਿਸਾਲ ਸੁੰਦਰੀ।*
*ਮਤਾਂ ਰਾਤ ਨੂੰ ਅੰਬਰ ਹੀ ਚਮਕ ਉੱਠੇ,*
*ਸ਼ੁਕਰ ਸੌਂਦੀ ਸੁਹੱਪਣ ਸੰਭਾਲ ਸੁੰਦਰੀ।*
*ਵਾਂਗ ਮੋਰਨੀ ਮੜਕ ਦੇ ਨਾਲ ਤੁਰਦੀ,*

*ਸੁਲਝੀ ਸੋਚ ਸੰਗ ਸੋਲ੍ਹਵੇਂ ਸਾਲ ਸੁੰਦਰੀ।*
*ਗਈ ਬਾਗ਼ ਵਿਚ ਬਾਗ਼ ਨੂੰ ਮਸਤ ਕਰਦੀ,*
*ਚੁੰਨੀ ਉੱਡ-ਉੱਡ ਫੁੱਲਾਂ ਨੂੰ ਖਹਿਣ ਲੱਗੀ।*
*ਸੁੱਤੇ ਜਾਗ ਉੱਠੇ, ਮੁਰਦੇ ਉੱਠ ਬੈਠੇ,*
*ਸ਼ੋਭਾ ਲੱਦੇ ਇਕ ਫੁੱਲ ਨੂੰ ਕਹਿਣ ਲੱਗੀ:*
*ਤੈਨੂੰ ਆਪਣੀ ਗੁੱਤ ਦੇ ਵਿਚ ਜੜ ਕੇ,*
*ਸਾਰੀ ਦੁਨੀਆਂ ਦੇ ਅੱਖੀਂ ਚੜ੍ਹਾ ਦੇਸਾਂ।*
*'ਕੱਲਾ ਹੋ ਅਵੱਲਾ ਐਵੇਂ ਰਹੇਂ ਸੁੱਤਾ,*
*ਆ ਗਹਿਮਾ ਗਹਿਮ ਸੰਸਾਰ ਵਿਖਾ ਦੇਸਾਂ।*

ਕਵਿਤਾ ਦੀਆਂ ਉਪਰੋਕਤ ਸਤਰਾਂ ਸੁਣਕੇ ਮੇਰੇ ਮਾਣਯੋਗ ਬਾਬੇ ਕਰਮ ਸਿੰਘ ਚੀਮਾ ਤੇ ਭਾਗ ਸਿੰਘ ਕੈਨੇਡੀਅਨ ਨੂੰ ਧੁਖ-ਧੁਖੀ ਲਗ ਗਈ। ਫੇਰ ਉਹ ਘੁਸਰ-ਮੁਸਰ ਕਰਨ ਲੱਗ ਪਏ ਕਿ ਇਸ ਚੰਗੇ ਭਲੇ ਮੁੰਡੇ ਨੂੰ ਕੀ ਹੋ ਗਿਆ ਹੈ! ਮੈਂ 'ਚਮਕ' ਵੱਲ ਨੂੰ ਅੱਖ ਚੁੱਕੀ ਤਾਂ ਉਸ ਨੇ ਪਰਧਾਨਗੀ ਕੁਰਸੀ ਤੋਂ ਉੱਠ ਕੇ ਸ਼ਾਂਤ ਰਹਿਣ ਦੀ ਅਪੀਲ ਕਰਦਿਆਂ ਆਖਿਆ ਕਿ ਮਾੜੀ-ਚੰਗੀ ਦਾ ਫੈਸਲਾ ਇਸ ਕਾਰਜ ਲਈ ਬਣੀ ਕਮੇਟੀ ਨੇ ਕਰਨਾ ਹੈ। ਤੁਸੀਂ ਜ਼ਰਾ ਅਗਲੀਆਂ ਪੰਗਤੀਆਂ ਤਾਂ ਸੁਣੋ। ਮੈਂ ਫਿਰ ਆਪਣੀ ਕਵਿਤਾ ਸ਼ੁਰੂ ਕੀਤੀ:

*ਲਾਲ ਪੀਲਾ ਹੋ ਕੇ ਫੁੱਲ ਭੜਕ ਉੱਠਿਆ,*
*ਪੈ ਗਿਆ ਸੁੰਦਰੀ ਦੇ ਵਾਹੋਦਾਹੀ ਦੇ ਗਲ।*
*ਹਟ ਪਰੇ ਤੂੰ ਮੇਰੀ ਤਾਂ ਸਿਕ ਇਕੋ,*
*ਪਵਾਂ ਹਾਰ ਬਣ ਲਾਲ ਸਿਪਾਹੀ ਦੇ ਗਲ।*

ਫੇਰ ਮੈਂ ਲਾਲ ਫੌਜ ਦੀ ਉਪਮਾ ਦੇ ਪੁਲ ਬੰਨ੍ਹ ਦਿੱਤੇ। ਬਸ ਫੇਰ ਕੀ ਸੀ! ਦੋਵੇਂ ਬਾਬੇ ਉੱਠ ਕੇ ਖੜ੍ਹੇ ਹੋ ਗਏ ਅਤੇ 'ਦੇਖਿਆ ਸਾਡਾ ਮੁੰਡਾ, ਦੇਖਿਆ ਸਾਡਾ ਮੁੰਡਾ' ਆਖ ਕੇ ਪੈਲਾਂ ਪਾਉਣ ਲੱਗ ਪਏ। ਫੈਸਲਾ ਦੇਣ ਵਾਲੀ ਕਮੇਟੀ ਨੇ ਮੇਰੀ ਕਵਿਤਾ ਨੂੰ ਇਕ ਨੰਬਰ ਉੱਤੇ ਰੱਖ ਕੇ ਅੰਮ੍ਰਿਤਾ ਪ੍ਰੀਤਮ ਦੀਆਂ ਕਵਿਤਾਵਾਂ ਵਾਲੀ ਪੁਸਤਕ ਇਨਾਮ ਵਜੋਂ ਭੇਂਟ ਕੀਤੀ।

## ਵਿਆਹ ਨੇ ਅਸਲ ਰੂਪ ਧਾਰਿਆ

ਪਹਿਲੀ ਅਪਰੈਲ 1943 ਨੂੰ ਡਾਕਟਰ ਭਾਗ ਸਿੰਘ, ਹਰਬੰਸ ਕਰਨਾਣਾ, ਜਗੀਰ ਸਿੰਘ ਕੋਟ ਸੋਹਦਾ ਸਮੇਤ ਮੇਰੀ ਰਿਹਾਈ ਹੋ ਗਈ। ਅਸੀਂ ਸਿੱਧੇ ਭਕਨਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪੁੱਜੇ ਜਿਥੇ ਸਰਬ ਹਿੰਦ ਕਿਸਾਨ ਸਮਾਗਮ ਹੋ ਰਿਹਾ ਸੀ। ਉਥੇ ਸਾਡਾ ਬੜਾ

ਸ਼ਾਨਦਾਰ ਸਵਾਗਤ ਹੋਇਆ। ਸੁਸ਼ੀਲਾ ਵੀ ਹੋਰ ਸਾਥੀਆਂ ਵਾਂਗ ਹੀ ਮਿਲੀ। ਇਕ ਸ਼ਾਮ ਅਸੀਂ ਡਾਕਟਰ ਗੁਰਬਖ਼ਸ਼ ਸਿੰਘ ਅੰਮ੍ਰਿਤਸਰ ਦੇ ਘਰ ਰਹੇ ਅਤੇ ਪਿਛਲੇ ਸਾਲ ਦੇ ਆਪਣੇ-ਆਪਣੇ ਹਾਲ-ਚਾਲ ਦੱਸੇ ਅਤੇ ਕੁਝ ਨੇੜਤਾ ਵਧੀ।

ਮੈਕਲੋਡ ਰੋਡ ਲਾਹੌਰ ਉਤੇ ਪਾਰਟੀ ਦਾ ਹੈੱਡਕੁਆਰਟਰ ਸੀ ਤੇ ਉਥੇ ਸੁਸ਼ੀਲਾ ਨੂੰ ਇਕ ਕਮਰਾ ਦਿੱਤਾ ਹੋਇਆ ਸੀ ਅਤੇ ਮੈਨੂੰ ਵੀ ਉਸ ਵੇਲੇ ਲਾਹੌਰ ਵਿਚ ਪਾਰਟੀ ਡਿਊਟੀ ਦਿੱਤੀ ਗਈ ਸੀ। ਅਸੀਂ ਦੋਵੇਂ ਵਿਚਾਰ ਵਟਾਂਦਰਾ ਕਰਨ ਲਈ ਅੱਧਾ ਘੰਟਾ 'ਕੱਠੇ ਹੁੰਦੇ ਸੀ ਪਰ ਸੱਚਮੁੱਚ ਦੇ ਵਿਆਹ ਦਾ ਅਜੇ ਕੋਈ ਫੈਸਲਾ ਨਹੀਂ ਸੀ ਕੀਤਾ।

ਉਸ ਸਮੇਂ ਪਾਰਟੀ ਦੇ ਕੇਂਦਰ ਵੱਲੋਂ ਕਾਮਰੇਡ ਇਕਬਾਲ ਸਿੰਘ ਹੁੰਦਲ ਨਿਯੁਕਤ ਸੀ। ਉਸਨੂੰ ਪਤਾ ਸੀ ਕਿ ਸੁਸ਼ੀਲਾ ਦੀ ਸ਼ਾਦੀ ਤਾਂ ਐਵੇਂ ਵਿਖਾਵੇ ਦੀ ਹੈ। ਉਹ ਆਪਣਾ ਸਬੰਧ ਸੁਸ਼ੀਲਾ ਨਾਲ ਜੋੜਨ ਲਈ ਕਈ ਹੀਲੇ-ਬਹਾਨੇ ਕਰ ਰਿਹਾ ਸੀ। ਮੇਰੀ ਰਿਹਾਈ ਮਗਰੋਂ ਮੇਰਾ ਤੇ ਸੁਸ਼ੀਲਾ ਦਾ ਕਦੇ-ਕਦੇ ਮਿਲਣਾ ਉਸਨੂੰ ਬਹੁਤ ਕਸ਼ਟ ਦੇ ਰਿਹਾ ਸੀ। ਉਸਨੇ ਹੁਕਮ ਦੇ ਦਿੱਤਾ ਕਿ ਤੁਹਾਨੂੰ ਬਾਰ-ਬਾਰ ਮਿਲਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਪਾਰਟੀ ਨੂੰ ਲਿਖ ਕੇ ਦਿਉ ਕਿ ਤੁਸੀਂ ਆਪਣੀ ਸ਼ਾਦੀ ਪੱਕੀ ਕਰ ਲਈ ਹੈ ਜਾਂ ਮਿਲਣਾ ਬੰਦ ਕਰੋ।

ਸੁਸ਼ੀਲਾ ਨੂੰ ਉਸਦੇ ਆਪਣੇ ਵਲ ਝੁਕਾਉ ਦਾ ਪਤਾ ਸੀ ਅਤੇ ਸਾਡੀ ਆਪੋ ਵਿਚੀ ਨੇੜਤਾ ਹੋਣ ਦੀ ਸੂਝ ਪੱਕੀ ਹੋ ਰਹੀ ਸੀ, ਇਸ ਲਈ ਅਸੀਂ ਲਿਖ ਕੇ ਦੇ ਦਿੱਤਾ ਕਿ ਅੱਜ ਤੋਂ ਅਸੀਂ ਆਪਣੀ ਸ਼ਾਦੀ ਪੱਕੀ ਕਰਨ ਦਾ ਫ਼ੈਸਲਾ ਕਰ ਲਿਆ ਹੈ।

ਇਕਬਾਲ ਇਸ ਤੋਂ ਬਹੁਤ ਖਿਝਿਆ। ਉਸਨੇ ਪਾਰਟੀ ਦੇ ਕੇਂਦਰ ਵਿਚ ਜਾ ਕੇ ਮੇਰੇ ਉੱਤੇ ਦੋਸ਼ ਲਾ ਦਿੱਤਾ ਕਿ ਕਾਮਰੇਡ ਚੈਨ ਨੇ ਪੁਲਸ ਦੀ ਸਖ਼ਤੀ ਨਾ ਸਹਾਰਦੇ ਹੋਏ ਅਜਿਹੇ ਬਿਆਨ ਦੇ ਦਿੱਤੇ ਹਨ ਜੋ ਪਾਰਟੀ ਲਈ ਅਤਿ ਦੇ ਖ਼ਤਰਨਾਕ ਹਨ। ਇਸ ਲਈ ਉਸਨੂੰ ਫੌਰਨ ਪਾਰਟੀ 'ਚੋਂ ਕੱਢ ਦਿੱਤਾ ਜਾਵੇ। ਦੁੱਖ ਦੀ ਗੱਲ ਇਹ ਹੈ ਕਿ ਕੇਂਦਰੀ ਲੀਡਰਸ਼ਿਪ ਨੇ ਮੈਨੂੰ ਕੁਝ ਪੁੱਛੇ ਬਗੈਰ ਹੀ ਮੈਨੂੰ ਪਾਰਟੀ 'ਚੋਂ ਕੱਢ ਦਿੱਤਾ। ਕਾਮਰੇਡ ਇਕਬਾਲ ਨੇ ਮੈਨੂੰ ਪਾਰਟੀ ਦਾ ਫੈਸਲਾ ਸੁਣਾ ਕੇ ਹੁਕਮ ਦੇ ਦਿੱਤਾ ਕਿ ਫੌਰਨ ਪਾਰਟੀ ਦਫਤਰ 'ਚੋਂ ਨਿਕਲ ਜਾਉ ਅਤੇ ਅੱਜ ਤੋਂ ਮਗਰੋਂ ਤੁਸੀਂ ਕਿਸੇ ਪਾਰਟੀ ਮੈਂਬਰ ਨੂੰ ਨਹੀਂ ਮਿਲ ਸਕਦੇ। ਮੈਂ ਪੁੱਛਿਆ ਕਿ ਮੇਰੀ ਪਤਨੀ ਪਾਰਟੀ ਮੈਂਬਰ ਹੈ, ਕੀ ਮੈਂ ਉਸਨੂੰ ਮਿਲ ਸਕਦਾ ਹਾਂ? ਤਾਂ ਉਸਨੇ ਸਪੱਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਬਿਲਕੁੱਲ ਨਹੀਂ।

ਮੈਂ ਉਸ ਸਮੇਂ ਦੀ ਮਾਰ ਤੋਂ ਬਚਣ ਲਈ ਆਪਣੇ ਇਕ ਮਿੱਤਰ ਕੋਲ ਆਸਨਸੋਲ ਜਾ ਕੇ ਉਸਦੀ ਫਰਮ ਵਿਚ ਨੌਕਰੀ ਕਰ ਲਈ ਅਤੇ ਦੂਜੇ ਪਾਸੇ ਪਾਰਟੀ ਕੇਂਦਰ ਨੂੰ ਅਪੀਲ ਕਰ ਦਿੱਤੀ ਕਿ ਮੈਨੂੰ ਸੁਣੇ-ਪੁੱਛੇ ਬਗੈਰ ਇਤਨਾ ਸਖ਼ਤ ਫੈਸਲਾ ਗਲਤ ਹੈ, ਇਸਨੂੰ ਰੱਦ ਕੀਤਾ ਜਾਵੇ। ਕੇਂਦਰ ਨੇ ਛੇ ਮਹੀਨੇ ਮਗਰੋਂ ਆਪਣੇ ਢੰਗ ਨਾਲ ਤਸੱਲੀ

ਕਰਕੇ ਮੈਥੋਂ ਕੁਝ ਪੁੱਛੇ ਸੁਣੇ ਬਗੈਰ ਮੇਰੀ ਅਪੀਲ ਮਨਜ਼ੂਰ ਕਰ ਲਈ ਅਤੇ ਮੈਨੂੰ ਫੌਰਨ ਮੁੜ ਪਾਰਟੀ ਕੰਮ ਉਤੇ ਆਉਣ ਦੀ ਹਦਾਇਤ ਕੀਤੀ। ਸੋ ਮੈਂ ਉਥੋਂ ਕੋਈ ਹਿਸਾਬ ਕੀਤੇ ਬਗੈਰ ਅਤੇ ਮਿੱਤਰ ਮੈਨੇਜਰ ਵੱਲੋਂ ਤਨਖ਼ਾਹ ਦੁੱਗਣੀ ਕਰਨ ਦੀ ਪ੍ਰੇਰਨਾ ਨੂੰ ਅਣਗੌਲੇ ਕਰਕੇ ਪੰਜਾਬ ਮੁੜ ਆਇਆ ਅਤੇ ਪਾਰਟੀ ਨੂੰ ਹਾਜ਼ਰੀ ਲੁਆ ਦਿੱਤੀ।

ਮੈਨੂੰ ਕਿਹਾ ਗਿਆ ਕਿ ਮੈਂ 'ਜੰਗੇ ਆਜ਼ਾਦੀ' (ਪਾਰਟੀ ਅਖ਼ਬਾਰ) ਦੇ ਸਹਾਇਕ ਸੰਪਾਦਕ ਵਜੋਂ ਕੰਮ ਸ਼ੁਰੂ ਕਰਾਂ, ਪਰ ਮੈਂ ਆਪਣੇ ਜ਼ਿਲ੍ਹੇ ਵਿਚ ਜਨਤਕ ਕੰਮ ਕਰਨ ਦੇ ਇਰਾਦੇ ਨਾਲ ਇਸ ਫੈਸਲੇ ਨੂੰ ਸਵੀਕਾਰ ਨਹੀਂ ਕੀਤਾ।

## ਡਾ. ਅਧਿਕਾਰੀ ਨੂੰ ਚਾਨਣ ਕੀਤਾ

1940-42 ਕਿਰਤੀ ਪਾਰਟੀ ਦੇ ਫੈਲਣ, ਡੂੰਘੇ ਜਾਣ ਅਤੇ ਕਮਿਊਨਿਸਟ ਸਿਧਾਂਤ ਵਿਚ ਪਰਪੱਕ ਹੋਣ ਦਾ ਸਮਾਂ ਹੈ। ਪਰ ਭਾਰਤੀ ਕਮਿਊਨਿਸਟ ਪਾਰਟੀ (ਸੀ. ਪੀ. ਆਈ.) ਦੀ ਕੇਂਦਰੀ ਲੀਡਰਸ਼ਿਪ ਨੂੰ ਇਸ ਸਬੰਧੀ ਕੋਈ ਗਿਆਨ ਨਹੀਂ ਸੀ। ਇਸ ਦਾ ਪ੍ਰਗਟਾਵਾ ਉਸ ਵੱਲੋਂ ਪੰਜਾਬ ਪਾਰਟੀ ਸੰਬੰਧੀ 19 ਜੂਨ 1941 ਨੂੰ ਛਾਪੀ ਇਕ ਖੁੱਲ੍ਹੀ ਚਿੱਠੀ ਤੋਂ ਮਿਲਿਆ, ਜਿਸਦਾ ਸਿਰਲੇਖ ਸੀ 'ਪੰਜਾਬ ਪਾਰਟੀ ਅੰਦਰ ਗੁਠਬੰਦੀ ਕਿਉਂ?'। ਇਸ ਅਗਿਆਨਤਾ ਬਾਰੇ ਕਈ ਸਾਥੀਆਂ ਨੇ ਕੇਂਦਰੀ ਲੀਡਰਸ਼ਿਪ ਨਾਲ ਚਰਚਾ ਕੀਤੀ। ਆਖ਼ਰ ਪੰਜਾਬ ਪਾਰਟੀ ਦੀ ਜਥੇਬੰਦਕ ਹਾਲਤ ਦੀ ਘੋਖ ਕਰਨ ਲਈ ਅਪਰੈਲ 1944 ਵਿਚ ਪੋਲਿਤ ਬਿਓਰੋ ਦੇ ਇਕ ਮੈਂਬਰ ਡਾ. ਅਧਿਕਾਰੀ ਖ਼ੁਦ ਲਾਹੌਰ ਆਏ। ਉਨ੍ਹਾਂ ਇਕ ਸੌ ਤੋਂ ਵੱਧ ਸਾਥੀ ਮੁਲਾਕਾਤ ਲਈ ਬੁਲਾਏ। ਉਨ੍ਹਾਂ ਹਰ ਸਾਥੀ ਨੂੰ ਇਕ ਸਵਾਲਨਾਮਾ ਜਾਰੀ ਕੀਤਾ ਅਤੇ ਹਰ ਸਾਥੀ ਨੂੰ ਪੰਦਰਾਂ-ਵੀਹ ਮਿੰਟ ਦਾ ਸਮਾਂ ਦਿੱਤਾ।

ਜਿਹੜੇ ਸਾਥੀ ਸਮਝਦੇ ਸਨ ਕਿ ਪੋਲਿਤ ਬਿਓਰੋ ਨੂੰ ਜੰਗ ਦੇ ਸਮੇਂ ਦੀ ਪੰਜਾਬ ਦੀ ਕਮਿਊਨਿਸਟ ਲਹਿਰ ਬਾਰੇ ਠੀਕ ਜਾਣਕਾਰੀ ਨਹੀਂ ਹੈ, ਉਨ੍ਹਾਂ ਮੇਰੀ ਡਿਊਟੀ ਲਾਈ ਕਿ ਕਮਿਊਨਿਸਟ ਲਹਿਰ ਦੇ ਇਕ ਪੱਖ 'ਕਿਰਤੀ ਪਾਰਟੀ' ਬਾਰੇ ਠੀਕ ਜਾਣਕਾਰੀ ਦੇਵਾਂ ਕਿਉਂਕਿ ਮੇਰਾ ਇਸ ਸਮੇਂ ਨਾਲ ਡੂੰਘਾ ਸੰਬੰਧ ਰਿਹਾ ਸੀ। ਸੋ ਮੈਂ ਉਹ ਰਿਪੋਰਟ ਤਿਆਰ ਕਰ ਲਈ।

ਡਾਕਟਰ ਅਧਿਕਾਰੀ ਜਿਵੇਂ-ਜਿਵੇਂ ਮੇਰੀ ਰਿਪੋਰਟ ਸੁਣੀ ਗਏ ਉਹ ਮੈਨੂੰ ਹੋਰ ਸਮਾਂ ਦਿੰਦੇ ਗਏ। ਉਹ ਕੁਝ ਗੱਲਾਂ ਨੋਟ ਵੀ ਕਰੀ ਗਏ। ਢਾਈ ਘੰਟੇ ਮੇਰੀ ਰਿਪੋਰਟ ਨੂੰ ਸੁਣਦਿਆਂ ਲੱਗੇ। ਸਾਫ ਦਿਸ ਰਿਹਾ ਸੀ ਕਿ ਉਨ੍ਹਾਂ ਨੂੰ ਮੇਰੀ ਰਿਪੋਰਟ ਬਹੁਤ ਨਵੀਂ ਜਾਣਕਾਰੀ ਦੇ ਰਹੀ ਹੈ। ਉਨ੍ਹਾਂ ਮੇਰੀ ਰਿਪੋਰਟ ਦਾ ਅੰਗਰੇਜ਼ੀ ਵਿਚ ਉਲੱਥਾ ਕਰਨ ਲਈ ਇਕ ਐਮ. ਏ. ਪੜ੍ਹੇ ਵਿਦਿਆਰਥੀ ਕਾਮਰੇਡ ਭਗਵੰਤ ਸਿੰਘ ਨਾਭਾ ਦੀ ਡਿਊਟੀ

ਲਾਈ। ਇਸ ਦੀਆਂ ਨੌਂ-ਦਸ ਕਾਪੀਆਂ ਕਰਕੇ ਇਕ ਰਿਪੋਰਟ ਮੈਨੂੰ ਦੇ ਦਿੱਤੀ ਅਤੇ ਬਾਕੀ ਆਪ ਰੱਖ ਲਈਆਂ। ਪੰਜਾਬ ਪਾਰਟੀ ਦੇ ਆਗੂਆਂ ਕਾਮਰੇਡ ਸੋਹਣ ਸਿੰਘ ਜੋਸ਼ ਅਤੇ ਕਰਮ ਸਿੰਘ ਮਾਨ ਨੂੰ ਇਕ-ਇਕ ਕਾਪੀ ਦੇ ਦਿੱਤੀ ਤਾਂ ਜੋ ਉਹ ਅਗਲੇ ਦਿਨ ਇਸ ਰਿਪੋਰਟ 'ਤੇ ਆਪਣੀ ਟਿੱਪਣੀ ਕਰਨ। ਪਰ ਉਨ੍ਹਾਂ ਟਿੱਪਣੀ ਕਰਨ ਤੋਂ ਸਿਰ ਫੇਰ ਦਿੱਤਾ। ਡਾਕਟਰ ਅਧਿਕਾਰੀ ਮੁੜ ਕੇਂਦਰੀ ਦਫਤਰ ਚਲੇ ਗਏ ਅਤੇ ਪਾਰਟੀ ਲੀਡਰਸ਼ਿਪ ਵੱਲੋਂ ਬਿਲਕੁੱਲ ਨਵੇਂ ਸਿਰਿਓਂ ਰਿਪੋਰਟ ਤਿਆਰ ਕੀਤੀ ਗਈ। ਇਸ ਰਿਪੋਰਟ ਦੇ ਆਧਾਰ ਉੱਤੇ ਡਾਕਟਰ ਅਧਿਕਾਰੀ ਨੇ 8,9,10 ਮਈ 1944 ਨੂੰ ਲਾਹੌਰ ਬਾਗਬਾਨਪੁਰੇ ਇਕ ਸੌ ਤੋਂ ਵੱਧ ਪਾਰਟੀ ਮੈਂਬਰਾਂ ਦਾ ਪਲੈਨਮ ਬੁਲਾ ਕੇ ਆਪਣੇ ਵਿਚਾਰ ਪੇਸ਼ ਕੀਤੇ। ਡਾਕਟਰ ਅਧਿਕਾਰੀ ਵੱਲੋਂ ਪੇਸ਼ ਕੀਤੇ ਵਿਚਾਰਾਂ ਦਾ ਸਾਰ ਅੰਸ਼ ਹੇਠ ਲਿਖੇ ਅਨੁਸਾਰ ਹੈ:

1. ਕਮਿਊਨਿਜ਼ਮ ਦੀ ਬੁਨਿਆਦ ਰੱਖਣ ਵਾਲੇ ਸਨ-ਕਾਹਨਪੁਰ ਸਾਜ਼ਿਸ਼ ਕੇਸ ਵਾਲੇ ਸਾਥੀ, ਹਿਜਰੀ ਅਤੇ ਕਿਰਤੀ। 1933-34 ਵਿਚ ਕਮਿਊਨਿਸਟ ਪਾਰਟੀ ਵਜੂਦ ਵਿਚ ਆ ਗਈ। ਗ਼ਦਰ ਪਾਰਟੀ ਦੇ ਕਾਮਰੇਡ ਮਾਸਕੋ 'ਚੋਂ ਟਰੇਂਡ ਹੋ ਕੇ ਆਏ। ਉਹ ਪਾਰਟੀ ਮਜ਼ਬੂਤ ਕਰਨ ਲਈ ਆਏ ਸਨ। ਪਰ ਉਦੋਂ ਏਥੇ ਪਾਰਟੀ ਕੇਂਦਰ ਨਹੀਂ ਸੀ। ਉਹ ਘੁੰਮ-ਘੁਮਾ ਕੇ ਪੰਜਾਬ ਆ ਜਾਂਦੇ ਹਨ ਅਤੇ ਸੋਸ਼ਲਿਸਟਾਂ ਨਾਲ ਮਿਲਕੇ ਕੰਮ ਕਰਨ ਲੱਗ ਜਾਂਦੇ ਹਨ। ਇਸ ਤਰ੍ਹਾਂ ਇਕ ਅੱਡਰਾ ਗਰੁੱਪ ਬਣ ਜਾਂਦਾ ਹੈ। ਕੇਂਦਰੀ ਕਮੇਟੀ ਕਿਰਤੀਆਂ ਨੂੰ ਪਾਰਟੀ ਵਿਚ ਲੈਣ ਦਾ ਜਤਨ ਕਰਦੀ ਹੈ। ਪਰ ਜੋਸ਼ ਗਰੁੱਪ ਦੀ ਤੰਗ ਨਜ਼ਰੀ ਅਤੇ ਖੱਬਾ ਕੌਮਵਾਦ ਕਿਰਤੀ ਕੇਂਦਰ ਦਾ ਮਹੱਤਵ ਨਹੀਂ ਸਮਝਦਾ। ਕੇਂਦਰ ਦੀ ਗਲਤੀ ਹੈ ਕਿ ਉਸਨੇ ਚੰਗੀ ਤਰ੍ਹਾਂ ਦਖ਼ਲ ਨਹੀਂ ਦਿੱਤਾ। ਇਨ੍ਹਾਂ ਕਾਰਨਾਂ ਕਰਕੇ ਏਕਤਾ ਨਹੀਂ ਹੋਈ। 1939 ਵਿਚ ਕਿਰਤੀ ਪਾਰਟੀ ਅੰਦਰ ਦੋ ਗਰੁੱਪ ਪੈਦਾ ਹੋ ਜਾਂਦੇ ਹਨ। ਦੂਜਾ ਗਰੁੱਪ ਇਸ ਨੂੰ ਪਾਰਟੀ ਵਿਚ ਲਿਜਾਣ ਦੀ ਕੋਸ਼ਿਸ਼ ਕਰਦਾ ਹੈ। ਥੱਲੇ ਦੇ ਵਰਕਰਾਂ ਦੇ ਕੰਮ ਦਾ ਤਜਰਬਾ, ਕਾਮਰੇਡ ਸੁਤੰਤਰ ਦੇ ਖ਼ਤ ਅਤੇ ਦਿਓਲੀ ਜੇਲ੍ਹ ਦੀ ਏਕਤਾ- ਇਨ੍ਹਾਂ ਕਾਰਨਾਂ ਕਰਕੇ ਏਕਤਾ ਹੋਈ। ਕਿਰਤੀਆਂ ਦੀ ਜਮਾਤੀ ਜਾਗ੍ਰਿਤੀ ਅਤੇ ਰਾਜਸੀ ਸੂਝ ਸਮਝ ਕਾਰਨ ਏਕਤਾ ਹੋ ਗਈ। ਪਰ ਪੁਰਾਣੇ ਤੁਅੱਸਬ ਦਿਲਾਂ 'ਚੋਂ ਦੂਰ ਨਾ ਹੋਏ। ਪੰਜਾਬ ਪਾਰਟੀ ਗਰੁੱਪ ਦੀ ਇਸ ਪੱਖੋਂ ਅਸਫ਼ਲਤਾ ਕਾਰਨ ਐਸਾ ਹੋਇਆ।"

ਉਪਰੋਕਤ ਕਥਨ ਸਪੱਸ਼ਟ ਕਰ ਦਿੰਦਾ ਹੈ ਕਿ ਏਕਤਾ ਵਿਚ ਕਿਰਤੀ ਸਾਥੀਆਂ ਦੀ ਭੂਮਿਕਾ ਚਿੱਟੇ ਦਿਨ ਵਾਂਗ ਸਾਫ਼ ਹੈ।

2. ਪਹਿਲੀ ਅਪਰੈਲ 1944 ਨੂੰ ਗੁਜਰਾਤ ਜੇਲ੍ਹ ਤੋਂ ਇਕ ਨਵਾਂ ਦਸਤਾ ਰਿਹਾਅ ਹੋਇਆ, ਜਿਸ ਵਿਚ ਕਾਮਰੇਡ ਚੈਨ ਸਿੰਘ ਚੈਨ, ਹਰਬੰਸ ਸਿੰਘ ਕਰਨਾਣਾ, ਡਾਕਟਰ ਭਾਗ ਸਿੰਘ, ਬਾਬਾ ਸੋਹਣ ਸਿੰਘ ਭਕਨਾ ਅਤੇ ਹਰਮਿੰਦਰ ਸਿੰਘ ਸੋਢੀ ਸਨ। ਜੋਸ਼ ਉੱਤੇ ਝੱਟਪੱਟ ਅਸਰ ਹੋਇਆ ਕਿ ਸਰਕਾਰ ਨੇ ਪਾਰਟੀ ਵਿਰੋਧੀ ਅੰਸ਼ ਜਾਣ-ਬੁਝ ਕੇ ਰਿਹਾਅ

ਕੀਤਾ ਹੈ। ਸੁਤੰਤਰ ਨੇ ਕਿਹਾ ਕਿ ਜੋਸ਼ ਦੀ ਸਾਰੀ ਸੋਚ ਸਾਜ਼ਿਸ਼ੀ ਹੈ। ਇਸ ਤਰ੍ਹਾਂ ਇਕ ਦੂਜੇ ਦੇ ਦਿਲਾਂ ਵਿਚ ਸ਼ੱਕ ਪੈਦਾ ਹੋ ਗਏ। ਰਿਹਾਅ ਹੋਏ ਸਾਥੀਆਂ ਦਾ ਇਕ ਹਫ਼ਤੇ ਦਾ ਸਕੂਲ ਲਾਇਆ ਗਿਆ। ਉਨ੍ਹਾਂ ਸਾਥੀਆਂ ਨੇ ਕੁਝ ਏਧਰ-ਓਧਰ ਦੇ ਸਵਾਲ ਕੀਤੇ ਪਰ ਜਥੇਬੰਦਕ ਕਮੇਟੀ ਨੇ ਟਾਲ-ਮਟੋਲ ਕਰ ਦਿੱਤਾ। ਇਸਦਾ ਉਨ੍ਹਾਂ ਉੱਤੇ ਬੁਰਾ ਅਸਰ ਹੋਇਆ।

ਜੋਸ਼ ਨੇ ਹਰਬੰਸ ਸਿੰਘ ਕਰਨਾਣਾ ਅਤੇ ਕਾਕਾ ਸਿੰਘ ਦੇ ਝਗੜੇ ਵਿਚ ਖਾਹ-ਮਖਾਹ ਕਾਕਾ ਸਿੰਘ ਦਾ ਸਾਥ ਦਿੱਤਾ। ਇਸ ਨਾਲ ਸੁਤੰਤਰ ਦੇ ਸ਼ੰਕੇ ਹੋਰ ਵਧ ਗਏ। ਜਥੇਬੰਦਕ ਕਮੇਟੀ ਦਾ ਕੋਈ ਵੀ ਮੈਂਬਰ ਜ਼ਾਤੀ ਤੁਅੱਸਬਾਂ ਤੋਂ ਉੱਪਰ ਨਹੀਂ ਸੀ। ਇਸ ਤਰ੍ਹਾਂ ਗੁੱਟਬੰਦੀ ਦੇ ਬੀਜ ਪੈਦਾ ਹੋ ਗਏ। ਜ਼ਿਲ੍ਹਾ ਕਮੇਟੀਆਂ ਨੇ ਬਹੁਤ ਸਾਰੇ ਸਵਾਲ ਕੀਤੇ ਪਰ ਉਨ੍ਹਾਂ ਦਾ ਜਵਾਬ ਨਾ ਦਿੱਤਾ ਗਿਆ।

ਡਾਕਟਰ ਅਧਿਕਾਰੀ ਦੇ ਉਪਰੋਕਤ ਕਥਨ ਸਪੱਸ਼ਟ ਕਰ ਦਿੰਦੇ ਹਨ ਕਿ ਹਾਲਤ ਵਿਗੜਨ ਦੀ ਮੁੱਖ ਜ਼ਿੰਮੇਵਾਰੀ ਕਿਸ ਦੀ ਹੈ ਅਤੇ ਏਕਤਾ ਵਲ ਨੂੰ ਕਦਮ ਕਿਸ ਨੇ ਪੁੱਟੇ?

3. ਮਈ, 1943 ਵਿਚ ਪਾਰਟੀ ਕਾਂਗਰਸ ਸਮੇਂ ਕਾਮਰੇਡ ਪੀ. ਸੀ. ਜੋਸ਼ੀ ਨੇ ਜਥੇਬੰਦਕ ਕਮੇਟੀ ਦੀ ਮੀਟਿੰਗ ਬੁਲਾਈ ਤਾਂ ਪਤਾ ਲੱਗਾ ਕਿ ਸੂਬਾ ਜਥੇਬੰਦਕ ਕਮੇਟੀ ਅੰਦਰ ਰਾਜਸੀ ਮਤਭੇਦ ਹਨ ਅਤੇ ਇਹ ਕਮੇਟੀ ਕੇਂਦਰ ਦੀਆਂ ਹਦਾਇਤਾਂ ਨੂੰ ਅੱਗੇ ਨਹੀਂ ਭੇਜਦੀ ਅਥਵਾ ਪਾਰਟੀ ਵਿਰੋਧੀ ਕਾਰਵਾਈਆਂ ਵੀ ਹੁੰਦੀਆਂ ਹਨ। ਉਥੇ ਹੀ ਇਕਬਾਲ ਨੂੰ ਜਥੇਬੰਦਕ ਕਮੇਟੀ ਦਾ ਸਕੱਤਰ ਨਿਯੁਕਤ ਕੀਤਾ ਗਿਆ। ਇਸ ਜਥੇਬੰਦਕ ਕਮੇਟੀ ਨੇ ਕੇਂਦਰ ਵੱਲੋਂ ਲਿਖੀ ਚਿੱਠੀ ਦੀ ਥੱਲੇ ਰਿਪੋਰਟਿੰਗ ਹੀ ਨਾ ਕੀਤੀ। ਇਸ ਅੰਦਰ ਤਿੰਨ ਵਿਚਾਰ ਬਣ ਗਏ:

ੳ. 'ਜੋਸ਼ ਤੇ ਕਰਮ ਸਿੰਘ ਮਾਨ ਦਾ ਵਿਚਾਰ ਸੀ ਕਿ ਗੁਜਰਾਤ ਜੇਲ੍ਹ ਦੀ ਹਰ ਰਿਹਾਈ ਗੁਠਬੰਦੀ ਵਧਾਉਂਦੀ ਹੈ ਅਤੇ ਕਿਰਤੀ ਸਾਥੀ ਗੁਠਬੰਦੀ ਕਰਦੇ ਹਨ।

ਅ. ਸੁਤੰਤਰ ਦਾ ਵਿਚਾਰ ਸੀ ਕਿ ਜੋਸ਼ ਕੇਂਦਰੀ ਕਮੇਟੀ ਨਾਲ ਆਪਣੇ ਚੰਗੇ ਸੰਬੰਧ ਉਸ ਵਿਰੁੱਧ ਵਰਤਦਾ ਹੈ। ਉਸਨੇ ਪੁਰਾਣੇ ਕਿਰਤੀਆਂ ਨੂੰ ਨਾਲ ਲੈ ਕੇ ਜੋਸ਼ ਦਾ ਮੁਕਾਬਲਾ ਕਰਨਾ ਚਾਹਿਆ।

ੲ. ਇਕਬਾਲ ਨੇ ਦੋਸਤੀ ਦੇ ਆਧਾਰ 'ਤੇ ਲਾਹੌਰ ਦਾ ਮਸਲਾ ਹੱਲ ਕਰਨ ਦਾ ਯਤਨ ਕੀਤਾ। ਉਹ ਦੋਹਾਂ ਨੂੰ ਡੇਗ ਕੇ ਆਪਣੀ ਲੀਡਰੀ ਕਾਇਮ ਕਰਨਾ ਚਾਹੁੰਦਾ ਹੈ। ਇਸ ਨਾਲ ਜਥੇਬੰਦਕ ਕਮੇਟੀ ਅੰਦਰ ਫੁੱਟ ਖੂਬ ਵਧਦੀ ਹੈ।

ਜਿਸ ਇਕਬਾਲ ਨੂੰ ਧੜੇਬੰਦੀ ਤੋਂ ਉਪਰ ਸਮਝ ਕੇ ਦੋਹ ਧੜਿਆਂ ਦੀ ਏਕਤਾ ਕਰਾਉਣ ਲਈ ਜਥੇਬੰਦਕ ਕਮੇਟੀ ਦਾ ਸਕੱਤਰ ਨਿਯੁਕਤ ਕੀਤਾ ਸੀ, ਉਹ ਆਪਣਾ

ਤੀਜਾ ਧੜਾ ਬਣਾ ਕੇ ਫੁੱਟ ਨੂੰ ਹੋਰ ਫੈਲਾ ਦੇਵੇ ਤਾਂ ਉਸ ਵਿਚ ਕਮਿਊਨਿਸਟ ਕਿਰਦਾਰ ਦੀ ਅਣਹੋਂਦ ਬਾਰੇ ਕੋਈ ਸ਼ੱਕ ਰਹਿ ਜਾਂਦੀ ਹੈ? ਜੇ ਅਜੇ ਵੀ ਕਿਸੇ ਨੂੰ ਸ਼ੱਕ ਹੈ ਤਾਂ ਹੇਠਲਾ ਪੈਰਾ ਪੜ੍ਹ ਲਵੋ:

"ਪਹਿਲਾਂ ਤਾਂ ਇਕਬਾਲ ਮੰਨਦਾ ਨਹੀਂ ਸੀ ਕਿ ਬਾਹਰ (ਭਾਵ ਦਿਓਲੀ ਜੇਲ੍ਹ ਤੋਂ ਬਾਹਰ) ਦੀ ਏਕਤਾ ਦਾ ਵੀ ਕੋਈ ਮਹੱਤਵ ਹੈ। ਪਰ ਹੁਣ ਜਦ ਕੈਂਬਲਪੁਰ ਜੇਲ੍ਹ ਦੇ ਨਜ਼ਰਬੰਦ ਆਗੂਆਂ ਵੱਲੋਂ ਬਾਹਰ ਕਿਰਤੀ ਲੀਡਰਸ਼ਿਪ ਨਾਲ ਹੋਇਆ ਚਿੱਠੀ ਪੱਤਰ ਪੜ੍ਹਿਆ ਤਾਂ ਸੁਤੰਤਰ ਦੇ ਨਾਲ ਉਸਦਾ ਨਾਉਂ ਵੀ ਆਉਂਦਾ ਹੈ।"

ਇਸ ਪੈਰ੍ਹੇ ਤੋਂ ਸਪੱਸ਼ਟ ਹੁੰਦਾ ਹੈ ਕਿ ਇਕਬਾਲ ਨੂੰ ਝੂਠ ਬੋਲਣ ਦੀ ਵੀ ਆਦਤ ਸੀ। ਇਸ ਕਰਕੇ ਪਲੈਨਮ ਦੇ ਅਖੀਰ ਜਾ ਕੇ ਡਾ. ਅਧਿਕਾਰੀ ਨੇ ਨਵੀਂ ਸੂਬਾ ਕਮੇਟੀ ਦਾ ਗਠਨ ਕੀਤਾ। ਜਿਸਦਾ ਸਕੱਤਰ ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਬਣਾਇਆ ਗਿਆ।

ਡਾ. ਅਧਿਕਾਰੀ ਦੀ ਵਿਸਤਰਤ ਰਿਪੋਰਟ ਅਤੇ ਉਪਰੋਕਤ ਫੈਸਲੇ ਤੋਂ ਤਿੰਨ ਨੁਕਤੇ ਸਪੱਸ਼ਟ ਹੁੰਦੇ ਹਨ:

1. ਹਾਲਤ ਦੇ ਵਿਗਾੜ ਲਈ ਕਾਮਰੇਡ ਸੋਹਣ ਸਿੰਘ ਜੋਸ਼ ਤੇ ਉਸਦੇ ਸੰਗੀ ਸਾਥੀਆਂ ਦਾ ਵਧੇਰੇ ਹਿੱਸਾ ਹੈ।
2. ਕਾਮਰੇਡ ਇਕਬਾਲ ਲੀਡਰਸ਼ਿਪ ਦੇ ਬਿਲਕੁੱਲ ਅਯੋਗ ਹੈ, ਉਸ ਉੱਤੇ ਨਿੱਜਵਾਦ ਭਾਰੂ ਹੈ।
3. ਕਾਮਰੇਡ ਸੁਤੰਤਰ ਊਣਤਾਈਆਂ ਦੇ ਬਾਵਜੂਦ ਇਸ ਸਮੇਂ ਸਾਰਿਆਂ ਤੋਂ ਵਧੀਆ ਆਗੂ ਹੈ।

## ਪਾਰਟੀ ਦੀ ਅੰਦਰੂਨੀ ਹਾਲਤ ਮੁੜ ਬਿਗੜੀ

ਬਾਗਬਾਨਪੁਰ ਪਲੈਨਮ ਵਿੱਚ ਭਾਵੇਂ ਪਿਛਲੀਆਂ ਘਾਟਾਂ ਦਾ ਵਰਨਣ ਖੁਲ੍ਹ ਕੇ ਕੀਤਾ ਗਿਆ ਅਤੇ ਕਾਮਰੇਡ ਸੋਹਣ ਸਿੰਘ ਜੋਸ਼ ਅਤੇ ਇਕਬਾਲ ਹੁੰਦਲ ਦੀ ਲੀਡਰਸ਼ਿਪ ਨੂੰ ਅਸਫਲ ਗਰਦਾਨ ਕੇ ਹੁਣ ਕਾਮਰੇਡ ਸੁਤੰਤਰ ਨੂੰ ਮੁਖੀ ਲੀਡਰ ਥਾਪਿਆ ਗਿਆ ਸੀ, ਪਰ ਪਾਰਟੀ ਦੀ ਅੰਦਰੂਨੀ ਹਾਲਤ ਜਿਉਂ ਦੀ ਤਿਉਂ ਬਣੀ ਰਹੀ। ਕਾਰਨ ਲੰਮੇ ਚਿਰ ਤੋਂ ਚਲੀ ਆਉਂਦੀ ਤਨਾਤਣੀ ਸੀ। ਮੋਹਰੀ ਲੀਡਰ ਕੋਈ ਵੀ ਬਣ ਜਾਏ, ਜਦ ਤਕ ਪਾਰਟੀ ਦੀਆਂ ਉਪਰੋਂ ਥਲੇ ਤੱਕ ਪਿਛਲੇ ਸਮੇਂ ਦੀਆਂ ਘਾਟਾਂ ਨੂੰ ਸਮਝ ਕੇ ਦੂਰ ਨਾ ਕੀਤਾ ਜਾਏ ਤਦ ਤਕ ਪਾਰਟੀ ਤੰਦਰੁਸਤ ਨਹੀਂ ਹੋ ਸਕਦੀ। ਕਾਮਰੇਡ ਸੁਤੰਤਰ ਵੀ ਉਸ ਘੁੰਮਣਘੇਰੀ ਚੋਂ ਬਾਹਰ ਨਹੀਂ ਨਿਕਲ ਸਕੇ ਕਿਉਂਕਿ ਬਾਕੀ ਟੀਮ ਤਾਂ ਪਹਿਲਾਂ ਵਾਲੀ ਹੀ ਸੀ। ਕਾਮਰੇਡ ਸੁਤੰਤਰ ਨੂੰ ਆਪਣਾ ਮੋਹਰੀ ਆਗੂ ਮੰਨਣ ਵਾਲੇ ਸਾਥੀ ਵੀ ਉਨ੍ਹਾਂ ਤੁਅਸਬਾਂ ਤੋਂ ਬਰੀ ਨਹੀਂ

ਸਨ।

ਇਨ੍ਹਾਂ ਜੇਲ੍ਹ ਤੋਂ ਰਿਹਾਅ ਹੋਏ ਆਗੂਆਂ ਤੋਂ ਦੋ ਮਹੀਨੇ ਪਹਿਲਾਂ ਪਾਰਟੀ ਕੇਂਦਰ ਨੇ ਕਿਰਤੀ ਪਾਰਟੀ ਵਲੋਂ ਪਾਸ ਕੀਤੇ ਏਕਤਾ ਮਤੇ ਤੋਂ ਬਾਅਦ ਏਕਤਾ ਅਮਲ ਨੂੰ ਧੁਰ ਚਾੜ੍ਹਨ ਲਈ ਦੋਹਾਂ ਪਾਸਿਆਂ ਦੇ ਚਾਰ-ਪੰਜ ਸਾਥੀਆਂ ਨੂੰ ਸ਼ਾਮਲ ਕਰਕੇ ਜਿਹੜੀ ਜਥੇਬੰਦਕ ਕਮੇਟੀ ਗੁਪਤ ਸਮੇਂ ਬਣਾਈ ਸੀ। ਉਸ ਦੇ ਕੁਝ ਨਵੇਂ ਸਾਥੀਆਂ ਨੂੰ ਹੁਣ ਵਾਲੀ ਟੀਮ ਵਿੱਚ ਸ਼ਾਮਲ ਕਰਨ ਨਾਲ ਵਾਤਾਵਰਣ ਵਿਚ ਕੁਝ ਫਰਕ ਪੈ ਸਕਦਾ ਸੀ। ਪਰ ਉਸ ਕਮੇਟੀ ਦੀ ਤਾਂ ਸਫ ਹੀ ਲਪੇਟ ਦਿੱਤੀ ਗਈ। ਇਸ ਨਵੀਂ ਸੂਬਾ ਕਮੇਟੀ ਦੇ ਹੁਣ ਕਾਮਰੇਡ ਤੇਜਾ ਸਿੰਘ ਸੁਤੰਤਰ ਸਕੱਤਰ ਸਨ ਤੇ ਕਿਰਤੀ ਪਾਰਟੀ ਚੋਂ ਆਏ ਡਾ. ਭਾਗ ਸਿੰਘ ਸਹਾਇਕ ਸਕੱਤਰ।

ਇਸ ਸਮੇਂ ਦਾ ਮੁਖ ਕਾਰਜ ਥੋੜਾ ਸਮਾਂ ਪਹਿਲਾਂ ਹੋਈ ਏਕਤਾ ਨੂੰ ਪੱਕੇ ਪੈਰੀਂ ਕਰਨਾ ਸੀ। ਇਸ ਕਰਕੇ ਮੇਰੇ ਖਿਆਲ ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਆਪਣਾ ਸਹਾਇਕ ਸਕੱਤਰ ਡਾਕਟਰ ਭਾਗ ਸਿੰਘ ਦੀ ਥਾਂ ਦੂਜੀ ਧਿਰ ਦਾ ਕੋਈ ਮੁਖੀ ਆਗੂ ਬਣਾਉਣਾ ਚਾਹੀਦਾ ਸੀ।

ਪਾਰਟੀ ਦੀ ਏਕਤਾ ਨੂੰ ਪੱਕਾ ਕਰਨ ਵਾਲੇ ਕਦਮ ਦ੍ਰਿੜ ਇਰਾਦੇ ਨਾਲ ਉਠਾਉਣ ਦੀ ਲੋੜ ਸੀ। ਕਾਮਰੇਡ ਸੁਤੰਤਰ ਦੇ ਸਮਝਾਊ ਯਤਨਾਂ ਨਾਲ ਹੀ ਇਸ ਏਕਤਾ ਅਮਲ ਦਾ ਆਰੰਭ ਹੋਇਆ ਸੀ। ਹੁਣ ਉਸ ਨੂੰ ਉਸੇ ਸਪਿਰਟ ਨਾਲ ਅਗਵਾਈ ਕਰਨੀ ਚਾਹੀਦੀ ਸੀ। ਉਹ ਕਿਰਤੀ ਪਾਰਟੀ ਦਾ ਆਗੂ ਤਾਂ ਮੰਨਿਆ ਹੀ ਜਾਂਦਾ ਸੀ, ਹੁਣ ਉਸ ਨੂੰ ਹਿੰਦ ਕਮਿਊਨਿਸਟ ਪਾਰਟੀ ਵਾਲੇ ਸਾਥੀਆਂ ਨੂੰ ਕੁਝ ਰਿਆਇਤ ਦੇ ਕੇ ਵੀ ਉਨ੍ਹਾਂ ਦਾ ਭਰੋਸਾ ਜਿੱਤਣਾ ਚਾਹੀਦਾ ਸੀ। ਪਰ ਇੰਜ ਹੋਇਆ ਨਹੀਂ।

ਜ਼ਿਲ੍ਹਾ ਕਾਨਫਰੰਸਾਂ ਬਾਰੇ ਕੇਂਦਰੀ ਕਮੇਟੀ ਦੇ ਪ੍ਰਤੀਨਿਧ ਕਾਮਰੇਡ ਅਜੈ ਕੁਮਾਰ ਘੋਸ਼ ਦੀਆਂ ਹਦਾਇਤਾਂ ਸੀ ਕਿ ਸੂਬੇ ਵਲੋਂ ਚੋਣ ਕਰਾਉਣ ਗਿਆ ਸਾਥੀ ਸਾਰੇ ਜਿਲ੍ਹਾ ਡੈਲੀਗੇਟਾਂ ਨੂੰ ਦੱਸ ਦੇਵੇ ਕਿ ਚੋਣ ਵਿੱਚ ਮਜ਼ਦੂਰ ਲਹਿਰ ਦੇ ਅਤੇ ਮੁਜ਼ਾਰਾ ਲਹਿਰ ਦੇ ਵਧੀਆ ਆਗੂਆਂ ਨੂੰ ਜ਼ਿਲਾ ਕਮੇਟੀਆਂ ਵਿੱਚ ਵੀ ਅਤੇ ਸੂਬਾ ਕਾਨਫਰੰਸ ਦੇ ਡੈਲੀਗੇਟਾਂ ਵਿੱਚ ਵੀ ਜ਼ਰੂਰ ਸ਼ਾਮਲ ਕੀਤਾ ਜਾਵੇ। ਪਰ ਕਈ ਜ਼ਿਲ੍ਹਿਆਂ ਚੋਂ ਸ਼ਿਕਾਇਤਾਂ ਆਈਆਂ ਕਿ ਚੋਣ ਧੜੇਬੰਦਕ ਢੰਗ ਨਾਲ ਹੋਈ ਹੈ। ਚੋਣਾਂ ਬਾਰੇ ਕਾਮਰੇਡ ਅਜੈ ਕੁਮਾਰ ਘੋਸ਼ ਦੀ ਰਿਪੋਰਟ ਸੰਖੇਪ ਵਿੱਚ ਇਸ ਤਰਾਂ ਹੈ:

"ਜਿੱਥੇ ਕਾਮਰੇਡ ਜੋਸ਼, ਧਨਵੰਤਰੀ, ਅਵਤਾਰ ਸਿੰਘ ਮਲਹੋਤਰਾ, ਬਾਬਾ ਗੁਰਮੁਖ ਸਿੰਘ ਤੇ ਹਰਕਿਸ਼ਨ ਸਿੰਘ ਸੁਰਜੀਤ ਗਏ, ਉਥੇ ਚੋਣਾਂ ਠੀਕ ਢੰਗ ਨਾਲ ਹੋਈਆਂ। ਪਰ ਜਿਥੇ ਕਾਮਰੇਡ ਸੁਤੰਤਰ ਤੇ ਡਾਕਟਰ ਭਾਗ ਸਿੰਘ ਗਏ ਓਥੇ ਚੋਣਾਂ ਗੁਠਬੰਦਕ ਢੰਗ ਨਾਲ ਹੋਈਆਂ।"

"ਸੋ ਚੋਣਾਂ ਨਾਲ ਉਹ ਮਕਸਦ ਹਾਸਿਲ ਨਹੀਂ ਹੋਇਆ ਜਿਸ ਵਾਸਤੇ ਇਹ ਚੋਣਾਂ ਕਰਾਉਣ ਦੀ ਆਗਿਆ ਦਿੱਤੀ ਗਈ ਸੀ।"

ਪੰਜਾਬ ਅੰਦਰ ਪਾਰਟੀ ਦੀ ਜਥੇਬੰਦਕ ਹਾਲਤ ਨੂੰ ਨਿਘਾਰ ਵਲ ਜਾਂਦੀ ਦੇਖ ਕੇ ਪੋਲਿਤ ਬਿਓਰੋ ਨੇ 14 ਮਾਰਚ 1947 ਨੂੰ ਪੰਜਾਬ ਦੇ ਸਾਰੇ ਮੈਂਬਰਾਂ ਨੂੰ ਪੱਤਰ ਜਾਰੀ ਕੀਤਾ ਅਤੇ ਪਾਰਟੀ ਅੰਦਰ ਸਾਰੀਆਂ ਮੰਦਭਾਗੀ ਘਟਨਾਵਾਂ ਦਾ ਵਰਨਣ ਕਰਨ ਤੋਂ ਬਾਅਦ ਆਪਣੇ ਵਲੋਂ ਲਏ ਫੈਸਲੇ ਦਾ ਉਲੇਖ ਕੀਤਾ:

1. ਸੂਬਾ ਪਾਰਟੀ ਦੀ ਜਥੇਬੰਦਕ ਕਮੇਟੀ ਨੂੰ ਤੋੜ ਦਿੱਤਾ ਗਿਆ ਹੈ ਅਤੇ ਇਸ ਦੇ ਮੈਂਬਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਰਾਜਸੀ ਕੰਮ ਛੱਡ ਕੇ ਘਰ ਦਾ ਕੰਮ ਕਾਜ ਕਰਨ ਅਤੇ ਪਾਰਟੀ ਦੇ ਹਮਦਰਦ ਵਜੋਂ ਵਿਚਰਨ।

2. ਹੁਣ ਕਾਮਰੇਡ ਅਜੈ ਕੁਮਾਰ ਘੋਸ਼ ਨੂੰ ਪਾਰਟੀ ਦਾ ਸਰਵੇ ਸਰਵਾ ਨਿਯੁਕਤ ਕੀਤਾ ਗਿਆ ਹੈ। ਉਸ ਨੂੰ ਬੇਭਰੋਸਾ ਅੰਸ਼ਾਂ ਨੂੰ ਪਾਰਟੀ ਤੋਂ ਖਾਰਜ ਕਰ ਦੇਣ ਦਾ ਵੀ ਅਧਿਕਾਰ ਹੈ।

ਪੋਲਿਤ ਬਿਓਰੋ ਦਾ ਫੈਸਲਾ ਵੀ ਅਜੀਬ ਤੇ ਡਿਕਟੇਟਰਾਨਾ ਮਾਲੂਮ ਹੁੰਦਾ ਹੈ। ਜਥੇਬੰਦਕ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਪਾਰਟੀ ਕੰਮ ਛੱਡ ਦੇਣ ਦੀ ਹਦਾਇਤ ਦੀ ਕੀ ਤੁਕ ਹੈ? ਇਨ੍ਹਾਂ ਸਾਰੇ ਮੈਂਬਰਾਂ ਵਲੋਂ ਪਾਰਟੀ ਜੀਵਨ ਤੋਂ ਸੰਨਿਆਸ ਲੈਣ ਮਗਰੋਂ ਹੋਰ ਕਿਹੜੇ ਹੀਰੇ ਇਸ ਪਦਵੀ ਦੇ ਯੋਗ ਸਨ? ਫੇਰ ਸਜ਼ਾ ਵੀ ਸਾਰਿਆਂ ਨੂੰ, ਭਾਵੇਂ ਕਿਸੇ ਉੱਤੇ ਕੁੱਝ ਦੋਸ਼ ਲਾਏ ਗਏ ਹਨ ਤੇ ਕਿਸੇ ਉੱਤੇ ਕੋਈ ਦੋਸ਼ ਨਹੀਂ! ਕਾਮਰੇਡ ਅਜੈ ਕੁਮਾਰ ਘੋਸ਼ ਨੇ ਪੋਲਿਤ ਬਿਓਰੋ ਦੀ ਹਦਾਇਤ ਅਨੁਸਾਰ 13 ਮਾਰਚ 1947 ਨੂੰ ਸਾਰੇ ਜ਼ਿਲਾ ਸਕੱਤਰਾਂ ਅਤੇ ਕੁਝ ਹੋਰ ਆਗੂਆਂ ਨੂੰ ਪੱਤਰ ਲਿਖਿਆ ਕਿ ਉਹ 20 ਮਾਰਚ ਦੀ ਵਿਸ਼ੇਸ਼ ਮੀਟਿੰਗ ਵਿੱਚ ਹਾਜ਼ਰ ਹੋਣ। ਇਸ ਮੀਟਿੰਗ ਦਾ ਏਜੰਡਾ ਹੈ-ਪੋਲਿਤ ਬਿਓਰ ਵਲੋਂ ਪਾਰਟੀ ਦੀ ਅੰਦਰੂਨੀ ਹਾਲਤ ਬਾਰੇ ਲਿਖੀ ਰੀਪੋਰਟ ਅਤੇ ਉਸ ਅਨੁਸਾਰ ਪੋਲਿਤ ਬਿਓਰੋ ਵਲੋਂ ਲਏ ਫੈਸਲਿਆਂ ਦੀ ਜਾਣਕਾਰੀ।

ਮੇਰਾ ਵਿਚਾਰ ਇਹ ਹੈ ਕਿ ਇਤਨਾ ਸਖਤ ਫੈਸਲਾ ਕਰਨ ਦੀ ਥਾਂ ਠੀਕ ਇਹ ਸੀ ਕਿ ਕਾਮਰੇਡ ਅਜੈ ਕੁਮਾਰ ਘੋਸ਼ ਉਨ੍ਹਾਂ ਜ਼ਿਲਿਆਂ ਦੀ ਦੁਬਾਰਾ ਕਾਨਫਰੰਸਾਂ ਆਪਣੀ ਦੇਖ ਰੇਖ ਹੇਠ ਕਰਵਾ ਲੈਂਦੇ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਇਤਰਾਜ਼ ਸੀ।

ਕਾਮਰੇਡ ਸੁਤੰਤਰ ਅਤੇ ਡਾਕਟਰ ਭਾਗ ਸਿੰਘ ਨੇ ਅਜੈ ਕੁਮਾਰ ਘੋਸ਼ ਨੂੰ ਮਿਲਕੇ ਉਪਰੋਕਤ ਮੀਟਿੰਗ ਬੁਲਾਉਣ ਬਾਰੇ ਸਖਤ ਇਤਰਾਜ਼ ਕੀਤਾ। ਕੌੜਾ-ਫ਼ਿੱਕਾ ਵਾਰਤਾਲਾਪ ਵੀ ਹੋਇਆ। ਪਰ, ਕਾਮਰੇਡ ਅਜੈ ਨੇ ਦਸਿਆ ਕਿ ਇਹ ਮੀਟਿੰਗ ਉਸ ਨੇ ਪੋਲਿਤ ਬਿਓਰੋ ਦੀ ਹਦਾਇਤ ਉੱਤੇ ਬੁਲਾਈ ਹੈ।

ਕਾਮਰੇਡ ਸੁਤੰਤਰ ਨੇ 20 ਮਾਰਚ ਵਾਲੇ ਦਿਨ ਹੀ ਜ਼ਿਲ੍ਹਿਆਂ ਵੱਲੋਂ ਸੂਬਾ ਪਾਰਟੀ

ਕਨਫਰੰਸ ਲਈ ਚੁਣੇ ਹੋਏ ਡੈਲੀਗੇਟਾਂ ਦੀ ਮੀਟਿੰਗ ਸੂਬਾ ਲੀਡਰਸ਼ਿਪ ਦੀ ਚੋਣ ਕਰਨ ਵਾਸਤੇ ਸੱਦ ਲਈ। ਅਜਿਹਾ ਕਰਨ ਲਈ ਉਨ੍ਹਾਂ ਨੇ ਡਾਕਟਰ ਭਾਗ ਸਿੰਘ ਤੋਂ ਬਿਨਾਂ ਕਿਸੇ ਹੋਰ ਸੂਬਾ ਕਮੇਟੀ ਮੈਂਬਰ ਨਾਲ ਸਲਾਹ ਨਹੀਂ ਕੀਤੀ। ਕਾਮਰੇਡ ਅਜੈ ਕੁਮਾਰ ਘੋਸ਼ ਨੂੰ ਵੀ ਇਸ ਮੀਟਿੰਗ ਬਾਰੇ 19 ਮਾਰਚ ਨੂੰ ਦੱਸਿਆ ਗਿਆ।

ਮੈਂ ਕਾਮਰੇਡ ਸੁਤੰਤਰ ਦੇ ਉਪਰੋਕਤ ਕਦਮ ਨੂੰ ਸਰਾਸਰ ਗਲਤ ਸਮਝਦਾ ਹਾਂ। ਇਹ ਕਦਮ ਸਿੱਧਾ ਪਾਰਟੀ ਤੋਂ ਬਗ਼ਾਵਤ ਕਰਨ ਦਾ ਸੂਚਕ ਹੈ। ਵੈਸੇ ਮੈਂ ਪੋਲਿਤ ਬਿਓਰੋ ਵਲੋਂ ਉਠਾਏ ਉਪਰੋਕਤ ਕਦਮਾਂ ਨੂੰ ਵੀ ਦਰੁਸਤ ਨਹੀਂ ਸਮਝਦਾ। ਪਾਰਟੀ ਅੰਦਰ ਕਈ ਵੇਰ ਬੇਸੁਰੇ ਧੱਕੇ ਵੀ ਹੁੰਦੇ ਹਨ ਪਰ ਅੰਤ ਨੂੰ ਜਿਤ ਸੱਚ ਦੀ ਹੁੰਦੀ ਹੈ। ਮੇਰਾ ਆਪਣਾ ਜਾਤੀ ਤਜਰਬਾ ਇਸ ਸੱਚ ਦੀ ਗਵਾਹੀ ਭਰਦਾ ਹੈ। ਲੋੜ ਧੀਰਜ ਨਾਲ ਚੱਲਣ ਦੀ ਸੀ। ਪਰ, ਕਾਮਰੇਡ ਸੁਤੰਤਰ ਨੇ ਧੀਰਜ ਤੋਂ ਕੰਮ ਨਹੀਂ ਲਿਆ। ਪਿਛਲੀ ਕਿਰਤੀ ਪਾਰਟੀ ਦੇ ਆਗੂਆਂ ਅੰਦਰ ਮਾਯੂਸੀ ਉਤਪੰਨ ਹੋ ਗਈ ਅਤੇ ਇਹ ਵਿਚਾਰ ਭਾਰੂ ਹੋ ਗਿਆ ਕਿ ਕਿਰਤੀ ਪਾਰਟੀ 'ਚੋਂ ਆਏ ਸਾਥੀਆਂ ਨੂੰ ਹਰ ਸੂਰਤ ਥੱਲੇ ਲਾ ਕੇ ਰੱਖਿਆ ਜਾਏਗਾ। ਓਧਰ ਹਿੰਦੁਸਤਾਨ ਨਾਲੋਂ ਵੱਖਰਾ ਪਾਕਿਸਤਾਨ ਬਨਣ ਦਾ ਐਲਾਨ ਹੋ ਗਿਆ। ਕਿਰਤੀ ਪਾਰਟੀ 'ਚੋਂ ਆਏ ਸਿਰਕੱਢ ਆਗੂਆਂ ਨੇ ਫੈਸਲਾ ਕੀਤਾ ਕਿ ਪਾਕਿਸਤਾਨ ਦੇ ਇਲਾਕੇ ਵਿਚਲੇ ਸਾਥੀਆਂ ਨੂੰ ਬਿਨਾਂ ਕਿਸੇ ਝਮੇਲੇ ਤੋਂ ਕੰਮ ਕਰਨ ਲਈ ਅੱਡਰੀ ਪਾਕਿਸਤਾਨ ਕਮਿਊਨਿਸਟ ਪਾਰਟੀ ਬਣਾ ਲੈਣੀ ਚਾਹੀਦੀ ਹੈ। ਮੈਂ ਵੀ ਇਸ ਮੀਟਿੰਗ ਵਿਚ ਹਾਜ਼ਰ ਸੀ। ਕਾਮਰੇਡ ਸੁਤੰਤਰ ਉਸ ਸਮੇਂ ਲਾਹੌਰ ਵਿੱਚ ਰਹਿੰਦੇ ਸਨ। ਉਨ੍ਹਾਂ ਨੂੰ ਪਾਕਿਸਤਾਨ ਕਮਿਊਨਿਸਟ ਪਾਰਟੀ ਦਾ ਸਕੱਤਰ ਬਣਾ ਦਿੱਤਾ ਗਿਆ।

ਦੇਸ਼ ਦੀ ਵੰਡ ਨਾਲ ਦੋਹੀਂ ਪਾਸੀਂ ਫਿਰਕੂ ਫਸਾਦ ਸ਼ੁਰੂ ਹੋ ਗਏ। ਮੁਸਲਮਾਨਾਂ ਨੂੰ ਏਧਰੋਂ ਨਿਕਲ ਕੇ ਪਾਕਿਸਤਾਨ ਜਾਣਾ ਪਿਆ ਅਤੇ ਪਾਕਿਸਤਾਨ ਵਿਚਲੇ ਇਲਾਕੇ ਦੇ ਹਿੰਦੂ ਸਿੱਖਾਂ ਨੂੰ ਏਧਰ ਹਿੰਦੁਸਤਾਨ ਆਉਣਾ ਪਿਆ। ਕਾਮਰੇਡ ਤੇਜਾ ਸਿੰਘ ਸੁਤੰਤਰ ਵੀ ਲਾਹੌਰ ਛੱਡ ਕੇ ਏਧਰਲੇ ਪੰਜਾਬ ਵਿੱਚ ਆਉਣ ਲਈ ਮਜਬੂਰ ਹੋ ਗਏ।

ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਨੇ ਕਾਮਰੇਡ ਸੁਤੰਤਰ ਨੂੰ ਇਸ ਦਲੀਲ ਹੇਠ ਗ਼ਦਾਰ ਕਰਾਰ ਦੇ ਦਿੱਤਾ ਕਿ ਪਾਕਿਸਤਾਨ ਕਮਿਊਨਿਸਟ ਪਾਰਟੀ ਬਨਾਉਣ ਦਾ ਅਧਿਕਾਰ ਕੇਵਲ ਕੇਂਦਰੀ ਲੀਡਰਸ਼ਿਪ ਨੂੰ ਸੀ। ਕੇਂਦਰੀ ਕਮੇਟੀ ਨੇ ਇਸ ਦੇ ਨਾਲ ਹੀ ਦੂਜਾ ਹੁਕਮ ਸਾਦਰ ਕਰ ਦਿੱਤਾ ਕਿ ਪਾਰਟੀ ਦਾ ਹਰ ਮੈਂਬਰ ਕਾਮਰੇਡ ਸੁਤੰਤਰ ਨੂੰ ਗ਼ਦਾਰ ਲਿਖੇ ਨਹੀਂ ਤਾਂ ਉਸ ਦਾ ਪਾਰਟੀ ਦੀ ਕਿਸੇ ਇਕਾਈ ਦੀ ਚੋਣ ਵਿੱਚ ਹਿੱਸਾ ਲੈਣ ਦਾ ਅਧਿਕਾਰ ਨਹੀਂ ਹੋਵੇਗਾ। ਕਿਰਤੀ ਪਾਰਟੀ ਚੋਂ ਆਏ ਸਾਥੀਆਂ 'ਚੋਂ ਸ਼ਾਇਦ ਹੀ ਕੋਈ ਹੋਵੇ ਜਿਸ ਨੇ ਪਾਰਟੀ ਦਾ ਇਹ ਨਾਦਰਸ਼ਾਹੀ ਹੁਕਮ ਮੰਨਿਆ ਹੋਵੇ। ਅਜਿਹਾ ਫੈਸਲਾ ਕੇਂਦਰੀ ਕਮੇਟੀ ਦੀ ਬੁਖਲਾਹਟ ਦਾ ਪ੍ਰਗਟਾਵਾ ਅਤੇ ਸੁਲਘਦੀ

ਅੱਗ ਉੱਤੇ ਤੇਲ ਪਾਉਣ ਦੇ ਤੁੱਲ ਸੀ।

ਸੋ ਹਾਲਤ ਇਹ ਬਣ ਗਈ ਕਿ ਪੰਜਾਬ ਵਿੱਚ ਕਿਰਤੀ ਪਾਰਟੀ ਚੋਂ ਆਏ ਲਗਭਗ ਸਾਰੇ ਸਾਥੀਆਂ ਨੂੰ ਪਾਰਟੀ ਜੀਵਨ ਵਿੱਚ ਹਿੱਸਾ ਲੈਣ ਤੋਂ ਵਾਂਝੇ ਕਰ ਦਿੱਤਾ ਗਿਆ।

ਅਜਿਹੀ ਹਾਲਤ ਉਤੇ ਵਿਚਾਰ ਕਰਨ ਲਈ ਕਿਰਤੀ ਪਾਰਟੀ 'ਚੋਂ ਆਏ ਪੰਜਾਹ ਕੁ ਸੂਬਾ ਪੱਧਰੀ ਆਗੂਆਂ ਦੀ ਮੀਟਿੰਗ ਫੁਲਵਾੜੀ ਗਿਆਨੀ ਕਾਲਜ ਜਲੰਧਰ ਵਿੱਚ ਹੋਈ। ਕਾਮਰੇਡ ਰਾਮ ਸਿੰਘ ਦਤ, ਬੂਝਾ ਸਿੰਘ, ਵਧਾਵਾ ਰਾਮ, ਰਾਮ ਸਿੰਘ ਮਜੀਠਾ ਅਤੇ ਹਰਬੰਸ ਸਿੰਘ ਕਰਨਾਣਾ ਆਦਿ ਬਹੁਤੇ ਸਾਥੀਆਂ ਦਾ ਵਿਚਾਰ ਸੀ ਕਿ ਹੁਣ ਸਾਨੂੰ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਤੋਂ ਵੱਖਰੀ ਪਾਰਟੀ ਬਣਾ ਲੈਣੀ ਚਾਹੀਦੀ ਹੈ ਕਿਉਂਕਿ ਇਸ ਵਿਚ ਜਮਹੂਰੀਅਤ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ। ਮੇਰਾ, ਗੁਰਚਰਨ ਸਿੰਘ ਰੰਧਾਵਾ ਅਤੇ ਅਜੀਤ ਸਿੰਘ ਗੜ੍ਹਪਧਾਣਾ ਦਾ ਵਿਚਾਰ ਸੀ ਕਿ ਸਾਨੂੰ ਵੱਖਰੀ ਪਾਰਟੀ ਨਹੀਂ ਬਨਾਉਣੀ ਚਾਹੀਦੀ। ਥੱਲੇ ਤੋਂ ਉਪਰ ਤਕ ਜ਼ਿਲਾ ਕਮੇਟੀਆਂ ਬਣਾਈਆਂ ਜਾ ਚੁੱਕੀਆਂ ਹਨ ਅਤੇ ਸੂਬਾ ਡੈਲੀਗੇਟ ਵੀ ਚੁਣੇ ਗਏ ਹਨ। ਹੁਣ ਸਾਨੂੰ ਜ਼ਿਲਿਆਂ ਤੋਂ ਡੈਲੀਗੇਟ ਬੁਲਾ ਕੇ ਸੂਬਾ ਕਮੇਟੀ ਦੀ ਚੋਣ ਕਰ ਲੈਣੀ ਚਾਹੀਦੀ ਹੈ। ਕੇਂਦਰੀ ਕਮੇਟੀ ਕੁਝ ਕਹੀ ਜਾਵੇ, ਅਸੀਂ ਇਸ ਸੂਬਾ ਕਮੇਟੀ ਨੂੰ ਉਸੇ ਕੇਂਦਰ ਦਾ ਹਿੱਸਾ ਦੱਸੀ ਤੇ ਮੰਨੀ ਜਾਣਾ ਹੈ ਅਥਵਾ ਕੇਂਦਰ ਦੇ ਜਨਤਕ ਲਹਿਰ ਬਾਰੇ ਕੀਤੇ ਫੈਸਲਿਆਂ ਨੂੰ ਅਮਲ ਵਿੱਚ ਲਿਆਈ ਜਾਣਾ ਹੈ। ਕਾਮਰੇਡ ਤੇਜਾ ਸਿੰਘ ਸੁਤੰਤਰ ਪਹਿਲਾਂ ਡਾਵਾਂਡੋਲ ਸਨ ਪਰ ਕਾਫੀ ਬਹੁਗਿਣਤੀ ਦੇ ਪਰਭਾਵ ਹੇਠ ਅੱਡਰੀ ਪਾਰਟੀ ਬਨਾਉਣ ਦੇ ਹੱਕ ਵਿੱਚ ਹੋ ਗਏ। ਜੁਦੀ ਪਾਰਟੀ ਬਨਾਉਣ ਦਾ ਵਿਰੋਧ ਕਰਨ ਵਾਲੇ ਅਸੀਂ ਤਿੰਨ ਸਾਥੀ ਵੀ ਇਹ ਕਹਿ ਕੇ ਨਾਲ ਰਲ ਗਏ ਕਿ "ਹਮੇ ਯਾਰਾਂ ਦੋਜ਼ਖ, ਹਮੇ ਯਾਰਾਂ ਬਹਿਸ਼ਤ।" ਪਰ ਨਾਲ ਹੀ ਆਪਣੀ ਰਾਏ ਦੱਸ ਦਿੱਤੀ ਕਿ ਸਾਨੂੰ ਮੁੜ ਕੇ ਆਉਣਾ ਏਥੇ ਹੀ ਪੈਣਾ ਹੈ।

✤✤✤

## ਲਾਲ ਕਮਿਊਨਿਸਟ ਪਾਰਟੀ ਦੀ ਸਥਾਪਨਾ

5 ਤੋਂ 8 ਫਰਵਰੀ 1948 ਤੱਕ ਨਕੋਦਰ ਜ਼ਿਲ੍ਹਾ ਜਲੰਧਰ ਵਿਖੇ ਅਲੱਗ ਪਾਰਟੀ ਬਨਾਉਣ ਲਈ ਸਾਰੇ ਪੰਜਾਬ ਦੇ ਹਮਖਿਆਲ ਸਾਥੀ ਇਕੱਠੇ ਹੋਏ। "ਸੱਜੀ" ਸੁਧਾਰਵਾਦੀ ਹਿੰਦ ਕਮਿਊਨਿਸਟ ਪਾਰਟੀ ਦੇ ਮੁਕਾਬਲੇ ਵਿਚ "ਇਨਕਲਾਬੀ" ਪੱਖਾਂ ਵਾਲੀ ਲਾਲ ਕਮਿਊਨਿਸਟ ਪਾਰਟੀ ਬਣਾਈ ਗਈ।

ਕੇਂਦਰੀ ਕਮੇਟੀ ਦਾ ਸਕੱਤਰ ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਅਤੇ ਪੰਜਾਬ ਸੂਬਾ ਕਮੇਟੀ ਦਾ ਸਕੱਤਰ ਮੈਨੂੰ ਚੁਣਿਆ ਗਿਆ। ਕੁਝ ਚਿਰ ਮਗਰੋਂ ਸਤਲੁਜ ਦਰਿਆ ਦੇ ਲਾਂਘੇ ਪੁਲਿਸ ਵੱਲੋਂ ਰੋਕ ਲਏ ਗਏ ਤਾਂ ਸਤਲੁਜ ਤੋਂ ਉੱਤਰ ਦੀ ਸੂਬਾ ਕਮੇਟੀ ਵੱਖਰੀ ਅਤੇ ਦੱਖਣ ਦੀ ਵੱਖਰੀ ਬਣਾ ਦਿੱਤੀ ਗਈ ਅਤੇ ਮੈਨੂੰ ਕੇਂਦਰੀ ਕਮੇਟੀ ਦਾ ਮੈਂਬਰ ਲੈ ਲਿਆ ਗਿਆ।

ਇਸ ਸਮੇਂ ਦਾ ਸਭ ਤੋਂ ਵੱਡਾ ਕਾਰਨਾਮਾ ਹੈ-ਪੈਪਸੂ ਦੀ ਮੁਜ਼ਾਰਾ ਲਹਿਰ ਦੀ ਇਤਿਹਾਸਕ ਜਿੱਤ। ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਹੇਠ ਲੜੀ ਗਈ ਇਸ ਲਹਿਰ ਨੂੰ ਇਸ ਪੱਖੋਂ ਇਤਿਹਾਸਕ ਜਿੱਤ ਆਖਿਆ ਜਾ ਸਕਦਾ ਹੈ ਕਿ ਜਗੀਰਦਾਰੀ ਦਾ ਮੁਕੰਮਲ ਖਾਤਮਾ ਪੈਪਸੂ ਵਿਚ ਹੀ ਹੋਇਆ ਹੈ। ਜਿਥੇ ਇਹ ਹੂੰਝਾ ਫੇਰੂ ਜਨਤਕ ਲਹਿਰ ਸੀ, ਉਥੇ ਇਹ ਦੁਸ਼ਮਣ ਵਿਰੁੱਧ ਹਥਿਆਰਾਂ ਦੀ ਸਫਲ ਵਰਤੋਂ ਦਾ ਵੀ ਪ੍ਰਗਟਾਵਾ ਸੀ। ਇਸ ਲਹਿਰ ਦੇ ਦੋ ਖੇਤਰੀ ਕਮਾਂਡਰ ਸਨ-ਗਿਆਨੀ ਬਚਨ ਸਿੰਘ ਬਖਸ਼ੀਵਾਲਾ ਤੇ ਕਾਮਰੇਡ ਧਰਮ ਸਿੰਘ ਫੱਕਰ। ਲਾਲ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਵਜੋਂ ਮੇਰਾ ਹਿੱਸਾ ਵੀ ਗਿਣਿਆ ਜਾ ਸਕਦਾ ਹੈ।

## ਫੇਰ ਕਮਿਊਨਿਸਟ ਏਕਤਾ ਵੱਲ

ਭਾਰਤੀ ਕਮਿਊਨਿਸਟ ਪਾਰਟੀ ਦੀ 1952 ਵਿਚ ਹੋਈ ਅਗਲੀ ਕਾਂਗਰਸ ਵਿਚ ਖੱਬੀ ਤੰਗ ਨਜ਼ਰੀ ਕਾਰਨ ਕਾਮਰੇਡ ਰਣਦੀਵੇ ਨੂੰ ਜਨਰਲ ਸਕੱਤਰ ਤੋਂ ਲਾਹ ਦਿੱਤਾ ਗਿਆ ਅਤੇ ਉਸ ਦੀ ਥਾਂ ਕਾਮਰੇਡ ਰਾਜੇਸ਼ਵਰ ਰਾਓ ਨੂੰ ਜਨਰਲ ਸਕੱਤਰ ਬਣਾਇਆ ਗਿਆ। ਉਹ ਤਲੰਗਾਨਾ ਦੀ ਮੁਜ਼ਾਰਾ ਲਹਿਰ ਦੇ ਸਿਰਕੱਢ ਆਗੂਆਂ ਵਿਚੋਂ ਸੀ। ਸੀ.ਪੀ.ਆਈ. ਤੇ ਲਾਲ ਕਮਿਊਨਿਸਟ ਪਾਰਟੀ ਦੋਵੇਂ ਹੀ ਹੁਣ ਇਨਕਲਾਬ ਲਈ ਚੀਨ

ਦਾ ਮਾਡਲ ਅਪਨਾਉਣ ਦੀਆਂ ਗੱਲਾਂ ਕਰਦੀਆਂ ਸਨ। ਇਸ ਕਰਕੇ ਲਾਲ ਕਮਿਊਨਿਸਟ ਪਾਰਟੀ ਨੂੰ ਹੁਣ ਏਕਤਾ ਹੋ ਜਾਣ ਦੀ ਆਸ ਬੱਝੀ। ਲਾਲ ਕਮਿਊਨਿਸਟ ਪਾਰਟੀ ਨੇ ਸੀ.ਪੀ.ਆਈ. ਦੇ ਕੇਂਦਰ ਨੂੰ ਪਹੁੰਚ ਕੀਤੀ। ਉਸ ਨੇ ਇਸ ਵਿਚਾਰ ਦਾ ਸਵਾਗਤ ਕੀਤਾ ਅਤੇ ਸੀ.ਪੀ.ਆਈ. ਦੇ ਪੰਜਾਬ ਸਕੱਤਰ ਨੂੰ ਇਸ ਮਕਸਦ ਵਾਸਤੇ ਲਾਲ ਕਮਿਊਨਿਸਟ ਪਾਰਟੀ ਦੇ ਆਗੂਆਂ ਨਾਲ ਗੱਲਬਾਤ ਕਰਕੇ ਏਕਤਾ ਦੇ ਅਮਲ ਨੂੰ ਧੁਰ ਚਾੜ੍ਹਨ ਦਾ ਆਦੇਸ਼ ਦਿੱਤਾ। ਇਸ ਕਰਕੇ ਕਾਮਰੇਡ ਹਜ਼ਾਰਾ ਸਿੰਘ ਮੁਠੱਡਾ ਕਲਾਂ ਜ਼ਿਲ੍ਹਾ ਜਲੰਧਰ ਦੇ ਖੂਹ ਉੱਤੇ ਕਾਮਰੇਡ ਸੁਰਜੀਤ ਤੇ ਸੁਤੰਤਰ ਦੀ ਗੱਲਬਾਤ ਲਾਲ ਕਮਿਊਨਿਸਟ ਪਾਰਟੀ ਦੇ ਵਲੰਟੀਅਰਾਂ ਦੀ ਦੇਖ-ਰੇਖ ਹੇਠ ਹੋਈ। ਦੋਹਾਂ ਆਗੂਆਂ ਨੇ ਆਪਣੀ ਗੱਲਬਾਤ ਦੇ ਵਿਚਕਾਰ ਇਕ-ਦੋ ਵਾਰੀ ਮੇਰੀ ਵੀ ਰਾਏ ਲਈ। ਤੈਅ ਹੋਇਆ ਕਿ ਲਾਲ ਕਮਿਊਨਿਸਟ ਪਾਰਟੀ ਦੇ ਸਾਰੇ ਮੈਂਬਰ ਸੀ.ਪੀ.ਆਈ. ਦੀ ਮੈਂਬਰੀ ਲਈ ਦਰਖਾਸਤ ਦੇਣ। ਕੁਝ ਚਿਰ ਉਮੀਦਵਾਰ ਰੱਖ ਕੇ ਉਹ ਸਾਰੇ ਪੱਕੇ ਕਰ ਦਿੱਤੇ ਜਾਣਗੇ। ਪਰ ਲਾਲ ਕਮਿਊਨਿਸਟ ਪਾਰਟੀ ਬਨਾਉਣ ਦੇ ਜ਼ੁੰਮੇਵਾਰ ਆਗੂ ਆਪਾ ਪੜਚੋਲ ਵੀ ਕਰਨ ਅਥਵਾ ਉਨ੍ਹਾਂ ਨੂੰ ਕੰਮ ਤਾਂ ਦਿੱਤਾ ਜਾਏਗਾ ਪਰ ਮੈਂਬਰ ਤਿੰਨ ਸਾਲ ਬਾਅਦ ਲਿਆ ਜਾਵੇਗਾ।

ਹੁਣ ਲਾਲ ਕਮਿਊਨਿਸਟ ਪਾਰਟੀ ਦੀ ਕਾਂਗਰਸ ਪਿੰਡ ਦਲੇਲ ਸਿੰਘ ਵਾਲਾ ਵਿਚ ਬੁਲਾਈ ਗਈ। ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਵਾਰੰਟ ਹੋਣ ਕਰਕੇ ਉਨ੍ਹਾਂ ਨੇ ਆਪਣੇ ਵੱਲੋਂ ਇਕ ਮਤਾ ਬਹਿਸ ਵਿਚਾਰ ਲਈ ਭੇਜ ਦਿੱਤਾ। ਪਾਰਟੀ ਸਕੱਤਰ ਹੋਣ ਕਰਕੇ ਬਹਿਸ ਉਸੇ ਮਤੇ ਉੱਤੇ ਹੋਣੀ ਸੀ। ਉਸ ਮਤੇ ਵਿਚ ਕੇਡਰ ਅਤੇ ਫੰਡ ਬਾਰੇ ਕੁਝ ਚਿਤਾਵਨੀਆਂ ਤੇ ਰੱਖ ਰਖਾਓ ਦਰਜ ਸਨ। ਮੈਂ ਇਨ੍ਹਾਂ ਦਾ ਡੱਟ ਕੇ ਵਿਰੋਧ ਕੀਤਾ ਕਿਉਂਕਿ ਇਹ ਤਾਂ ਇਕ ਤਰ੍ਹਾਂ ਭਾਰਤੀ ਕਮਿਊਨਿਸਟ ਪਾਰਟੀ ਦੇ ਢਿੱਡ ਵਿਚ ਜਾ ਕੇ ਲਾਲ ਪਾਰਟੀ ਬਣਾਈ ਰੱਖਣ ਦੇ ਤੁਲ ਸਨ। ਕਾਮਰੇਡ ਬੂਝਾ ਸਿੰਘ, ਗੁਰਚਰਨ ਸਿੰਘ ਰੰਧਾਵਾ ਤੇ ਰਾਜਿੰਦਰ ਸਰੀਂਹ ਆਦਿ ਮੇਰੇ ਨਾਲ ਸਨ। ਅਖੀਰ ਵਿਚ ਮੇਰੇ ਸੁਝਾਵਾਂ ਅਨੁਸਾਰ ਮਤਾ ਭਾਰੀ ਬਹੁਸੰਮਤੀ ਨਾਲ ਪਾਸ ਹੋ ਗਿਆ।

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਲਾਲ ਕਮਿਊਨਿਸਟ ਪਾਰਟੀ ਵਿਚੋਂ ਆਏ ਸਾਥੀਆਂ ਨੂੰ ਕੱਲੇ-ਕੱਲੇ ਦਰਖਾਸਤ ਦੇਣ, ਆਗੂਆਂ ਨੂੰ ਤਿੰਨ ਸਾਲ ਅਤੇ ਆਮ ਮੈਂਬਰਾਂ ਨੂੰ ਕੁਝ ਸਮਾਂ ਉਮੀਦਵਾਰ ਰੱਖਣ ਦੇ ਫ਼ੈਸਲੇ ਨੂੰ ਲਾਲ ਕਮਿਊਨਿਸਟ ਪਾਰਟੀ ਦੇ ਬਹੁਤ ਸਾਰੇ ਸਾਥੀਆਂ ਨੇ ਬੁਰਾ ਮਹਿਸੂਸ ਕੀਤਾ। ਮੈਂ ਵੀ ਇਸ ਫ਼ੈਸਲੇ ਨੂੰ ਠੀਕ ਨਹੀਂ ਸੀ ਸਮਝਦਾ। ਪਰ ਇਸ ਤਰ੍ਹਾਂ ਦਾ ਫ਼ੈਸਲਾ ਕਾਮਰੇਡ ਸੁਰਜੀਤ ਤੇ ਸੁਤੰਤਰ ਦੀ ਆਪਸੀ ਮੀਟਿੰਗ ਵਿਚ ਹੋ ਗਿਆ ਸੀ। ਸਾਥੀਆਂ ਨੂੰ ਇਹ ਆਖ ਕੇ ਠੰਡਾ ਕੀਤਾ ਗਿਆ ਕਿ ਸਾਡੇ ਅਗਲੇ ਕੰਮ ਨੇ ਸਾਨੂੰ ਯੋਗ ਅਸਥਾਨ ਦੇ ਦੇਣਾ ਹੈ। ਇਸ ਸੱਚ ਦੀ ਪਰਤੱਖ

ਮਿਸਾਲ ਮੇਰੀ ਆਪ ਬੀਤੀ ਹੈ। ਤਿੰਨ ਸਾਲ ਮੈਂਬਰ ਵੀ ਨਹੀਂ ਲਿਆ ਗਿਆ ਅਤੇ ਪਹਿਲਾ ਹੁਕਮ ਇਹ ਦਿੱਤਾ ਕਿ ਜਲੰਧਰ ਸ਼ਹਿਰ ਵਿਚ ਹੋ ਰਹੀ ਸੂਬਾ ਅਮਨ ਕਾਨਫਰੰਸ ਲਈ ਪਾਰਟੀ ਦੇ ਗੜ੍ਹ ਪਿੰਡਾਂ ਤੋਂ ਪਰ੍ਹੇ-ਪਰ੍ਹੇ ਦਰਿਆ ਸਤਲੁਜ ਦੇ ਕੰਢੇ ਦੇ ਨਾਲ ਲੱਗਦੇ ਪਿੰਡਾਂ ਵਿਚੋਂ ਜਾ ਕੇ ਫੰਡ ਇਕੱਠਾ ਕਰਾਂ। ਮੈਂ ਬਾਬਾ ਰਤਨ ਸਿੰਘ ਉੱਪਲ ਜਗੀਰ ਤੇ ਬਾਬਾ ਉਜਾਗਰ ਸਿੰਘ ਉੱਪਲ ਭੂਪਾ ਜਿਹੇ ਬਜ਼ੁਰਗ ਆਗੂਆਂ ਨੂੰ ਨਾਲ ਲੈ ਕੇ ਇਸ ਕਾਰਜ ਨੂੰ ਪੂਰੀ ਤਰ੍ਹਾਂ ਸਿਰੇ ਚਾੜ੍ਹਿਆ। ਫੇਰ ਮੈਨੂੰ ਜ਼ਿਲ੍ਹਾ ਕਿਸਾਨ ਸਭਾ ਜਲੰਧਰ ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ। ਮੇਰੇ ਅਮਲੀ ਕੰਮ ਅਤੇ ਆਚਾਰ ਵਿਹਾਰ ਕਰਕੇ ਮੈਂ ਫੇਰ 12 ਸਾਲ ਜਲੰਧਰ ਕਪੂਰਥਲਾ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਕਮੇਟੀ ਦਾ ਸਕੱਤਰ ਵੀ ਰਿਹਾ।

## ਰਾਮਗੜ੍ਹ (ਨੈਣੀਤਾਲ) ਡਕੈਤੀ ਕੇਸ

ਲਾਲ ਕਮਿਊਨਿਸਟ ਪਾਰਟੀ ਤੋੜਨ ਦਾ ਫੈਸਲਾ ਲੈਣ ਮਗਰੋਂ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਕੇਂਦਰੀ ਕਮੇਟੀ ਵਿਚ ਇਹ ਸੁਝਾਓ ਰੱਖਿਆ ਕਿ ਲਾਲ ਕਮਿਊਨਿਸਟ ਪਾਰਟੀ ਦੇ ਜਿਨ੍ਹਾਂ ਵਰਕਰਾਂ ਨੂੰ ਭਾਰਤੀ ਕਮਿਊਨਿਸਟ ਪਾਰਟੀ ਨੇ ਕੋਈ ਕੰਮ ਨਾ ਦਿੱਤਾ, ਉਨ੍ਹਾਂ ਦੀ ਮਾਲੀ ਮਦਦ ਕਰਕੇ ਸਾਨੂੰ ਉਨ੍ਹਾਂ ਨੂੰ ਮੈਦਾਨ ਵਿਚ ਰੱਖਣਾ ਚਾਹੀਦਾ ਹੈ ਅਤੇ ਇਸ ਵਾਸਤੇ ਸਾਨੂੰ ਵਿਸ਼ੇਸ਼ ਫੰਡ ਬਣਾਉਣ ਵਾਸਤੇ ਕੋਈ ਜਤਨ ਕਰਨਾ ਚਾਹੀਦਾ ਹੈ। ਕਾਮਰੇਡ ਬੂਝਾ ਸਿੰਘ, ਡਾ. ਭਾਗ ਸਿੰਘ ਤੇ ਚੈਨ ਸਿੰਘ ਚੈਨ ਨੇ ਇਸ ਦੀ ਵਿਰੋਧਤਾ ਕੀਤੀ ਤੇ ਇਸ ਕਦਮ ਨੂੰ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੇ ਅੰਦਰ ਆਪਣਾ ਗੁਠ ਕਾਇਮ ਕਰਨ ਦੇ ਤੁਲ ਦੱਸਿਆ। ਕਾਮਰੇਡ ਸੁਤੰਤਰ ਤੇ ਸੁਰਜੀਤ ਦੀ ਜਿਹੜੀ ਮੀਟਿੰਗ ਲਾਲ ਕਮਿਊਨਿਸਟ ਪਾਰਟੀ ਤੋੜਨ ਵਾਸਤੇ ਕੀਤੀ ਗਈ ਸੀ, ਉਸ ਵਿਚ ਇਹ ਮਸਲਾ ਵਿਚਾਰ ਲੈਣਾ ਚਾਹੀਦਾ ਸੀ। ਉਸ ਮੀਟਿੰਗ ਵਿਚ ਤਾਂ ਕਾਮਰੇਡ ਸੁਤੰਤਰ ਨੇ ਕਾਮਰੇਡ ਸੁਰਜੀਤ ਦਾ ਇਹ ਸੁਝਾਉ ਪਰਵਾਨ ਕਰ ਲਿਆ ਸੀ ਕਿ ਲਾਲ ਕਮਿਊਨਿਸਟ ਪਾਰਟੀ ਵਾਲੇ ਮੁਖੀ ਕਾਮਰੇਡਾਂ ਨੂੰ ਤਿੰਨ ਸਾਲ ਪਾਰਟੀ ਮੈਂਬਰ ਨਹੀਂ ਲਿਆ ਜਾਵੇਗਾ। ਉਂਜ ਯੋਗ ਕੰਮ ਦਿੱਤਾ ਜਾਏਗਾ, ਪਰ ਇਹ ਗਾਰੰਟੀ ਨਹੀਂ ਹੋਵੇਗੀ ਕਿ ਸਾਰੇ ਵਰਕਰਾਂ ਨੂੰ ਕੁਲਵਕਤੀ ਰੱਖਿਆ ਜਾਵੇਗਾ ਤੇ ਹੁਣ ਉਨ੍ਹਾਂ ਨੂੰ ਸਰਗਰਮ ਰੱਖਣ ਲਈ ਵੱਖਰਾ ਫੰਡ ਰੱਖਣਾ ਤਾਂ ਪਾਰਟੀ ਅੰਦਰ ਮੁਕਾਬਲੇ ਦਾ ਧੜਾ ਕਾਇਮ ਰੱਖਣ ਦੇ ਤੁਲ ਹੋਵੇਗਾ। ਪਰ ਕਾਮਰੇਡ ਸੁਤੰਤਰ ਆਪਣੀ ਵੱਖਰੀ ਸੋਚ ਉੱਤੇ ਕਾਇਮ ਰਹੇ ਅਤੇ ਆਪਣੇ ਸਿਰ ਰਾਮਨਗਰ (ਨੈਣੀਤਾਲ) ਬੈਂਕ ਡਕੈਤੀ ਦਾ ਫੈਸਲਾ ਕਰ ਲਿਆ।

ਇਸ ਡਾਕੇ ਵਿਚ 14 ਸਾਥੀਆਂ (ਰਾਜਾ ਰਾਮ ਤੈਵਾੜੀ, ਬੱਗਾ ਸਿੰਘ ਖਹਿਰਾ ਮੱਜਾ, ਨਸੀਬ ਸਿੰਘ ਸਮਰਾ, ਹਰਬੰਸ ਸਿੰਘ ਤੇ ਪਾਖਰ ਸਿੰਘ ਮਹੇੜੂ, ਰਾਜਿੰਦਰ ਸਿੰਘ

ਸਰੀਂਹ, ਪਰੀਤਮ ਸਿੰਘ ਕਿਸ਼ਨਗੜ੍ਹ, ਮੇਦਨ ਸਿੰਘ ਤੇ ਦਰਸ਼ਨ ਸਿੰਘ ਜ਼ਿਲ੍ਹਾ ਗੁਰਦਾਸਪੁਰ, ਅਵਤਾਰ ਸਿੰਘ ਬਹੋਨਾ, ਸ਼ਰਧਾ ਸਿੰਘ, ਹਰਨਾਮ ਸਿੰਘ ਨਾਨੋ ਨੰਗਲ, ਇੰਦਰ ਸਿੰਘ ਮੁਰਾਰੀ, ਕੇਹਰ ਸਿੰਘ ਬਖਸ਼ੀਵਾਲਾ)। ਇਸ ਐਕਸ਼ਨ ਨੂੰ ਪਲੈਨ ਕੀਤਾ ਰਾਜਾ ਰਾਮ ਤੈਵਾੜੀ ਤੇ ਬੱਗਾ ਸਿੰਘ ਖਹਿਰਾ ਮੱਜਾ ਨੇ। ਸਭ ਤੋਂ ਪਹਿਲਾਂ ਸੁਰੈਣ ਸਿੰਘ ਖੇਲਾ ਫੜਿਆ ਗਿਆ। ਬਹੁਤੀ ਗੱਲ ਉਸ ਤੋਂ ਅੱਗ ਗਈ। ਸੁਰੈਣ ਸਿੰਘ ਖੇਲਾ, ਰਾਜਿੰਦਰ ਸਿੰਘ ਸਰੀਹ, ਮੇਦਨ ਸਿੰਘ, ਪਾਖਰ ਸਿੰਘ ਉੱਤੇ ਬਰੇਲੀ ਵਿਖੇ ਮੁਕੱਦਮਾ ਚੱਲਿਆ। ਪਚਾਸੀ ਪਚਾਸੀ ਸਾਲ ਦੀ ਕੈਦ ਹੋਈ। ਸਪੈਸ਼ਲ ਕੋਰਟ ਵਿਚ ਅਪੀਲ ਕਰਨ ਉੱਤੇ ਪੰਦਰਾਂ ਪੰਦਰਾਂ ਸਾਲ ਰਹਿ ਗਈ। ਰਾਜਿੰਦਰ ਸਿੰਘ ਸਰੀਂਹ ਬਰੀ ਹੋ ਗਿਆ। ਸਭ ਤੋਂ ਵਧ ਮਾਲੀ ਨੁਕਸਾਨ ਕਾਮਰੇਡ ਬੱਗਾ ਸਿੰਘ ਨੂੰ ਹੋਇਆ। ਉਸ ਦਾ ਯੂ.ਪੀ. ਵਿਚਲਾ ਫਾਰਮ ਕੁਰਕ ਹੋ ਗਿਆ।

ਇਸ ਡਾਕੇ ਵਾਲੀ ਰਕਮ ਕਿਥੇ ਕਿਥੇ ਖਰਚ ਹੋਈ, ਇਸ ਦਾ ਸਾਰਾ ਪਤਾ ਕਾਮਰੇਡ ਸੁਤੰਤਰ ਨੂੰ ਹੈ। ਉਂਜ ਮੈਨੂੰ ਪੂਰਾ ਭਰੋਸਾ ਹੈ ਕਿ ਕਾਮਰੇਡ ਸੁਤੰਤਰ ਨੇ ਇਸ ਵਿਚੋਂ ਇਕ ਵੀ ਪੈਸਾ ਆਪਣੇ ਜਾਤੀ ਲਾਭ ਲਈ ਖਰਚ ਨਹੀਂ ਕੀਤਾ। ਕਾਮਰੇਡ ਸੁਤੰਤਰ ਨੇ ਇਕ ਸੂਬਾ ਕੌਂਸਲ ਮੀਟਿੰਗ ਵਿਚ ਕਾਮਰੇਡ ਸੁਰਜੀਤ ਨੂੰ ਬਾਭਰ ਕੇ ਆਖਿਆ ਸੀ ਕਿ ਡਕੈਤੀ ਮਾੜੀ ਹੁੰਦੀ ਹੈ ਪਰ ਜਿਹੜਾ ਪੈਸਾ ਅਮਰ ਸਿੰਘ ਸੰਧਵਾਂ ਤੋਂ ਲੈ ਕੇ ਪਾਰਟੀ ਕਾਰਜਾਂ ਉੱਤੇ ਖਰਚ ਕੀਤਾ ਸੀ ਉਹ ਮੈਂ ਮੋੜਨਾ ਸੀ ਅਥਵਾ ਕਾਮਰੇਡ ਸੁਰਜੀਤ ਨੇ ਵੀ ਮੈਥੋਂ ਕਈ ਵਾਰ ਪੈਸੇ ਲਏ ਹਨ। ਪਰ ਇਹ ਤੱਥ ਵੀ ਨੋਟ ਕਰਨ ਵਾਲਾ ਹੈ ਕਿ ਕਾਮਰੇਡ ਸੁਤੰਤਰ ਨੇ ਅਮਰ ਸਿੰਘ ਸੰਧਵਾਂ ਤੋਂ ਕੋਈ ਰਕਮ ਉਧਾਰ ਲਈ ਹੋਈ ਹੈ, ਇਸ ਦੀ ਕੇਂਦਰੀ ਕਮੇਟੀ ਵਿਚ ਕਦੇ ਵੀ ਕੋਈ ਜਾਣਕਾਰੀ ਨਹੀਂ ਸੀ ਦਿੱਤੀ।

ਨੈਣੀਤਾਲ ਕੇਸ ਦੇ ਸਬੰਧ ਵਿਚ ਕਾਮਰੇਡ ਸੁਤੰਤਰ ਦੇ ਵਾਰੰਟ ਹੋਣ ਕਰਕੇ ਉਹ ਗੁਪਤਵਾਸ ਹੋ ਗਏ।

ਅਖ਼ੀਰ ਗ਼ਦਰੀ ਬਾਬਿਆਂ ਦਾ ਇਕ ਡੈਪੂਟੇਸ਼ਨ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿਚ ਪਰਧਾਨ ਮੰਤਰੀ ਪੰਡਿਤ ਨਹਿਰੂ ਨੂੰ ਮਿਲਿਆ। ਨਤੀਜੇ ਵਜੋਂ ਕਾਮਰੇਡ ਸੁਤੰਤਰ ਦੇ ਵਾਰੰਟ ਮਨਸੂਖ਼ ਹੋ ਗਏ। ਉਹ ਜਲੰਧਰ ਸ਼ਹਿਰ ਵਿਚ ਪਰਗਟ ਹੋਏ ਜਿਥੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਹੋਇਆ।

## ਕੁਝ ਫੁਟਕਲ ਨੁਕਤੇ

1967 ਈਸਵੀ ਵਿਚ ਨੂਰਮਹਿਲ ਦੀ ਅਸੰਬਲੀ ਸੀਟ ਲੜਨ ਵਾਸਤੇ ਕਾਂਗਰਸ ਉਮੀਦਵਾਰ ਸ੍ਰੀ ਦਰਬਾਰਾ ਸਿੰਘ ਦੇ ਮੁਕਾਬਲੇ ਪਾਰਟੀ ਨੇ ਮੈਨੂੰ ਖੜ੍ਹੇ ਹੋਣ ਦਾ ਹੁਕਮ ਦਿੱਤਾ ਜਦਕਿ ਮੈਂ ਇਹ ਸੀਟ ਲੜਨ ਦੀ ਕੋਈ ਇੱਛਾ ਨਹੀਂ ਸੀ ਰੱਖਦਾ। ਮੈਂ ਬਥੇਰਾ

ਇਨਕਾਰ ਕੀਤਾ ਪਰ ਕੋਈ ਪੇਸ਼ ਨਾ ਗਈ। ਅਖੀਰ ਪਾਰਟੀ ਨੂੰ ਦੱਸੇ ਪੁੱਛੇ ਬਗੈਰ ਮੈਂ ਤੇ ਕਾਮਰੇਡ ਨੌਨਿਹਾਲ ਸਿੰਘ ਸੰਗਰੂਰ ਜਾ ਕੇ ਕਾਮਰੇਡ ਸੁਤੰਤਰ ਨੂੰ ਮਿਲੇ ਅਤੇ ਉਨ੍ਹਾਂ ਨੂੰ ਸੰਗਰੂਰ ਦੀ ਪਾਰਲੀਮੈਂਟ ਸੀਟ ਲੜਨ ਦੇ ਨਾਲ ਨਾਲ ਨੂਰਮਹਿਲ ਦੀ ਅਸੰਬਲੀ ਸੀਟ ਉੱਤੇ ਵੀ ਕਾਗ਼ਜ਼ ਦਾਖਲ ਕਰਨ ਲਈ ਕਿਸੇ ਨਾ ਕਿਸੇ ਢੰਗ ਨਾਲ ਮਨਾ ਲਿਆ। ਅਸੀਂ ਉਨ੍ਹਾਂ ਤੋਂ ਨੂਰਮਹਿਲ ਸੀਟ ਦਾ ਦੌਰਾ ਕਰਨ ਲਈ ਸਿਰਫ ਦੋ ਦਿਨ ਮੰਗੇ, ਬਾਕੀ ਸਾਰੇ ਕੰਮ ਦੀ ਜ਼ੁੰਮੇਵਾਰੀ ਅਸੀਂ ਆਪ ਲੈ ਲਈ। ਅਸੀਂ ਉਨ੍ਹਾਂ ਤੋਂ ਹਲਕੇ ਦੇ ਸਾਰੇ ਪਿੰਡਾਂ ਵਿਚ ਦੋ-ਦੋ ਮਿੰਟ ਬੇਨਤੀ ਕਰਵਾ ਕੇ ਵੱਡੇ-ਵੱਡੇ ਦਸ ਪਿੰਡਾਂ ਵਿਚ ਭਾਰੀਆਂ ਕਾਨਫਰੰਸਾਂ ਕੀਤੀਆਂ। ਡੱਟਵਾਂ ਮੁਕਾਬਲਾ ਹੋਇਆ ਪਰ ਸ੍ਰੀ ਦਰਬਾਰਾ ਸਿੰਘ ਪੰਜ-ਛੇ ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤ ਗਏ। ਓਧਰ ਸੰਗਰੂਰ ਦੀ ਪਾਰਲੀਮੈਂਟ ਸੀਟ ਤੋਂ ਕਾਮਰੇਡ ਸੁਤੰਤਰ ਸਫਲ ਹੋ ਗਏ।

✪ ਪੰਜਾਬੀ ਦੇ ਉੱਘੇ ਵਿਦਵਾਨ ਗਿਆਨੀ ਹੀਰਾ ਸਿੰਘ ਦਰਦ ਲਾਲ ਕਮਿਊਨਿਸਟ ਪਾਰਟੀ ਦੇ ਮੈਂਬਰ ਰਹੇ ਹਨ। ਉਨ੍ਹਾਂ ਵੱਲੋਂ ਪ੍ਰਕਾਸ਼ਤ ਕੀਤੇ ਜਾਂਦੇ ਮੈਗਜ਼ੀਨ 'ਫੁਲਵਾੜੀ' ਵਿਚ ਲਾਲ ਕਮਿਊਨਿਸਟ ਪਾਰਟੀ ਆਗੂਆਂ ਦੇ ਅਨੇਕਾਂ ਲੇਖ ਫਰਜ਼ੀ ਨਾਵਾਂ ਹੇਠ ਛਪੇ ਹਨ। ਮੇਰੇ ਕਈ ਲੇਖ 'ਦੇਵਿੰਦਰ ਸਿੰਘ' ਦੇ ਨਾਉਂ ਹੇਠ ਹਨ।

✪ ਤਲਾਣੀਆ ਦਾ ਮਾਤਾ ਗੁਜਰੀ ਆਸ਼ਰਮ ਜਿਸ ਦੇ ਸੰਚਾਲਕ ਬੀਬੀ ਗੁਰਬਚਨ ਕੌਰ ਮਾਨ ਸਨ, ਵਿਚ ਕਈ ਕਮਿਊਨਿਸਟ ਪਰਿਵਾਰਾਂ ਦੀਆਂ ਔਰਤਾਂ ਜਾਂ ਲੜਕੀਆਂ ਵਿੱਦਿਆ ਹਾਸਲ ਕਰਦੀਆਂ ਰਹੀਆਂ ਹਨ। ਇਸੇ ਤਰ੍ਹਾਂ ਕੁਸ਼ਲ ਭੌਰਾ, ਮਹਿੰਦਰ ਸਾਂਭਰ ਅਤੇ ਰਾਜਿੰਦਰ ਜੋਸ਼ੀ ਨੇ ਵੀ ਏਥੇ ਵਿੱਦਿਆ ਪ੍ਰਾਪਤ ਕੀਤੀ ਅਤੇ ਇਹ ਸਾਰੀਆਂ ਬੀਬੀਆਂ ਉੱਘੇ ਕਮਿਊਨਿਸਟ ਆਗੂਆਂ ਨਾਲ ਵਿਆਹੀਆਂ ਗਈਆਂ ਸਨ। ਮੇਰੀ ਸਪੁੱਤਰੀ ਸਵਿਤਾ ਵੀ ਏਥੇ ਹੀ ਪੜ੍ਹੀ ਹੈ।

✪ ਲੁਧਿਆਣਾ ਜੇਲ੍ਹ 'ਚੋਂ ਲਾਲ ਕਮਿਊਨਿਸਟ ਪਾਰਟੀ ਦੇ ਤਿੰਨ ਉੱਘੇ ਵਰਕਰ (ਕਾਮਰੇਡ ਵਧਾਵਾ ਰਾਮ, ਗੁਰਚਰਨ ਸਿੰਘ ਰੰਧਾਵਾ ਅਤੇ ਰਾਜਿੰਦਰ ਸਿੰਘ ਸਰੀਂਹ) ਲੁਧਿਆਣਾ ਜੇਲ੍ਹ 'ਚੋਂ ਸੁਰੰਗ ਲਾ ਕੇ ਬਾਹਰ ਨਿਕਲ ਆਏ ਸਨ। ਸਾਨੂੰ ਉਨ੍ਹਾਂ ਦਾ ਸੁਨੇਹਾ ਆ ਗਿਆ ਸੀ ਕਿ ਉਹ ਫਲਾਨੀ ਤਾਰੀਖ ਨੂੰ ਜੇਲ੍ਹੋਂ ਬਾਹਰ ਨਿਕਲ ਰਹੇ ਹਨ। ਬਾਹਰ ਦੇ ਸਾਥੀ ਉਨ੍ਹਾਂ ਨੂੰ ਅੱਗੇ ਲੈ ਜਾਣ ਦਾ ਪ੍ਰਬੰਧ ਕਰ ਲੈਣ। ਮਿਥੀ ਮਿਤੀ ਉੱਤੇ ਮੈਂ, ਕਾਮਰੇਡ ਵਿਸ਼ਨੂੰ ਦੱਤ ਅਤੇ ਭਾਈ ਸ਼ੇਰ ਸਿੰਘ ਉਨ੍ਹਾਂ ਦੇ ਦੱਸੇ ਪ੍ਰੋਗਰਾਮ ਅਨੁਸਾਰ ਰਾਤ ਲੁਧਿਆਣਾ ਰੇਲਵੇ ਲਾਈਨ ਦੇ ਨਾਲ ਦੇ ਸੜਕੜੇ ਅਤੇ ਭਖੜਿਆਂ ਵਿਚ ਕੱਟੀ। ਉਹ ਮਿੱਥੇ ਟਾਈਮ ਤੋਂ ਇਕ ਘੰਟਾ ਮਗਰੋਂ ਨਿਕਲੇ। ਅਸੀਂ ਖੁਸ਼ੀ ਵਿਚ ਕਿਹਾ "ਆ ਗਏ"। ਪਰ ਉਨ੍ਹਾਂ ਨੇ ਇਹ ਸਮਝ ਲਿਆ ਕਿ ਕਿਸੇ ਨੇ ਉਨ੍ਹਾਂ ਦਾ ਪਿਛਾ ਕੀਤਾ ਹੈ ਤੇ ਉਸਨੇ "ਔਹ ਗਏ" ਆਖਿਆ ਹੈ। ਉਹ ਫਸਲਾਂ ਵਿਚ ਜਾ ਵੜੇ ਅਤੇ ਬੜੀਆਂ ਮੁਸ਼ਕਲਾਂ ਝੱਲ

ਕੇ ਕਈ ਦਿਨ ਮਗਰੋਂ ਮੁਜ਼ਾਰਿਆਂ ਦੀ ਲੜਾਈ ਵਾਲੇ ਖੇਤਰ ਵਿਚ ਆ ਕੇ ਸਾਨੂੰ ਮਿਲ਼ੇ।

✪ ਲਾਲ ਕਮਿਊਨਿਸਟ ਪਾਰਟੀ ਤੋੜ ਦੇਣ ਦਾ ਨਿਰਣਾ ਲੈ ਕੇ ਕੇਂਦਰੀ ਕਮੇਟੀ ਦੀ ਆਖਰੀ ਮੀਟਿੰਗ ਰਾਜਸੀ ਅਤੇ ਜਥੇਬੰਦਕ ਆਪਾ ਪੜਚੋਲ ਕਰਨ ਲਈ ਬੁਲਾਈ ਗਈ। ਮੀਟਿੰਗ ਵਿਚ ਵਿਚਾਰ ਕਰਨ ਵਾਸਤੇ ਦੋ ਰਿਪੋਰਟਾਂ ਪੇਸ਼ ਹੋਈਆਂ-ਇਕ ਛੱਜੂ ਮੱਲ ਵੈਦ ਵੱਲੋਂ ਦੂਜੀ ਮੇਰੇ ਵੱਲੋਂ (ਇਹ ਦੋਵੇਂ ਰਿਪੋਰਟਾਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਲਾਇਬ੍ਰੇਰੀ ਵਿਚ ਫਾਈਲ ਨੰ: 11509 ਵਿਚ ਦੇਖੀਆਂ ਜਾ ਸਕਦੀਆਂ ਹਨ)। ਨਿਰਣਿਆਂ ਵਿਚ ਕਾਫ਼ੀ ਅੰਤਰ ਸੀ ਪਰ ਬਹਿਸ ਵਿਚਾਰ ਮਗਰੋਂ ਸਰਵ ਸੰਮਤੀ ਵਾਲੀ ਰਿਪੋਰਟ ਤਿਆਰ ਕਰ ਲਈ ਗਈ।

✪ ਜਦ 1952 ਵਿਚ ਸਰਕਾਰ ਨੇ ਕਮਿਊਨਿਸਟਾਂ ਦੇ ਵਾਰੰਟ ਮਨਸੂਖ ਕਰ ਦਿੱਤੇ ਤਾਂ ਥੱਲੇ ਦੇ ਸਾਥੀਆਂ ਦੀ ਮੰਗ ਉੱਤੇ ਗੁਪਤ ਰਹਿ ਕੇ ਕੰਮ ਕਰਦੇ ਰਹੇ ਲਾਲ ਕਮਿਊਨਿਸਟ ਪਾਰਟੀ ਦੇ ਸਿਰਕੱਢ ਸਾਥੀਆਂ ਦੇ ਸਵਾਗਤ ਲਈ ਸਾਰੇ ਸੂਬੇ ਅੰਦਰ ਸਵਾਗਤੀ ਜਲਸੇ ਕਰਨ ਦਾ ਫ਼ੈਸਲਾ ਹੋਇਆ। ਪਰ ਸਭ ਤੋਂ ਵੱਡੇ ਦੁੱਖ ਦੀ ਗੱਲ ਇਹ ਸੀ ਕਿ ਉਸ ਸਮੇਂ ਵੀ ਕਾਮਰੇਡ ਸੁਤੰਤਰ ਦੇ ਵਾਰੰਟ ਗ੍ਰਿਫਤਾਰੀ ਸਨ, ਜਿਸ ਕਰਕੇ ਉਹ ਸਵਾਗਤੀ ਦੌਰੇ ਵਾਲੇ ਜਥੇ ਵਿਚ ਸ਼ਾਮਲ ਨਾ ਹੋ ਸਕੇ। ਸਭ ਤੋਂ ਪਹਿਲਾ ਜਲਸਾ ਲੁਧਿਆਣਾ ਦੀ ਦਰੇਸੀ ਗਰਾਊਂਡ ਵਿਚ ਹੋਇਆ। ਸੀ.ਆਈ.ਡੀ. ਵਾਲਿਆਂ ਨੇ ਗੁਪਤ ਰਹੇ ਸਾਥੀਆਂ ਦੀਆਂ ਫੋਟੋਆਂ ਖਿੱਚਣ ਲਈ ਕੈਮਰੇ ਬੀੜੇ ਹੋਏ ਸਨ। ਉਨ੍ਹਾਂ ਦਾ ਮਕਸਦ ਇਹ ਸੀ ਕਿ ਇਨ੍ਹਾਂ ਦੀਆਂ ਭੇਸ ਬਦਲੇ ਵਾਲੀਆਂ ਫੋਟੋ ਲੈ ਲਈਆਂ ਜਾਣ ਤਾਂ ਜੋ ਇਹ ਫੋਟੋ ਫੇਰ ਕਿਸੇ ਸਮੇਂ ਗ੍ਰਿਫਤਾਰ ਕਰਨ ਲਈ ਪਛਾਣ ਕਰਨ ਦੇ ਕੰਮ ਆਉਣੀ। ਪਰ ਸਾਰੇ ਸਾਥੀ ਆਪਣੇ ਗੁਪਤਵਾਸ ਸਮੇਂ ਤੋਂ ਪਹਿਲਾਂ ਵਾਲੀਆਂ ਸ਼ਕਲਾਂ ਵਿਚ ਹੀ ਨਮੂਦਾਰ ਹੋਏ। ਸੀ.ਆਈ.ਡੀ. ਵਾਲੇ ਖਸਿਆਨੇ ਹੋ ਕੇ ਆਪਣਾ ਲਕਾ ਤੁਕਾ ਸੰਭਾਲ ਚਲਦੇ ਬਣੇ।

ਆਖ਼ਰੀ ਜਲਸਾ ਜਲੰਧਰ ਸ਼ਹਿਰ ਵਿਚ ਹੋਇਆ। ਮੇਰੀ ਸਪੁੱਤਰੀ ਸਵਿਤਾ ਉਸ ਸਮੇਂ ਚਾਰ ਕੁ ਸਾਲ ਦੀ ਸੀ। ਉਹ ਕਾਮਰੇਡ ਸੁਸ਼ੀਲਾ ਨਾਲ ਇਸ ਜਲਸੇ ਵਿਚ ਆਉਣ ਸਮੇਂ ਇਕ ਖਰਬੂਜ਼ਾ ਮੈਨੂੰ ਦੇਣ ਵਾਸਤੇ ਲੈ ਕੇ ਆਈ। ਮੈਨੂੰ ਉਸ ਨੇ ਦਾੜ੍ਹੀ ਕੇਸ ਵਿਚ ਹੀ ਦੇਖਿਆ ਹੋਇਆ ਸੀ, ਪਰ ਹੁਣ ਮੈਂ ਘੋਨ ਮੋਨ ਸੀ। ਸੁਸ਼ੀਲਾ ਨੇ ਬਾਰ ਬਾਰ ਦੱਸਿਆ ਕਿ ਇਹ ਤੇਰੇ ਪਾਪਾ ਜੀ ਹਨ ਪਰ ਉਹ ਨਹੀਂ ਮੰਨੀ। ਉਹ ਖਰਬੂਜ਼ਾ ਵਾਪਸ ਲੈ ਗਈ ਕਿ ਇਹ ਮੈਂ ਆਪਣੇ ਪਾਪਾ ਨੂੰ ਹੀ ਦੇਣਾ ਹੈ।

✦✦✦

# ਮੁੜ ਭਾਰਤੀ ਕਮਿਊਨਿਸਟ ਪਾਰਟੀ ਵਿਚ

## ਪਿੰਡ ਦੀ ਮੁਰੱਬੇਬੰਦੀ ਮੈਂ ਖ਼ੁਦ ਕੀਤੀ

ਜਦ ਮੇਰੇ 1952 ਵਿਚ ਵਾਰੰਟ ਮਨਸੂਖ ਹੋ ਗਏ ਅਤੇ ਪੰਜਾਬ ਭਰ ਵਿਚ ਸਵਾਗਤੀ ਜਲਸੇ ਮੁਕ ਗਏ ਤਾਂ ਮੈਂ ਆਪਣੇ ਪਿੰਡ ਆਇਆ। ਇਸ ਦਿਨ ਬਾਰੇ ਮੈਂ ਜਲੰਧਰ ਜਲਸੇ ਸਮੇਂ ਆਪਣੇ ਪਿੰਡ ਦੇ ਲੋਕਾਂ ਨੂੰ ਦੱਸ ਦਿੱਤਾ ਸੀ। ਗੁਰਾਇਆ ਤੇ ਰੁੜਕਾ ਕਲਾਂ ਵਿਖੇ ਸਥਾਨਕ ਸਵਾਗਤੀ ਮੀਟਿੰਗਾਂ ਮਗਰੋਂ ਪਿੰਡ ਦੀ ਜੂਹ ਉੱਤੇ ਪਿੰਡ ਵਾਸੀਆਂ ਨੇ ਮੇਰਾ ਸਵਾਗਤ ਕੀਤਾ ਅਤੇ ਜਲੂਸ ਦੇ ਰੂਪ ਵਿਚ ਪਿੰਡ ਲੈ ਆਏ। ਮੈਂ ਪਿਛਲੇ ਸਾਲਾਂ ਦੇ ਗੁਪਤ ਸਮੇਂ ਵਿਚ ਕੀਤੇ ਕੰਮਾਂ ਦਾ ਸੰਖੇਪ ਵਰਨਣ ਕੀਤਾ।

ਸਾਡੇ ਪਿੰਡ ਮੁਰੱਬੇਬੰਦੀ ਹੋ ਚੁੱਕੀ ਸੀ ਪਰ ਇਸ ਵਿਰੁੱਧ ਅਨੇਕਾਂ ਸ਼ਿਕਾਇਤਾਂ ਬੇਇਨਸਾਫੀ ਹੋਣ ਦੀਆਂ ਮਹਿਕਮੇ ਕੋਲ ਜਾ ਚੁੱਕੀਆਂ ਸਨ। ਇਹ ਸ਼ਿਕਾਇਤਾਂ ਸੁਨਣ ਵਾਸਤੇ ਇਸ ਮਹਿਕਮੇ ਦਾ ਵੱਡਾ ਅਫਸਰ ਸ੍ਰੀ ਮੁਰਾਰੀ ਸਿੰਘ ਆਇਆ। ਸ਼ਿਕਾਇਤਾਂ ਵਾਜਬ ਸਨ। ਛੋਟੇ ਮਾਲਕਾਂ ਦੀ ਕੀਮਤ ਉੱਤੇ ਵੱਡੇ ਮਾਲਕਾਂ ਨੂੰ ਰਿਆਇਤਾਂ ਦਿੱਤੀਆਂ ਗਈਆਂ ਸਨ। ਸ੍ਰੀ ਮੁਰਾਰੀ ਸਿੰਘ ਨੇ ਸਾਰੀਆਂ ਸ਼ਿਕਾਇਤਾਂ ਸੁਣੀਆਂ। ਉਹ ਇਸ ਨਤੀਜੇ ਉੱਤੇ ਪੁੱਜਾ ਕਿ ਪਿੰਡ ਦੀ ਮੁਰੱਬੇਬੰਦੀ ਮੁੱਢੋਂ-ਸੁੱਢੋਂ ਮੁੜ ਹੋਣੀ ਚਾਹੀਦੀ ਹੈ। ਉਸ ਨੇ ਸ਼ਿਕਾਇਤਾਂ ਕਰਨ ਵਾਲਿਆਂ ਨੂੰ ਪੁੱਛਿਆ ਕਿ ਨਵੀਂ ਸਲਾਹ ਦੇਣ ਵਾਲੀ ਕਮੇਟੀ ਵਾਸਤੇ ਦੋ-ਤਿੰਨ ਨਾਮ ਦੱਸੋ। ਉਨ੍ਹਾਂ ਸਾਰਿਆਂ ਨੇ ਕਿਹਾ ਕਿ ਕਾਮਰੇਡ ਚੈਨ ਸਿੰਘ ਚੈਨ ਇਕੱਲਾ ਹੀ ਕਾਫ਼ੀ ਹੈ। ਇਹ ਆਪਣੀ ਮਰਜ਼ੀ ਨਾਲ ਜਿਸ ਨੂੰ ਨਾਲ ਲੈਣਾ ਚਾਹੇ ਲੈ ਲਵੇ। ਪਿੰਡ ਦੇ ਇਕ ਵਸਨੀਕ ਕਰਨੈਲ ਸਿੰਘ ਸਪੁਤਰ ਹਮੀਰਾ ਨੇ ਕਿਹਾ ਕਿ ਚੈਨ ਤਾਂ ਚਾਰ ਸਾਲ ਭਗੌੜਾ ਰਿਹਾ ਹੈ। ਇਸੇ ਕਰਕੇ ਇਸ ਦੀ ਕੁਰਕੀ ਹੋ ਚੁੱਕੀ ਹੈ ਅਤੇ ਦੋ-ਤਿੰਨ ਵੇਰੀ ਜੇਲ੍ਹ ਵਿਚ ਰਹਿ ਆਇਆ ਹੈ। ਮਾਲ ਅਫਸਰ ਨੇ ਪੁੱਛਿਆ ਕਿ ਕਿਸ ਦੋਸ਼ ਹੇਠ ਇਹ ਜੇਲ੍ਹ ਗਿਆ ਸੀ। ਕਰਨੈਲ ਸਿੰਘ ਨੇ ਕਿਹਾ ਕਿ ਇਹ ਸਰਕਾਰ ਦੇ ਵਿਰੁੱਧ ਸੀ। ਮਾਲ ਅਫਸਰ ਨੇ ਕਿਹਾ ਕਿ ਤਦ ਤਾਂ ਇਹ ਆਜ਼ਾਦੀ ਘੁਲਾਟੀਆ ਹੋਇਆ। ਇਹ ਤਾਂ ਸਗੋਂ ਵੱਡਾ ਗੁਣ ਹੈ। ਫੇਰ ਜਿਨ੍ਹਾਂ ਨਾਲ ਧੱਕਾ ਹੋਇਆ ਹੈ ਉਹ ਇਸ ਉੱਤੇ ਇਤਬਾਰ ਕਰਦੇ ਹਨ ਕਿ ਜਿਹੜਾ ਸਰਕਾਰ ਤੋਂ ਨਹੀਂ ਡਰਿਆ, ਉਹ ਪਿੰਡ ਦੇ ਧੱਕਾਖੋਰ ਚੌਧਰੀਆਂ ਤੋਂ ਵੀ

ਨਹੀਂ ਡਰੇਗਾ। ਮਾਲ ਅਫਸਰ ਨੇ ਸਲਾਹਕਾਰ ਕਮੇਟੀ ਵਾਸਤੇ ਮੁੜ ਹੋਰ ਨਾਮ ਪੁੱਛੇ ਤਾਂ ਸ਼ਿਕਾਇਤ ਕਰਨ ਵਾਲਿਆਂ ਨੇ ਮੁੜ ਇਹੋ ਕਿਹਾ ਕਿ ਅਸੀਂ ਤਾਂ ਹੋਰ ਕੋਈ ਨਾਮ ਨਹੀਂ ਦੱਸ ਸਕਦੇ। ਮਾਲ ਅਫਸਰ ਨੇ ਹੁਕਮ ਦਿੱਤਾ ਕਿ ਚੈਨ ਸਿੰਘ ਨੂੰ ਅਧਿਕਾਰ ਹੈ ਕਿ ਉਹ ਆਪਣੀ ਮਦਦ ਲਈ ਜਿਹੜਾ ਮਰਜ਼ੀ ਵਿਅਕਤੀ ਲੈ ਲਵੇ। ਮਾਲ ਅਫਸਰ ਨੇ ਇਕ ਕਾਨੂੰਗੋ ਅਤੇ ਦੋ ਪਟਵਾਰੀ ਮੇਰੇ ਨਾਲ ਲਾ ਦਿੱਤੇ ਕਿ ਨਵੇਂ ਸਿਰਿਉਂ ਮੁਰੱਬਾਬੰਦੀ ਕੀਤੀ ਜਾਵੇ। ਮੇਰੇ ਲਈ ਇਹ ਕਾਰਜ ਬਹੁਤ ਭਾਰਾ ਅਤੇ ਇਕ ਨਵਾਂ ਇਮਤਿਹਾਨ ਸੀ। ਮੈਨੂੰ ਸਾਫ਼ ਹੋ ਗਿਆ ਸੀ ਕਿ ਇਨਸਾਫ਼ ਦੇਣ ਵਾਸਤੇ ਕਿਸ ਧੱਕਾਖੋਰ ਨੂੰ ਕਿਤਨਾ ਕੁ ਹਲੂਣਾ ਦੇਣਾ ਪੈਣਾ ਹੈ। ਮੈਂ ਆਪਣੇ ਨਾਲ ਦੋ-ਤਿੰਨ ਹੋਰ ਭਲੇ ਸਲਾਹਕਾਰਾਂ ਤੋਂ ਮਸ਼ਵਰਾ ਲੈਂਦਾ ਰਿਹਾ। ਮੈਂ ਪਿੰਡ ਦੀ ਸਾਰੀ ਜ਼ਮੀਨ ਨੂੰ ਬੰਨੇ ਉੱਤੇ ਜਾ ਕੇ ਸਮਝਿਆ, ਫੇਰ ਪਿਛਲੀ ਮੁਰੱਬੇਬੰਦੀ ਨੂੰ ਜਾਂਚ ਸਮਝ ਲਿਆ ਕਿ ਕਿਸ ਨੇ ਕੀ ਲਾਭ ਉਠਾਇਆ ਹੋਇਆ ਹੈ। ਮੈਂ ਉਸ ਅਨੁਸਾਰ ਛੋਟੇ ਮਾਲਕਾਂ ਦੇ ਲਾਭਾਂ ਨੂੰ ਮੁੱਖ ਰੱਖ ਕੇ ਚਾਰ-ਪੰਜ ਧੱਕੇਖੋਰਾਂ ਨੂੰ ਲੋੜ ਅਨੁਸਾਰ ਹਲੂਣਾ ਦਿੱਤਾ। ਹਰ ਮਾਲਕ ਦੀ ਜ਼ਮੀਨ ਦਾ ਇਕ ਖੂੰਜਾ ਖੂਹ ਦੇ ਨਾਲ ਲਾ ਦਿੱਤਾ ਤਾਂ ਜੋ ਪਾਣੀ ਲਾਉਣ ਵਾਸਤੇ ਕੋਈ ਅੜਿੱਕਾ ਨਾ ਪੈ ਸਕੇ। ਇਕ ਬਾਬੂ ਮੁਤਬੰਨਾ ਨਾਲ ਹੋਈ ਬੇਇਨਸਾਫ਼ੀ ਦਾ ਥੋੜ੍ਹਾ ਵਰਨਣ ਕਰਨਾ ਜਰੂਰੀ ਹੈ। ਉਸ ਦੀ ਕੁਲ ਜ਼ਮੀਨ ਢਾਈ ਏਕੜ ਸੀ। ਉਸ ਨੂੰ ਖੂਹ ਤੋਂ ਕਾਫ਼ੀ ਦੂਰ ਢਾਬ ਦੀ ਨੀਵੀਂ ਜ਼ਮੀਨ ਵਿਚ ਲਿਜਾ ਕੇ ਸੁੱਟ ਦਿੱਤਾ ਅਤੇ ਢਾਬ ਵਾਲੀ ਚਾਰ ਆਨੇ ਦੀ ਜ਼ਮੀਨ ਦੇ ਕੇ ਉਸ ਦੇ ਸੱਤ-ਅੱਠ ਖੇਤ ਤਾਂ ਬਣਾ ਦਿੱਤੇ ਪਰ 9 ਮਹੀਨੇ ਪਾਣੀ ਵਿਚ ਡੁੱਬੀ ਰਹਿਣ ਵਾਲੀ ਜ਼ਮੀਨ ਨੂੰ ਉਹ ਕੀ ਕਰੇ? ਦੂਜੇ ਪਾਸੇ ਇਕ ਵੱਡਾ ਮਾਲਕ ਜਿਸ ਦੀ ਜ਼ਮੀਨ ਢਾਬ ਨਾਲ ਲੱਗਦੀ ਸੀ, ਉਸ ਨੂੰ ਇਸ ਢਾਬ ਦਾ ਇਕ ਮਰਲਾ ਵੀ ਨਹੀਂ ਸੀ ਪਾਇਆ। ਮੈਂ ਬਾਬੂ ਨੂੰ ਉਸ ਦੇ ਖੂਹ ਨਾਲ ਲਾ ਦਿੱਤਾ ਅਤੇ ਉਪਰੋਕਤ ਵੱਡੇ ਮਾਲਕ ਨੂੰ ਢਾਬ ਵਾਲੀ ਜ਼ਮੀਨ ਦਾ ਕੁਝ ਹਿੱਸਾ ਪਾ ਦਿੱਤਾ। ਮੈਂ ਇਕ ਅਸੂਲ ਬਣਾ ਲਿਆ ਕਿ ਧੱਕੇ ਨੂੰ ਜ਼ਰੂਰ ਦੂਰ ਕਰਨਾ ਹੈ ਤੇ ਪਹਿਲੇ ਧੱਕੇਖੋਰ ਨਾਲ ਵੀ ਬੇਇਨਸਾਫ਼ੀ ਨਹੀਂ ਕਰਨੀ। ਸ਼ਿਕਾਇਤ ਕਰਨ ਵਾਲਿਆਂ ਤੋਂ ਛੁਟ ਹੋਰ ਵੀ ਕਿਤਨੇ ਲੋਕ ਸਨ ਜਿਨ੍ਹਾਂ ਨੇ ਆਪਣੇ ਨਾਲ ਹੋਈ ਬੇਇਨਸਾਫ਼ੀ ਮੇਰੇ ਧਿਆਨ ਵਿਚ ਲਿਆਂਦੀ ਤਾਂ ਮੈਂ ਉਸ ਦੀ ਵੀ ਤਸੱਲੀ ਕਰਾ ਦਿੱਤੀ। ਮੇਰੀ ਕੀਤੀ ਮੁਰੱਬੇਬੰਦੀ ਵਿਰੁੱਧ ਕਿਸੇ ਛੋਟੇ ਕਿਸਾਨ ਨੇ ਸ਼ਿਕਾਇਤ ਨਹੀਂ ਕੀਤੀ। ਦੋ-ਤਿੰਨ ਵੱਡੇ ਮਾਲਕਾਂ ਨੇ ਸ਼ਿਕਾਇਤਾਂ ਕੀਤੀਆਂ ਪਰ ਮੌਕਾ ਦੇਖਣ ਵਾਲੇ ਅਫਸਰਾਂ ਨੇ ਉਹ ਸ਼ਿਕਾਇਤਾਂ ਵਾਧੂ ਕਹਿ ਕੇ ਰੱਦ ਕਰ ਦਿੱਤੀਆਂ।

ਇਸ ਮੁਰੱਬੇਬੰਦੀ ਵਿਚ ਹਰੀਜਨਾਂ ਨੂੰ ਵੀ ਸਾਂਝੇ ਕਾਰਜਾਂ ਲਈ ਕੁਝ ਜ਼ਮੀਨ ਦਿੱਤੀ ਅਥਵਾ ਘਰਾਂ ਦਾ ਢੇਰ ਕੂੜਾ ਸੁੱਟਣ ਲਈ ਜੁਦਾ ਰਕਬਾ ਰੱਖਿਆ ਗਿਆ। ਬਰਸਾਤੀ ਪਾਣੀ ਦੇ ਲਾਂਘੇ ਵਾਸਤੇ ਇਕ ਕੂਹਲ ਕੱਢ ਦਿੱਤੀ ਜਿਸ ਨਾਲ ਢਾਬ ਵਾਲੀ ਜ਼ਮੀਨ ਦਾ

ਤਕੜਾ ਹਿੱਸਾ ਖੇਤੀ ਦੇ ਕੰਮ ਆਉਣ ਲੱਗਿਆ ਅਥਵਾ ਬਰਸਾਤ ਵਿਚ ਪਿੰਡ ਵਿਚ ਵੜਨ ਵਾਲੇ ਪਾਣੀ ਦੀ ਰੋਕ ਹੋ ਗਈ।

## ਪਿੰਡ ਦਾ ਸਰਪੰਚ ਬਨਣਾ

1952 'ਚ ਪਿੰਡ ਵਿਚ ਪੰਚਾਇਤ ਦੀ ਪਹਿਲੀ ਚੋਣ ਹੋਈ ਤਾਂ 5 ਮੈਂਬਰਾਂ 'ਚੋਂ ਦੋ ਮੇਰੇ ਪੱਖੀ ਸਨ ਅਤੇ ਦੋ ਮੇਰੇ ਵਿਰੋਧੀ ਸਨ। ਪੰਜਵਾਂ ਮੈਂਬਰ ਰਾਮਾ ਆਦਧਰਮੀ ਸੀ। ਇਨ੍ਹਾਂ ਪੰਜਾਂ ਮੈਂਬਰਾਂ ਨੇ ਆਪਣੇ ਵਿਚੋਂ ਇਕ ਸਰਪੰਚ ਚੁਨਣਾ ਸੀ। ਜਿਧਰ ਰਾਮਾਂ ਵੋਟ ਕਰਦਾ ਉਸ ਨੇ ਸਰਪੰਚ ਬਣ ਜਾਣਾ ਸੀ। ਆਮ ਆਦਿਧਰਮੀ ਮੇਰੇ ਹਮੈਤੀ ਸਨ। ਉਨ੍ਹਾਂ ਰਾਮੇ ਨੂੰ ਠੋਕ ਕੇ ਦੱਸ ਦਿੱਤਾ ਕਿ ਤੇਰੀ ਵੋਟ ਚੈਨ ਨੂੰ ਜਾਣੀ ਚਾਹੀਦੀ ਹੈ। ਵਿਰੋਧੀਆਂ ਨੇ ਸੋਚਿਆ ਕਿ ਸਰਪੰਚੀ ਵਾਸਤੇ ਰਾਮੇ ਦਾ ਨਾਮ ਪੇਸ਼ ਕਰਕੇ ਆਪਣੀਆਂ ਦੋ ਵੋਟਾਂ ਉਸ ਨੂੰ ਪਾ ਕੇ ਸਰਪੰਚ ਬਣਾ ਦੇਈਏ। ਮੇਰੇ ਹਮੈਤੀ ਪੰਚ ਨੇ ਮੇਰਾ ਨਾਮ ਸਰਪੰਚੀ ਲਈ ਪੇਸ਼ ਕੀਤਾ ਤਾਂ ਦੋਹਾਂ ਵਿਰੋਧੀਆਂ ਨੇ ਰਾਮੇ ਦਾ ਨਾਮ ਲੈ ਦਿੱਤਾ। ਪਰ ਰਾਮੇ ਨੇ ਆਪਣੀ ਵੋਟ ਆਪਣੇ ਆਪ ਨੂੰ ਨਹੀਂ ਪਾਈ ਆਪਣੇ ਭਾਈਚਾਰੇ ਦੇ ਕਹੇ ਮੈਨੂੰ ਪਾ ਦਿੱਤੀ। ਨਤੀਜੇ ਵਜੋਂ ਮੈਂ ਪਿੰਡ ਦਾ ਸਰਪੰਚ ਬਣ ਗਿਆ। ਮੈਂ 12 ਸਾਲ ਪਾਰਟੀ ਦੀਆਂ ਡਿਊਟੀਆਂ ਵੀ ਨਿਭਾਈਆਂ ਅਤੇ ਸਰਪੰਚੀ ਦਾ ਕੰਮ ਵੀ ਪੂਰੀ ਤਰ੍ਹਾਂ ਨਿਭਾਇਆ। ਮੈਂ ਆਪਣੇ ਵਿਰੋਧੀ ਪੰਚਾਂ ਨੂੰ ਵੀ ਪੂਰਾ ਮਾਣ-ਸਤਿਕਾਰ ਦੇ ਕੇ ਆਪਣੇ ਨਾਲ ਸਹਿਮਤ ਕਰ ਲਿਆ। ਮੈਂ ਆਪਣੀ ਸਰਪੰਚੀ ਵਿਚ ਸਾਰੇ ਪਿੰਡ ਦੀਆਂ ਗਲੀਆਂ ਵਿਚ ਫਰਸ਼ ਲੁਆ ਦਿੱਤੇ ਅਤੇ ਘਰਾਂ ਦੇ ਪਾਣੀ ਦੇ ਨਿਕਾਸ ਲਈ ਨਾਲੀਆਂ ਵੀ ਬਣਾ ਦਿੱਤੀਆਂ। ਆਦਿਧਰਮੀਆਂ ਦੇ ਮੁਹੱਲੇ ਵਿਚ ਵੀ ਇਹ ਸਭ ਕੁਝ ਕੀਤਾ ਅਥਵਾ ਉਨ੍ਹਾਂ ਦੇ ਬੈਠਣ-ਉੱਠਣ ਵਾਸਤੇ ਇਕ ਤਕੜਾ ਚੌਂਤਾ ਬਣਵਾ ਦਿੱਤਾ। ਅੱਜ ਤੱਕ ਹਰੀਜਨਾਂ ਅਤੇ ਉਨ੍ਹਾਂ ਦੇ ਪਸ਼ੂਆਂ ਨੂੰ ਪਿੰਡ ਦੇ ਸਾਂਝੇ ਛੱਪੜਾਂ ਵਿਚ ਵੜਨ ਦੀ ਖੁਲ੍ਹ ਨਹੀਂ ਸੀ। ਨਵੇਂ ਪੰਚਾਇਤੀ ਐਕਟ ਅਨੁਸਾਰ ਹੁਣ ਪਿੰਡ ਦੀਆਂ ਸਾਰੀਆਂ ਸ਼ਾਮਲਾਤਾਂ ਉੱਤੇ ਪਿੰਡ ਦੇ ਸਾਰੇ ਲੋਕਾਂ ਦਾ ਅਧਿਕਾਰ ਹੈ। ਭਾਵੇਂ ਪੁਰਾਣੇ ਕੁਝ ਬਜ਼ੁਰਗਾਂ ਨੇ ਇਸ ਨੂੰ ਬੁਰਾ ਮਨਾਇਆ।

ਇਕ ਕੰਮ ਮੈਂ ਹੋਰ ਅਜਿਹਾ ਕੀਤਾ ਜਿਸ ਨਾਲ ਸਾਰੇ ਆਦਧਿਰਮੀ ਮੇਰੀ ਢੋਅ ਬਣ ਗਏ। ਸਾਡੇ ਪਿੰਡ ਦਾ ਬਹੁਤਾ ਪਾਣੀ ਤਾਂ ਪਿੰਡ ਦੇ ਵੱਡੇ ਦਰਵਾਜ਼ੇ ਵਿਚੋਂ ਨਿਕਲ ਕੇ ਸਾਂਝੇ ਰਾਹ ਵਿਚ ਪੈ ਜਾਂਦਾ ਸੀ। ਪਰ ਮੇਰੇ ਘਰ ਤੋਂ ਅੱਗੇ ਪੰਜ-ਛੇ ਘਰਾਂ ਦਾ ਪਾਣੀ ਦੂਜੇ ਪਾਸੇ ਨੂੰ ਇਕ ਆਦਧਿਰਮੀ ਦੇ ਕਮਰੇ ਵਿਚਕਾਰ ਦੀ ਨਿਕਲਦਾ ਸੀ। ਰਿਹਾਇਸੀ ਮਕਾਨ ਅਤੇ ਉਸ ਦੇ ਅੰਦਰ ਗੰਦੇ-ਮੰਦੇ ਪਾਣੀ ਦੀ ਨਾਲੀ-ਇਹ ਤਾਂ ਨਰਕ ਸਮਾਨ ਵਰਤਾਰਾ ਸੀ। ਜਦੋਂ ਪਿੰਡ ਵਿਚ ਪਾਣੀ ਦੇ ਨਿਕਾਸ ਲਈ ਨਾਲੀਆਂ ਬਣਾਈਆਂ ਤਾਂ ਮੈਂ ਉਸ ਨਰਕ ਨੂੰ ਬੰਦ ਕਰਨ ਦਾ ਫ਼ੈਸਲਾ ਕਰਕੇ ਉਸ ਪਾਸੇ ਨੂੰ ਜਾਣ ਵਾਲਾ ਪਾਣੀ ਬੰਦ

ਕਰ ਦਿੱਤਾ ਅਤੇ ਨਾਲੀ ਬਣਾ ਕੇ ਉਹ ਸਾਰਾ ਪਾਣੀ ਉਲਟ ਪਾਸੇ ਨੂੰ ਮੋੜ ਕੇ ਬਾਕੀ ਪਿੰਡ ਦੇ ਪਾਣੀ ਨਾਲ ਰਲਾ ਦਿੱਤਾ। ਭਾਵੇਂ ਇਸ ਨਾਲ ਮੇਰੇ ਆਪਣੇ ਘਰ ਦੀ ਦਿੱਕਤ ਵਧੀ। ਪਹਿਲਾਂ ਦੋਹਾਂ ਪਾਸਿਆਂ ਨੂੰ ਪਾਣੀ ਜਾਣ ਕਰਕੇ ਮੇਰੇ ਘਰ ਦਾ ਅੱਗਾ ਉੱਚਾ ਹੋ ਗਿਆ ਅਤੇ ਇਕ ਪੌੜੀ ਚੜ੍ਹਕੇ ਅੰਦਰ ਜਾਣਾ ਪੈਂਦਾ ਸੀ। ਜਦੋਂ ਮੈਂ ਘਰਾਂ ਦਾ ਪਾਣੀ ਗਲੀ ਦੇ ਵਿਚਕਾਰੋਂ ਜਾਣ ਦੀ ਥਾਂ ਦੋਨੋਂ ਪਾਸੀਂ ਪੱਕੀਆਂ ਨਾਲੀਆਂ ਬਨਾਉਣ ਦਾ ਕੰਮ ਸ਼ੁਰੂ ਕੀਤਾ ਤਾਂ ਇਕ ਮੀਹਾਂ ਸਿੰਘ ਨਾਂ ਦੇ ਬਜ਼ੁਰਗ ਨੇ ਅੜਿੱਕਾ ਡਾਹ ਦਿੱਤਾ ਕਿ ਅਸੀਂ ਕੰਧਾਂ ਦੇ ਨਾਲ ਨਾਲੀਆਂ ਨਹੀਂ ਬਨਣ ਦੇਣੀਆਂ। ਮੈਂ ਬਥੇਰਾ ਸਮਝਇਆ ਕਿ ਨਾਲੀਆਂ ਦੇ ਮਸਲੇ 'ਤੇ ਕੋਈ ਝਮੇਲਾ ਨਾ ਖੜ੍ਹਾ ਕਰ, ਪਰ ਉਹ ਤਾਂ ਨਾਲ਼ੀ ਦੇ ਕੰਮ ਨੂੰ ਰੋਕ ਕੇ ਬੈਠ ਗਿਆ। ਮੈਂ ਮੀਂਹਾਂ ਦੀ ਖੇਹ ਖ਼ੁਆਰੀ ਕੀਤੇ ਬਿਨਾਂ ਇਕ ਸਕੀਮ ਬਣਾਈ। ਨਜ਼ਦੀਕੀ ਪਿੰਡ ਪਾਸਲੇ ਨੂਰਮਹਿਲ ਦਾ ਥਾਣੇਦਾਰ ਆਇਆ ਹੋਇਆ ਸੀ ਅਤੇ ਮੇਰਾ ਬਹੁਤ ਸਤਿਕਾਰ ਕਰਦਾ ਸੀ। ਮੈਂ ਉਸ ਨੂੰ ਮਿਲਕੇ ਇਸ ਝੰਜਟ ਦਾ ਹੱਲ ਕਰਨ ਦੀ ਸਕੀਮ ਬਣਾਈ। ਥਾਣੇਦਾਰ ਦੇ ਭੇਜੇ ਹੋਏ ਦੋ ਸਿਪਾਹੀ ਸਾਡੇ ਪਿੰਡ ਆ ਕੇ ਮੀਹਾਂ ਨੂੰ ਗ੍ਰਿਫ਼ਤਾਰ ਕਰਕੇ ਪਾਸਲੇ ਥਾਣੇਦਾਰ ਕੋਲ ਲੈ ਗਏ। ਥਾਣੇਦਾਰ ਨੇ ਮੀਹੇਂ ਨੂੰ ਆਖਿਆ ਕਿ ਤੈਨੂੰ ਪੰਚਾਇਤ ਦੇ ਕੰਮ ਵਿਚ ਰੋਕ ਪਾਉਣ ਦੇ ਦੋਸ਼ ਵਿਚ ਥਾਣੇ ਲੈ ਜਾਣਾ ਹੈ। ਪੰਦਰਾਂ-ਵੀਹ ਮਿੰਟ ਬਾਅਦ ਮੈਂ ਪਾਸਲੇ ਥਾਣੇਦਾਰ ਪਾਸ ਜਾ ਕੇ ਇਸ ਬਜ਼ੁਰਗ ਨੂੰ ਗ੍ਰਿਫਤਾਰ ਕਰਨ ਉਤੇ ਰੋਸ ਪ੍ਰਗਟ ਕੀਤਾ। ਥਾਣੇਦਾਰ ਨੇ ਕਿਹਾ ਕਿ ਸਾਰੇ ਲੋਕਾਂ ਵਿਚ ਦੁਹਾਈ ਪਈ ਹੋਈ ਹੈ ਕਿ ਮੀਹਾਂ ਨੇ ਨਾਲੀਆਂ ਬਣਨੀਆਂ ਰੋਕੀਆਂ ਹੋਈਆਂ ਹਨ। ਮੈਂ ਕਿਹਾ, ਜੀ ਹੁਣ ਐਸੀ ਕੋਈ ਗੱਲ ਨਹੀਂ, ਮੈਂ ਮੀਹਾਂ ਨੂੰ ਸਮਝਾ ਦਿੱਤਾ ਸੀ ਕਿ ਗਲੀ ਦੇ ਦੋਹੀਂ ਪਾਸੀਂ ਨਾਲੀਆਂ ਬਣ ਜਾਣ ਨਾਲ ਬਜ਼ੁਰਗਾਂ ਸਮੇਤ ਸਾਰੇ ਲੋਕਾਂ ਦਾ ਲੰਘਣਾ ਸੌਖਾ ਹੋ ਜਾਵੇਗਾ ਅਤੇ ਨਾਲੀਆਂ ਦੀ ਸਫਾਈ ਵਾਸਤੇ ਇਕ ਮੁਲਾਜ਼ਮ ਰੱਖ ਲੈਣਾ ਹੈ।

ਸਰਪੰਚੀ ਦਾ ਦੂਜਾ ਪੀਰੀਅਡ ਬੜੀ ਸਫ਼ਲਤਾ ਨਾਲ ਨਿਭਾਇਆ ਅਤੇ ਪਿੰਡ ਲਈ ਹੋਰ ਕਈ ਉਸਾਰੂ ਕੰਮ ਕੀਤੇ, ਜਿਵੇਂ ਕਿ ਪੰਡ ਵਿਚ ਬਿਜਲੀ ਲਿਆਉਣਾ, ਸਹਿਕਾਰੀ ਸਭਾਵਾਂ ਬਣਾਉਣਾ ਤੇ ਬੈਂਕ ਲਈ ਬਿਲਡਿੰਗ ਉਸਾਰਨਾ ਆਦਿ। ਮੇਰੀ ਜੀਵਨ ਸਾਥਣ ਸ਼ੁਸ਼ੀਲਾ ਨੇ ਇਨ੍ਹਾਂ ਕੰਮਾਂ ਵਿਚ ਮੇਰੀ ਨਿਠ ਕੇ ਸਹਾਇਤਾ ਹੀ ਨਹੀਂ ਕੀਤੀ ਸਗੋਂ ਕਈ ਕੰਮ ਖ਼ੁਦ ਸਿਰ ਕੀਤੇ।

## ਬੜਾ ਪਿੰਡ ਅਸੰਬਲੀ ਸੀਟ ਲੜਨ ਦਾ ਹੁਕਮ

1969 ਵਿਚ ਕਮਿਊਨਿਸਟ ਪਾਰਟੀ ਦੀ ਤਹਿਸੀਲ ਫਿਲੌਰ ਕਮੇਟੀ ਦਾ ਦਫਤਰ ਗੁਰਾਇਆ ਵਿਖੇ ਹੁੰਦਾ ਸੀ। ਇਕ ਸ਼ਾਮ ਸੂਬਾ ਕਮੇਟੀ ਦੇ ਮੈਂਬਰ ਕਾਮਰੇਡ ਸਤੀਸ਼ ਲੂੰਬਾ ਸਿੱਧੇ ਚੰਡੀਗੜ੍ਹ ਤੋਂ ਕਾਰ ਵਿਚ ਉਸ ਦਫਤਰ ਆਏ। ਉਨ੍ਹੀਂ ਦਿਨੀਂ ਮੈਂ ਇਸ ਦਫਤਰ

ਵਿਚ ਹੀ ਰਹਿੰਦਾ ਸੀ। ਕਾਮਰੇਡ ਸਤੀਸ਼ ਲੂੰਬਾ ਨੂੰ ਮੈਂ ਚਾਹ-ਰੋਟੀ ਬਾਰੇ ਪੁੱਛਿਆ। ਪਰ ਉਨ੍ਹਾਂ ਮੈਨੂੰ ਇਕ ਪੱਤਰ ਪੜ੍ਹਨ ਲਈ ਦੇ ਦਿੱਤਾ। ਉਸ ਵਿਚ ਮੈਨੂੰ ਅਗਲੀ ਸਵੇਰ ਬੜਾ ਪਿੰਡ ਅਸੰਬਲੀ ਸੀਟ ਉੱਤੇ ਖੜ੍ਹੇ ਹੋਣ ਲਈ ਕਾਗਜ਼ ਦਾਖ਼ਲ ਕਰਨ ਦਾ ਹੁਕਮ ਸੀ। ਮੈਂ ਸਤੀਸ਼ ਜੀ ਨੂੰ ਪੁੱਛਿਆ ਕਿ ਨਾ ਮੈਂ ਇਹ ਸੀਟ ਲੜਨਾ ਚਾਹੁੰਦਾ ਹਾਂ ਨਾ ਸਾਡੀ ਜ਼ਿਲ੍ਹਾ ਕਮੇਟੀ, ਸੂਬਾ ਕਮੇਟੀ ਨੇ ਇਹ ਕੱਛ ਵਿਚੋਂ ਮੂੰਗਲੀ ਕਿਉਂ ਕੱਢ ਮਾਰੀ ਹੈ! ਸਤੀਸ਼ ਜੀ ਦਾ ਜਵਾਬ ਸੀ ਕਿ ਕਾਮਰੇਡ ਸੁਰਜੀਤ ਨੇ ਇਸ ਵੇਰੀ ਅਕਾਲੀਆਂ ਨੂੰ ਕੱਲਿਆਂ ਹੀ ਮਿਲ ਕੇ ਆਪਣੇ ਲਈ ਸੀਟਾਂ ਛੁੜਾ ਲਈਆਂ ਹਨ। ਪਿਛਲੀ ਵਾਰ ਵਾਂਗ ਸਾਡੇ ਨਾਲ ਮਿਲ ਕੇ ਅਕਾਲੀ ਪਾਰਟੀ ਨਾਲ ਗੱਲਬਾਤ ਨਹੀਂ ਕੀਤੀ। ਉਸ ਨੇ ਆਪਣੇ ਲਈ ਬੜਾ ਪਿੰਡ ਸੀਟ ਛੁੜਾ ਲਈ ਹੈ, ਤੇ ਹੁਣ ਸਾਡਾ ਨਿਸ਼ਾਨਾ ਉਸ ਨੂੰ ਹਰਾਉਣਾ ਹੈ। ਮੈਂ ਕਿਹਾ ਕਿ ਹੁਣ ਉਸ ਨਾਲ ਗੱਲਬਾਤ ਕਰਕੇ ਬੜਾ ਪਿੰਡ ਸੀਟ ਦੇ ਬਦਲੇ ਹੋਰ ਕੋਈ ਵਧੀਆ ਸੀਟ ਲੈ ਲਉ। ਕਾਮਰੇਡ ਸਤੀਸ਼ ਨੇ ਕਿਹਾ ਕਿ ਤੇਰੀ ਕੋਈ ਗੱਲ ਫੇਰ ਸੁਣਾਂਗੇ ਪਹਿਲਾਂ ਸਵੇਰੇ ਪਾਰਟੀ ਦੇ ਹੁਕਮਨਾਮੇ ਉੱਤੇ ਅਮਲ ਕਰ। ਮੈਂ ਕਿਹਾ ਕਿ ਮੇਰੀ ਤੇ ਸੁਰਜੀਤ ਦੀ ਲੜਾਈ ਦਾ ਨਤੀਜਾ ਦੋਹਾਂ ਦੀ ਹਾਰ ਹੋਊ ਅਥਵਾ ਕਾਂਗਰਸੀ ਉਮੀਦਵਾਰ ਜੇਤੂ। ਕਾਮਰੇਡ ਸਤੀਸ਼ ਨੇ ਮੈਨੂੰ ਹੋਰ ਕੋਈ ਗੱਲ ਕਹਿਣ ਤੋਂ ਰੋਕ ਦਿੱਤਾ।

ਮੈਂ ਫੇਰ ਕਿਹਾ ਕਿ ਜ਼ਿਲ੍ਹਾ ਪਾਰਟੀ ਵਿਚ ਤਾਂ ਇਹ ਸੀਟ ਲੜਨ ਅਤੇ ਪਾਰਟੀ ਉਮੀਦਵਾਰ ਮੇਰੇ ਹੋਣ ਦੀ ਕੋਈ ਗੱਲ ਨਹੀਂ ਹੋਈ। ਜ਼ਿਲ੍ਹੇ ਤੋਂ ਪੁੱਛੇ ਬਿਨਾਂ ਮੈਂ ਖੜ੍ਹਾ ਨਹੀਂ ਹੋਣਾ। ਕਾਮਰੇਡ ਸਤੀਸ਼ ਨੇ ਕਿਹਾ ਕਿ ਇਹ ਗੱਡੀ ਲੈ ਕੇ ਹੁਣੇ ਮੇਰੇ ਨਾਲ ਤੁਰ ਪਉ। ਆਪਾਂ ਰਾਤੋ-ਰਾਤ ਇਸ ਸੀਟ ਦੇ ਸਾਰੇ ਮੈਂਬਰਾਂ ਨੂੰ ਇਤਲਾਹ ਦੇ ਕੇ ਕੱਲ੍ਹ ਬਾਰਾਂ ਵਜੇ ਮੀਟਿੰਗ ਕਰ ਲੈਣੀ ਹੈ। ਜੇ ਉਸ ਮੀਟਿੰਗ ਨੇ ਪਾਸ ਕਰ ਦਿੱਤਾ ਤਾਂ ਤੇਰਾ ਧੁੜਕੂ ਮੁਕ ਜਾਊ। ਸੋ ਸਾਡੇ ਇਸ ਜਤਨ ਨਾਲ ਅਗਲੇ ਦਿਨ ਇਸ ਸੀਟ ਦੇ ਲਗਭਗ ਸਾਰੇ ਮੈਂਬਰ ਇਕੱਠੇ ਹੋ ਗਏ। ਸਾਰਿਆਂ ਨੇ ਇਹ ਸੀਟ ਹਰ ਸੂਰਤ ਲੜਨ ਦਾ ਫ਼ੈਸਲਾ ਕਰ ਲਿਆ। ਮੇਰੀ ਬੇਨਤੀ ਦੇ ਬਾਵਜੂਦ ਕਿਸੇ ਹੋਰ ਸਾਥੀ ਨੇ ਖੜ੍ਹਾ ਹੋਣਾ ਪਰਵਾਨ ਨਹੀਂ ਕੀਤਾ।

ਹੁਣ ਹੋਰ ਕੋਈ ਚਾਰਾ ਨਾ ਰਿਹਾ। ਅਗਲੇ ਦਿਨ ਮੈਂ ਬੜਾ ਪਿੰਡ ਸੀਟ ਉੱਤੇ ਕਾਗਜ਼ ਦਾਖ਼ਲ ਕਰ ਦਿੱਤੇ। ਸਤੀਸ਼ ਦੇ ਮਸ਼ਵਰੇ ਅਨੁਸਾਰ ਸਾਰੇ ਸਾਥੀਆਂ ਪੁੱਜ ਕੇ ਜ਼ੋਰ ਲਾਇਆ। ਮੈਂ ਵੀ ਹਰ ਪਿੰਡ ਪਹੁੰਚ ਕੀਤੀ। ਫੰਡ ਵੀ ਗੁਜ਼ਾਰੇ ਯੋਗ ਹੋ ਗਿਆ। ਸੋ ਬੜਾ ਪਿੰਡ ਸੀਟ ਉੱਤੇ ਅਖੀਰ ਤੱਕ ਪੂਰਾ ਯੁੱਧ ਹੋਇਆ। ਪਰ ਨਤੀਜਾ ਓਹੀ ਨਿਕਲਿਆ ਕਿ ਕਾਂਗਰਸੀ ਉਮੀਦਵਾਰ ਉਮਰਾਓ ਸਿੰਘ ਜਿੱਤ ਗਿਆ ਅਤੇ ਸੁਰਜੀਤ ਹੋਰੀ ਓਨੀਆਂ ਕੁ ਵੋਟਾਂ ਨਾਲ ਹਾਰ ਗਏ ਜਿੰਨੀਆਂ ਕੁ ਮੈਨੂੰ ਪਈਆਂ ਸਨ।

ਕਾਮਰੇਡ ਸੁਰਜੀਤ ਦੀ ਜਿੱਤ ਦੀ ਆਸ ਵਿਚ ਉਸ ਦੇ ਹਮਾਇਤੀ ਭਾਰੀ ਗਿਣਤੀ ਵਿਚ ਵੋਟਾਂ ਦੀ ਗਿਣਤੀ ਵੇਲੇ ਫਿਲੌਰ ਇਕੱਠੇ ਹੋਏ ਸਨ। ਮੇਰੇ ਨਾਲ ਤਾਂ ਅੱਠ-

ਦਸ ਸਾਥੀ ਸਨ। ਨਤੀਜਾ ਸੁਣ ਕੇ ਕਾਮਰੇਡ ਸੁਰਜੀਤ ਦੇ ਹਾਮੀ ਮੈਨੂੰ ਗਾਲ੍ਹਾਂ ਕੱਢਦੇ ਮੇਰੀ ਮਾਰ-ਕੁੱਟ ਵਾਸਤੇ ਮੇਰੇ ਵੱਲ ਵਧਣ ਲੱਗੇ ਤਾਂ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਅਤੇ ਗੁਰਬਖ਼ਸ਼ ਸਿੰਘ ਅੱਟਾ ਨੇ ਉਨ੍ਹਾਂ ਦਾ ਰਾਹ ਰੋਕ ਲਿਆ ਅਤੇ ਕਿਹਾ ਕਿ ਕਾਮਰੇਡ ਚੈਨ ਕਿਹੜਾ ਖੜ੍ਹਾ ਹੋਣਾ ਚਾਹੁੰਦਾ ਸੀ। ਪਰ ਉਸ ਦੀ ਪਾਰਟੀ ਦੇ ਡੰਡੇ ਕਰਕੇ ਉਸ ਨੂੰ ਅਜਿਹਾ ਕਰਨਾ ਪਿਆ। ਉਸ ਨੇ ਪਾਰਟੀ ਡਸਿਪਲਨ ਮੰਨਣ ਦੀ ਮਿਸਾਲ ਕਾਇਮ ਕੀਤੀ ਹੈ। ਜਿਸ ਬੰਦੇ ਨੇ ਕਾਮਰੇਡ ਚੈਨ ਨੂੰ ਬੁਰਾ ਭਲਾ ਕਹਿਕੇ ਮਾਰਨ ਕੁੱਟਣ ਦੀ ਹਰਕਤ ਕਰਨੀ ਹੈ, ਪਹਿਲਾਂ ਉਹ ਸਾਡੇ ਨਾਲ ਸਿਝ ਲਵੇ। ਫੇਰ ਕੀ ਸੀ, ਚੁੱਪ-ਚਾਂ ਹੋ ਗਈ। ਮੈਂ ਆਪਣੇ ਦਸ-ਬਾਰਾਂ ਸਾਥੀਆਂ ਸਮੇਤ ਸਹੀ ਸਲਾਮਤ ਆਪਣੇ ਰਾਹ ਲੱਗਾ। ਕਾਮਰੇਡ ਸਵਰਨ ਸਿੰਘ ਅਕਲਪੁਰੀ ਆਪਣੇ ਸਾਈਕਲ ਉੱਤੇ ਬਿਠਾ ਕੇ ਮੈਨੂੰ ਆਪਣੇ ਘਰ ਲੈ ਗਿਆ।

## ਪਾਰਟੀ ਮੈਂਬਰਾਂ ਨੂੰ 1970 ਦੇ ਕਾਰਡ ਦੇਣ ਸਬੰਧੀ ਜ਼ਿਲ੍ਹਾ ਜਲੰਧਰ ਦਾ ਨਿਵੇਕਲਾ ਤਜਰਬਾ

1970 ਵਿਚ ਮੈਂ ਜਦ ਜ਼ਿਲ੍ਹਾ ਸਕੱਤਰ ਸਾਂ ਤਾਂ ਮੈਂ ਜ਼ਿਲ੍ਹਾ ਕਮੇਟੀ ਅੰਦਰ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਚਾਰ ਸੁਝਾਉ ਰੱਖੇ।

(1) ਜਨਤਕ ਜਥੇਬੰਦੀਆਂ ਦੇ ਸਹੀ ਸਰੂਪ ਵਾਸਤੇ ਜਰੂਰੀ ਹੈ ਕਿ ਹਰ ਜਨਤਕ ਜਥੇਬੰਦੀ ਦੀ ਆਮ ਮੈਂਬਰਸ਼ਿਪ ਕੀਤੀ ਜਾਵੇ, ਸਥਾਨਕ ਇਕਾਈਆਂ ਦੀਆਂ ਬਾਕਾਇਦਾ ਮੀਟਿੰਗਾਂ ਹੋਣ ਤੇ ਆਪਣੇ ਪਿੰਡ ਜਾਂ ਇਲਾਕੇ ਦੇ ਜਨਤਕ ਮਸਲਿਆਂ ਉੱਤੇ ਜਨਤਕ ਲਾਮਬੰਦੀ ਕੀਤੀ ਜਾਵੇ।

(2) ਹਰ ਜਨਤਕ ਫਰੰਟ (ਕਿਸਾਨ ਸਭਾ ਜਾਂ ਖੇਤ ਮਜ਼ਦੂਰ ਸਭਾ) ਆਪਣੀਆਂ ਕਾਨਫਰੰਸਾਂ ਕਰਕੇ ਫੰਡ ਇਕੱਠਾ ਕਰੇ ਤਾਂ ਜੋ ਜ਼ਿਲ੍ਹਾ ਪਾਰਟੀ ਵੱਲੋਂ ਉਸ ਫਰੰਟ ਦੇ ਇੰਚਾਰਜ ਦੀ ਵੇਜ ਪਾਰਟੀ ਦੀ ਥਾਂ ਜਨਤਕ ਜਥੇਬੰਦੀ ਦੇਵੇ।

(3) ਹਰ ਪਾਰਟੀ ਮੈਂਬਰ ਮਾਰਕਸਵਾਦ ਦੇ ਮੂਲ ਸਿਧਾਂਤਾਂ ਦੀ ਜਾਣਕਾਰੀ ਲਈ ਇਸ ਕਾਰਜ ਵਾਸਤੇ ਲਾਏ ਜਾ ਰਹੇ ਸਕੂਲਾਂ ਨੂੰ ਅਟੈਂਡ ਕਰੇ ਤਾਂ ਜੋ ਉਹ ਕਿਸੇ ਦੀ ਉਂਗਲੀ ਫੜ ਕੇ ਨਹੀਂ ਸਗੋਂ ਆਪਣੇ ਆਪ ਸਰਗਰਮੀ ਕਰ ਸਕੇ।

(4) ਹਰ ਪਾਰਟੀ ਮੈਂਬਰ ਨੂੰ ਆਪਣੀ ਹੈਸੀਅਤ ਅਨੁਸਾਰ ਪਾਰਟੀ ਫੰਡ ਵਿਚ ਹਿੱਸਾ ਪਾਉਣ ਲਈ ਪਾਰਟੀ ਲੇਵੀ ਦਾ ਤਰੀਕਾ ਅਖਤਿਆਰ ਕੀਤਾ ਜਾਵੇ। ਪਹਿਲੇ ਦੋ ਸੁਝਾਉ ਤਾਂ ਅੜਿੱਕੇ-ਫੜਿੱਕੇ ਮਗਰੋਂ ਸਰਵ-ਸੰਮਤੀ ਨਾਲ ਪਰਵਾਨ ਕਰ ਲਏ ਗਏ। ਕੁਲਵਕਤੀ ਪਾਰਟੀ ਵਰਕਰਾਂ ਨੂੰ ਯਕੀਨ ਦੁਆਇਆ ਗਿਆ ਕਿ ਜਦ ਤੱਕ ਜਨਤਕ ਫਰੰਟ ਆਪਣਾ ਯਥਾਯੋਗ ਫੰਡ ਨਾ ਕਰ ਸਕਣ, ਉਨ੍ਹਾਂ ਨੂੰ ਪਾਰਟੀ ਆਪਣੇ ਫੰਡ 'ਚੋਂ

ਵੇਜ ਦਿੰਦੀ ਰਹੇਗੀ ਪਰ ਸਮਾਂ ਪਾ ਕੇ ਹਰ ਫਰੰਟ ਦੀ ਆਜ਼ਾਦ ਫੰਕਸ਼ਨਿੰਗ ਤੇ ਫੰਡ ਆਪਣੇ ਪੈਰਾਂ ਉੱਤੇ ਹੋਵੇ। ਜਦ ਪਾਰਟੀ ਮੈਂਬਰਾਂ ਦਾ ਨਵੀਨੀਕਰਨ ਹੋਣ ਲੱਗਾ ਤਾਂ ਮੈਂ ਬਤੌਰ ਜ਼ਿਲ੍ਹਾ ਸਕੱਤਰ ਨਵੀਨੀਕਰਨ ਲਈ ਦੋ ਸ਼ਰਤਾਂ ਪੂਰੀਆਂ ਕਰਨ ਦਾ ਸੁਝਾਉ ਰੱਖਿਆ:

(1) ਹਰ ਪਾਰਟੀ ਮੈਂਬਰ ਘੱਟੋ-ਘੱਟ ਮਾਰਕਸਵਾਦ ਦੇ ਮੂਲ ਸਿਧਾਂਤਾਂ ਤੋਂ ਜਾਣੂ ਹੋਵੇ। ਇਸ ਦੇ ਵਾਸਤੇ ਸਾਰੇ ਮੈਂਬਰਾਂ ਦੇ ਦੋ-ਦੋ, ਤਿੰਨ-ਤਿੰਨ ਜਾਂ ਚਾਰ-ਚਾਰ ਦਿਨ ਦੇ ਸਟੱਡੀ ਸਰਕਲ ਲਾਏ ਜਾਣਗੇ ਅਤੇ ਹਰ ਮੈਂਬਰ ਨੂੰ ਉਹ ਸਕੂਲ ਅਟੈਂਡ ਕਰਨਾ ਹੋਵੇਗਾ।

(2) ਦੂਜੇ ਹਰ ਮੈਂਬਰ ਆਪਣੀ ਯਥਾ ਸ਼ਕਤ ਪਾਰਟੀ ਖਰਚਾਂ ਲਈ ਲੇਵੀ ਅਦਾ ਕਰੇ।

ਮੈਂ ਸਿੱਖ ਗੁਰੂਆਂ ਦੀ ਉਦਾਹਰਣ ਪੇਸ਼ ਕੀਤੀ ਕਿ ਉਨ੍ਹਾਂ ਨੇ ਹਰ ਸਿੱਖ ਲਈ ਆਪਣੀ ਕਮਾਈ ਦਾ ਦਸਵਾਂ ਹਿੱਸਾ (ਦਸਵੰਧ) ਦੇਣ ਦੀ ਸ਼ਰਤ ਲਾਈ ਸੀ। ਪਰ ਅਸੀਂ ਕਮਿਊਨਿਸਟ ਪਾਰਟੀ ਮੈਂਬਰਾਂ ਉੱਤੇ ਅਜਿਹੀ ਜ਼ੁੰਮੇਵਾਰੀ ਪਾਉਣ ਲਈ ਤਿਆਰ ਨਹੀਂ। ਪਾਰਟੀ ਪਰਿਵਾਰ ਦਾ ਖਰਚਾ ਖੁਦ ਉਹ ਪਰਿਵਾਰ ਪੂਰਾ ਕਰੇ, ਮੰਗਤੇ ਬਣ ਕੇ ਹੋਰ ਲੋਕਾਂ ਤੋਂ ਕਿਉਂ ਲਈਏ।

ਪਾਰਟੀ ਨੂੰ ਢਿੱਲਮ-ਢੌਲੀ ਰੱਖਣ ਵਾਲਿਆਂ ਦਾ ਆਗੂ ਬਣ ਗਿਆ ਕਾਮਰੇਡ ਰਤਨ। ਉਸ ਨੇ ਤਹਿਸੀਲ ਜਲੰਧਰ ਵਿਚ ਮਾਰਕਸਵਾਦ ਦੀ ਮੁੱਢਲੀ ਸਿਖਿਆ ਲਈ ਸਕੂਲ ਲਾਉਣ ਤੋਂ ਆਨਾ-ਕਾਨੀ ਕੀਤੀ। ਪਰ ਕਿਸੇ ਨਾ ਕਿਸੇ ਢੰਗ ਨਾਲ ਇਹ ਕਾਰਜ ਪੂਰਾ ਕਰ ਲਿਆ ਗਿਆ। ਪਾਰਟੀ ਲੇਵੀ ਦੀ ਸ਼ਰਤ ਨੂੰ ਵੀ ਕਿਸੇ ਨੇ ਨਹੀਂ ਛੁਟਿਆਇਆ। ਰਤਨ ਵਾਂਗ ਬੜਾ ਪਿੰਡ ਦੇ ਸਾਥੀਆਂ ਨੂੰ ਮੈਥੋਂ ਕੁਝ ਅਲਰਜੀ ਸੀ। ਉਨ੍ਹਾਂ ਨੇ ਵੀ ਸਟੱਡੀ ਸਰਕਲ ਤੋਂ ਪ੍ਰਹੇਜ਼ ਕੀਤਾ ਪਰ ਮੈਂ ਸੂਬਾ ਸਕੱਤਰ ਕਾਮਰੇਡ ਦਰਸ਼ਨ ਤੋਂ ਉਥੋਂ ਦਾ ਸਕੂਲ ਲਗਵਾ ਦਿੱਤਾ। ਕਾਮਰੇਡ ਰਤਨ ਤੇ ਹੋਰ ਉਸ ਦੇ ਕੁਝ ਹਮਖਿਆਲ ਸਾਥੀਆਂ ਨੇ ਸੂਬਾ ਕਮੇਟੀ ਪਾਸ ਸ਼ਿਕਾਇਤ ਕੀਤੀ ਕਿ ਕਾਮਰੇਡ ਚੈਨ ਨੇ ਪਾਰਟੀ ਅੰਦਰ ਆਪਣਾ ਨਿਵੇਕਲਾ ਰਾਹ ਬਣਾ ਲਿਆ ਹੈ।

ਅਗਲੇ ਸਾਲ 1971 ਵਿਚ ਕੋਚੀਨ ਵਿਖੇ ਪਾਰਟੀ ਕਾਂਗਰਸ ਹੋਈ, ਜਿਸ ਵਿਚ ਲੇਵੀ ਦੇਣਾ ਪਾਰਟੀ ਦੇ ਜਥੇਬੰਦਕ ਨਿਯਮਾਂ ਵਿਚ ਸ਼ਾਮਲ ਕਰ ਲਿਆ ਗਿਆ। ਉਸ ਸਮੇਂ ਮੇਰੇ ਨਾਲ ਮਾਸਟਰ ਹਰੀ ਸਿੰਘ ਬੈਠੇ ਸਨ। ਉਨ੍ਹਾਂ ਵਲਵਲੇ ਵਿਚ ਆ ਕੇ ਆਪਣੀ ਸੀਟ ਉੱਤੇ ਖੜ੍ਹੇ ਹੋ ਕੇ ਆਖਿਆ ਕਿ ਇਹ ਮੇਰੇ ਪਾਸ ਬੈਠਾ ਹੈ ਕਾਮਰੇਡ ਚੈਨ ਜਿਸ ਨੇ ਕੁਝ ਮਹੀਨੇ ਪਹਿਲੋਂ ਪਾਰਟੀ ਮੈਂਬਰ ਲਈ ਲੇਵੀ ਦੀ ਸ਼ਰਤ ਆਪਣੇ ਜ਼ਿਲ੍ਹੇ ਵਿਚ ਲਾਗੂ ਕਰ ਦਿੱਤੀ ਸੀ। ਪਾਰਟੀ ਕਾਂਗਰਸ ਨੇ ਇਕ ਤਰ੍ਹਾਂ ਉਸ ਨੂੰ ਸ਼ਾਬਾਸ਼ ਦਿੱਤੀ ਹੈ।

ਫੇਰ ਸੂਬਾ ਕਮੇਟੀ ਨੇ ਮੈਨੂੰ ਪਾਰਟੀ ਦੇ ਮਾਸਕ ਮੈਗਜ਼ੀਨ 'ਪਾਰਟੀ ਜੀਵਨ' ਵਿਚ

ਜ਼ਿਲ੍ਹਾ ਜਲੰਧਰ ਵਿਚ ਪਿਛਲੇ ਸਾਲ ਦੇ ਪਾਰਟੀ ਕਾਰਡ ਵੰਡਣ ਵਿਚ ਆਪਣੇ ਤਜ਼ਰਬੇ ਬਾਰੇ ਲੇਖ ਲਿਖਣ ਦਾ ਆਦੇਸ਼ ਦਿੱਤਾ। ਉਹ ਲੇਖ ਇਨ-ਬਿਨ ਹਾਜ਼ਰ ਹੈ:

ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੀ ਹਦਾਇਤ ਸੀ ਕਿ ਪਾਰਟੀ ਮੈਂਬਰਾਂ ਨੂੰ ਨਵੇਂ ਸਾਲ ਦੇ ਕਾਰਡ ਦੇਣ ਦੇ ਸਵਾਲ ਨੂੰ ਇਕ ਰਸਮੀ ਤੇ ਰਵਾਜੀ ਕੰਮ ਨਾ ਸਮਝਿਆ ਜਾਏ ਸਗੋਂ ਹਰ ਮੈਂਬਰ ਦੇ ਕੰਮ ਦੀ ਕੁਝ ਨਾ ਕੁਝ ਪੜਚੋਲ ਕੀਤੀ ਜਾਏ ਅਤੇ ਇਹ ਦੇਖਿਆ ਜਾਏ ਕਿ ਪਾਰਟੀ ਮੈਂਬਰ ਮੁੱਢਲੀਆਂ ਸ਼ਰਤਾਂ ਨੂੰ ਕਿਸ ਹੱਦ ਤੱਕ ਪੂਰੇ ਕਰਦੇ ਹਨ। ਜਲੰਧਰ-ਕਪੂਰਥਲਾ ਦੀ ਜ਼ਿਲ੍ਹਾ ਕੌਂਸਲ ਨੇ ਇਸ ਹਦਾਇਤ ਅਨੁਸਾਰ ਫ਼ੈਸਲਾ ਕੀਤਾ ਕਿ ਦੋ ਸ਼ਰਤਾਂ ਇਸ ਸਾਲ ਜ਼ਰੂਰ ਲਾਗੂ ਕੀਤੀਆਂ ਜਾਣ। ਇਕ ਪਾਰਟੀ ਵੱਲੋਂ ਨੀਯਤ ਕੀਤੇ ਆਰੰਭਕ ਸਟੱਡੀ ਸਰਕਲ ਵਿਚ ਆਉਣ ਦੀ ਅਤੇ ਦੂਜੀ ਪਾਰਟੀ ਲੇਵੀ ਅਦਾ ਕਰਨ ਦੀ। ਇਹ ਸ਼ਰਤਾਂ ਲਾਜ਼ਮੀ ਕਰਨ ਦੇ ਨਾਲ ਨਾਲ ਇਹ ਵੀ ਫ਼ੈਸਲਾ ਲਿਆ ਗਿਆ ਕਿ ਇਹ ਸ਼ਰਤਾਂ ਵੱਧ ਤੋਂ ਵੱਧ ਨਰਮ ਤੇ ਸੁਖਾਲੀਆ ਕੀਤੀਆਂ ਜਾਣ। ਇਹ ਮੁੱਖ ਰੱਖ ਕੇ ਸਕੂਲ ਦਾ ਸਮਾਂ ਤਿੰਨ ਦਿਨ ਦੀ ਥਾਂ ਪੰਜ-ਛੇ ਘੰਟੇ ਰੱਖਿਆ ਗਿਆ। ਤਿੰਨ ਘੰਟੇ ਵਿਚ ਪਾਰਟੀ ਪ੍ਰੋਗਰਾਮ ਅਤੇ ਦੋ ਘੰਟੇ ਵਿਚ ਪਾਰਟੀ ਜਥੇਬੰਦੀ ਦਾ ਲੈਕਚਰ। ਪੱਚੀ-ਤੀਹ ਮੈਂਬਰਾਂ ਦੇ ਗਰੁੱਪ ਲਈ ਇਕ ਸਕੂਲ ਨੀਯਤ ਕੀਤਾ ਗਿਆ ਤਾਂ ਕਿ ਸਕੂਲ ਵਿਚ ਸ਼ਾਮਲ ਹੋਣਾ ਸੌਖਾ ਰਹੇ। ਇਸ ਤਰ੍ਹਾਂ ਜ਼ਿਲ੍ਹਾ ਐਗਜ਼ੈਕਟਿਵ ਵਿਚ ਇਲਾਕਾ ਸਕੱਤਰਾਂ ਦੀ ਸਲਾਹ ਨਾਲ 23 ਸਕੂਲਾਂ ਦਾ ਪ੍ਰਬੰਧ ਕੀਤਾ ਗਿਆ। ਇਨ੍ਹਾਂ ਵਿਚੋਂ 6 ਸਕੂਲ ਪਾਰਟੀ ਦੇ ਜ਼ੁੰਮੇਵਾਰਾਂ ਦੀ ਅਣਗਹਿਲੀ ਕਾਰਨ ਫੇਲ੍ਹ ਹੋਏ ਪਰ 17 ਸਕੂਲ ਕਾਮਯਾਬ ਰਹੇ ਜਿਨ੍ਹਾਂ ਵਿਚ 272 ਪੁਰਾਣੇ ਪਾਰਟੀ ਮੈਂਬਰ ਅਤੇ 63 ਹਮਦਰਦ ਸ਼ਾਮਲ ਹੋਏ। ਰਹਿੰਦੇ ਪਾਰਟੀ ਮੈਂਬਰਾਂ ਲਈ ਤਹਿਸੀਲਵਾਰ ਫੇਰ ਇਕ ਇਕ ਸਕੂਲ ਰੱਖਿਆ ਗਿਆ। ਇਨ੍ਹਾਂ 'ਚੋਂ ਇਕ ਸਕੂਲ ਫੇਲ੍ਹ ਅਤੇ 5 ਸਕੂਲ ਸਫਲ ਰਹੇ, ਜਿਨ੍ਹਾਂ ਵਿਚ 87 ਮੈਂਬਰ ਅਤੇ 11 ਹਮਦਰਦ ਸ਼ਾਮਲ ਹੋਏ। ਇਸ ਤਰ੍ਹਾਂ ਇਕ ਮਹੀਨੇ ਦੀ ਦੌੜ ਭੱਜ ਨਾਲ 359 ਮੈਂਬਰਾਂ ਤੇ 74 ਹਮਦਰਦਾਂ ਨੂੰ ਸਟੱਡੀ ਦਿੱਤੀ ਗਈ। 1968 ਦੇ ਦੂਜੇ ਅਧਵਾੜੇ ਵਿਚ ਸਾਡੇ ਦੋਹਾਂ ਜ਼ਿਲ੍ਹਿਆਂ ਵਿਚ ਤਿੰਨ-ਤਿੰਨ ਦਿਨ ਦੇ ਚਾਰ ਸਕੂਲ ਆਰੰਭਕ ਸਟੱਡੀ ਕੋਰਸ ਵਾਸਤੇ ਲੱਗੇ ਸਨ ਜਿਨ੍ਹਾਂ ਵਿਚ 200 ਦੇ ਲਗਭਗ ਸਾਥੀ ਸ਼ਾਮਲ ਹੋਏ ਸਨ। ਹੁਣ ਸਾਡਾ ਜਤਨ ਬਾਕੀ ਸਾਰੇ ਪਾਰਟੀ ਮੈਂਬਰਾਂ ਨੂੰ ਇਹ ਸਟੱਡੀ ਕੋਰਸ ਦੇਣ ਦਾ ਹੈ। ਅਸੀਂ ਕਾਫ਼ੀ ਹੱਦ ਤੱਕ ਸਫਲ ਹੋਏ ਹਾਂ। ਪਰ ਅਜੇ ਵੀ 200 ਦੇ ਕਰੀਬ ਸਾਥੀ ਰਹਿ ਗਏ ਹਨ। ਇਨ੍ਹਾਂ 'ਚੋਂ ਅੱਧੇ ਤਾਂ ਆਪਣੀ ਲਾਪਰਵਾਹੀ ਕਰਕੇ ਨਹੀਂ ਆ ਸਕੇ ਪਰ ਬਾਕੀ ਅੱਧਿਆਂ ਲਈ ਇਲਾਕੇ ਦੇ ਲੀਡਰ ਜ਼ੁੰਮੇਵਾਰ ਹਨ।

ਲੇਵੀ ਵਾਸਤੇ ਜ਼ਿਲ੍ਹਾ ਕੌਂਸਲ ਨੇ ਇਹ ਫ਼ੈਸਲਾ ਕੀਤਾ ਕਿ ਹਰ ਮੈਂਬਰ ਤੋਂ ਲੇਵੀ ਲਾਜ਼ਮੀ ਲਈ ਜਾਵੇ। ਜਿਸ ਮੈਂਬਰ ਨੇ ਸਾਲ ਦੇ ਦੌਰਾਨ ਕੋਈ ਲੇਵੀ ਅਦਾ ਨਹੀਂ ਕੀਤੀ

ਉਸ ਤੋਂ ਹੁਣ ਤਿੰਨ ਰੁਪਏ ਹਰ ਸੂਰਤ ਲਏ ਜਾਣ। ਇਸ ਫ਼ੈਸਲੇ ਨੂੰ ਇਕ ਸਾਰ ਲਾਗੂ ਕਰਨ ਲਈ ਹਰ ਮੈਂਬਰ ਦੀ ਤਿੰਨ ਰੁਪਏ ਲੇਵੀ ਜ਼ਿਲ੍ਹਾ ਕਮੇਟੀ ਨੂੰ ਪਹੁੰਚਾਉਣਾ ਜ਼ਰੂਰੀ ਕਰਾਰ ਦਿੱਤਾ ਗਿਆ। ਇਕ ਇਲਾਕਾ ਸਕੱਤਰ ਤੋਂ ਬਿਨਾਂ ਬਾਕੀ ਅੱਠਾਂ ਇਲਾਕਾ ਕਮੇਟੀਆਂ ਨੇ ਇਸ ਦੂਜੀ ਲਾਜ਼ਮੀ ਸ਼ਰਤ ਨੂੰ ਸੰਜੀਦਗੀ ਨਾਲ ਲਾਗੂ ਕਰਨ ਲਈ ਜ਼ੋਰ ਲਾਇਆ। 400 ਤੋਂ ਕੁਝ ਵਧ ਮੈਂਬਰਾਂ ਨੇ ਲੇਵੀ ਅਦਾ ਕਰ ਦਿੱਤੀ।

ਪਾਰਟੀ ਵਿੱਦਿਆ ਅਤੇ ਲੇਵੀ ਦੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ 426 ਮੈਂਬਰਾਂ ਦੀ ਸੂਚੀ ਸੂਬਾ ਦਫਤਰ ਵਿਚ ਪਹੁੰਚਾ ਦਿੱਤੀ ਗਈ। ਪਿਛਲੇ ਸਾਲ ਨਾਲੋਂ ਇਹ 300 ਘੱਟ ਸੀ। ਮੇਰਾ ਅਨੁਮਾਨ ਹੈ ਕਿ ਰਹਿ ਗਏ ਸਾਥੀਆਂ ਵਿਚੋਂ ਘੱਟੋ-ਘੱਟ ਅੱਧੇ ਸਾਥੀ ਅਜਿਹੇ ਹਨ ਜਿਨ੍ਹਾਂ ਦਾ ਕਸੂਰ ਇਤਨਾ ਨਹੀਂ ਹੈ ਸਗੋਂ ਉਹ ਇਲਾਕੇ ਦੇ ਜ਼ੁੰਮੇਵਾਰ ਸਾਥੀਆਂ ਦੀ ਢਿੱਲ ਜਾਂ ਲਾਪਰਵਾਹੀ ਕਾਰਨ ਕਾਰਡ ਪ੍ਰਾਪਤ ਨਹੀਂ ਕਰ ਸਕੇ।

ਰਹਿ ਗਏ ਪਾਰਟੀ ਮੈਂਬਰਾਂ ਨੂੰ ਹੁਣ ਕਾਰਡ ਹਾਸਲ ਕਰਨ ਲਈ ਲਿਖਤੀ ਦਰਖਾਸਤ ਦੇਣੀ ਹੋਵੇਗੀ ਜਿਸ ਵਿਚ ਉਹ ਦੱਸਣਗੇ ਕਿ ਉਹ ਕਿਉਂ ਪਾਰਟੀ ਸਕੂਲ ਅਟੈਂਡ ਨਹੀਂ ਕਰ ਸਕੇ ਤੇ ਪਾਰਟੀ ਲੇਵੀ ਕਿਉਂ ਅਦਾ ਨਹੀਂ ਕੀਤੀ? ਇਸ ਦੇ ਨਾਲ ਹੀ ਉਹ ਭਰੋਸਾ ਦੁਆਉਣਗੇ ਕਿ ਉਹ ਪਾਰਟੀ ਮੈਂਬਰੀ ਦੀਆਂ ਮੁੱਢਲੀਆਂ ਸ਼ਰਤਾਂ ਪੂਰੀਆਂ ਕਰਨ ਲਈ ਤਿਆਰ ਹਨ। ਅਜਿਹੀਆਂ ਦਰਖਾਸਤਾਂ ਦੇਣ ਵਾਲੇ ਸਾਥੀਆਂ ਲਈ ਹੀ ਜ਼ਿਲ੍ਹਾ ਕਮੇਟੀ ਸੂਬਾ ਦਫਤਰ ਨੂੰ ਸਿਫਾਰਸ਼ ਕਰੇਗੀ ਕਿ ਉਹਨਾਂ ਨੂੰ ਵੀ 1970 ਦੇ ਕਾਰਡ ਦੇ ਦਿੱਤੇ ਜਾਣ। 1970 ਦੇ ਨਵੇਂ ਕਾਰਡ ਜਾਰੀ ਕਰਨ ਲਈ ਜ਼ਿਲ੍ਹਾ ਕੌਂਸਲ ਦੇ ਫ਼ੈਸਲੇ ਅਨੁਸਾਰ ਜੋ ਮੁਹਿੰਮ ਕੀਤੀ ਗਈ ਹੈ, ਉਸ ਨਾਲ ਪਾਰਟੀ ਮੈਂਬਰਾਂ ਅੰਦਰ ਜ਼ੁੰਮੇਵਾਰੀ ਦਾ ਅਹਿਸਾਸ ਵਧਿਆ ਹੈ। ਨਤੀਜੇ ਦੇ ਤੌਰ 'ਤੇ ਪਾਰਟੀ ਅੰਦਰ ਸੂਝ ਅਤੇ ਡਸਿਪਲਨ ਮਜ਼ਬੂਤ ਹੋਵੇਗਾ ਤਾਂ ਕਿ ਮੁਹਿੰਮ ਦੀ ਥਾਂ ਇਹ ਪਾਰਟੀ ਦੇ ਜੀਵਨ ਦਾ ਇਕ ਸਦੀਵੀ ਅੰਗ ਬਣ ਜਾਵੇ।

## ਪਾਰਟੀ ਜਥੇਬੰਦੀ ਬਾਰੇ ਸਰਬ-ਹਿੰਦ ਪਲੈਨਮ

ਤਰੀਚੂਰ (ਕੇਰਲ) ਵਿਖੇ ਪਾਰਟੀ ਜਥੇਬੰਦੀ ਉੱਤੇ ਵਿਚਾਰ ਕਰਨ ਲਈ ਵਿਸ਼ੇਸ਼ ਪਲੈਨਮ ਹੋਇਆ। ਕਾਮਰੇਡ ਬਰਧਨ ਵੱਲੋਂ ਉਸ ਵਿਚ ਪੇਸ਼ ਕੀਤੀ ਰਿਪੋਰਟ ਵਿਚ ਸੁਝਾਉ ਦਿੱਤਾ ਗਿਆ ਕਿ ਪਾਰਟੀ ਦੀ ਹਰ ਜ਼ਿਲ੍ਹਾ ਕਮੇਟੀ ਨੂੰ ਆਪਣੇ ਖੇਤਰ ਵਿਚ ਕੰਮ ਦੀ ਜਨਤਕ ਲਾਈਨ ਘੜਨੀ ਚਾਹੀਦੀ ਹੈ। ਮੈਂ ਤਰਮੀਮ ਪੇਸ਼ ਕੀਤੀ ਕਿ "ਹਰ ਪਾਰਟੀ ਬਰਾਂਚ ਨੂੰ ਆਪਣੀ ਜਨਤਕ ਲਾਈਨ ਬਣਾਉਣੀ ਚਾਹੀਦੀ ਹੈ।" ਮੇਰੀ ਇਸ ਤਰਮੀਮ ਨੂੰ ਕਾਮਰੇਡ ਬਰਧਨ ਨੇ ਸਵੀਕਾਰ ਕਰਦਿਆਂ ਸਾਰੇ ਡੈਲੀਗੇਟਾਂ ਵਿਚ ਖੜ੍ਹਾ ਕਰਕੇ ਮੇਰੀ ਜਾਣਕਾਰੀ ਦੇ ਕੇ ਪਿੱਠ ਠੋਕੀ।

## ਨਵਾਂ ਜ਼ਮਾਨਾ ਵਿਚ ਕੰਮ ਕਰਨ ਦੀ ਡਿਊਟੀ

ਸੂਬਾ ਪਾਰਟੀ ਲੀਡਰਸ਼ਿਪ ਨੂੰ ਲਗਾਤਾਰ ਇਹ ਸ਼ਿਕਾਇਤ ਸੀ ਕਿ ਕਾਮਰੇਡ ਜਗਜੀਤ ਸਿੰਘ ਅਨੰਦ "ਨਵਾਂ ਜ਼ਮਾਨਾ" ਵਿਚ ਪਾਰਟੀ ਦੀ ਪਾਲਿਸੀ ਦੇ ਅਨੁਕੂਲ ਲੇਖ ਨਹੀਂ ਲਿਖੇ। ਸੂਬਾ ਕੌਂਸਲ ਵਿਚ ਇਹ ਮਸਲਾ ਮੁੜ-ਮੁੜ ਉਠਦਾ ਰਿਹਾ। ਕੇਂਦਰੀ ਲੀਡਰਸ਼ਿਪ ਕੋਲ ਸ਼ਿਕਾਇਤਾਂ ਪੁੱਜੀਆਂ ਤਾਂ ਉਸ ਦੀ ਵੀ ਤਸੱਲੀ ਹੋ ਗਈ ਕਿ ਕਾਮਰੇਡ ਅਨੰਦ ਪਾਰਟੀ ਦੀ ਲਾਈਨ ਤੋਂ ਲਾਂਭੇ-ਲਾਂਭੇ ਆਪਣੇ ਵਿਚਾਰ ਪ੍ਰਕਾਸ਼ਤ ਕਰਦਾ ਹੈ। ਕੇਂਦਰੀ ਲੀਡਰਸ਼ਿਪ ਨੇ ਸੂਬਾ ਕਮੇਟੀ ਨੂੰ ਆਦੇਸ਼ ਦਿੱਤਾ ਕਿ ਕਾਮਰੇਡ ਅਨੰਦ ਦੀ ਥਾਂ ਹੋਰ ਕੋਈ ਸਾਥੀ ਸੰਪਾਦਕ ਲਾਓ। ਸੂਬਾ ਲੀਡਰਸ਼ਿਪ ਨੇ ਇਸ ਮਸਲੇ ਦਾ ਹੱਲ ਇਹ ਕੱਢਿਆ ਕਿ ਅਖਬਾਰ ਉੱਤੇ ਕਾਮਰੇਡ ਅਨੰਦ ਦਾ ਨਾਮ ਹੀ ਸੰਪਾਦਕ ਵਜੋਂ ਰਹੇ ਤਾਂ ਕਿ ਆਮ ਲੋਕਾਂ ਵਿਚ ਕੋਈ ਤੋਏ-ਤੋਏ ਨਾ ਹੋਵੇ ਪਰ ਸੰਪਾਦਕੀ ਲਿਖਣ ਅਤੇ ਕਾਮਰੇਡ ਅਨੰਦ ਦੇ ਹੋਰ ਲੇਖਾਂ ਦੀ ਛਾਣ-ਬੀਣ ਵਾਸਤੇ ਕੋਈ ਸਾਥੀ ਨਵਾਂ ਜ਼ਮਾਨਾ ਦੇ ਸਟਾਫ ਵਿਚ ਪਾ ਦਿੱਤਾ ਜਾਵੇ। ਅਖੀਰ ਫ਼ੈਸਲਾ ਇਹ ਹੋਇਆ ਕਿ ਇਕ ਸਬ ਕਮੇਟੀ ਬਣਾ ਦਿੱਤੀ ਜਾਏ ਜਿਸ ਵਿਚ ਨਵਾਂ ਜ਼ਮਾਨਾ ਵਿਚ ਕੰਮ ਕਰਨ ਵਾਲੇ ਜ਼ੁੰਮੇਵਾਰ ਸਾਥੀ ਵੀ ਹੋਣ ਜਿਵੇਂ ਕਿ ਕਾਮਰੇਡ ਸੁਰਜਨ ਜ਼ੀਰਵੀ ਅਤੇ ਗੁਰਬਖ਼ਸ਼ ਸਿੰਘ ਬੰਨੂਆਣਾ ਆਦਿ। ਇਨ੍ਹਾਂ ਨਾਲ ਕਾਮਰੇਡ, ਡਾਂਗ, ਮਲਹੋਤਰਾ ਅਤੇ ਚੈਨ ਸਿੰਘ ਚੈਨ ਵੀ ਪਾ ਦਿੱਤੇ ਗਏ।

ਮੈਨੂੰ ਕਾਮਰੇਡ ਆਨੰਦ ਦੇ ਲੇਖਾਂ ਵਿਚ ਅਦਲਾ-ਬਦਲੀ ਕਰਨ ਦਾ ਅਤੇ ਮੁੱਢੋਂ-ਸੁੱਢੋਂ ਨਵਾਂ ਲੇਖ ਲਿਖਣ ਦਾ ਵੀ ਅਧਿਕਾਰ ਦਿੱਤਾ ਗਿਆ।

ਇਹ ਕਾਰਜ ਬਹੁਤ ਬਿਖੜਾ ਸੀ। ਕਾਮਰੇਡ ਅਨੰਦ ਵਰਗੇ ਪ੍ਰਸਿੱਧ ਲੇਖਕ ਦੀ ਪੜਤਾਲ ਮੈਂ ਕਰਾਂ, ਬੜੀ ਅਜੀਬ ਡਿਊਟੀ ਸੀ। ਮੈਂ ਕਿਹਾ ਕਿ ਇਹ ਕੰਮ ਉਸ ਦੀ ਪੱਧਰ ਦੇ ਕਾਮਰੇਡ ਮਲਹੋਤਰਾ ਜਾਂ ਡਾਂਗ ਹੋਰੀਂ ਕਰਨ। ਮੈਂ ਕਾਮਰੇਡ ਅਨੰਦ ਨੂੰ ਬਣਦੀ ਜੁੜਦੀ ਸਲਾਹ ਦਿੰਦਾ ਰਹਾਂਗਾ। ਪਰ ਸੂਬਾ ਐਗਜ਼ੈਕਟਿਵ ਦਾ ਇਹ ਕਹਿਣਾ ਸੀ ਕਿ ਕਾਮਰੇਡ ਮਲਹੋਤਰਾ ਜਾਂ ਡਾਂਗ ਆਪਣੀਆਂ ਹੋਰ ਡਿਊਟੀਆਂ ਕਾਰਨ ਜਲੰਧਰ ਵਿਖੇ ਪੱਕੀ ਰਿਹਾਇਸ਼ ਨਹੀਂ ਰੱਖ ਸਕਦੇ। ਇਸ ਲਈ ਇਹ ਡਿਊਟੀ ਹਰ ਸੂਰਤ ਤੈਨੂੰ ਹੀ ਨਿਭਾਉਣੀ ਪਵੇਗੀ। ਸੋ ਮੇਰਾ ਨਵਾਂ ਇਮਤਿਹਾਨ ਸ਼ੁਰੂ ਹੋ ਗਿਆ। ਪਾਰਟੀ ਫ਼ੈਸਲੇ ਦੀ ਅਵਗਿਆ ਕਰਨਾ ਪਾਰਟੀ ਨੂੰ ਛੱਡ ਜਾਣ ਦੇ ਤੁਲ ਸੀ। ਮੈਨੂੰ ਨਾਲ ਹੀ ਇਕ ਹੋਰ ਹਦਾਇਤ ਕਰ ਦਿੱਤੀ ਕਿ ਕਿਸੇ ਹੋਰ ਦੀ ਲਿਖਤ ਵੀ ਪਾਰਟੀ ਨੀਤੀ ਅਨੁਸਾਰ ਨਾ ਲੱਗੇ ਤਾਂ ਉਸ ਦੀ ਸੋਧ ਵੀ ਮੇਰੇ ਜ਼ੁੰਮੇ ਹੈ। ਸੋ ਕਾਮਰੇਡ ਅਨੰਦ, ਡਾਂਗ, ਮਲਹੋਤਰਾ, ਸੁਰਜਨ ਜ਼ੀਰਵੀ ਅਤੇ ਗੁਰਬਖ਼ਸ਼ ਸਿੰਘ ਬੰਨੂਆਣਾ ਦੀ ਸਬ ਕਮੇਟੀ ਬਣਾ ਕੇ ਕਨਵੀਨਰ ਮੈਨੂੰ ਨਿਯੁਕਤ ਕਰ ਦਿੱਤਾ ਗਿਆ ਅਤੇ ਨਵਾਂ ਜ਼ਮਾਨਾ ਦੇ ਇਕ ਅੰਕ ਵਿਚ ਇਸ ਕਮੇਟੀ ਦਾ ਬਾਕਾਇਦਾ ਐਲਾਨ ਵੀ ਕਰ ਦਿੱਤਾ। ਮੈਂ ਕਦੇ ਦੈਨਿਕ ਅਖਬਾਰਾਂ ਵਿਚ ਕੰਮ ਨਹੀਂ ਸੀ ਕੀਤਾ। ਇਸ

ਦੀ ਸਿੱਖਿਆ ਮੈਨੂੰ ਕਾਮਰੇਡ ਗੁਰਬਖ਼ਸ਼ ਸਿੰਘ ਬੰਨੂਆਣਾ ਨੇ ਦਿੱਤੀ। ਪੰਜਾਬ ਵਿਚ ਅੱਤਵਾਦੀ ਸਰਗਰਮੀਆਂ ਜ਼ੋਰਾਂ 'ਤੇ ਸਨ। ਕਾਮਰੇਡ ਅਰਜਨ ਸਿੰਘ ਮਸਤਾਨਾ, ਦਰਸ਼ਨ ਸਿੰਘ ਕੈਨੇਡੀਅਨ ਅਤੇ ਹੋਰ ਬਹੁਤ ਸਾਰੇ ਆਗੂਆਂ ਦੀ ਹੱਤਿਆ ਇਸੇ ਸਮੇਂ ਹੋਈ ਸੀ। ਦਰਬਾਰ ਸਾਹਿਬ ਉੱਤੇ ਫੌਜੀ ਐਕਸ਼ਨ, ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਅਥਵਾ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਉਨ੍ਹੀਂ ਦਿਨੀਂ ਹੀ ਹੋਇਆ ਸੀ। ਮੈਂ ਆਪਣੇ ਲੇਖਾਂ ਵਿਚ ਇਨ੍ਹਾਂ ਦੁਰਭਾਗੀ ਘਟਨਾਵਾਂ ਦਾ ਵਰਨਣ ਕੀਤਾ ਹੈ। ਮੈਂ ਇਕ ਲੇਖ ਵਿਚ ਇਹ ਵੀ ਲਿਖਿਆ ਸੀ ਕਿ ਦਰਬਾਰ ਸਾਹਿਬ ਉੱਤੇ ਫੌਜੀ ਹਮਲਾ ਬੇਲੋੜਾ ਸੀ। ਮੈਂ ਰਾਜੀਵ ਗਾਂਧੀ ਦੇ ਇਸ ਬਿਆਨ ਦੀ ਨਿੰਦਿਆ ਵੀ ਕੀਤੀ ਸੀ ਕਿ "ਜਦੋਂ ਵੱਡਾ ਦਰਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ।" ਇਹ ਬਿਆਨ ਇਕ ਤਰ੍ਹਾਂ ਸਿੱਖਾਂ ਦੇ ਕਤਲੇਆਮ ਨੂੰ ਅਣਹੋਣੀ ਗੱਲ ਨਾ ਦੱਸਣਾ ਸੀ। ਮੇਰੀਆਂ ਇਨ੍ਹਾਂ ਟੂਕਾਂ ਉੱਤੇ ਕਈਆਂ ਨੇ ਇਤਰਾਜ਼ ਵੀ ਕੀਤਾ ਪਰ ਮੈਂ ਅਡੋਲ ਸਾਂ। ਇਕ ਵੇਰੀ ਮੈਂ ਕਾਮਰੇਡ ਡਾਂਗ ਦੇ ਲੇਖ ਦੀਆਂ ਕੁਝ ਲਾਈਨਾਂ ਵੀ ਕੱਟ ਦਿੱਤੀਆਂ ਸਨ ਪਰ ਮੈਂ ਅੰਮ੍ਰਿਤਸਰ ਉਨ੍ਹਾਂ ਦੇ ਪਾਸ ਜਾ ਕੇ ਇਸ ਦੀ ਵਿਆਖਿਆ ਕੀਤੀ। ਕਾਮਰੇਡ ਅਨੰਦ ਨੂੰ ਪਤਾ ਸੀ ਕਿ ਕੌਮੀ ਹਾਲਤਾਂ ਦੇ ਜਾਇਜ਼ੇ ਬਾਰੇ ਉਨ੍ਹਾਂ ਉੱਤੇ ਨੁਕਤਾਚੀਨੀ ਹੁੰਦੀ ਹੈ। ਇਸ ਕਰਕੇ ਐਤਵਾਰ ਦੇ ਅੰਕ ਵਿਚ ਉਸ ਨੇ "ਕੌਮੀ ਵਿਹੜਾ" (ਜਿਸ ਵਿਚ ਕੌਮੀ ਘਟਨਾਵਾਂ ਦਾ ਵਰਨਣ ਕੀਤਾ ਜਾਂਦਾ ਸੀ) ਲਿਖਣਾ ਮੇਰੇ ਉੱਤੇ ਛੱਡ ਦਿੱਤਾ ਅਤੇ "ਕੌਮਾਂਤਰੀ ਪਿੜ" (ਜਿਸ ਵਿਚ ਕੌਮਾਂਤਰੀ ਘਟਨਾਵਾਂ ਉੱਤੇ ਟੀਕਾ ਟਿੱਪਣੀ ਹੁੰਦੀ ਸੀ) ਆਪ ਸਾਂਭ ਲਿਆ। ਇਸ ਤਰ੍ਹਾਂ ਮਸਲਾ ਕਾਫ਼ੀ ਬੜੀ ਹੱਦ ਤੱਕ ਹੱਲ ਹੋ ਗਿਆ।

ਪਾਰਟੀ ਨੂੰ ਨਵਾਂ ਜ਼ਮਾਨਾ ਦੇ ਖਰਚਾਂ ਲਈ ਹਰ ਮਹੀਨੇ ਕਾਫੀ ਰਕਮ ਦੇਣੀ ਪੈਂਦੀ ਸੀ ਜਿਸ ਕਰਕੇ ਪਾਰਟੀ ਨੇ "ਨਵਾਂ ਜ਼ਮਾਨਾ" ਬੰਦ ਕਰਨ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਕਾਮਰੇਡ ਅਨੰਦ ਨੇ ਸੁਝਾਉ ਰੱਖਿਆ ਕਿ ਨਵਾਂ ਜ਼ਮਾਨਾ ਬੰਦ ਕਰਨ ਦੀ ਥਾਂ ਇਸ ਨੂੰ ਚਲਾਉਣ ਦੀ ਜ਼ੁੰਮੇਵਾਰੀ ਉਸ ਨੂੰ ਦੇ ਦਿੱਤੀ ਜਾਏ। ਸੋ "ਨਵਾਂ ਜ਼ਮਾਨਾ" ਉਸ ਤੋਂ ਬਾਅਦ ਪਾਰਟੀ ਕੰਟਰੋਲ ਵਿਚ ਨਹੀਂ ਰਿਹਾ। ਇਹ ਕਾਮਰੇਡ ਕਰਮ ਸਿੰਘ ਮਾਨ ਦੇ ਨਾਉਂ ਉੱਤੇ ਬਣੇ ਟਰੱਸਟ ਦੇ ਤਹਿਤ ਚੱਲ ਰਿਹਾ ਹੈ। ਭਾਵੇਂ ਇਸ ਟਰੱਸਟ ਦੇ ਬਹੁਤੇ ਮੈਂਬਰ ਭਾਰਤੀ ਕਮਿਊਨਿਸਟ ਪਾਰਟੀ ਨਾਲ ਸਬੰਧ ਰੱਖਦੇ ਹਨ।

## ਕਾਮਰੇਡ ਸੁਤੰਤਰ ਦਾ ਸਦੀਵੀ ਵਿਛੋੜਾ

ਕਾਮਰੇਡ ਸੁਤੰਤਰ ਨੂੰ ਸ਼ੂਗਰ ਦੀ ਨਾਮੁਰਾਦ ਬੀਮਾਰੀ ਇਤਨੀ ਦੀਰਘ ਸੀ ਕਿ ਸ਼ੂਗਰ ਦਾ ਹਮਲਾ ਰੋਕਣ ਲਈ ਹਰ ਵੇਲੇ ਆਪੇ ਲਾ ਲੈਣ ਵਾਲਾ ਟੀਕਾ ਆਪਣੇ ਕੋਲ ਰੱਖਣਾ ਪੈਂਦਾ ਸੀ। ਇਸੇ ਬੀਮਾਰੀ ਕਾਰਨ ਉਹ ਪਾਰਲੀਮੈਂਟ ਵਿਚ ਆਪਣੀ ਤਕਰੀਰ ਦੀ

ਤਿਆਰੀ ਕਰਦੇ ਹੋਏ ਆਪਣੇ ਪ੍ਰਾਣ ਤਿਆਗ ਗਏ। ਉਨ੍ਹਾਂ ਦੀ ਦੇਹ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਅਲੂਣਾ ਵਿਖੇ ਹਜ਼ਾਰਾਂ ਲੋਕਾਂ ਦੇ ਇਕੱਠ ਵਿਚ ਕੀਤਾ ਗਿਆ। ਮੈਂ ਵੀ ਇਕ ਫੁੱਲਾਂ ਦਾ ਹਾਰ ਉਨ੍ਹਾਂ ਦੀ ਦੇਹ 'ਤੇ ਰੱਖ ਕੇ ਆਖਰੀ ਨਸਮਕਾਰ ਕੀਤੀ।

## ਅਮਨ ਫਰੰਟ ਉੱਤੇ ਕੰਮ

ਲੀਡਰਾਂ ਵਿਚੋਂ ਹੋਣ ਕਰਕੇ ਲਾਲ ਪਾਰਟੀ ਤੋੜਨ ਮਗਰੋਂ ਮੈਨੂੰ ਵੀ ਤਿੰਨ ਸਾਲ ਪਾਰਟੀ ਮੈਂਬਰ ਨਹੀਂ ਲਿਆ ਗਿਆ। ਮੈਨੂੰ ਸਭ ਤੋਂ ਪਹਿਲਾ ਕੰਮ ਜਲੰਧਰ ਸ਼ਹਿਰ ਵਿਖੇ ਹੋ ਰਹੀ ਸਰਬ ਹਿੰਦ ਅਮਨ ਕਾਨਫਰੰਸ ਲਈ ਫੰਡ ਇਕੱਠਾ ਕਰਨ ਦਾ ਦਿੱਤਾ ਗਿਆ। ਨਾਲ ਹੀ ਇਹ ਸ਼ਰਤ ਲਾ ਦਿੱਤੀ ਕਿ ਇਹ ਫੰਡ ਸ਼ਹਿਰਾਂ, ਕਸਬਿਆਂ ਜਾਂ ਪਾਰਟੀ ਦੇ ਗੜ੍ਹ ਪਿੰਡਾਂ 'ਚੋਂ ਨਹੀਂ, ਸਗੋਂ ਦਰਿਆ ਸਤਲੁਜ ਦੇ ਨਾਲ ਲੱਗਦੇ ਦੂਰ-ਦੁਰਾਡੇ ਪਿੰਡਾਂ 'ਚੋਂ ਇਕੱਠਾ ਕਰਨਾ ਹੈ। ਮੈਂ ਬਾਬਾ ਰਤਨ ਸਿੰਘ ਉੱਪਲ ਜਗੀਰ ਤੇ ਬਾਬਾ ਉਜਾਗਰ ਸਿੰਘ ਉੱਪਲ ਭੂਪਾ ਜਿਹੇ ਬਜ਼ੁਰਗ ਸਾਥੀਆਂ ਨੂੰ ਨਾਲ ਤੋਰ ਲਿਆ। ਉਨ੍ਹਾਂ ਦੀ ਬਜ਼ੁਰਗੀ ਦਾ ਪ੍ਰਭਾਵ ਪੈਂਦਾ ਸੀ ਅਥਵਾ ਮੈਂ ਕਾਰਜ ਦੱਸ ਦਿੰਦਾ ਸੀ। ਇਕ ਮਹੀਨੇ ਦੇ ਕਰੀਬ ਅਸੀਂ ਪਿੰਡ ਤਲਵਨ ਤੋਂ ਲੈ ਕੇ ਸ਼ਾਹਕੋਟ ਤੱਕ ਦੇ ਥੱਲੇ ਦੇ ਪਿੰਡਾਂ 'ਚੋਂ ਬਹੁਤੀ ਜਿਣਸ ਤੇ ਥੋੜੀ ਨਕਦ ਉਗਰਾਹੀ ਕਰ ਲਈ। ਸਾਡੀ ਬੱਲੇ-ਬੱਲੇ ਹੋ ਗਈ।

ਕਾਨਫਰੰਸ ਤੋਂ ਬਾਅਦ ਮੈਨੂੰ ਅਮਨ ਫਰੰਟ ਦਾ ਇੰਚਾਰਜ ਬਣਾ ਦਿੱਤਾ ਗਿਆ। ਇਕ ਅਧ-ਕਾਂਗਰਸੀ ਸੱਜਣ ਗੁਰਦਿੱਤ ਸਿੰਘ ਪਰਤਾਪੁਰਾ ਪ੍ਰਧਾਨ ਅਤੇ ਮੈਂ ਜਨਰਲ ਸਕੱਤਰ। ਅਸਾਂ ਸਾਰੇ ਵੱਡੇ ਪਿੰਡਾਂ ਤੇ ਕਸਬਿਆਂ ਵਿਚ ਅਮਨ ਕਾਨਫਰੰਸਾਂ ਰੱਖ ਲਈਆਂ ਜਿਸ ਵਿਚ ਸ੍ਰੀ ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਗਿਆਨੀ ਹੀਰਾ ਸਿੰਘ ਦਰਦ ਜਿਹੇ ਵਿਦਵਾਨ ਪਧਾਰੇ। ਸਥਾਨਕ ਅਮਨ ਕਮੇਟੀਆਂ ਵੀ ਸਥਾਪਤ ਕਰ ਦਿੱਤੀਆਂ।

## ਕਿਸਾਨ ਫਰੰਟ ਉੱਤੇ ਕੰਮ

ਜ਼ਿਲ੍ਹਾ ਲੀਡਰਸ਼ਿਪ ਨੇ ਇਹ ਦੇਖ ਕੇ ਕਿ ਅਮਨ ਫਰੰਟ ਦੀ ਸਰਗਰਮੀ ਨਾਲ ਪਾਰਟੀ ਫੰਡ ਨੂੰ ਘਾਟਾ ਪੈਂਦਾ ਹੈ, ਮੈਨੂੰ ਅਮਨ ਫਰੰਟ ਤੋਂ ਹਟਾ ਕੇ ਕਿਸਾਨ ਫਰੰਟ ਦਾ ਕੁਲਵਕਤੀ ਬਣਾ ਕੇ ਕਾਮਰੇਡ ਗੁਰਬਖ਼ਸ਼ ਸਿੰਘ ਅੱਟਾ ਦੇ ਮਤਹਿਤ ਕੰਮ ਕਰਨ ਦਾ ਹੁਕਮ ਦੇ ਦਿੱਤਾ। ਮੈਂ ਉਸ ਕੰਮ ਨੂੰ ਚੰਗੀ ਤਰ੍ਹਾਂ ਹੱਥ ਪਾ ਲਿਆ। ਪਹਿਲੀ ਉਮਰ ਵਿਚ ਮੈਂ ਕਿਸਾਨ ਕਮੇਟੀਆਂ ਬਨਾਉਣ ਦਾ ਕੰਮ ਕੀਤਾ ਹੋਇਆ ਸੀ ਅਤੇ ਜ਼ਿਲ੍ਹਾ ਕਿਸਾਨ ਸਭਾ ਦਾ ਜਨਰਲ ਸਕੱਤਰ ਵੀ ਰਿਹਾ ਸਾਂ। ਕਾਮਰੇਡ ਗੁਰਬਖ਼ਸ਼ ਸਿੰਘ ਅੱਟਾ ਦੇ ਸੁਝਾਓ ਉੱਤੇ ਜ਼ਿਲ੍ਹਾ ਪਾਰਟੀ ਕਮੇਟੀ ਨੇ ਮੈਨੂੰ ਖੁਰਦਪੁਰ ਜ਼ਿਲ੍ਹਾ ਕਿਸਾਨ ਕਾਨਫਰੰਸ ਸਮੇਂ ਜ਼ਿਲ੍ਹਾ

ਕਿਸਾਨ ਕਮੇਟੀ ਦਾ ਜਨਰਲ ਸਕੱਤਰ ਬਣਾ ਦਿੱਤਾ। ਗੁਰਬਖ਼ਸ਼ ਸਿੰਘ ਅੱਟਾ ਪ੍ਰਧਾਨ ਚੁਣੇ ਗਏ। ਬਾਬਾ ਕਰਮ ਸਿੰਘ ਚੀਮਾ ਅਤੇ ਬਾਬਾ ਭਾਗ ਸਿੰਘ ਕੈਨੇਡੀਅਨ (ਮੀਤ ਪ੍ਰਧਾਨ), ਲਾਹੌਰੀ ਰਾਮ ਪਰਦੇਸੀ ਪ੍ਰਾਪੇਗੰਡਾ ਸਕੱਤਰ, ਹਰਨਾਮ ਸਿੰਘ ਸੁਜੋਂ ਮੀਤ ਸਕੱਤਰ ਅਥਵਾ ਭੋਲਾ ਸਿੰਘ ਚੀਮਾ ਨੂੰ ਖਜਾਨਚੀ ਬਣਾਇਆ ਗਿਆ। ਕਾਮਰੇਡ ਅੱਟਾ ਤੋਂ ਛੁਟ ਬਾਕੀ ਸਾਰੇ ਅਹੁਦੇਦਾਰ ਪੁਰਾਣੇ ਕਿਰਤੀ ਤੇ ਲਾਲ ਕਮਿਊਨਿਸਟ ਪਾਰਟੀ ਨਾਲ ਸਬੰਧਤ ਸਨ। ਫੇਰ ਮੈਨੂੰ ਪਾਰਟੀ ਦੀ ਜ਼ਿਲ੍ਹਾ ਜਲੰਧਰ ਪਾਰਟੀ ਕਮੇਟੀ ਦਾ ਮੈਂਬਰ ਵੀ ਲੈ ਲਿਆ ਗਿਆ।

## ਖੁਸ਼ਹੈਸੀਅਤੀ ਟੈਕਸ ਮੋਰਚਾ

ਪਰਤਾਪ ਸਿੰਘ ਕੈਰੋਂ ਦੀ ਕਾਂਗਰਸੀ ਸਰਕਾਰ ਨੇ 1959 ਵਿਚ ਪੰਜਾਬ ਦੀ ਕਿਸਾਨੀ ਉੱਤੇ ਖੁਸ਼ਹੈਸੀਅਤੀ ਟੈਕਸ ਠੋਕ ਦਿੱਤਾ, ਇਸ ਦਲੀਲ ਅਧੀਨ ਕਿ ਨਹਿਰੀ ਪਾਣੀ ਦੇ ਕੁਸ਼ਲ ਪ੍ਰਬੰਧ ਨਾਲ ਕਿਸਾਨ ਦੀ ਹੈਸੀਅਤ ਵਿਚ ਢੇਰ ਸਾਰਾ ਵਾਧਾ ਹੋਇਆ ਹੈ। ਇਸ ਵਿਰੁੱਧ ਪੰਜਾਬ ਦੇ ਕਿਸਾਨਾਂ ਨੇ ਪੰਜਾਬ ਕਿਸਾਨ ਸਭਾ ਦੇ ਝੰਡੇ ਹੇਠ ਘੋਲ ਆਰੰਭ ਦਿੱਤਾ। ਇਸ ਮੋਰਚੇ ਦੇ ਮਹੱਤਵ ਨੂੰ ਸਮਝਣ ਲਈ ਉਸ ਮਾਣ ਪੱਤਰ ਦੀਆਂ ਕੁਝ ਸਤਰਾਂ ਪੇਸ਼ ਹਨ ਜਿਹੜਾ ਪੰਜਾਬ ਕਿਸਾਨ ਸਭਾ ਵੱਲੋਂ ਇਸ ਮੋਰਚੇ ਵਿਚ ਹਿੱਸਾ ਲੈਣ ਵਾਲਿਆਂ ਨੂੰ ਉਨ੍ਹਾਂ ਦੀ ਰਿਹਾਈ ਸਮੇਂ ਭਰਵੇਂ ਸਮਾਗਮਾਂ ਵਿਚ ਦਿੱਤਾ ਜਾਂਦਾ ਸੀ।

"ਪੰਜਾਬ ਦੀ ਧਰਤੀ ਉੱਤੇ ਅਨੇਕਾਂ ਮੋਰਚੇ ਲੱਗੇ ਹਨ ਅਥਵਾ ਬੜੇ ਘੋਲ ਲੜੇ ਗਏ ਹਨ। ਪਰ ਮੋਰਚਿਆਂ ਦੀ ਇਸ ਲੰਮੀ ਲੜੀ ਵਿਚ ਖੁਸ਼ਹੈਸੀਅਤੀ ਟੈਕਸ ਵਿਰੁੱਧ ਲੜੇ ਮੌਜੂਦਾ ਮੋਰਚੇ ਨੂੰ ਸ਼੍ਰੋਮਣੀ ਹੈਸੀਅਤ ਹਾਸਲ ਹੈ। ਇਸਦੇ ਇਕ ਤੋਂ ਵੱਧ ਕਾਰਨ ਹਨ। ਜਿਵੇਂ ਕਿਸੇ ਹੋਰ ਮੋਰਚੇ ਵਿਚ ਲੋਕਾਂ ਦਾ ਏਨਾ ਵਿਸ਼ਾਲ ਏਕਾ ਕਾਇਮ ਨਹੀਂ ਹੋਇਆ। ਨਾ ਸਿਰਫ਼ ਸਭ ਸਿਆਸੀ ਵਿਚਾਰਾਂ ਦੇ ਧਾਰਨੀ ਅਤੇ ਸਭ ਮਜ਼ਹਬਾਂ ਦੇ ਵਿਸ਼ਵਾਸੀ ਰਾਜਸੀ ਤੇ ਧਾਰਮਕ ਵਿਤਕਰਿਆਂ ਨੂੰ ਭੁਲਾ ਕੇ ਇਸ ਵਿਚ ਸ਼ਾਮਲ ਹੋਏ, ਸਗੋਂ ਪਿੰਡਾਂ ਦੇ ਦਿਹਾਤੀ ਮਜ਼ਦੂਰਾਂ ਨੇ ਵੀ ਇਸ ਵਿਚ ਸਰਗਰਮ ਹਿੱਸਾ ਲਿਆ ਅਤੇ ਆਮ ਸ਼ਹਿਰੀ ਵਸੋਂ ਨੇ ਵੱਡੀ ਭਾਰੀ ਗਿਣਤੀ ਵਿਚ ਇਸ ਨਾਲ ਹਮਦਰਦੀ ਪ੍ਰਗਟਾਈ। ਕਿਸੇ ਹੋਰ ਮੋਰਚੇ ਵਿਚ ਇਤਨੇ ਥੋੜ੍ਹੇ ਸਮੇਂ ਵਿਚ ਏਨੇ ਸੂਰਮੇ ਮੈਦਾਨ ਵਿਚ ਨਹੀਂ ਉੱਤਰੇ। ਸਿਰਫ ਡੇਢ ਮਹੀਨੇ ਦੇ ਅੰਦਰ-ਅੰਦਰ ਅਠਾਰਾਂ ਹਜ਼ਾਰ ਸੱਤਿਆਗ੍ਰਿਹੀਆਂ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ ਹੈ ਅਤੇ ਮਾਵਾਂ, ਭੈਣਾਂ ਨੇ ਇਸ ਮੋਰਚੇ ਵਿਚ ਜੋ ਸ਼ਾਨਦਾਰ ਹਿੱਸਾ ਪਾਇਆ ਹੈ ਅਤੇ ਜਿਤਨਾ ਬੇਮਿਸਾਲ ਤਸ਼ੱਦਦ ਹੋਇਆ ਹੈ, ਉਸਦੀ ਕਿਤੇ ਮਿਸਾਲ ਨਹੀਂ ਮਿਲਦੀ।

ਮੇਰੀ ਇਸ ਮੋਰਚੇ ਵਿਚ ਥਾਣਾ ਫ਼ਿਲੌਰ ਵਿਚ ਕੰਮ ਕਰਨ ਦੀ ਡਿਊਟੀ ਸੀ।

ਗੁਪਤਵਾਸ ਵਿਚ ਵਿਚਰਦਿਆਂ ਮੈਂ ਇਸ ਤਨਦੇਹੀ ਨਾਲ ਕੰਮ ਕੀਤਾ ਕਿ ਇਸ ਇਲਾਕੇ ਵਿਚੋਂ ਮਿੱਥੇ ਟੀਚੇ ਤੋਂ ਕਿਤੇ ਵੱਧ ਗ੍ਰਿਫਤਾਰੀਆਂ ਹੋਈਆਂ।

ਲੋਕਾਂ ਉੱਤੇ ਅਤਿ ਦਾ ਤਸ਼ੱਦਦ ਹੋਣ ਲੱਗਾ। ਜ਼ੁਰਮਾਨਿਆਂ ਦੀ ਵਸੂਲੀ ਲਈ ਮਕਾਨਾਂ ਦੀਆਂ ਛੱਤਾਂ ਤਕ ਉਧੇੜ ਲਈਆਂ ਗਈਆਂ। ਘਰਾਂ ਦਾ ਸਾਰਾ ਸਮਾਨ ਤੇ ਪਸ਼ੂ ਤਕ ਕੁਰਕ ਹੋਣ ਲੱਗੇ। ਕਿਸਾਨਾਂ ਉੱਤੇ ਇਸ ਦਹਿਸ਼ਤ ਦਾ ਕੁਝ ਪ੍ਰਭਾਵ ਵੀ ਹੋਣ ਲੱਗ ਪਿਆ ਤਾਂ ਜ਼ਿਲਾ ਜਲੰਧਰ ਕਮਿਊਨਿਸਟ ਪਾਰਟੀ ਨੇ ਔਰਤਾਂ ਨੂੰ ਲਾਮਬੰਦ ਕਰਨ ਦਾ ਫੈਸਲਾ ਕੀਤਾ। ਕਾਮਰੇਡ ਸੁਸ਼ੀਲਾ ਚੈਨ ਨੇ ਜ਼ਿਲਾ ਜਲੰਧਰ ਵਿਚ ਇਸ ਕਾਰਜ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਪਤਨੀ ਪ੍ਰੀਤਮ ਕੌਰ, ਸੁਸ਼ੀਲਾ ਅਤੇ ਤਿੰਨ ਹੋਰ ਭੈਣਾਂ ਦਾ ਜਥਾ ਪਿੰਡ ਬੁੰਡਾਲਾ ਤੋਂ ਚੱਲਿਆ। ਸਾਰੇ ਜ਼ਿਲ੍ਹੇ ਦਾ ਦੌਰਾ ਕਰਨ ਪਿੱਛੋਂ 104 ਔਰਤਾਂ ਦਾ ਜਥਾ ਗ੍ਰਿਫਤਾਰੀ ਦੇਣ ਲਈ ਜਲੰਧਰ ਸ਼ਹਿਰ ਪੁੱਜਾ। ਪਿੰਡ ਸੁੱਜੋਂ ਤਹਿਸੀਲ ਨਵਾਂਸ਼ਹਿਰ ਦੀ ਪਾਰਟੀ ਇਕਾਈ ਵੱਲੋਂ ਪੰਜ ਔਰਤਾਂ ਸਿੱਧੀਆਂ ਜਲੰਧਰ ਆ ਕੇ ਸ਼ਾਮਲ ਹੋਈਆਂ। ਬੀਬੀ ਕਰਮ ਕੌਰ ਸਾਹਨੀ ਦੀ ਅਗਵਾਈ ਹੇਠ ਤਹਿਸੀਲ ਫਗਵਾੜਾ ਦੀਆਂ 15 ਔਰਤਾਂ ਦਾ ਜਥਾ ਵੀ ਇਥੇ ਪੁੱਜ ਗਿਆ। ਵਾਹਵਾ ਰੌਣਕ ਹੋ ਗਈ। ਪਾਰਟੀ ਫੈਸਲੇ ਅਨੁਸਾਰ ਇਸ ਜਥੇ ਲਈ ਮੈਂ ਹੇਠ ਲਿਖੀ ਕਵਿਤਾ ਲਿਖ ਕੇ ਭੇਜੀ ਸੀ:

ਹਾਏ ਹਾਏ ਓ ਪੰਜਾਬ ਦਿਆ ਹਾਕਮਾਂ, ਹਾਏ ਹਾਕਮਾਂ
ਭੈਣਾਂ ਆਈਆਂ ਤੇਰੇ ਕੋਲ
ਭਾਵੇਂ ਕਰੀਂ ਗਲ ਤੋਲ
ਭਾਵੇਂ ਕੌੜਾ, ਫ਼ਿੱਕਾ ਬੋਲ
ਓਏ ਹਾਕਮਾਂ, ਪੰਜਾਬ ਦਿਆ ਹਾਕਮਾਂ

ਆ ਲਾਠੀਆਂ ਉਲਾਰ
ਸਾਡੀ ਛਾਤੀ ਗੋਲੀ ਮਾਰ
ਤੇਰੇ ਰਹਿ ਗਏ ਦਿਨ ਚਾਰ
ਓਏ ਹਾਕਮਾਂ...........

ਆਈਆਂ ਮਾਵਾਂ-ਭੈਣਾਂ ਜੁਟ
ਪੁੱਟ ਭੈਣ ਦੀ ਤੂੰ ਗੁੱਤ
ਆ ਜਾ, ਮਾਂ ਨੂੰ ਮਾਰ ਪੁੱਤ

ਓਏ ਹਾਕਮਾਂ..........
ਐਤੀਆਣਾ ਤੈਂ ਬਣਾਇਆ
ਧਾਲੀਵਾਲ ਕੁਰਲਾਇਆ
ਤੈਂ ਨਰੂੜ ਲਾਂਬੂ ਲਾਇਆ
ਓਏ ਹਾਕਮਾਂ.............

ਆ ਅਜੇ ਬਾਜ਼ ਆ
ਰਾਜ ਪੁਲਸ ਦਾ ਮੁਕਾ
ਅੱਗੋਂ ਕੰਨੀਂ ਹੱਥ ਲਾ
ਭੈਣਾਂ ਦੁਖੀਆਂ ਦੀ ਆਹ!
ਨਹੀਂ ਤਾਂ ਕਰ ਦਿਊ ਸੁਆਹ
ਓਏ ਹਾਕਮਾਂ, ਪੰਜਾਬ ਦਿਆਂ ਹਾਕਮਾਂ

ਜ਼ਿਲ੍ਹਾ ਕਚਹਿਰੀਆਂ ਸਾਹਮਣੇ ਕੁਝ ਮਿੰਟ ਸੁਸ਼ੀਲਾ ਨੇ ਤਕਰੀਰ ਕੀਤੀ। ਨਾਲੋ ਨਾਲ ਸਿਆਪਾ ਜਾਰੀ ਰਿਹਾ। ਫੇਰ ਪੁਲਸ ਨੇ ਦੋ ਬੱਸਾਂ ਮੰਗਵਾ ਲਈਆਂ। ਸਾਰੀਆਂ ਔਰਤਾਂ ਨੂੰ ਇਨ੍ਹਾਂ ਵਿਚ ਬਿਠਾ ਕੇ ਪੁਲਸ ਲੈ ਤੁਰੀ। ਫੈਸਲੇ ਅਨੁਸਾਰ ਬੀਬੀ ਪ੍ਰੀਤਮ ਕੌਰ ਬੁੰਡਾਲਾ, ਸੁਸ਼ੀਲਾ ਚੈਨ, ਬੀਬੀ ਕਰਮ ਕੌਰ, ਤਾਰੋ ਸੁੱਜੋਂ ਆਦਿ ਤੇਰਾਂ ਔਰਤਾਂ ਨੂੰ ਬਾਕੀਆਂ ਤੋਂ ਵੱਖ ਕਰਕੇ ਜੇਲ੍ਹ ਭੇਜ ਦਿੱਤਾ। ਬਾਕੀ ਸਾਰੀਆਂ ਨੂੰ ਪੁਲਸ ਭਾਖੜਾ ਡੈਮ ਲੈ ਗਈ। ਬਣੀ ਸਕੀਮ ਅਨੁਸਾਰ ਸਰਕਾਰ ਨੇ ਕੁਝ ਔਰਤਾਂ ਭਾਸ਼ਣ ਦੇਣ ਲਈ ਲੈ ਆਂਦੀਆਂ ਸਨ। ਉਨ੍ਹਾਂ ਕਿਹਾ ਕਿ ਦੇਖੋ ਕਿਸਾਨਾਂ ਦੇ ਭਲੇ ਲਈ ਕਿਤਨਾ ਖ਼ਰਚ ਕੀਤਾ ਹੈ, ਆਖ਼ਰ ਲੋਕਾਂ ਤੋਂ ਕੁਝ ਟੈਕਸ ਲੈ ਕੇ ਹੀ ਇਸ ਨੂੰ ਪੂਰਾ ਕਰਨਾ ਹੈ। ਫੇਰ ਉਨ੍ਹਾਂ ਸਾਰੀਆਂ ਔਰਤਾਂ ਨੂੰ ਘਰੋ-ਘਰੀ ਪਹੁੰਚਾ ਦਿੱਤਾ ਗਿਆ।

## ਰਤਨ ਸਿੰਘ ਦੌਲੀਕੇ ਦਾ ਸਟੈਂਡ

ਕਾਮਰੇਡ ਰਤਨ ਸਿੰਘ ਦੌਲੀਕੇ ਫੌਜ ਵਿਚੋਂ ਆਇਆ ਸੀ। ਉਹ ਕਾਮਰੇਡ ਦਰਸ਼ਨ ਸਿੰਘ ਲੰਗੇਰੀ ਤੋਂ ਪਹਿਲਾਂ ਜ਼ਿਲ੍ਹਾ ਪਾਰਟੀ ਸਕੱਤਰ ਰਿਹਾ ਸੀ। ਆਮ ਤੌਰ 'ਤੇ ਬਹੁਤ ਹਸਮੁੱਖ ਸੀ ਅਤੇ ਪਾਰਟੀ ਦੇ ਅੰਦਰੂਨੀ ਯੁੱਧ ਸਮੇਂ ਹਾਸੇ ਦੀਆਂ ਗੱਲਾਂ ਨਾਲ ਮਾਹੌਲ ਨੂੰ ਸ਼ਾਂਤ ਕਰ ਦਿੰਦਾ ਸੀ। ਪਰ ਉਸ ਦੀ ਮੇਰੇ ਨਾਲ ਕਦੇ ਨਹੀਂ ਸੀ ਬਣੀ। ਉਹ ਜਦ ਤੱਕ ਜੀਉਂਦਾ ਰਿਹਾ ਮੇਰਾ ਵਿਰੋਧ ਹੀ ਕਰਦਾ ਰਿਹਾ ਅਤੇ ਮੈਨੂੰ ਥੱਲੇ ਸੁੱਟਣ ਲਈ ਹਰ ਹਰਬਾ ਵਰਤਦਾ ਰਿਹਾ।

ਮੇਰੇ ਨਾਲ ਉਸ ਦਾ ਕੋਈ ਜ਼ਾਤੀ ਵੈਰ ਨਹੀਂ ਸੀ ਪਰ ਉਸ ਦੀ ਰਾਜਸੀ ਸੂਝ

ਸੱਜੇ-ਪੱਖੀ ਸੀ ਅਤੇ ਉਹ ਪਾਰਟੀ ਜਥੇਬੰਦੀ ਨੂੰ ਢਿੱਲੀ-ਢੌਲੀ ਰੱਖਣ ਦੇ ਵਿਚਾਰ ਦਾ ਸੀ ਜਿਸ ਕਰਕੇ ਉਸ ਦਾ ਸਟੈਂਡ ਮੇਰੇ ਨਾਲ ਟਕਰਾਵਾਂ ਹੀ ਰਿਹਾ।

ਜਦ ਸੱਜੇ ਪਿਛਾਖੜ ਦੇ ਵਿਰੋਧ ਦੇ ਨਾਉਂ ਥੱਲੇ ਇੰਦਰਾ ਗਾਂਧੀ ਨੇ ਦੇਸ਼ ਵਿਚ ਐਮਰਜੈਂਸੀ ਲਾ ਦਿੱਤੀ ਤਾਂ ਉਸ ਦਾ ਸਪਸ਼ਟ ਵਿਚਾਰ ਸੀ ਕਿ ਇਸ ਸਮੇਂ ਸਰਕਾਰ ਵਿਰੁੱਧ ਕਿਸੇ ਤਰ੍ਹਾਂ ਦੀ ਜਨਤਕ ਲਹਿਰ ਨਹੀਂ ਚੱਲਣੀ ਚਾਹੀਦੀ। ਇਸ ਸੋਚ ਅਧੀਨ ਉਸ ਨੇ ਉਸ ਮੋਰਚੇ ਦਾ ਵਿਰੋਧ ਕੀਤਾ ਜੋ ਭੋਗਪੁਰ ਗੰਨਾ ਮਿਲ ਦੇ ਪ੍ਰਬੰਧਕਾਂ ਵਿਰੁੱਧ ਕਾਮਰੇਡ ਕੁਲਵੰਤ ਸਿੰਘ ਨੇ ਕਿਸਾਨਾਂ ਦੀਆਂ ਹੱਕੀ ਮੰਗਾਂ ਵਾਸਤੇ ਲਾਇਆ ਹੋਇਆ ਸੀ। ਇਸ ਸਵਾਲ ਉੱਤੇ ਉਸ ਨੇ ਜ਼ਿਲ੍ਹਾ ਕੌਂਸਲ ਮੀਟਿੰਗ ਵਿਚ ਸੁਝਾਉ ਰੱਖਿਆ ਕਿ ਕਾਮਰੇਡ ਕੁਲਵੰਤ ਸਿੰਘ ਨੂੰ ਉਹ ਮੋਰਚਾ ਬੰਦ ਕਰਨ ਦਾ ਹੁਕਮ ਦਿੱਤਾ ਜਾਏ। ਉਸ ਦਾ ਕਹਿਣਾ ਸੀ ਕਿ ਇਸ ਮੋਰਚੇ ਨਾਲ ਪਾਰਟੀ ਅੰਦਰ ਤੇੜ ਵਧ ਰਹੀ ਹੈ ਕਿਉਂਕਿ ਕੁਲਵੰਤ ਸਿੰਘ ਮੋਰਚਾ ਗਰਮ ਕਰ ਰਿਹਾ ਹੈ ਅਤੇ ਉਹ ਇਸ ਮੋਰਚੇ ਨੂੰ ਬੰਦ ਕਰਨਾ ਚਾਹੁੰਦਾ ਹੈ। ਪਰ ਜ਼ਿਲ੍ਹਾ ਕੌਂਸਲ ਨੇ ਉਲਟਾ ਇਹ ਫੈਸਲਾ ਕਰ ਦਿੱਤਾ ਕਿ ਕਾਮਰੇਡ ਰਤਨ ਸਿੰਘ ਖੁਦ ਜਥਾ ਲੈ ਕੇ ਇਸ ਮੋਰਚੇ ਵਿਚ ਜਾਵੇ ਤਾਂ ਜੋ ਤਹਿਸੀਲ ਪਾਰਟੀ ਅੰਦਰੋਂ ਤਫਰਕਾ ਦੂਰ ਹੋ ਜਾਏ। ਜਲੰਧਰ ਤਹਿਸੀਲ ਪਾਰਟੀ ਕਾਨਫਰੰਸ ਨੇ ਵੀ ਕਾਮਰੇਡ ਰਤਨ ਦੀ ਸੋਚ ਦਾ ਖੰਡਣ ਕਰਦਿਆਂ ਕਾਮਰੇਡ ਕੁਲਵੰਤ ਸਿੰਘ ਦੇ ਸਟੈਂਡ ਉੱਤੇ ਮੋਹਰ ਲਾਈ।

## ਮੇਰੇ ਵਿਰੁੱਧ ਬੇਪਰਤੀਤੀ ਮਤਾ

ਕਾਮਰੇਡ ਰਤਨ ਨੇ ਕਾਮਰੇਡ ਨਸੀਬ ਸਿੰਘ ਸਮਰਾ (ਜੋ ਮੇਰੇ ਬਹੁਤ ਨਜ਼ਦੀਕ ਸੀ) ਨੂੰ ਮੇਰੇ ਵਿਰੁੱਧ ਖੜ੍ਹਾ ਕਰਨ ਲਈ ਕਾਮਰੇਡ ਗਿਆਨ ਸਿੰਘ ਦੁਸਾਂਝ ਨਾਲ ਮੇਰੀ ਨੇੜਤਾ ਨੂੰ ਹਊਆ ਬਣਾ ਕੇ ਪੇਸ਼ ਕੀਤਾ। ਕਾਮਰੇਡ ਗਿਆਨ ਸਿੰਘ ਦਾ ਨਵਾਂ ਨਵਾਂ ਵਿਆਹ (ਜਿਸ ਦਾ ਵਿਸਥਾਰ ਸਹਿਤ ਵਰਨਣ ਮੈਂ ਅੱਗੇ ਕੀਤਾ ਹੋਇਆ ਹੈ) ਹੋਇਆ ਸੀ ਅਤੇ ਉਸ ਦੀ ਪਤਨੀ ਚਰਨਜੀਤ ਵੀ ਸਰਗਰਮ ਵਰਕਰ ਬਣ ਗਈ ਸੀ। ਕਾਮਰੇਡ ਰਤਨ ਨੇ ਕਾਮਰੇਡ ਨਸੀਬ ਨੂੰ ਇਹ ਪੱਟੀ ਪੜ੍ਹਾਉਣੀ ਸ਼ੁਰੂ ਕੀਤੀ ਕਿ ਚੈਨ ਨੇ ਗਿਆਨ ਨੂੰ ਉੱਪਰ ਚੁੱਕਣਾ ਹੈ। ਚਰਨਜੀਤ ਕੌਰ ਨੇ ਔਰਤਾਂ ਵਿਚ ਸੁਸ਼ੀਲਾ ਚੈਨ ਦੇ ਨੇੜੇ ਹੋ ਜਾਣਾ ਹੈ। ਚੈਨ, ਗਿਆਨ, ਸੁਸ਼ੀਲਾ ਤੇ ਚਰਨਜੀਤ ਦੀ ਅਜਿਹੀ ਚੌਂਕੜੀ ਬਣ ਜਾਣੀ ਕਿ ਤੈਨੂੰ ਚੈਨ ਨੇ ਬਹੁਤ ਘੱਟ ਮਹੱਤਵ ਦੇਣਾ ਹੈ। ਹੁਣ ਚੈਨ ਤੇ ਫੇਰ ਗਿਆਨ, ਤੇਰੀ ਵਾਰੀ ਕਦੇ ਨਹੀਂ ਆਉਣੀ। ਤੇਰੇ ਲਈ ਇਕੋ ਰਾਹ ਹੈ ਕਿ ਚੈਨ ਨੂੰ ਥੱਲੇ ਸੁੱਟਿਆ ਜਾਏ ਅਥਵਾ ਇਸ ਕਾਰਜ ਲਈ ਮੈਂ ਤੇਰੀ ਪੂਰੀ ਮਦਦ ਕਰਾਂਗਾ। ਕਾਮਰੇਡ ਮਲਕੀਤ ਮੇਹਲੀ ਨੂੰ ਵੀ ਇਹੋ ਪੱਟੀ ਪੜ੍ਹਾਈ ਕਿ ਤੇਰਾ ਸਕੱਤਰ ਬਨਣਾ ਇਕੋ ਤਰ੍ਹਾਂ ਸੰਭਵ ਹੈ ਕਿ ਚੈਨ ਨੂੰ ਕਿਸੇ ਤਰ੍ਹਾਂ ਪਰੇ ਕੀਤਾ ਜਾਏ।

ਇਸ ਛਡਯੰਤਰ ਨੂੰ ਜ਼ਿਲ੍ਹਾ ਕਪੂਰਥਲਾ (ਜੋ ਉਸ ਵੇਲੇ ਪਾਰਟੀ ਤੌਰ 'ਤੇ ਜ਼ਿਲ੍ਹਾ ਜਲੰਧਰ ਨਾਲ ਹੀ ਸੀ) ਦੇ ਪਾਰਟੀ ਆਗੂਆਂ ਨੇ ਬਹੁਤ ਬੁਰਾ ਮਹਿਸੂਸ ਕੀਤਾ, ਉਹ ਮੇਰੀ ਹਮਾਇਤ ਵਿਚ ਖੜ੍ਹੇ ਹੋ ਗਏ। ਮੁਲਾਜ਼ਮ ਵਿੰਗ ਦੇ ਸਾਥੀ ਵੀ ਮੇਰੇ ਨਾਲ ਆ ਜੁੜੇ।

ਕਾਮਰੇਡ ਰਤਨ ਨੇ ਸੂਬਾ ਕੇਂਦਰ ਨੂੰ ਲਿਖ ਦਿੱਤਾ ਕਿ ਕਾਮਰੇਡ ਚੈਨ ਬਹੁ-ਸੰਮਤੀ ਦਾ ਵਿਸ਼ਵਾਸ ਖੋਹ ਬੈਠਾ ਹੈ। ਇਸ ਲਈ ਅਸੀਂ ਉਸ ਵਿਰੁੱਧ ਬੇਪਰਤੀਤੀ ਮਤਾ ਲਿਆਉਣ੍ਹਾ ਹੈ। ਸੂਬਾ ਸਕੱਤਰ ਕਾਮਰੇਡ ਮਲਹੋਤਰਾ ਵੀ ਉਸ ਸਮੇਂ ਮੇਰੇ ਵਿਰੁੱਧ ਸੀ। ਉਹ ਖੁਦ ਇਸ ਜ਼ਿਲ੍ਹਾ ਕੌਂਸਲ ਮੀਟਿੰਗ ਵਿਚ ਪਹੁੰਚੇ। ਅੰਦਰੋਗਤੀ ਮੇਰੇ ਵਿਰੁੱਧ ਮੇਰੇ ਚਾਲ-ਚਲਨ ਬਾਰੇ ਵੀ ਨਿਰਮੂਲ ਪ੍ਰਚਾਰ ਕੀਤਾ ਗਿਆ ਸੀ। ਜ਼ਿਲ੍ਹਾ ਕੌਂਸਲ ਦੀ ਮੀਟਿੰਗ ਵਿਚ ਕਾਮਰੇਡ ਸਵਰਨ ਅਕਲਪੁਰੀ ਨੇ ਮੇਰੇ ਵਿਰੁੱਧ ਬੇਪਰਤੀਤੀ ਮਤਾ ਪੇਸ਼ ਕੀਤਾ। ਮੁਲਾਜ਼ਮ ਵਿੰਗ ਦੇ ਆਗੂ ਕਾਮਰੇਡ ਸਵਰਨ ਸਿੰਘ ਚੁਲਾਂਗ ਨੇ ਮੇਰੇ ਹੱਕ ਵਿਚ ਤਕਰੀਰ ਕਰਦਿਆਂ ਕਾਮਰੇਡ ਮਲਹੋਤਰਾ ਉੱਤੇ ਟਕੋਰ ਲਾਉਂਦਿਆਂ ਫਾਰਸੀ ਦਾ ਇਹ ਸ਼ੇਅਰ ਪੜ੍ਹਿਆ: "ਚੂੰ ਕੁਫ਼ਰ ਅਜ਼ ਕਾਅਬਾ ਬਰ ਖੇਜ਼ਦ ਕੁਜਾ ਮਾਨੰਦ ਮੁਸਲਮਾਨੀ" ਭਾਵ ਜੇ ਕਾਅਬੇ ਤੋਂ ਹੀ ਕੁਫਰ ਉੱਠ ਪਵੇ ਤਾਂ ਮੁਸਲਮਾਨੀ ਕਿਥੇ ਰਹਿ ਜਾਊ।

ਚਾਰ ਘੰਟੇ ਖੂਬ ਬਹਿਸ ਹੋਈ। ਮਤੇ ਦੇ ਹੱਕ ਵਿਚ ਤੇ ਵਿਰੋਧ ਵਿਚ ਬਰਾਬਰ-ਬਰਾਬਰ ਵੋਟਾਂ ਪਈਆਂ। ਨਤੀਜੇ ਦੇ ਤੌਰ 'ਤੇ ਕਾਮਰੇਡ ਮਲਹੋਤਰਾ ਨੂੰ ਐਲਾਨ ਕਰਨਾ ਪਿਆ ਕਿ ਮਤਾ ਪਾਸ ਨਾ ਹੋਣ ਕਰਕੇ ਅਜੇ ਕਾਮਰੇਡ ਚੈਨ ਹੀ ਸਕੱਤਰ ਰਹੇਗਾ।

## ਮੇਰਾ ਦਾਅਵਾ

ਮੈਂ 70 ਸਾਲ ਦੇ ਸਰਗਰਮ ਰਾਜਸੀ ਜੀਵਨ ਵਿਚ

1. ਕਦੇ ਪਾਰਟੀ ਅੰਦਰ ਗੁਠਬੰਦੀ ਪੈਦਾ ਕਰਨ ਦਾ ਜਤਨ ਨਹੀਂ ਕੀਤਾ। ਵਕਤੀ ਤੌਰ 'ਤੇ ਹਮਖਿਆਲ ਸਾਥੀਆਂ ਦੇ ਜੁੱਟ ਨਾਲ ਖੜ੍ਹਾ ਹੋਇਆ ਹਾਂ।
2. ਕਦੇ ਕਿਸੇ ਪਾਰਟੀ ਆਗੂ ਦਾ ਭਗਤ ਨਹੀਂ ਬਣਿਆ। ਜੇ ਕੋਈ ਗਲਤ ਲੱਗਿਆ ਤਾਂ ਉਸ ਵਿਰੁੱਧ ਸਟੈਂਡ ਲਿਆ। ਜੇ ਉਸੇ ਆਗੂ ਦਾ ਸਟੈਂਡ ਦਰੁਸਤ ਲੱਗਾ ਤਾਂ ਉਸ ਦੀ ਹਮਾਇਤ ਕੀਤੀ।
3. ਆਪਣੀ ਆਜ਼ਾਦ ਸੋਚ ਨੂੰ ਬਰਕਰਾਰ ਰੱਖਿਆ ਹੈ। ਜੇ ਕੋਈ ਸਟੈਂਡ ਗਲਤ ਲੈ ਹੋ ਗਿਆ ਤਾਂ ਉਸ ਨੂੰ ਠੀਕ ਕਰਨ ਲਈ ਕਦੇ ਸੰਕੋਚ ਨਹੀਂ ਕੀਤਾ।
4. ਮੇਰੇ ਬਾਰੇ ਦੂਜਿਆਂ ਨੂੰ ਗਲਤ ਫਹਿਮੀ ਹੁੰਦੀ ਰਹੀ ਹੈ। ਇਸ ਕਰਕੇ ਮੇਰੇ ਨਾਲ ਕਿਤੇ ਕਿਤੇ ਧੱਕੇ ਵੀ ਹੋਏ ਹਨ ਪਰ ਮੇਰੇ ਅਸੂਲੀ ਸਟੈਂਡ ਨੇ ਕਈ ਧੱਕੇਬਾਜ਼ਾਂ ਦੇ ਭਰਮ ਦੂਰ ਕੀਤੇ ਹਨ।

ਇਸ ਬਾਰੇ ਕਹਿਣ ਦੱਸਣ ਨੂੰ ਬਹੁਤ ਕੁਝ ਹੈ ਪਰ ਮੈਂ ਕੇਵਲ ਦੋ-ਤਿੰਨ ਵੱਡੀਆਂ ਘਟਨਾਵਾਂ ਦਾ ਹੀ ਵਰਨਣ ਕਰਾਂਗਾ।

## ਜ਼ਿਲ੍ਹਾ ਸਕੱਤਰ ਕਾਮਰੇਡ ਦਰਸ਼ਨ ਨੇ ਆਪਣੀ ਜ਼ੁੰਮੇਵਾਰੀ ਮੇਰੇ ਸਿਰ ਪਾਈ

ਪਿੰਡ ਜੰਡਿਆਲਾ ਜ਼ਿਲ੍ਹਾ ਜਲੰਧਰ ਵਿਖੇ ਸੂਬਾ ਪਾਰਟੀ ਕਾਨਫਰੰਸ ਹੋਈ। ਉਦੋਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਸਿਰ ਉੱਤੇ ਸਨ। ਕਾਨਫਰੰਸ ਨੇ ਫੈਸਲਾ ਕੀਤਾ ਕਿ ਉਨ੍ਹਾਂ ਚੋਣਾਂ ਵਿਚ ਅਕਾਲੀਆਂ ਨਾਲ ਕੋਈ ਲੈਣ-ਦੇਣ ਨਹੀਂ ਕੀਤਾ ਜਾਵੇਗਾ। ਕਾਮਰੇਡ ਦਰਸ਼ਨ ਨੇ ਇਸ ਫੈਸਲੇ ਨੂੰ ਪੱਕਾ ਪੀਢਾ ਕਰਨ ਲਈ ਕੁਝ ਸ਼ਬਦਾਂ ਦਾ ਵਾਧਾ ਕਰਾਇਆ ਜਿਵੇਂ ਕਿ "ਕਿਸੇ ਬਹਾਨੇ ਅਕਾਲੀਆਂ ਨਾਲ ਰਾਈ ਭਰ ਸਬੰਧ ਨਹੀਂ ਹੋਵੇਗਾ।" ਵਿੰਜੈ ਵਾੜਾ ਪਾਰਟੀ ਕਾਂਗਰਸ ਦਾ ਵੀ ਇਹੋ ਫੈਸਲਾ ਸੀ। ਪਰ ਸੂਬਾ ਸਕੱਤਰ ਕਾਮਰੇਡ ਸੁਰਜੀਤ ਨੇ ਇਧਰ-ਉਧਰ ਦੀਆਂ ਦਲੀਲਾਂ ਦੇ ਕੇ ਅਕਾਲੀਆਂ ਨਾਲ ਲੈਣ-ਦੇਣ ਕਰ ਲਿਆ।

ਪਤਾ ਨਹੀਂ ਕਾਮਰੇਡ ਦਰਸ਼ਨ ਨੂੰ ਕੀ ਹੋਇਆ! ਉਸ ਨੇ ਵੀ ਚੋਣ ਮੁਹਿੰਮ ਦੌਰਾਨ ਗੱਡਵੀਆਂ ਤਕਰੀਰਾਂ ਕਰਕੇ ਇਸ ਲੈਣ-ਦੇਣ ਦਾ ਅਮਲੀ ਤੌਰ 'ਤੇ ਸਮਰਥਨ ਕਰ ਦਿੱਤਾ ਪਰ ਮੈਂ ਸੂਬਾ ਪਾਰਟੀ ਕਾਨਫਰੰਸ ਦੇ ਫੈਸਲੇ ਨੂੰ ਸਾਬਤ ਕਦਮੀ ਨਾਲ ਲਾਗੂ ਕਰਨ ਲਈ ਦ੍ਰਿੜ ਰਿਹਾ।

ਜਦ ਜ਼ਿਲ੍ਹਾ ਜਲੰਧਰ ਪਾਰਟੀ ਕਮੇਟੀ ਦੀ ਮੀਟਿੰਗ ਵਿਚ ਚੋਣਾਂ ਦਾ ਰੀਵਿਊ ਹੋਣ ਲੱਗਾ ਤਾਂ ਮੈਂ ਸੂਬਾ ਕਮੇਟੀ ਦੀ ਇਹ ਕਹਿ ਕੇ ਨੁਕਤਾਚੀਨੀ ਕੀਤੀ ਕਿ ਇਸ ਨੇ ਪਾਰਟੀ ਦੇ ਕੇਂਦਰ ਅਤੇ ਸੂਬਾ ਪਾਰਟੀ ਕਾਨਫਰੰਸ ਦੇ ਫੈਸਲੇ ਦੀ ਉਲੰਘਣਾ ਕੀਤੀ ਹੈ। ਮੇਰਾ ਇਹ ਸਟੈਂਡ ਕਾਮਰੇਡ ਸੁਰਜੀਤ ਅਤੇ ਹੁਣ ਇਕ ਤਰ੍ਹਾਂ ਕਾਮਰੇਡ ਦਰਸ਼ਨ ਦੇ ਵੀ ਵਿਰੁੱਧ ਸੀ। ਕਾਮਰੇਡ ਅਜੀਤ ਸਿੰਘ ਮਾਣਕਪੁਰੀ ਤੇ ਸਰਵਨ ਸਿੰਘ ਚੀਮਾ ਵੀ ਪਹਿਲੋਂ ਮੇਰੇ ਨਾਲ ਖੜ੍ਹੇ ਸਨ। ਪਰ ਕਾਮਰੇਡ ਸੁਰਜੀਤ ਨੇ ਕਾਮਰੇਡ ਸੁਤੰਤਰ ਦਾ ਹਊਆ ਖੜ੍ਹਾ ਕਰਕੇ ਕਾਮਰੇਡ ਸਰਵਨ ਸਿੰਘ ਨੂੰ ਤਾਂ ਮੇਰੇ ਵਿਰੁੱਧ ਖੜ੍ਹਾ ਕਰ ਦਿੱਤਾ ਅਥਵਾ ਕਾਮਰੇਡ ਅਜੀਤ ਸਿੰਘ ਮਾਣਕਪੁਰੀ ਨਿਰਪੱਖ ਹੋ ਗਿਆ। ਉਸ ਵੇਲੇ ਤਾਈਂ ਕਾਮਰੇਡ ਦਰਸ਼ਨ ਨੂੰ ਵੀ ਹੋਸ਼ ਆ ਚੁੱਕੀ ਸੀ ਕਿ ਉਸ ਨੇ ਪਾਰਟੀ ਕਾਨਫਰੰਸ ਦੇ ਫੈਸਲੇ ਅਥਵਾ ਆਪਣੀ ਸੂਝ ਸਮਝ ਦੇ ਹੀ ਵਿਰੁੱਧ ਚੋਣਾਂ ਵਿਚ ਕੰਮ ਕੀਤਾ ਹੈ। ਇਸ ਲਈ ਜ਼ਿਲ੍ਹਾ ਕਮੇਟੀ ਮੀਟਿੰਗ ਵਿਚ ਉਹ ਇਤਨਾ ਬੇਹਿਸ ਹੋ ਗਿਆ ਕਿ ਕੋਈ ਰੀਵਿਊ ਰਿਪੋਰਟ ਲਿਖਣ ਤੋਂ ਹੀ ਸਿਰ ਫੇਰ ਦਿੱਤਾ ਅਤੇ ਸੁਝਾਉ ਦਿੱਤਾ ਕਿ ਕਾਮਰੇਡ ਚੈਨ ਜਿਸ ਨੇ ਪਾਰਟੀ ਫੈਸਲੇ ਉੱਤੇ ਠੀਕ ਪਹਿਰਾ ਦਿੱਤਾ ਹੈ, ਰੀਵਿਊ ਰਿਪੋਰਟ ਲਿਖ ਕੇ ਜ਼ਿਲ੍ਹਾ ਕੌਂਸਲ ਵਿਚ ਪੇਸ਼ ਕਰੇ। ਸੋ ਮੈਂ ਉਹ ਰਿਪੋਰਟ ਲਿਖੀ ਅਤੇ ਫਗਵਾੜਾ ਵਿਖੇ ਹੋਈ ਜ਼ਿਲ੍ਹਾ ਕੌਂਸਲ ਮੀਟਿੰਗ ਵਿਚ ਪੇਸ਼ ਕਰ ਦਿੱਤੀ। ਕਾਮਰੇਡ ਦਰਸ਼ਨ ਇਤਨੇ ਮਾਯੂਸ ਹੋਏ ਕਿ ਉਸ ਮੀਟਿੰਗ ਵਿਚ ਹਾਜ਼ਰ ਹੀ ਨਾ ਹੋਏ ਅਥਵਾ ਲਿਖ ਭੇਜਿਆ ਕਿ ਕਾਮਰੇਡ ਚੈਨ ਰਿਪੋਰਟ ਪੇਸ਼ ਕਰੇਗਾ ਅਤੇ ਜ਼ਿਲ੍ਹਾ ਕੌਂਸਲ ਨੇ ਜੋ ਫੈਸਲਾ ਲੈਣਾ ਹੈ ਲੈ ਲਵੇ। ਸੋ ਮੈਂ ਰਿਪੋਰਟ ਪੇਸ਼ ਕਰ ਦਿੱਤੀ। ਕਾਮਰੇਡ ਗੁਰਬਖ਼ਸ਼ ਸਿੰਘ

ਅੱਟਾ ਨੇ ਇਸ ਦਾ ਵਿਰੋਧ ਕੀਤਾ ਅਥਵਾ ਕਾਮਰੇਡ ਸਰਵਨ ਸਿੰਘ ਚੀਮਾ ਵੀ ਉਧਰ ਹੀ ਤੁਰ ਗਿਆ। ਕਾਮਰੇਡ ਮਾਣਕਪੁਰ ਦੁੱਵਲੀਆਂ ਗੱਲਾਂ ਕਰਦਾ ਕਰਦਾ ਵੀ ਉਸੇ ਪਾਸੇ ਹੋ ਗਿਆ। ਕਾਮਰੇਡ ਨਰਿੰਦਰ ਸ਼ਰਮਾ ਅਤੇ ਸਰਦਾਰਾ ਸਿੰਘ ਸਕੰਦਰਪੁਰੀ ਨੇ ਮੇਰਾ ਡਟਵਾਂ ਸਾਥ ਦਿੱਤਾ। ਰਿਪੋਰਟ ਬਹੁ-ਸੰਮਤੀ ਨਾਲ ਪਾਸ ਹੋ ਗਈ। ਇਹ ਇਕ ਤਰ੍ਹਾਂ ਕਾਮਰੇਡ ਸੁਰਜੀਤ ਉੱਤੇ ਵੀ ਚੋਟ ਸੀ। ਕਾਮਰੇਡ ਸੁਰਜੀਤ ਅਤੇ ਦਰਸ਼ਨ ਦੋਹਾਂ ਨੂੰ ਚਾਨਣ ਹੋ ਗਿਆ ਕਿ ਮੈਂ ਕਿਸੇ ਗੁਠਬੰਦੀ ਵਿਚ ਨਹੀਂ। ਨਾ ਕਿਸੇ ਦੀ ਵਿਅਕਤੀ ਪੂਜਾ ਕਰਦਾ ਹਾਂ। ਹਮੇਸ਼ਾ ਆਪਣੀ ਸੂਝ-ਸਮਝ ਅਨੁਸਾਰ ਅਥਵਾ ਅਸੂਲੀ ਸਟੈਂਡ ਲੈਂਦਾ ਹਾਂ। ਇਹੋ ਕਾਰਨ ਸੀ ਕਿ ਜਦ ਚੀਨ ਤੇ ਹਿੰਦੁਸਤਾਨ ਦਾ ਸਰਹੱਦੀ ਝਗੜਾ ਫੌਜੀ ਟੱਕਰ ਦਾ ਰੂਪ ਧਾਰ ਗਿਆ ਅਥਵਾ ਕਾਮਰੇਡ ਦਰਸ਼ਨ ਸਿੰਘ ਨੂੰ ਸੂਬਾ ਸਕੱਤਰ ਨਿਯੁਕਤ ਕਰ ਦਿੱਤਾ ਗਿਆ ਤਾਂ ਉਸਨੇ ਆਪਣੇ ਨਿਕਟਵਰਤੀ ਸਾਥੀਆਂ ਨੂੰ ਸਾਫ਼ ਕਹਿ ਦਿੱਤਾ ਕਿ ਅਸੀਂ ਕਈ ਸਾਲ ਕਾਮਰੇਡ ਚੈਨ ਨੂੰ ਕਾਮਰੇਡ ਸੁਰਜੀਤ ਦਾ ਹਾਮੀ ਸਮਝ ਕੇ ਬੜਾ ਤੰਗ ਕੀਤਾ। ਇਸ ਲਈ ਹੁਣ ਕਾਮਰੇਡ ਚੈਨ ਨੂੰ ਜ਼ਿਲ੍ਹਾ ਸਕੱਤਰ ਬਣਾਇਆ ਜਾਵੇ। (ਸੋ ਕਾਮਰੇਡ ਰਤਨ ਸਿੰਘ ਦੌਲੀਕੇ ਦੀ ਵਿਰੋਧਤਾ ਦੇ ਬਾਵਜੂਦ ਮੈਨੂੰ ਜ਼ਿਲ੍ਹਾ ਸਕੱਤਰ ਚੁਣਿਆ ਗਿਆ। ਕਾਮਰੇਡ ਰਤਨ ਦਾ ਜ਼ੋਰ ਇਸ ਗੱਲ ਉੱਤੇ ਸੀ ਕਿ ਕਾਮਰੇਡ ਦਰਸ਼ਨ ਸੂਬਾ ਸਕੱਤਰ ਵੀ ਰਹੇ ਅਤੇ ਜ਼ਿਲ੍ਹਾ ਸਕੱਤਰ ਵੀ। ਕਾਮਰੇਡ ਚੈਨ ਸਹਾਇਕ ਜਾਂ ਐਕਟਿੰਗ ਸਕੱਤਰ ਵਜੋਂ ਕੰਮ ਕਰੇ। ਪਰ ਕਾਮਰੇਡ ਦਰਸ਼ਨ ਨੇ ਉਸਦੀ ਇਕ ਨਹੀਂ ਸੁਣੀ।

ਦੂਜੇ ਪਾਸੇ ਜ਼ਿਲ੍ਹੇ ਦੀ ਉਪਰੋਕਤ ਰਿਪੋਰਟ ਦੇਖ ਕੇ ਕਾਮਰੇਡ ਸੁਰਜੀਤ ਤੇ ਉਸ ਦੇ ਨਾਲ ਦੇ ਸਾਥੀ ਵੀ ਬਹੁਤ ਤਿਲਮਲਾਏ ਅਤੇ ਸੂਬਾ ਕਮੇਟੀ ਨੇ ਹੁਕਮ ਦਿੱਤਾ ਕਿ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਮੁੜ ਬੁਲਾਈ ਜਾਏ। ਕਾਰਨ ਇਹ ਦੱਸਿਆ ਕਿ ਫਗਵਾੜਾ ਮੀਟਿੰਗ ਵਿਚ ਤਸੱਲੀਬਖ਼ਸ਼ ਹਾਜ਼ਰੀ ਨਹੀਂ ਸੀ। ਸੋ ਜ਼ਿਲ੍ਹਾ ਕੌਂਸਲ ਮੀਟਿੰਗ ਮੁੜ ਜਲੰਧਰ ਸ਼ਹਿਰ ਵਿਚ ਹੋਈ। ਸੂਬਾ ਕਮੇਟੀ ਵੱਲੋਂ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਮੀਟਿੰਗ ਦਾ ਨਿਰੀਖਣ ਕਰਨ ਆਏ। ਦੋਨੋਂ ਪੱਖਾਂ ਤੋਂ ਜ਼ੋਰ ਲੱਗਣ ਕਰਕੇ ਹਾਜ਼ਰੀ ਕੜਤੋੜ ਸੀ। ਮੇਰੇ ਵੱਲੋਂ ਪੇਸ਼ ਕੀਤੀ ਰਿਪੋਰਟ ਹੁਣ ਅੱਗੇ ਨਾਲੋਂ ਵਧੇਰੇ ਬਹੁ-ਗਿਣਤੀ ਨਾਲ ਪਾਸ ਹੋਈ ਅਤੇ ਕਾਮਰੇਡ ਲਾਇਲਪੁਰੀ ਦੇ ਪੱਲੇ ਨਮੋਸ਼ੀ ਹੀ ਪਈ।

## ਪਾਰਟੀ ਦੇ ਦੋ ਫਾੜ ਹੋਣ ਸਮੇਂ

ਜਦ ਹਿੰਦ ਕਮਿਊਨਿਸਟ ਪਾਰਟੀ ਤੋਂ ਵੱਖਰੀ ਮਾਰਕਸੀ ਪਾਰਟੀ ਬਨਣ ਦੀ ਹਾਲਤ ਬਣੀ ਤਾਂ ਮੈਂ ਪਹਿਲੋਂ ਹੀ ਇਸ ਨੁਕਤੇ ਦੀ ਵਿਆਖਿਆ ਸਾਰੇ ਜ਼ਿਲ੍ਹੇ ਦੇ ਸਾਥੀਆਂ ਵਿਚ ਕੀਤੀ ਕਿ ਦੂਜੀ ਵੱਖਰੀ ਪਾਰਟੀ ਬਨਾਉਣਾ ਇਕ ਵੱਡਾ ਜੁਰਮ ਹੈ। ਕਿਰਤੀ ਪਾਰਟੀ ਅਤੇ ਲਾਲ ਕਮਿਊਨਿਸਟ ਪਾਰਟੀ ਇਸੇ ਕਰਕੇ ਤੋੜਨੀ ਪਈ ਸੀ ਕਿ ਸਾਰੇ ਕਮਿਊਨਿਸਟਾਂ ਦੀ ਏਕਤਾ ਨਾਲ ਇਕਮੁੱਠ ਮਜ਼ਬੂਤ ਪਾਰਟੀ ਬਣ ਜਾਏ। ਕਾਮਰੇਡ

ਸੁਰਜੀਤ ਵੱਖਰੀ ਪਾਰਟੀ ਬਨਾਉਣ ਵਿਰੁੱਧ ਪ੍ਰਚਾਰ ਕਰਦਾ ਰਿਹਾ ਹੈ, ਪਰ ਅੱਜ ਉਹ ਆਪ ਇਹੀ ਕਾਰਜ ਕਰ ਰਿਹਾ ਹੈ। ਮੇਰੀ ਇਸ ਅਗੇਤੀ ਦੌੜ-ਭੱਜ ਦਾ ਹੀ ਨਤੀਜਾ ਸੀ ਕਿ ਜ਼ਿਲ੍ਹਾ ਪਾਰਟੀ ਦੀ ਬਹੁ-ਗਿਣਤੀ ਹਿੰਦ ਕਮਿਊਨਿਸਟ ਪਾਰਟੀ ਨਾਲ ਰਹੀ, ਮਾਰਕਸੀ ਪਾਰਟੀ ਵਿਚ ਨਹੀਂ ਗਈ।

ਪਰ ਦੁੱਖ ਇਹ ਹੋਇਆ ਕਿ ਮੇਰੇ ਨਾਲ ਪਹਿਲਾਂ ਤੋਂ ਕੰਮ ਕਰਦੇ ਚਲੇ ਆਏ ਕਈ ਸਾਥੀ ਜਿਵੇਂ ਕਿ ਕਾਮਰੇਡ ਗੁਰਚਰਨ ਸਿੰਘ ਰੰਧਾਵਾ, ਬੂਝਾ ਸਿੰਘ, ਰਾਜਿੰਦਰ ਸਿੰਘ ਸਰੀਂਹ ਅਤੇ ਗੰਧਰਵ ਸੈਨ ਆਦਿ ਮਾਰਕਸੀ ਪਾਰਟੀ ਵਿਚ ਚਲੇ ਗਏ। ਤਦ ਵੀ ਸਾਡੀ ਆਪੋ ਵਿਚ ਕਦੇ ਕੌੜੀ ਟੱਕਰ ਨਹੀਂ ਹੋਈ। ਅਸੀਂ ਇਕ-ਦੂਜੇ ਦਾ ਮਾਣ ਹੀ ਕਰਦੇ ਰਹੇ। ਕਾਮਰੇਡ ਗੁਰਚਰਨ ਸਿੰਘ ਰੰਧਾਵਾ ਕੈਂਸਰ ਦੀ ਨਾਮੁਰਾਦ ਬੀਮਾਰੀ ਕਾਰਨ ਕੁਝ ਘੰਟਿਆਂ ਦਾ ਹੀ ਪ੍ਰਾਹੁਣਾ ਸੀ। ਪਰ ਜਦ ਮੈਂ ਉਸ ਨੂੰ ਮਿਲਣ ਗਿਆ ਤਾਂ ਉਸ ਨੇ ਮੈਨੂੰ ਵੱਡਾ ਭਾਈ ਕਹਿ ਕੇ ਗਲਵਕੜੀ ਪਾਈ।

ਇਕ ਤਹਿਸੀਲ ਨਕੋਦਰ ਹੀ ਸੀ ਜਿਸ ਵਿਚ ਮਾਰਕਸੀ ਪਾਰਟੀ ਦਾ ਵਧੇਰੇ ਪ੍ਰਭਾਵ ਰਿਹਾ ਤਦ ਵੀ ਮੈਂ ਕਾਮਰੇਡ ਗੰਗਾ ਸਿੰਘ ਉੱਗੀ ਦੀ ਮਦਦ ਨਾਲ ਉਥੇ ਵੀ ਤਕੜਾ ਹਿੱਸਾ ਆਪਣੇ ਵੱਲ ਰੱਖਣ ਵਿਚ ਸਫ਼ਲ ਰਿਹਾ।

## ਕਾਮਰੇਡ ਰਤਨ ਸਿੰਘ ਦੌਲੀਕੇ ਦੇ ਮੇਰੇ ਨਾਲ ਬੁਨਿਆਦੀ ਮਤਭੇਦ

ਕਾਮਰੇਡ ਰਤਨ ਸਿੰਘ ਦੌਲੀਕੇ ਦੀ ਮੇਰੇ ਨਾਲ ਕਦੇ ਨਹੀਂ ਸੀ ਬਣੀ। ਕਾਰਨ ਰਾਜਸੀ ਤੇ ਜਥੇਬੰਦਕ ਦੋਹਾਂ ਪੱਖਾਂ ਤੋਂ ਉਸ ਦੀ ਸੋਚ ਮੇਰੇ ਨਾਲ ਨਹੀਂ ਸੀ ਮਿਲਦੀ। ਰਾਜਸੀ ਤੌਰ 'ਤੇ ਉਸ ਦਾ ਵਿਚਾਰ ਇਹ ਸੀ ਕਿ ਹਿੰਦੁਸਤਾਨ ਅੰਦਰ ਸਰਮਾਏਦਾਰੀ ਦਾ ਵਿਕਾਸ ਹਾਂ-ਪੱਖੀ ਵਰਤਾਰਾ ਹੈ। ਪਹਿਲਾਂ ਸਰਮਾਏਦਾਰੀ ਦਾ ਬੇ-ਰੋਕ-ਟੋਕ ਵਿਕਾਸ ਹੋਣ ਦੇਈਏ। ਤਦ ਹੀ ਸੋਸ਼ਲਿਜ਼ਮ ਦੀ ਮੰਜ਼ਿਲ ਨੇੜੇ ਆਵੇਗੀ। ਇਸੇ ਲਈ ਉਹ ਕਾਂਗਰਸ ਨਾਲ ਮਿਲ ਕੇ ਚੱਲਣ ਅਤੇ ਉਸ ਦੀ ਸਰਕਾਰ ਦਾ ਸਾਥ ਦੇਣ ਤੋਂ ਵੀ ਅੱਗੇ ਜਾ ਕੇ ਉਸ ਨਾਲ ਸਾਂਝੀ ਸਰਕਾਰ ਬਨਾਉਣ ਦਾ ਮੁਦੱਈ ਸੀ। ਜਥੇਬੰਦਕ ਤੌਰ 'ਤੇ ਉਹ ਪਾਰਟੀ ਨੂੰ ਢਿੱਲੀ-ਢੌਲੀ ਰੱਖਣ ਦੇ ਹੱਕ ਵਿਚ ਸੀ। ਜਿਹੜਾ ਵੀ ਆਪਣਾ ਹਾਮੀ ਹੋਵੇ ਉਸ ਨੂੰ ਪਾਰਟੀ ਮੈਂਬਰ ਲੈ ਲਿਆ ਜਾਵੇ। ਉਸ ਉੱਤੇ ਵਾਧੂ ਸ਼ਰਤਾਂ ਨਾ ਲਾਈਆਂ ਜਾਣ। ਉਸ ਦਾ ਵਿਚਾਰ ਸੀ ਕਿ ਜਦ ਕੋਈ ਮਸਲਾ ਉਠੇ। ਉਸ ਸਬੰਧੀ ਵਧ ਤੋਂ ਵਧ ਜਨਤਕ ਲਾਮਬੰਦੀ ਕੀਤੀ ਜਾਏ। ਜਦ ਉਹ ਮਸਲਾ ਮੁਕ ਜਾਏ ਤਾਂ ਵਕਤੀ ਤੌਰ 'ਤੇ ਬਣਾਈ ਸਭਾ ਸੁਸਾਇਟੀ ਵੀ ਖਤਮ ਹੋ ਜਾਏ। ਫੇਰ ਨਵੇਂ ਮਸਲੇ ਉੱਤੇ ਨਵੀਂ ਸਭਾ ਸੁਸਾਇਟੀ ਬਣ ਜਾਏ। ਉਹ ਪੱਕੀਆਂ ਪਾਏਦਾਰ ਜਨਤਕ ਜਥੇਬੰਦੀਆਂ ਬਨਾਉਣ ਦੇ ਹੱਕ ਵਿਚ ਨਹੀਂ ਸੀ। ਦੂਜੇ ਪਾਸੇ ਮੈਂ ਪੱਕੀਆਂ ਸਰਗਰਮ ਜਨਤਕ ਜਥੇਬੰਦੀਆਂ ਬਨਾਉਣ ਅਤੇ ਮਜ਼ਬੂਤ ਡਸਿਪਲਨ ਵਾਲੀ ਕਮਿਊਨਿਸਟ ਪਾਰਟੀ ਉਸਾਰਨ ਲਈ ਜ਼ੋਰ ਦਿੰਦਾ ਸੀ। ਇਸੇ ਕਰਕੇ

ਉਹ ਮੈਨੂੰ ਜ਼ਿਲ੍ਹਾ ਸਕੱਤਰ ਬਨਾਉਣ ਦੇ ਹੱਕ ਵਿਚ ਨਹੀਂ ਸੀ। ਸਗੋਂ ਬਣੇ ਹੋਏ ਨੂੰ ਜਿਵੇਂ ਕਿਵੇਂ ਹੋ ਸਕੇ ਢਾਉਣ ਦੇ ਆਹਰ ਵਿਚ ਰਹਿੰਦਾ ਸੀ।

ਉਹ ਤਹਿਸੀਲ ਜਲੰਧਰ ਪਾਰਟੀ ਦਾ ਸਕੱਤਰ ਸੀ ਜਿਸ ਨੂੰ ਉਸ ਨੇ ਖੁਦਮੁਖਤਾਰ ਬਣਾ ਛੱਡਿਆ ਸੀ ਅਤੇ ਜ਼ਿਲ੍ਹੇ ਵੱਲੋਂ ਬਣਾਏ ਪ੍ਰੋਗਰਾਮਾਂ ਵਿਚ ਮਨ ਮਰਜ਼ੀ ਦਾ ਹਿੱਸਾ ਪਾਉਂਦਾ ਸੀ। 1958 ਤੋਂ 1972 ਤੱਕ ਦੇ ਅਰਸੇ ਵਿਚ ਇਸ ਤਰ੍ਹਾਂ ਦੀ ਅਵਗਿਆ ਦੀਆਂ ਮੇਰੇ ਪਾਸ 26 ਮਿਸਾਲਾਂ ਹਨ ਪਰ ਮੈਂ ਏਥੇ ਵੇਰਵੇ ਸਹਿਤ ਲਿਖਣ ਦੀ ਲੋੜ ਨਹੀਂ ਸਮਝਦਾ।

ਕਾਮਰੇਡ ਰਤਨ ਸਿੰਘ ਦੌਲੀਕੇ ਸਪਸ਼ਟ ਆਖਦੇ ਸਨ ਕਿ ਬੁਨਿਆਦੀ ਸਵਾਲਾਂ ਉੱਤੇ ਕਾਮਰੇਡ ਚੈਨ ਤੇ ਉਸ ਦੀ ਸੋਚਣੀ ਵਿਚ ਬਹੁਤ ਅੰਤਰ ਹੈ। ਇਸ ਲਈ ਉਸ ਨਾਲ ਬਹਿਸ ਕਰਨੀ ਬੇਅਰਥ ਹੈ। ਇਕ ਕਾਮਰੇਡ ਜਗਜੀਤ ਸਿੰਘ ਅਨੰਦ ਹੀ ਹੈ ਜਿਹੜਾ ਹਰ ਮੋੜ ਉੱਤੇ ਸਹੀ ਸਾਬਤ ਹੋਇਆ ਹੈ। ਉਸ ਦੀ ਸੋਚ ਕਾਮਰੇਡ ਅਨੰਦ ਨਾਲ ਮਿਲਦੀ ਹੈ। ਉਸ ਨਾਲ ਹੀ ਵਿਚਾਰ ਵਟਾਂਦਰਾ ਕਰਕੇ ਉਹ ਆਪਣੀ ਲਾਈਨ ਬਣਾਉਂਦਾ ਹੈ। (ਪਤਾ ਨਹੀਂ ਉਹ ਅਜਿਹੀਆਂ ਗੱਲਾਂ ਕਰਕੇ ਕਾਮਰੇਡ ਅਨੰਦ ਦਾ ਮਾਣ ਵਧਾਉਂਦਾ ਸੀ ਜਾਂ ਉਸ ਦੀ ਹੇਠੀ ਕਰਦਾ ਸੀ।) ਕਾਮਰੇਡ ਰਤਨ ਪਾਰਟੀ ਡਸਿਪਲਨ ਕੱਸਣ ਨੂੰ ਜਮਹੂਰੀਅਤ ਵਿਰੋਧੀ ਕਦਮ ਦੱਸਦਾ ਸੀ।

ਮੈਂ ਇਕ ਵੇਰੀ ਕਾਮਰੇਡ ਰਤਨ ਨੂੰ ਬੜੀ ਗੰਭੀਰਤਾ ਅਤੇ ਸੱਚੇ ਮਨ ਨਾਲ ਪ੍ਰੇਸ਼ਕਸ਼ ਕੀਤੀ ਕਿ ਉਹ ਮੇਰੇ ਨਾਲ ਨਿੱਤ ਦੀ ਕਿੜ-ਕਿੜ ਛੱਡੇ। ਮੈਂ ਉਸ ਨੂੰ ਜ਼ਿਲ੍ਹਾ ਸਕੱਤਰ ਬਨਾਉਣ ਅਤੇ ਖੁਦ ਮੀਤ ਸਕੱਤਰ ਬਨਣ ਲਈ ਤਿਆਰ ਹਾਂ। ਪਰ ਕਾਮਰੇਡ ਰਤਨ ਦਾ ਉੱਤਰ ਕੋਰੀ ਨਾਂਹ ਵਿਚ ਸੀ। ਉਸ ਨੇ ਆਖਿਆ ਕਿ ਘੜੇ ਵਟੇ ਦਾ ਕੋਈ ਮੇਲ ਨਹੀਂ। ਜੇ ਵੱਟਾ ਘੜੇ ਉੱਤੇ ਡਿੱਗਿਆ ਤਦ ਵੀ ਅਥਵਾ ਜੇ ਘੜਾ ਵੱਟੇ ਉੱਤੇ ਡਿੱਗਿਆ ਤਦ ਵੀ ਘੜੇ ਦੀ ਹੀ ਖੈਰ ਨਹੀਂ।

## ਕਾਮਰੇਡ ਗਿਆਨ ਸਿੰਘ ਦੁਸਾਂਝ ਦਾ ਵਿਆਹ

ਚਰਨਜੀਤ ਕੌਰ ਪਿੰਡ ਖੇੜਾ ਜ਼ਿਲ੍ਹਾ ਪਟਿਆਲਾ ਦੀ ਵਸਨੀਕ ਸੀ ਅਤੇ ਰਾਜਪੁਰਾ ਕਾਲਜ ਵਿਚ ਪੜ੍ਹਦੀ ਸੀ। ਉਥੇ ਉਹ ਨਕਸਲੀ ਆਗੂ ਕਾਮਰੇਡ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਅਗਵਾਈ ਵਾਲੀ ਸਟੂਡੈਂਟ ਯੂਨੀਅਨ ਦੀ ਸਰਗਰਮ ਵਰਕਰ ਸੀ।

ਚਰਨਜੀਤ ਕੌਰ ਦੀ ਸਰਹੰਦ ਵਿਚ ਮੇਰੀ ਧਰਮ ਭੈਣ ਰਾਜਿੰਦਰ ਜੋਸ਼ੀ ਨਾਲ ਕਾਫ਼ੀ ਨੇੜਤਾ ਸੀ। ਰਾਜਿੰਦਰ ਦਾ ਵਿਆਹ ਕਾਮਰੇਡ ਸ਼ਰਧਾ ਸਿੰਘ (ਜ਼ਿਲ੍ਹਾ ਸਕੱਤਰ ਸੀ.ਪੀ.ਆਈ. ਪਟਿਆਲਾ) ਨਾਲ ਹੋ ਗਿਆ ਸੀ। ਭੈਣ ਰਾਜਿੰਦਰ ਅਤੇ ਕਾਮਰੇਡ ਸ਼ਰਧਾ ਸਿੰਘ ਨੇ ਮੈਨੂੰ ਆਖਿਆ ਕਿ ਕਿਸੇ ਯੋਗ ਕਾਮਰੇਡ ਦੀ ਭਾਲ ਕਰੋ ਜਿਸ ਨਾਲ ਚਰਨਜੀਤ ਕੌਰ ਦਾ ਵਿਆਹ ਕਰ ਦਿੱਤਾ ਜਾਏ ਕਿਉਂਕਿ ਚਰਨਜੀਤ ਕੌਰ ਦੀ ਇਹੋ ਇੱਛਾ ਹੈ। ਮੈਂ ਤੇ

ਕਾਮਰੇਡ ਸੁਸ਼ੀਲਾ ਨੇ ਕਾਮਰੇਡ ਗਿਆਨ ਸਿੰਘ ਦੁਸਾਂਝ ਜੋ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਜਲੰਧਰ ਕਮੇਟੀ ਦਾ ਮੀਤ ਸਕੱਤਰ ਸੀ ਅਤੇ ਪੰਜਾਬ ਨੌਜਵਾਨ ਸਭਾ ਦਾ ਪ੍ਰਧਾਨ ਅਤੇ ਕਮਿਊਨਿਸਟ ਪਾਰਟੀ ਦੀ ਪੰਜਾਬ ਕਮੇਟੀ ਦਾ ਐਗਜ਼ੈਕਟਿਵ ਮੈਂਬਰ ਰਹਿ ਚੁੱਕਾ ਸੀ, ਨੂੰ ਇਸ ਕਾਰਜ ਦੇ ਯੋਗ ਸਮਝਿਆ। ਕਾਮਰੇਡ ਗਿਆਨ ਸਿੰਘ ਸਾਡੇ ਨਾਲ ਸਰਹੰਦ ਗਿਆ ਤਾਂ ਜੋ ਗਿਆਨ ਸਿੰਘ ਤੇ ਚਰਨਜੀਤ ਕੌਰ ਇਕੱਲਿਆਂ ਬੈਠ ਕੇ ਇਕ ਦੂਜੇ ਨੂੰ ਸਮਝ ਲੈਣ। ਦੋਹਾਂ ਦੀ ਆਪੋ ਵਿਚ ਜੀਵਨ ਸਾਥ ਨਿਭਾਉਣ ਲਈ ਸਹਿਮਤੀ ਹੋ ਗਈ ਅਤੇ 22 ਮਾਰਚ ਦਾ ਦਿਨ ਉਨ੍ਹਾਂ ਇਸ ਕਾਰਜ ਲਈ ਤੈਅ ਕਰ ਲਿਆ। ਪਰ ਚਰਨਜੀਤ ਆਪਣੇ ਘਰਦਿਆਂ ਨੂੰ ਪੂਰੀ ਤਰ੍ਹਾਂ ਸਹਿਮਤ ਨਾ ਕਰ ਸਕੀ। ਇਸ ਕਰਕੇ ਉਹ ਆਪਣੀ ਸੋਚ ਅਨੁਸਾਰ ਭੈਣ ਰਾਜਿੰਦਰ ਕੌਰ ਕੋਲੋਂ ਲਏ ਐਡਰੈੱਸ ਉੱਤੇ ਸਾਡੇ ਕੋਲ ਪਿੰਡ ਦੰਦੂਵਾਲ ਪਹੁੰਚ ਗਈ। ਉਸ ਨੇ ਸਭ ਤੋਂ ਪਹਿਲਾਂ ਇਹ ਸਵਾਲ ਕੀਤਾ ਕਿ ਉਹ ਸਾਨੂੰ ਆਪਣਾ ਮਾਂ-ਬਾਪ ਸਮਝ ਕੇ ਆਈ ਹੈ। ਕੀ ਤੁਸੀਂ ਉਸ ਦੇ ਸਿਰ ਉੱਤੇ ਹੱਥ ਰੱਖੋਗੇ? ਅਸਾਂ ਸਵੀਕਾਰ ਕਰ ਲਿਆ। ਉਹ ਆਪਣੀ ਬੀਤੀ ਦਸਦਿਆਂ ਬੇਹੋਸ਼ ਹੋ ਗਈ। ਅਸੀਂ ਆਪਣੇ ਨਜ਼ਦੀਕੀ ਦੇਸੀ ਹਕੀਮ ਮਿਸਤਰੀ ਜਸਵੰਤ ਸਿੰਘ ਨੂੰ ਸੱਦਿਆ। ਉਸ ਨੇ ਕੁਝ ਓਹੜ-ਪੋਹੜ ਕੀਤਾ ਪਰ ਚਰਨਜੀਤ ਦੀ ਹਾਲਤ ਵਿਚ ਕੋਈ ਫਰਕ ਨਾ ਪਿਆ। ਸਾਡੇ ਚੰਗੇ ਭਾਗਾਂ ਨੂੰ ਕੁਦਰਤੀ ਕਾਮਰੇਡ ਗਿਆਨ ਸਿੰਘ ਦੁਸਾਂਝ ਆ ਗਿਆ। ਉਸ ਨੇ ਨੇੜਲੇ ਪਿੰਡ ਪਾਸਲਾ ਤੋਂ ਇਕ ਟੈਕਸੀ ਲੈ ਆਂਦੀ। ਮੈਂ ਤੇ ਗਿਆਨ ਸਿੰਘ ਚਰਨਜੀਤ ਕੌਰ ਨੂੰ ਨੂਰਮਹਿਲ ਪਾਰਟੀ ਮੈਂਬਰ ਡਾਕਟਰ ਕੇਹਰ ਸਿੰਘ ਕੋਲ ਲੈ ਗਏ। ਉਸ ਨੇ ਫੌਰੀ ਇਲਾਜ ਕਰਨ ਦੇ ਨਾਲ ਹੀ ਦੱਸਿਆ ਕਿ ਚਰਨਜੀਤ ਬਹੁਤ ਘੁੰਮਣਘੇਰੀ ਵਿਚ ਹੈ। ਉਸ ਦੀ ਚਿੰਤਾ ਨੂੰ ਦੂਰ ਕਰਨ ਦਾ ਹੀਲਾ ਕਰੋ। ਅਸੀਂ ਡਾਕਟਰ ਨੂੰ ਸਾਰੀ ਵਿਥਿਆ ਦੱਸੀ ਤਾਂ ਉਸ ਨੇ ਵੀ ਇਹ ਸਲਾਹ ਦਿੱਤੀ ਕਿ ਇਸ ਦੇ ਵਿਆਹ ਦਾ ਆਹਰ ਕਰੋ। ਰਾਤ ਅਸੀਂ ਡਾਕਟਰ ਦੇ ਘਰ ਕੱਟੀ।

ਇਸ ਹਾਲਤ ਵਿਚ ਮੈਂ ਤੇ ਗਿਆਨ ਸਿੰਘ ਦੁਸਾਂਝ ਨੇ ਸੋਚਿਆ ਕਿ ਚਰਨਜੀਤ ਕੌਰ ਘਰਦਿਆਂ ਨੂੰ ਦੱਸੇ-ਪੁੱਛੇ ਬਿਨਾਂ ਆਈ ਹੈ। ਇਸ ਲਈ ਉਸ ਨੇ ਘਰ ਵਾਪਸ ਜਾਣ ਲਈ ਸਹਿਮਤ ਨਹੀਂ ਹੋਣਾ। ਅਸੀਂ ਉਸ ਨੂੰ ਨਾਲ ਲੈ ਕੇ ਕਾਮਰੇਡ ਕਰਤਾਰ ਸਿੰਘ ਬੱਬਰ ਨਾਲ ਸਲਾਹ ਮਸ਼ਵਰਾ ਕਰਨ ਲਈ ਫਗਵਾੜੇ ਕਾਮਰੇਡ ਦਰਸ਼ਨ ਰਾਮ ਦੇ ਘਰ ਚਲੇ ਗਏ। ਉਸ ਦਿਨ 22 ਮਾਰਚ ਸੀ।

ਬੱਬਰ ਕਰਤਾਰ ਸਿੰਘ, ਮੇਰੀ ਅਤੇ ਗਿਆਨ ਸਿੰਘ ਦੁਸਾਂਝ ਦੀ ਇਸ ਗੱਲ ਉੱਤੇ ਸਹਿਮਤੀ ਹੋ ਗਈ ਕਿ ਚਰਨਜੀਤ ਕੌਰ ਤੇ ਗਿਆਨ ਸਿੰਘ ਦਾ ਅੱਜ ਹੀ ਅਨੰਦ ਕਾਰਜ ਕਰ ਦਿੱਤਾ ਜਾਏ। ਚਰਨਜੀਤ ਕੌਰ ਨੇ ਵੀ ਸਹਿਮਤੀ ਪ੍ਰਗਟਾਈ। ਸਾਡੀ ਸੋਚ ਇਹ ਸੀ ਕਿ ਕਾਮਰੇਡ ਸ਼ਰਧਾ ਸਿੰਘ ਨੂੰ ਸਾਰੀਆਂ ਪਿਛਲੀਆਂ ਗੱਲਾਂ ਦਾ ਪਤਾ ਹੈ। ਇਸ ਕਰਕੇ ਉਸ ਦਾ ਸਾਡੇ ਨਾਲ ਸਹਿਮਤ ਹੋ ਜਾਣਾ ਲਾਜ਼ਮੀ ਹੈ। ਫੇਰ ਚਰਨਜੀਤ ਕੌਰ ਦੇ ਪਿਤਾ

ਨੂੰ ਵੀ ਮਨਾਉਣਾ ਸੌਖਾ ਹੋਵੇਗਾ। ਸੋ ਮੈਂ, ਗਿਆਨ ਸਿੰਘ, ਚਰਨਜੀਤ ਕੌਰ ਅਤੇ ਬੱਬਰ ਕਰਤਾਰ ਸਿੰਘ ਇਕ ਟੈਕਸੀ ਲੈ ਕੇ ਪਿੰਡ ਬੰਬੇਲੀ ਦੇ ਗੁਰਦੁਆਰੇ ਚਲੇ ਗਏ। ਉਹ ਗੁਰਦੁਆਰਾ ਸਾਡੇ ਸਥਾਨਕ ਕਾਮਰੇਡਾਂ ਦੇ ਕੰਟਰੋਲ ਵਿਚ ਸੀ ਅਤੇ ਗੁਰਦੁਆਰੇ ਦਾ ਭਾਈ ਵੀ ਪਾਰਟੀ ਮੈਂਬਰ ਸੀ। ਉਥੇ ਚਰਨਜੀਤ ਕੌਰ ਅਤੇ ਗਿਆਨ ਸਿੰਘ ਦਾ ਅਨੰਦ ਕਾਰਜ ਕਰ ਦਿੱਤਾ ਗਿਆ। ਮੈਂ ਤੇ ਬੱਬਰ ਕਰਤਾਰ ਸਿੰਘ ਨੇ ਗਵਾਹ ਵਜੋਂ ਰਜਿਸਟਰ ਉੱਤੇ ਦਸਤਖ਼ਤ ਕੀਤੇ। ਕੁਝ ਦਿਨਾਂ ਮਗਰੋਂ ਫਗਵਾੜਾ ਦੀ ਇਕ ਸਿਵਲ ਕੋਰਟ ਵਿਚ ਇਸ ਵਿਆਹ ਨੂੰ ਰਜਿਸਟਰਡ ਕਰਵਾ ਲਿਆ ਗਿਆ।

ਓਧਰ ਕਾਮਰੇਡ ਸ਼ਰਧਾ ਸਿੰਘ ਅਤੇ ਚਰਨਜੀਤ ਕੌਰ ਦੇ ਪਿਤਾ ਰਾਜਵੀਰ ਸਿੰਘ ਪਿੰਡ ਦੰਦੂਵਾਲ ਪਹੁੰਚ ਗਏ ਕਿਉਂਕਿ ਸ਼ਰਧਾ ਸਿੰਘ ਨੂੰ ਪਤਾ ਸੀ ਕਿ ਚਰਨਜੀਤ ਕੌਰ ਏਥੋਂ ਬਿਨਾਂ ਹੋਰ ਕਿਸੇ ਥਾਂ ਨਹੀਂ ਜਾ ਸਕਦੀ। ਉਹ ਦੋਵੇਂ ਰਾਤ ਸਾਡੇ ਘਰ ਰਹੇ। ਸਵੇਰੇ ਸੁਸ਼ੀਲਾ ਉਨ੍ਹਾਂ ਨੂੰ ਨਾਲ ਲੈ ਕੇ ਨੂਰਮਹਿਲ ਡਾਕਟਰ ਕੇਹਰ ਸਿੰਘ ਕੋਲ ਗਈ। ਡਾਕਟਰ ਨੇ ਦੱਸਿਆ ਕਿ ਕਾਮਰੇਡ ਚੈਨ, ਗਿਆਨ ਸਿੰਘ ਤੇ ਚਰਨਜੀਤ ਕੌਰ ਰਾਤ ਉਸੇ ਦੇ ਘਰ ਸੁੱਤੇ ਸੀ ਅਤੇ ਉਹ ਹੁਣ ਫਗਵਾੜੇ ਚਲੇ ਗਏ ਹਨ। ਸੁਸ਼ੀਲਾ ਉਨ੍ਹਾਂ ਨੂੰ ਨਾਲ ਲੈ ਕੇ ਫਗਵਾੜੇ ਅਤੇ ਫੇਰ ਦੁਸਾਂਝ ਕਲਾਂ ਚਲੇ ਗਈ। ਥੋੜੀ ਦੇਰ ਮਗਰੋਂ ਗਿਆਨ ਸਿੰਘ ਤੇ ਚਰਨਜੀਤ ਵੀ ਉਥੇ ਪਹੁੰਚ ਗਏ। ਉਨ੍ਹਾਂ ਨੇ ਆਪਣੇ ਅਨੰਦ ਕਾਰਜ ਦੀ ਸਾਰੀ ਵਿਥਿਆ ਦੱਸ ਦਿੱਤੀ। 23 ਮਾਰਚ ਨੂੰ ਖਟਕੜ ਕਲਾਂ ਸ਼ਹੀਦ ਭਗਤ ਸਿੰਘ ਦੀ ਬਰਸੀ 'ਤੇ ਜਾ ਕੇ ਗਿਆਨ ਸਿੰਘ ਤੇ ਚਰਨਜੀਤ ਕੌਰ ਨੇ ਤਕਰੀਰਾਂ ਕੀਤੀਆਂ। ਇਸ ਤਰ੍ਹਾਂ ਇਸ ਵਿਆਹ ਦਾ ਜਨਤਕ ਐਲਾਨ ਵੀ ਹੋ ਗਿਆ।

ਸ਼ਰਧਾ ਸਿੰਘ ਅਤੇ ਚਰਨਜੀਤ ਕੌਰ ਦੇ ਪਿਤਾ ਨੇ ਜੋ ਹੋ ਗਿਆ ਉਸ ਨੂੰ ਪ੍ਰਵਾਨ ਕਰ ਲਿਆ ਅਤੇ ਸਾਰਿਆਂ ਨਾਲ ਬੈਠ ਕੇ ਲੋਕਾਚਾਰੀ ਲਈ ਇਹ ਗੱਲ ਬਣਾਈ ਕਿ ਕੁਝ ਹਾਲਤਾਂ ਕਾਰਨ ਚਰਨਜੀਤ ਕੌਰ ਦਾ ਵਿਆਹ ਚਾਰ-ਪੰਜ ਸੱਜਣਾਂ ਦੀ ਹਾਜ਼ਰੀ ਵਿਚ ਲੁਧਿਆਣਾ ਦੇ ਇਕ ਹੋਟਲ ਵਿਚ ਕਰ ਦਿੱਤਾ ਗਿਆ ਹੈ। ਦੋ-ਚਾਰ ਦਿਨ ਮਗਰੋਂ ਚਰਨਜੀਤ ਕੌਰ, ਗਿਆਨ ਸਿੰਘ ਅਤੇ ਉਸ ਦਾ ਵੱਡਾ ਭਰਾ ਅਥਵਾ ਮੈਂ ਤੇ ਸੁਸ਼ੀਲਾ ਪਿੰਡ ਖੇੜੇ ਵਿਚ ਮਿਲਣੀ ਕਰਨ ਦੇ ਰੂਪ ਵਿਚ ਆ ਜਾਣ। ਇਸ ਤਰ੍ਹਾਂ ਚਰਨਜੀਤ ਕੌਰ ਤੇ ਗਿਆਨ ਸਿੰਘ ਦੇ ਵਿਆਹ ਦਾ ਪਤਾ ਸਾਰੇ ਰਿਸ਼ਤੇਦਾਰਾਂ ਨੂੰ ਲੱਗ ਜਾਵੇਗਾ। ਸੋ ਇਹੋ ਸਕੀਮ ਅਮਲ ਵਿਚ ਲਿਆਂਦੀ ਗਈ। ਸਿੱਟੇ ਵਜੋਂ ਚਰਨਜੀਤ ਕੌਰ ਦਾ ਵਿਆਹ ਇਕ ਸਾਧਾਰਨ ਵਿਥਿਆ ਬਣ ਗਈ।

ਚਰਨਜੀਤ ਕੌਰ ਨੇ 21 ਮਾਰਚ, 1975 ਨੂੰ ਦੰਦੂਵਾਲ ਆਉਣ ਸਮੇਂ ਸਾਨੂੰ (ਚੈਨ ਤੇ ਸੁਸ਼ੀਲਾ ਨੂੰ) ਆਪਣੇ ਮਾਤਾ-ਪਿਤਾ ਸਮਾਨ ਸਮਝਣ ਦੀ ਗੱਲ ਕੀਤੀ ਸੀ। ਅਸੀਂ ਉਸ ਨੂੰ ਆਪਣੀ ਨਵੀਂ ਧੀ ਵਜੋਂ ਸਵੀਕਾਰ ਕਰ ਲਿਆ ਸੀ। ਸਾਡੇ ਆਪਸੀ ਸਬੰਧ ਉਸੇ ਤਰ੍ਹਾਂ ਹਨ। ਚਰਨਜੀਤ ਕੌਰ ਹਰ ਸਾਲ ਦੀ ਨਵੀਂ ਡਾਇਰੀ ਸਾਨੂੰ ਭੇਜਦੀ ਹੈ।

## ਉਸ ਸਮੇਂ ਉਹਦੇ ਬਾਰੇ ਮੇਰੀ ਲਿਖੀ ਕਵਿਤਾ

ਫਿਕਰਾਂ ਲੱਦਾ, ਪਰ ਖੁਸ਼ੀਆਂ ਭਰਿਆ ਇਕ ਸਾਤਾ ਮਾਰਚ ਦਾ ਆਇਆ
ਇਕ ਵਿਅਕਤੀ ਜ਼ਖ਼ਮੀ ਹੋ ਕੇ, ਭਾਗ ਜਗਾਵਨ ਆਇਆ
ਪੁੰਨਿਆ ਦਾ ਚੰਦ ਤੂਫ਼ਾਨਾਂ ਤੇ ਨ੍ਹੇਰਾਂ ਸੰਗ ਲੜਦਾ
ਭਿੱਜੇ ਬਦਲਾਂ ਵਿਚੋਂ ਨਿੱਕਲ, ਰਾਹ ਰੁਸ਼ਨਾਵਨ ਆਇਆ
ਕਾੜ ਦਿੱਤੀ ਇਕ ਦਸਤਕ ਦੇ ਕੇ, ਘਰ ਸਾਡੇ ਵਿਚ ਵੜਿਆ
ਥੋੜੀ ਜਿਹੀ ਕਰ ਰਾਮ ਰਮਈਆ ਜਾ ਚੁਬਾਰੇ ਚੜ੍ਹਿਆ
ਪਿੱਛੇ ਜਾ ਕੇ ਪੁੱਛੀ ਸੇਵਾ ਤਾਂ ਉੱਤਰ ਸੋਹਣਾ ਮਿਲਿਆ
ਰਸਮੀਂ ਗੱਲ ਦੀ ਲੋੜ ਨਾ ਕੋਈ, ਇਹ ਤਾਂ ਮੇਰਾ ਘਰ ਆ
ਕੁਝ ਚਿਰ ਮਗਰੋਂ ਡੂੰਘੀ ਸੋਚੀਂ ਪੈ ਗਿਆ ਕੱਲਾ ਹੋ ਕੇ
ਕਿਸ਼ਤੀ ਸ਼ੌਹ ਦਰਿਆ ਵਿਚ ਸੁੱਟੀ, ਰੱਸੇ ਚੱਪੂ ਖੋਅ ਕੇ
ਪਿੱਛਾ ਅਖੋਂ ਓਹਲੇ ਹੋਇਆ, ਹਨ੍ਹੇਰੀ ਬਣੇ ਹਵਾ ਦੇ ਝੋਕੇ
ਪਿੱਛੇ ਕਿਸੇ ਨੇ ਬਾਤ ਨਾ ਪੁੱਛੀ, ਅੱਗੋਂ ਹੋਣ ਨਾ ਧੋਖੇ
ਕਿਥੋਂ ਤੁਰ ਹੁਣ ਕਿਥੇ ਪੁੱਜਾ? ਨਾ ਅਗਲਾ ਦਿਸੇ ਕਿਨਾਰਾ
ਥੱਲੇ ਪੈਰ ਨਾ ਲੱਗਦੇ ਦਿਸਦੇ, ਨਾ ਕੋਈ ਉੱਪਰ ਸਹਾਰਾ
ਕਿਤਨਾ ਪੈਂਡਾ? ਕਿਤਨੀ ਮੰਜ਼ਿਲ? ਕਿਹੜੀ ਵਿਧੀ? ਕੀ ਕਰੀਏ?
ਸੌਦੇ ਖਿੰਡ ਗਏ ਸ਼ਰੇ ਬਾਜ਼ਾਰੀਂ, ਲੁੱਟਿਆ ਗਿਆ ਵਣਜਾਰਾ
ਜ਼ਿੰਦਗੀ ਦਾ ਪੰਧ ਪਿਛਲਾ ਮੁੱਕਾ, ਜੀਵਨ ਲੈਣਾ ਫਿਰ ਤੋਂ
ਦੇਣ ਦਿਲਾਸੇ ਲਈ ਜੋ ਰੱਖਿਆ, ਹੱਥ ਨਾ ਚੁੱਕਣਾ ਸਿਰ ਤੋਂ
ਤੁਹਾਡੇ 'ਤੇ ਵਿਸ਼ਵਾਸ, ਇਸੇ ਨੇ ਮੌਤ ਤੋਂ ਜ਼ਿੰਦਗੀ ਖੋਹਣੀ
ਮੁੜ ਗੋਤੇ ਤੋਂ ਪਹਿਲਾਂ, ਉੱਤਰ ਦੇਣਾ ਦਿਲ ਜਿਗਰ ਤੋਂ
"ਬੇਟੀ" ਕਹਿ ਹਾਂ ਆਖੀ ਅਸਾਂ ਨੇ, ਉਸ ਨੇ ਘੁਟ ਗਲਵੱਕੜੀ ਪਾਈ
ਸੱਚੇ ਸੁੱਚੇ ਪਿਆਰ ਪਿਤਾ ਨੇ ਮੁੜ ਕੀਤੀ ਰੁਸ਼ਨਾਈ
ਮੇਰੀਆਂ ਨਜ਼ਰਾਂ ਮੋਹ ਦੀਆਂ ਭਰੀਆਂ ਉਸ ਦੇ ਚਿਹਰੇ ਟਿਕੀਆਂ
ਨਿਖਰ ਨਿਖਰ ਕੇ ਸੱਚਮੁੱਚ ਦੀ ਸਵਿਤਾ ਨਜ਼ਰੀਂ ਆਈ
"ਬੇਟੀ ਸਵਿਤਾ" ਆਖ ਓਸ ਨੂੰ, ਛਾਤੀ ਨਾਲ ਲਗਾਇਆ
ਖਿੜ ਗਈ ਵਾਂਗ ਕਲੀ ਦੇ, ਉਸ ਨੇ ਹੋਠਾਂ ਤੋਂ ਮੁਸਕਾਇਆ
ਮਹਿਕ ਉੱਠੀ ਅੰਮੀ ਦੀ ਬਸਤੀ, ਬਾਬਲ ਦੇ ਖੇੜੇ ਵਿਚ ਖੇੜਾ
ਫਿਰ ਉਸ ਅਗਲਾ ਕਦਮ ਉਠਾ ਕੇ, ਭਾਗ ਦੁਸਾਂਝੀਂ ਲਾਇਆ
(ਨੋਟ: ਸਵਿਤਾ ਮੇਰੀ ਸਕੀ ਸਪੁੱਤਰੀ ਦਾ ਨਾਮ ਹੈ)

# ਮੇਰੇ ਵਿਰੁੱਧ ਬਦਚਲਨੀ ਦਾ ਝੂਠਾ ਕੇਸ ਬਨਾਉਣਾ

1957 ਦੀ ਸੂਬਾ ਪਾਰਟੀ ਕਾਨਫਰੰਸ ਵਿਚ ਧੜੇਬੰਦੀ ਹੋਣ ਕਾਰਨ ਕਾਫ਼ੀ ਸਿਰ ਮਾਰ ਕੇ ਵੀ ਸੂਬਾ ਲੀਡਰਸ਼ਿਪ ਵਾਸਤੇ ਸਹਿਮਤੀ ਨਾ ਹੋ ਸਕੀ। ਇਸ ਕਰਕੇ ਅਖੀਰ ਇਹ ਫੈਸਲਾ ਕੀਤਾ ਗਿਆ ਕਿ ਪਾਰਟੀ ਕਾਂਗਰਸ ਤੋਂ ਮਗਰੋਂ ਵਾਪਸ ਆ ਕੇ ਇਹ ਚੋਣ ਕਰ ਲਈ ਜਾਵੇ। ਵਿਜੈਵਾੜਾ ਪਾਰਟੀ ਕਾਂਗਰਸ ਵਿਚ ਪੇਸ਼ ਹੋਣ ਵਾਲੀ ਜਥੇਬੰਦਕ ਰਿਪੋਰਟ ਦੇ ਖਰੜੇ ਵਿਚ ਕੁਝ ਸੂਬਿਆਂ ਦੇ ਨਾਉਂ ਦਰਜ ਸਨ। ਜਿਥੇ ਜਿਥੇ ਇਕਮੁੱਠ ਸੂਬਾ ਲੀਡਰਸ਼ਿਪ ਚੁਨਣ ਵਿਚ ਸਫ਼ਲਤਾ ਪ੍ਰਾਪਤ ਹੋਈ ਸੀ। ਪਾਰਟੀ ਕਾਂਗਰਸ ਸਮੇਂ ਸਾਰੇ ਸੂਬਿਆਂ ਦੇ ਡੈਲੀਗੇਟਾਂ ਨੂੰ ਅੱਡ-ਅੱਡ ਕਮਿਸ਼ਨਾਂ ਵਿਚ ਵੰਡ ਦਿੱਤਾ ਜਾਂਦਾ ਹੈ। ਇਹ ਕਮਿਸ਼ਨ ਰਾਜਸੀ ਤੇ ਜਥੇਬੰਦਕ ਰਿਪੋਰਟਾਂ ਉੱਤੇ ਵਿਚਾਰ ਕਰਕੇ ਆਪਣੀ ਰਾਏ ਸਰਬ ਹਿੰਦ ਪਾਰਟੀ ਲੀਡਰਸ਼ਿਪ ਨੂੰ ਦੇ ਦਿੰਦੇ ਹਨ। ਇਸ ਤਰ੍ਹਾਂ ਪਾਰਟੀ ਕਾਂਗਰਸ ਅੰਦਰ ਬਹਿਸ ਥੋੜਾ ਸਮਾਂ ਲੈਂਦੀ ਤੇ ਵਧੇਰੇ ਫਲਦਾਇਕ ਹੁੰਦੀ ਹੈ।

ਜਥੇਬੰਦਕ ਰਿਪੋਰਟ ਵਾਲੇ ਕਮਿਸ਼ਨ ਵਿਚ ਜਿਹੜੇ ਸਾਥੀ ਪੰਜਾਬ 'ਚੋਂ ਪਾਏ ਗਏ ਸਨ, ਉਨ੍ਹਾਂ ਵਿਚ ਕਾਮਰੇਡ ਮਲਹੋਤਰਾ, ਗੁਰਬਖ਼ਸ਼ ਸਿੰਘ ਦੀਵਾਨ, ਮੈਂ ਅਤੇ ਪੰਜ-ਛੇ ਹੋਰ ਸਾਥੀ ਸਨ। ਉਹ ਰਿਪੋਰਟ ਪੜ੍ਹਦੇ ਸਾਰ ਮੈਨੂੰ ਬੜੀ ਹੈਰਾਨੀ ਹੋਈ ਕਿ ਇਕਮੁੱਠ ਲੀਡਰਸ਼ਿਪ ਚੁਨਣ ਵਿਚ ਸਫਲ ਹੋਏ ਸੂਬਿਆਂ ਦੀ ਸੂਚੀ ਵਿਚ ਪੰਜਾਬ ਦਾ ਵੀ ਨਾਮ ਸੀ। ਪੜ੍ਹਦਿਆਂ ਸਾਰ ਕਾਮਰੇਡ ਦੀਵਾਨ ਅਤੇ ਮੈਨੂੰ ਇਸ ਝੂਠ ਬਾਰੇ ਬੜੀ ਹੈਰਾਨੀ ਹੋਈ। ਅਸੀਂ ਦੋਹਾਂ ਨੇ ਫੈਸਲਾ ਕੀਤਾ ਕਿ ਕਮਿਸ਼ਨ ਮੀਟਿੰਗ ਵਿਚ ਸਾਫ਼ ਕਰ ਦੇਣਾ ਹੈ ਕਿ ਇਸ ਸਫ਼ਲਤਾ ਲਈ ਪੰਜਾਬ ਪਾਰਟੀ ਦਾ ਵਰਨਣ ਅਸਲੀਅਤ ਦੇ ਬਿਲਕੁੱਲ ਉਲਟ ਹੈ ਕਿਉਂਕਿ ਉਥੇ ਤਾਂ ਆਪਸੀ ਮਤਭੇਦਾਂ ਕਾਰਨ ਅਜੇ ਸੂਬਾ ਪਾਰਟੀ ਦੀ ਕਾਰਜਕਾਰਨੀ ਦੀ ਚੋਣ ਹੀ ਨਹੀਂ ਹੋ ਸਕੀ। ਕਾਮਰੇਡ ਦੀਵਾਨ ਨੇ ਚਲਾਕੀ ਨਾਲ ਮੈਨੂੰ ਉਂਗਲੀ ਲਾ ਦਿੱਤੀ ਅਤੇ ਮੈਂ ਕਮਿਸ਼ਨ ਅੰਦਰ ਸਹੀ ਤੱਥ ਦੱਸ ਕੇ ਆਖਿਆ ਕਿ ਇਸ ਵਿਚੋਂ ਪੰਜਾਬ ਦਾ ਨਾਮ ਕੱਟ ਦਿੱਤਾ ਜਾਏ। ਕਾਮਰੇਡ ਚਤਰਾਨਨ ਮਿਸ਼ਰਾ ਉਸ ਕਮਿਸ਼ਨ ਦੇ ਸੰਚਾਲਕ ਸਨ। ਉਸ ਨੇ ਪੰਜਾਬ ਦੇ ਬਾਕੀ ਡੈਲੀਗੇਟਾਂ ਨੂੰ ਪੁੱਛਿਆ ਤਾਂ ਉਨ੍ਹਾਂ ਨੂੰ ਇਹ ਅਸਲੀਅਤ ਮੰਨਣੀ ਪਈ। ਕਮਿਸ਼ਨ ਨੇ ਫੈਸਲਾ ਕਰ ਦਿੱਤਾ ਕਿ ਪੰਜਾਬ ਸਬੰਧੀ ਇਸ ਫਾਰਮੂਲੇਸ਼ਨ ਉੱਤੇ ਪੰਜਾਬ ਦੇ ਸਾਰੇ ਡੈਲੀਗੇਟ ਆਪਣੀ ਮੀਟਿੰਗ ਲਾ ਕੇ ਆਪਣੀ ਇਕ ਰਾਏ ਬਣਾ ਕੇ ਦੇਣ। ਸੋ ਰਾਤ ਨੂੰ ਪੰਜਾਬ ਡੈਲੀਗੇਸ਼ਨ ਦੀ ਮੀਟਿੰਗ ਹੋਈ ਅਤੇ ਕਾਫ਼ੀ ਗਰਮਾ-ਗਰਮੀ ਤੋਂ ਬਾਅਦ ਪੰਜਾਬ ਦਾ ਨਾਉਂ ਇਸ ਰਿਪੋਰਟ ਵਿਚੋਂ ਬਾਹਰ ਰੱਖਣ ਦਾ ਫ਼ੈਸਲਾ ਹੋਇਆ। ਰਾਤ ਨੂੰ ਡੈਲੀਗੇਸ਼ਨ ਮੀਟਿੰਗ ਵਿਚਦੇ ਰੌਲੇ ਰੱਪੇ ਨੂੰ ਸੁਣ ਕੇ ਸਵੇਰੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਰਾਜੇਸ਼ਵਰ ਰਾਓ ਨੇ ਮਖੌਲੀਆ ਅੰਦਾਜ਼ ਵਿਚ ਕਿਹਾ ਕਿ ਰਾਤ ਪੰਜਾਬ ਦੇ ਡੈਲੀਗੇਸ਼ਨ ਵਿਚ ਗਰਮਾ-ਗਰਮੀ ਤੇ ਰੌਲਾ ਰੱਪਾ ਸਭ ਕੁਝ ਦੱਸ ਦਿੰਦਾ ਹੈ।

ਸੋ ਕਮਿਸ਼ਨ ਨੇ ਇਸ ਪਰਥਾਏ ਲਿਖੇ ਸ਼ਬਦ ਕੱਟ ਦਿੱਤੇ।

ਇਸ ਤੋਂ ਕਾਮਰੇਡ ਮਲਹੋਤਰਾ ਤੇ ਉਸ ਦੇ ਹਮਖਿਆਲ ਕੁਝ ਸਾਥੀ ਬੜੇ ਤਿਲਮਲਾਏ, ਜਿਵੇਂ ਉਨ੍ਹਾਂ ਦੀ ਫੀਤੀ ਲਹਿ ਗਈ ਹੋਵੇ। ਲੰਗਰ ਵਿਚ ਰੋਟੀ ਖਾਣ ਜਾਂਦਿਆਂ ਮੈਂ ਆਪਣੇ ਕੰਨੀਂ ਸੁਣ ਲਿਆ ਕਿ ਕਾਮਰੇਡ ਮਲਹੋਤਰਾ ਤੇ ਕੁਝ ਹੋਰ ਸਾਥੀ ਪੰਜਾਬ ਵਿਚ ਜਾ ਕੇ ਮੈਨੂੰ ਮਜ਼ਾ ਚਖਾਉਣਗੇ। ਮੈਂ ਉਸੇ ਵੇਲੇ ਕਾਮਰੇਡ ਦੀਵਾਨ ਨੂੰ ਦੱਸ ਦਿੱਤਾ ਕਿ ਮੇਰੀ ਤਾਂ ਸ਼ਾਮਤ ਆਈ ਸਮਝੋ, ਤੂੰ ਮੈਨੂੰ ਉਂਗਲੀ ਲਾ ਕੇ ਆਪ ਬਚ ਗਿਆਂ ਅਤੇ ਮੈਨੂੰ ਬਲ਼ੀ ਦੇ ਬੁੱਥੇ ਦੇ ਦਿੱਤਾ।

ਇਸ ਘਟਨਾ ਨੇ ਕਾਮਰੇਡ ਰਤਨ ਨੂੰ ਜ਼ਿਲ੍ਹੇ ਅੰਦਰ ਅਤੇ ਕਾਮਰੇਡ ਮਲਹੋਤਰਾ ਨੂੰ ਸੂਬੇ ਅੰਦਰ ਮੈਨੂੰ ਬੱਦੂ ਕਰਨ ਦਾ ਸੁਨਹਿਰੀ ਮੌਕਾ ਦੇ ਦਿੱਤਾ।

ਅਗਲੀਆਂ ਸਤਰਾਂ ਲਿਖਣ ਤੋਂ ਪਹਿਲਾਂ ਮੈਂ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਕਾਮਰੇਡ ਮਲਹੋਤਰਾ ਦੀ ਕਮਿਊਨਿਸਟ ਲਹਿਰ ਨੂੰ ਦਿੱਤੀ ਵਡਮੁੱਲੀ/ਸਰਵਪੱਖੀ ਦੇਣ ਦੀ ਅੱਜ ਵੀ ਬਹੁਤ ਕਦਰ ਕਰਦਾ ਹਾਂ। ਅੱਡ ਮਾਰਕਸੀ ਪਾਰਟੀ ਬਨਣ ਤੋਂ ਬਾਅਦ ਉਸ ਨੇ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੀ ਪੰਜਾਬ ਕਮੇਟੀ ਦੀ ਅਗਵਾਈ ਕਰਕੇ ਇਸ ਨੂੰ ਸ਼ਕਤੀਸ਼ਾਲੀ ਬਣਾਇਆ। ਮੈਂ ਉਸ ਦੀ ਅਗਵਾਈ ਹੇਠ ਸੂਬਾ ਐਗਜ਼ੈਕਟਿਵ ਦੇ ਮੈਂਬਰ ਵਜੋਂ ਲੰਮਾ ਚਿਰ ਕੰਮ ਕੀਤਾ ਹੈ। ਆਮ ਤੌਰ 'ਤੇ ਰਾਜਸੀ ਤੇ ਜਥੇਬੰਦਕ ਪਹਿਲੂਆਂ ਉੱਤੇ ਮੇਰੀ ਉਸ ਨਾਲ ਕਾਫ਼ੀ ਨੇੜਤਾ ਰਹੀ ਹੈ। ਪਰ ਉਪਰੋਕਤ ਪਾਰਟੀ ਕਾਂਗਰਸ ਸਮੇਂ ਲਏ ਮੇਰੇ ਸਟੈਂਡ ਨੂੰ ਉਸ ਨੇ ਆਪਣੀ ਹੇਠੀ ਸਮਝਕੇ ਬਦਲਾ-ਲਊ ਰਵੱਈਆ ਧਾਰਨ ਕੀਤਾ।

ਕਾਮਰੇਡ ਗਿਆਨ ਸਿੰਘ ਤੇ ਚਰਨਜੀਤ ਦਾ ਵਿਆਹ ਹੋਏ ਨੂੰ ਥੋੜਾ ਹੀ ਚਿਰ ਹੋਇਆ ਸੀ। ਚਰਨਜੀਤ ਨੂੰ ਆਪੇ ਤੋਂ ਬਾਹਰ ਹੋ ਕੇ ਜੋ ਸ਼ੈਅ ਹੱਥ ਆਏ ਮੂੰਹ ਵਿਚ ਪਾ ਲੈਣ ਦਾ ਪੁਰਾਣਾ ਦੌਰਾ ਸ਼ੁਰੂ ਹੋ ਗਿਆ। ਅਜਿਹੀ ਹਾਲਤ ਵਿਚ ਉਹ ਅਜੀਬ ਹਰਕਤਾਂ ਕਰਨ ਲੱਗ ਜਾਂਦੀ ਸੀ। ਇਕ ਵੇਰੀਂ ਉਸ ਨੇ ਕੱਪੜਾ ਸੀਉਂਦਿਆਂ ਦੌਰਾ ਪੈਣ ਕਰਕੇ ਸੂਈ ਮੂੰਹ ਵਿਚ ਪਾ ਕੇ ਅੰਦਰ ਨਿਗਲ ਲਈ, ਜਿਸ ਕਰਕੇ ਛੋਟਾ ਅਪ੍ਰੇਸ਼ਨ ਕਰਾਉਣਾ ਪਿਆ ਸੀ।

ਫਗਵਾੜਾ ਵਿਖੇ ਇਕ ਮੀਟਿੰਗ ਮਗਰੋਂ ਕਾਮਰੇਡ ਸ਼ੰਕਰ ਦਾਸ ਨੇ ਰਾਤ ਆਰਾਮ ਕਰਨ ਲਈ ਮੈਨੂੰ, ਗਿਆਨ ਸਿੰਘ ਦੁਸਾਂਝ ਅਤੇ ਚਰਨਜੀਤ ਕੌਰ ਨੂੰ ਇਕ ਪਾਰਟੀ ਹਮਦਰਦ (ਚੈਨ ਸਿੰਘ ਸੁਜੋਂ) ਦੇ ਘਰ ਭੇਜ ਦਿੱਤਾ। ਉਸ ਨੇ ਰੋਟੀ ਖਾਣ ਮਗਰੋਂ ਸਾਨੂੰ ਤਿੰਨਾਂ ਨੂੰ ਦੋ ਮੰਜੇ ਡਾਹ ਕੇ ਇਕ ਕਮਰਾ ਦੇ ਦਿੱਤਾ। ਰਾਤ ਨੂੰ ਕਾਮਰੇਡ ਗਿਆਨ ਸਿੰਘ ਨਾਲ ਕਿਸੇ ਗੱਲੋਂ ਖਿਝ ਕੇ ਚਰਨਜੀਤ ਨੂੰ ਉਹੀ ਨਾਮੁਰਾਦ ਦੌਰਾ ਪੈ ਗਿਆ। ਚਰਨਜੀਤ ਦੋ-ਤਿੰਨ ਵੇਰੀ ਗਿਆਨ ਨਾਲੋਂ ਉਠ ਕੇ ਮੇਰੇ ਮੰਜੇ 'ਤੇ ਆ ਕੇ ਬੈਠ ਜਾਂਦੀ ਰਹੀ। ਦੋ-ਢਾਈ ਘੰਟੇ ਇਹ ਕਿੜ੍ਹ-ਕਿੜ੍ਹ ਹੁੰਦੀ ਰਹੀ। ਘੁਸਰ-ਮੁਸਰ ਸੁਣ ਕੇ ਚੈਨ ਸਿੰਘ ਸੁਜੋਂ ਨੇ

ਝੀਤਾਂ ਵਿਚ ਦੀ ਇਹ ਸਭ ਕੁਝ ਦੇਖਿਆ। ਸੁਭਾਵਕ ਤੌਰ 'ਤੇ ਉਸ ਦਾ ਵਿਚਾਰ ਇਹ ਬਣ ਗਿਆ ਕਿ ਚਰਨਜੀਤ ਜਿਹੜਾ ਗਿਆਨ ਤੋਂ ਪਰ੍ਹੇ ਜਾ ਕੇ ਕਾਮਰੇਡ ਚੈਨ ਸਿੰਘ ਕੋਲ ਬੈਠ ਜਾਂਦੀ ਹੈ, ਅਜਿਹਾ ਨਾਜਾਇਜ਼ ਸਬੰਧਾਂ ਕਰਕੇ ਹੈ। ਉਸ ਨੇ ਇਸ ਵਿਚਾਰ ਅਧੀਨ ਪਾਰਟੀ ਦੀ ਸੂਬਾ ਕਮੇਟੀ ਪਾਸ ਲਿਖਤੀ ਸ਼ਿਕਾਇਤ ਕਰ ਦਿੱਤੀ। ਕਾਮਰੇਡ ਮਲਹੋਤਰਾ ਨੇ ਮੈਨੂੰ ਸਬਕ ਸਿਖਾਉਣ ਲਈ ਇਹ ਸ਼ਿਕਾਇਤ ਸੂਬਾ ਕੰਟਰੋਲ ਕਮਿਸ਼ਨ ਪਾਸ ਭੇਜ ਦਿੱਤੀ। ਕੰਟਰੋਲ ਕਮਿਸ਼ਨ ਦੇ ਉਸ ਵੇਲੇ ਕਿਹੜੇ-ਕਿਹੜੇ ਮੈਂਬਰ ਸਨ, ਇਹ ਮੈਨੂੰ ਯਾਦ ਨਹੀਂ ਪਰ ਥਾਂ-ਥਾਂ ਜਾ ਕੇ ਜਿਨ੍ਹਾਂ ਨੇ ਪੜਤਾਲ ਕੀਤੀ ਉਸ ਵਿਚ ਕਾਮਰੇਡ ਤੁਲਸੀ ਰਾਮ ਅਤੇ ਕਾਮਰੇਡ ਕ੍ਰਿਸ਼ਨ ਭਾਰਦਵਾਜ ਪ੍ਰਮੁੱਖ ਸਨ। ਸੋ ਇਸ ਕਮਿਸ਼ਨ ਨੇ ਜਿਵੇਂ-ਕਿਵੇਂ ਮੈਨੂੰ ਚਰਨਜੀਤ ਕੌਰ ਨਾਲ ਨਾਜਾਇਜ਼ ਸਬੰਧਾਂ ਦਾ ਦੋਸ਼ੀ ਠਹਿਰਾ ਦਿੱਤਾ। ਇਸ ਸੰਬੰਧੀ ਕਾਮਰੇਡ ਦੁਸਾਂਝ ਅਤੇ ਚਰਨਜੀਤ ਨੂੰ ਲਿਖਤੀ ਬੇਨਤੀ ਦੇ ਬਾਵਜੂਦ ਬਿਲਕੁੱਲ ਨਹੀਂ ਸੁਣਿਆ ਗਿਆ।

ਕਾਮਰੇਡ ਰਤਨ ਲਈ ਮੈਨੂੰ ਥੱਲੇ ਸੁੱਟਣ ਵਾਸਤੇ ਇਹ ਸੁਨਹਿਰੀ ਮੌਕਾ ਸੀ। ਉਸ ਨੇ ਜਿਥੇ ਵੀ ਹੋ ਸਕਿਆ ਮੇਰੇ ਵਿਰੁੱਧ ਲੂਣ ਮਸਾਲਾ ਲਾ ਕੇ ਖ਼ੂਬ ਭੰਡੀ ਪ੍ਰਚਾਰ ਕੀਤਾ। ਮੈਂ ਸੂਬਾ ਲੀਡਰਸ਼ਿਪ ਨੂੰ ਇਸ ਬਾਰੇ ਸ਼ਿਕਾਇਤ ਕੀਤੀ। ਸੂਬਾ ਲੀਡਰਸ਼ਿਪ ਨੇ ਮੇਰੀ ਸ਼ਿਕਾਇਤ ਵੀ ਉਪਰੋਕਤ ਪੜਤਾਲੀਆ ਕਮਿਸ਼ਨ ਦੇ ਸਪੁਰਦ ਕਰ ਦਿੱਤੀ ਪਰ ਉਸ ਕਮਿਸ਼ਨ ਨੇ ਇਨ੍ਹਾਂ ਸ਼ਿਕਾਇਤਾਂ ਦਾ ਨੋਟਿਸ ਹੀ ਨਹੀਂ ਲਿਆ।

ਮੇਰੇ ਵਿਰੁੱਧ ਥੱਲੇ ਭੰਡੀ ਪ੍ਰਚਾਰ ਕਰਕੇ ਮੇਰਾ ਪੱਤਾ ਸਾਫ਼ ਕਰਨ ਵਾਲੇ ਅੰਸ਼ਾਂ ਦੀ ਕਾਮਰੇਡ ਨੌਨਿਹਾਲ ਸਿੰਘ ਨੇ ਵੀ ਪੁੱਜ ਕੇ ਮਦਦ ਕੀਤੀ। ਮੇਰੇ ਵਿਰੁੱਧ ਜ਼ਿਲ੍ਹਾ ਪਾਰਟੀ ਕੌਂਸਲ ਵਿਚ ਬੇਪਰਤੀਤੀ ਦਾ ਮਤਾ ਵੀ ਉਪਰੋਕਤ ਕਮਿਸ਼ਨ ਦੀ ਪੜਤਾਲ ਸਮੇਂ ਰੱਖਿਆ ਗਿਆ ਸੀ ਅਤੇ ਮਤਾ ਪਾਸ ਕਰਾਉਣ ਲਈ ਜ਼ਿਲ੍ਹਾ ਕੌਂਸਲ ਮੈਂਬਰਾਂ ਨੂੰ ਪਹੁੰਚ ਕਰਨ ਵਾਸਤੇ ਕਾਮਰੇਡ ਨੌਨਿਹਾਲ ਸਿੰਘ ਨੇ ਮੇਰੇ ਵਿਰੋਧੀਆਂ ਦੀ ਮਾਲੀ ਮਦਦ ਵੀ ਕੀਤੀ। ਕਾਮਰੇਡ ਨੌਨਿਹਾਲ ਸਿੰਘ ਦਾ ਮੇਰੇ ਵਿਰੁੱਧ ਹੋਣ ਦਾ ਪਿਛੋਕੜ ਇਹ ਸੀ ਕਿ ਮੈਂ ਉਸ ਨੂੰ ਜ਼ਿਲ੍ਹਾ ਪਾਰਟੀ ਦੀ ਇਕ ਸਬ ਕਮੇਟੀ ਮੀਟਿੰਗ ਵਿਚੋਂ ਇਸ ਲਈ ਉਠਾ ਦਿੱਤਾ ਸੀ ਕਿ ਉਹ ਇਸ ਸਬ ਕਮੇਟੀ ਦਾ ਮੈਂਬਰ ਨਹੀਂ ਸੀ। ਕਾਮਰੇਡ ਨੌਨਿਹਾਲ ਸਿੰਘ ਨੇ ਇਸ ਨੂੰ ਆਪਣੀ ਬੇਇੱਜ਼ਤੀ ਸਮਝਿਆ ਸੀ। (ਮੇਰਾ ਵੀ ਏਨਾ ਮਕੈਨਕੀ ਹੋਣਾ ਉਚਿਤ ਨਹੀਂ ਸੀ ਕਿਉਂਕਿ ਨੌਨਿਹਾਲ ਸਿੰਘ ਸੂਬਾ ਕੌਂਸਲ ਦਾ ਮੈਂਬਰ ਸੀ, ਉਸ ਦੇ ਮੀਟਿੰਗ ਵਿਚ ਬੈਠੇ ਰਹਿਣ ਦਾ ਕੋਈ ਹਰਜ ਨਹੀਂ ਸੀ। ਇਸ ਵਿਰੋਧ ਤੋਂ ਛੁਟ ਕਾਮਰੇਡ ਨੌਨਿਹਾਲ ਸਿੰਘ ਨੇ ਮੇਰਾ ਕਦੇ ਵਿਰੋਧ ਨਹੀਂ ਕੀਤਾ। ਸਗੋਂ ਅਗਲੇ ਸਾਰੇ ਸਮੇਂ ਵਿਚ ਮੇਰੀ ਮਦਦ ਹੀ ਕੀਤੀ ਹੈ।)

ਸੂਬੇ ਵੱਲੋਂ ਨਿਯੁਕਤ ਉਪਰੋਕਤ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਨੂੰ ਸੂਬਾ ਪਾਰਟੀ ਕੌਂਸਲ ਨੇ ਬਹੁਸੰਮਤੀ ਨਾਲ ਪਾਸ ਕਰਕੇ ਮੇਰੀਆਂ ਸਾਰੀਆਂ ਪਾਰਟੀ ਪਦਵੀਆਂ

ਖੋਹ ਕੇ ਇਕ ਸਾਧਾਰਨ ਮੈਂਬਰ ਰਹਿਣ ਦਿੱਤਾ ਅਤੇ ਜ਼ਿਲ੍ਹਾ ਜਲੰਧਰ ਪਾਰਟੀ ਦੇ ਮਤਹਿਤ ਕੰਮ ਕਰਨ ਦਾ ਹੁਕਮ ਦਿੱਤਾ।

## ਕੇਂਦਰੀ ਕੰਟਰੋਲ ਕਮਿਸ਼ਨ ਦਾ ਫ਼ੈਸਲਾ

ਮੈਂ ਸੂਬਾ ਕੌਂਸਲ ਦੇ ਉਪਰੋਕਤ ਫ਼ੈਸਲੇ ਵਿਰੁੱਧ ਕੇਂਦਰੀ ਕੰਟਰੋਲ ਕਮਿਸ਼ਨ ਕੋਲ ਅਪੀਲ ਕਰ ਦਿੱਤੀ। ਕੰਟਰੋਲ ਕਮਿਸ਼ਨ ਨੇ ਜਦੋਂ ਮੇਰਾ ਪੱਖ ਸੁਨਣ ਲਈ ਮੈਨੂੰ ਬੁਲਾਇਆ ਤਾਂ ਕਾਮਰੇਡ ਗਿਆਨ ਸਿੰਘ ਦੁਸਾਂਝ ਅਤੇ ਚਰਨਜੀਤ ਕੌਰ ਮੇਰੇ ਨਾਲ ਗਏ। ਕਿਉਂਕਿ ਮੇਰੇ ਵਿਰੁੱਧ ਹੋਇਆ ਫ਼ੈਸਲਾ ਟੇਢੇ ਤੌਰ 'ਤੇ ਉਨ੍ਹਾਂ ਵਿਰੁੱਧ ਵੀ ਜਾਂਦਾ ਸੀ ਅਤੇ ਉਨ੍ਹਾਂ ਨੂੰ ਮੇਰੇ ਜਿਤਨਾ ਹੀ ਬਦਨਾਮ ਕਰਦਾ ਸੀ। ਉਨ੍ਹਾਂ ਆਪਣੇ ਵਿਆਹ ਅਤੇ ਪਾਰਟੀ ਕੰਮ ਦੀ ਸਾਰੀ ਵਾਰਤਾ ਕੰਟਰੋਲ ਕਮਿਸ਼ਨ ਸਾਹਮਣੇ ਪੇਸ਼ ਕੀਤੀ।

ਕੇਂਦਰੀ ਕੰਟਰੋਲ ਕਮਿਸ਼ਨ ਨੂੰ ਮੇਰੇ ਵਿਰੁੱਧ ਕੀਤਾ ਫ਼ੈਸਲਾ ਅਜੀਬ ਲੱਗਾ। ਕਿਉਂਕਿ ਜੇ ਮੇਰੇ ਅਤੇ ਚਰਨਜੀਤ ਦੇ ਭੈੜੇ ਸਬੰਧ ਹੁੰਦੇ ਤਾਂ ਸ਼ਿਕਾਇਤ ਕਾਮਰੇਡ ਗਿਆਨ ਸਿੰਘ ਦੁਸਾਂਝ ਜਾਂ ਮੇਰੀ ਜੀਵਨ ਸਾਥਣ ਸੁਸ਼ੀਲਾ ਚੈਨ ਨੂੰ ਕਰਨੀ ਚਾਹੀਦੀ ਸੀ। ਜਦਕਿ ਇਸ ਦੇ ਉਲਟ ਉਹ ਸਾਰੇ ਮੇਰੇ ਪੱਖ ਵਿਚ ਭੁਗਤ ਰਹੇ ਸਨ। ਕੇਂਦਰੀ ਕੰਟਰੋਲ ਕਮਿਸ਼ਨ ਨੇ ਸੂਬਾ ਲੀਡਰਸ਼ਿਪ ਨੂੰ ਆਪਣਾ ਪੱਖ ਆ ਕੇ ਦੱਸਣ ਲਈ ਸੱਦਿਆ ਤਾਂ ਸੂਬਾ ਲੀਡਰਸ਼ਿਪ ਦਾ ਜਵਾਬ ਸੀ ਕਿ ਉਨ੍ਹਾਂ ਦੀ ਸੁਨਣ ਵਾਸਤੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਚੰਡੀਗੜ੍ਹ ਵਿਖੇ ਸੂਬਾ ਦਫਤਰ ਪੁੱਜਣ। ਕੇਂਦਰੀ ਕੰਟਰੋਲ ਕਮਿਸ਼ਨ ਨੇ ਜਦੋਂ ਸੂਬਾ ਲੀਡਰਸ਼ਿਪ ਵੱਲੋਂ ਕੀਤਾ ਫ਼ੈਸਲਾ ਪੜ੍ਹਿਆ ਤਾਂ ਉਸ ਵਿਚ ਕਾਮਰੇਡ ਚੈਨ ਵਿਰੁੱਧ ਥਲੇ ਕੀਤੇ ਪਰਚਾਰ ਸਬੰਧੀ ਕਾਮਰੇਡ ਚੈਨ ਦੀ ਸ਼ਿਕਾਇਤ ਬਾਰੇ ਵੀ ਕੁਝ ਨਹੀਂ ਸੀ ਲਿਖਿਆ। ਕੇਂਦਰੀ ਕੰਟਰੋਲ ਕਮਿਸ਼ਨ ਉੱਤੇ ਇਸ ਕੋਤਾਹੀ ਦਾ ਵੀ ਪ੍ਰਭਾਵ ਪਿਆ। ਅਖੀਰ ਕੇਂਦਰੀ ਕੰਟਰੋਲ ਕਮਿਸ਼ਨ ਨੇ ਮੇਰੇ ਵਿਰੁੱਧ ਲਿਆ ਗਿਆ ਫ਼ੈਸਲਾ ਰੱਦ ਕਰ ਦਿੱਤਾ ਅਥਵਾ ਸੂਬਾ ਲੀਡਰਸ਼ਿਪ ਵਿਰੁੱਧ ਦੋ ਟਿੱਪਣੀਆਂ ਵੀ ਕਰ ਦਿੱਤੀਆਂ-ਇਕ ਇਹ ਕਿ ਸੂਬਾ ਲੀਡਰਸਿਪ ਨੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਸੱਦੇ ਉਤੇ ਵੀ ਆਪਣਾ ਪੱਖ ਪੇਸ਼ ਕਰਨ ਤੋਂ ਕੰਨੀ ਕਤਰਾਈ ਹੈ। ਦੂਜੀ ਇਹ ਕਿ ਉਸ ਨੇ ਕਾਮਰੇਡ ਚੈਨ ਵਿਰੁੱਧ ਆਈ ਸ਼ਿਕਾਇਤ ਤਾਂ ਨਿਠ ਕੇ ਸੁਣ ਲਈ ਪਰ ਕਾਮਰੇਡ ਚੈਨ ਵਿਰੁੱਧ ਥਲੇ ਕੀਤੇ ਗਏ ਭੰਡੀ ਪ੍ਰਚਾਰ ਬਾਰੇ ਕਾਮਰੇਡ ਚੈਨ ਵੱਲੋਂ ਕੀਤੀ ਸ਼ਿਕਾਇਤ ਬਾਰੇ ਚੁੱਪ ਸਾਧ ਲਈ। ਕੇਂਦਰੀ ਕੰਟਰੋਲ ਕਮਿਸ਼ਨ ਨੇ ਮੇਰੇ ਵਿਰੁੱਧ ਕੀਤੇ ਫ਼ੈਸਲੇ ਨੂੰ ਰੱਦ ਕਰਕੇ ਮੇਰੀਆਂ ਸਾਰੀਆਂ ਪੱਦਵੀਆਂ ਬਹਾਲ ਕਰ ਦਿੱਤੀਆਂ। ਕੇਂਦਰੀ ਕੰਟਰੋਲ ਕਮਿਸ਼ਨ ਨੇ ਇਹ ਵੀ ਫ਼ੈਸਲਾ ਕੀਤਾ ਕਿ ਸੂਬਾ ਲੀਡਰਸ਼ਿਪ ਵੱਲੋਂ ਜਿਥੇ ਜਿਥੇ ਕਾਮਰੇਡ ਚੈਨ ਨੂੰ ਆਪਣੇ ਵੱਲੋਂ ਦਿੱਤੀ ਸਜ਼ਾ ਦੀ ਰਿਪੋਰਟ ਕੀਤੀ ਹੈ, ਉਥੇ ਉਥੇ ਹੁਣ ਕੇਂਦਰੀ ਕੰਟਰੋਲ ਕਮਿਸ਼ਨ ਦੇ ਫ਼ੈਸਲੇ ਦੀ ਰਿਪੋਰਟ ਵੀ ਸੂਬਾ ਲੀਡਰਸ਼ਿਪ ਵਲੋਂ ਕੀਤੀ ਜਾਏ।

ਇਸ ਮਸਲੇ ਨੂੰ ਸਪੱਸ਼ਟ ਕਰਨ ਲਈ ਪਿੰਡ ਗੁਣਾਚੌਰ 'ਚ ਹੋ ਰਹੀ ਤਹਿਸੀਲ ਨਵਾਂਸ਼ਹਿਰ ਦੀ ਪਾਰਟੀ ਮੀਟਿੰਗ ਵਿਚ ਕਾਮਰੇਡ ਤੁਲਸੀ ਰਾਮ ਮੈਨੂੰ ਨਾਲ ਲੈ ਕੇ ਗਏ ਅਤੇ ਮੀਟਿੰਗ ਵਿਚ ਕੀਤੇ ਹੋਏ ਫੈਸਲੇ ਵੀ ਦੱਸੇ।

ਮੈਨੂੰ ਕੇਂਦਰੀ ਕੰਟਰੋਲ ਕਮਿਸ਼ਨ ਵੱਲੋਂ ਕੀਤੇ ਸਾਰੇ ਫ਼ੈਸਲਿਆਂ ਦਾ ਪਤਾ ਲੱਗ ਗਿਆ। ਪਰ ਕਾਮਰੇਡ ਮਲਹੋਤਰਾ ਨੇ ਸੂਬਾ ਐਗਜ਼ੈਕਟਿਵ ਦੀ ਬੁਲਾਈ ਗਈ ਮੀਟਿੰਗ ਦੀ ਮੈਨੂੰ ਇਤਲਾਹ ਨਾ ਦਿੱਤੀ। ਪਰ ਮੈਂ ਉਸ ਮੀਟਿੰਗ ਵਿਚ ਜਾ ਹਾਜ਼ਰ ਹੋਇਆ। ਉਸ ਮੀਟਿੰਗ ਵਿਚ ਕਾਮਰੇਡ ਮਲਹੋਤਰਾ ਨੇ ਸੁਝਾਉ ਰੱਖਿਆ ਕਿ ਕੇਂਦਰੀ ਕੰਟਰੋਲ ਕਮਿਸ਼ਨ ਨੇ ਸਾਡਾ ਪੱਖ ਸੁਣੇ ਬਗੈਰ ਆਪਣਾ ਫ਼ੈਸਲਾ ਦੇ ਦਿੱਤਾ ਹੈ। ਇਸ ਲਈ ਕੇਂਦਰੀ ਕੰਟਰੋਲ ਕਮਿਸ਼ਨ ਨੂੰ ਪਹੁੰਚ ਕੀਤੀ ਜਾਏ ਕਿ ਉਹ ਆਪਣੇ ਫ਼ੈਸਲੇ ਉੱਤੇ ਮੁੜ ਵਿਚਾਰ ਕਰੇ। ਸਹਾਇਕ ਸਕੱਤਰ ਕਾਮਰੇਡ ਮਦਨ ਲਾਲ ਦੀਦੀ ਨੇ ਤੁਰੰਤ ਆਖ ਦਿੱਤਾ ਕਿ "ਮਲਹੋਤਰਾ ਜੀ ਜਿਤਨੀ ਸੂਬਾ ਐਗਜ਼ੈਕਟਿਵ ਨਾਲ ਹੋ ਗਈ ਹੈ, ਉਹੀ ਬਹੁਤ ਹੈ, ਉਸ ਨੂੰ ਬਰਦਾਸ਼ਤ ਕਰੋ। ਸਾਡੀ ਖੱਲ ਤੁਹਾਡੀ ਜਿਤਨੀ ਮੋਟੀ ਨਹੀਂ ਕਿ ਕੰਟਰੋਲ ਕਮਿਸ਼ਨ ਦੀਆਂ ਹੋਰ ਜੁੱਤੀਆਂ ਖਾ ਸਕੀਏ। ਸਾਡੀ ਤਾਂ ਹੁਣ ਬੱਸ ਹੈ। ਤੁਸੀਂ ਆਪਣੇ ਸਿਰ ਜੋ ਕਰਨਾ ਹੈ, ਕਰ ਲਓ।"

ਸੋ ਮਾਮਲਾ ਸਹੀ ਪੜਾਉ ਉੱਤੇ ਹੱਲ ਹੋ ਗਿਆ।

ਇਸ ਕੇਸ ਸਬੰਧੀ ਕਾਮਰੇਡ ਛੱਜੂ ਮੱਲ ਵੈਦ, ਕਾਮਰੇਡ ਗੁਰਬਖ਼ਸ਼ ਦੀਵਾਨ, ਕਾਮਰੇਡ ਸ਼ਰਧਾ ਸਿੰਘ ਅਥਵਾ ਕੁਝ ਹੋਰ ਸਾਥੀਆਂ ਨੇ ਸੂਬਾ ਕੌਂਸਲ ਵਿਚ ਮੇਰੇ ਵਿਰੁੱਧ ਵੋਟ ਨਹੀਂ ਸੀ ਪਾਈ। ਜਦਕਿ ਕਾਮਰੇਡ ਸਤਪਾਲ ਡਾਂਗ ਨੇ ਮੇਰੇ ਵਿਰੁੱਧ ਮਤੇ ਦੇ ਹੱਕ ਵਿਚ ਹੱਥ ਖੜ੍ਹਾ ਕੀਤਾ ਸੀ। ਪਰ ਜਦ ਕੇਂਦਰੀ ਕੰਟਰੋਲ ਕਮਿਸ਼ਨ ਨੇ ਦਲੀਲਾਂ ਸਹਿਤ ਸੂਬਾ ਕੌਂਸਲ ਦਾ ਮਤਾ ਰੱਦ ਕਰ ਕੇ ਮੈਨੂੰ ਸੁਰਖਰੂ ਕਰ ਦਿੱਤਾ ਤਾਂ ਕਾਮਰੇਡ ਡਾਂਗ ਨੇ ਆਪਣੀ ਗਲਤੀ ਦਾ ਅਹਿਸਾਸ ਕੀਤਾ। ਇਹ ਕਾਮਰੇਡ ਡਾਂਗ ਦਾ ਵਡੱਪਣ ਹੈ ਕਿ ਉਸ ਨੇ ਪਿੰਡ ਪਲਾਹੀ (ਜਿਥੇ ਕਾ. ਦੁਸਾਂਝ ਅਧਿਆਪਕ ਸੀ) ਆ ਕੇ ਗਿਆਨ ਸਿੰਘ ਦੁਸਾਂਝ, ਚਰਨਜੀਤ ਕੌਰ ਅਤੇ ਮੇਰੇ ਪਾਸੋਂ ਆਪਣੀ ਗਲਤੀ ਦਾ ਅਹਿਸਾਸ ਕੀਤਾ।

## ਮੁੜ ਜਨਤਕ ਪੱਧਰ ਉੱਤੇ ਕੰਮ ਦਾ ਮਜ਼ਾ ਲਿਆ

ਜਿਤਨੀ ਦੇਰ ਸੂਬਾ ਕੌਂਸਲ ਦੇ ਫ਼ੈਸਲੇ ਅਨੁਸਾਰ ਮੈਨੂੰ ਹੋਰ ਸਾਰੀ ਪੱਦਵੀਆਂ ਤੋਂ ਵਾਂਝੇ ਹੋ ਕੇ ਕੇਵਲ ਇਕ ਸਾਧਾਰਨ ਮੈਂਬਰ ਰਹਿਣਾ ਪਿਆ ਤਾਂ ਮੈਂ ਜ਼ਿਲ੍ਹਾ ਜਲੰਧਰ ਪਾਰਟੀ ਕਮੇਟੀ ਦੇ ਹੁਕਮ ਅਨੁਸਾਰ ਕਿਸਾਨ ਫਰੰਟ ਉੱਤੇ ਤਹਿਸੀਲ ਨਕੋਦਰ ਦੇ ਸਭ ਤੋਂ ਪੱਛੜੇ ਇਲਾਕੇ ਦੋਨਾ ਅੰਦਰ ਡਿਊਟੀ ਦਿੱਤੀ। ਮੈਨੂੰ ਕੋਈ ਫਰਕ ਨਹੀਂ ਸੀ। ਇਹੋ ਕਾਰਜ ਤਾਂ ਮੈਂ ਆਪਣੇ ਮੁੱਢਲੋਂ ਰਾਜਸੀ ਜੀਵਨ ਵਿਚ ਕਰਦਾ ਆਇਆ ਸਾਂ। ਹੁਣ ਮੁੜ ਜੜ੍ਹ ਪੱਧਰ ਦੇ ਕੰਮ ਦਾ ਸੁਆਦ ਆਉਣ ਲੱਗਾ। ਨਿਰੋਲ ਜੀਵਤ ਕਿਸਾਨ ਮਸਲਿਆਂ ਨੂੰ ਲੈ

ਕੇ ਤੀਹ-ਪੈਂਤੀ ਪਿੰਡਾਂ ਵਿਚ ਸਥਾਨਕ ਕਿਸਾਨ ਕਮੇਟੀਆਂ ਖੜ੍ਹੀਆਂ ਕਰ ਦਿੱਤੀਆਂ ਅਥਵਾ ਹਰ ਪਿੰਡ ਕਿਸਾਨ ਕਮੇਟੀ ਦੀ ਚੋਣ ਕਰਕੇ ਸਥਾਨਕ ਲੀਡਰਸ਼ਿਪ ਖੜ੍ਹੀ ਕਰ ਦਿੱਤੀ। ਫੇਰ ਹਰ ਪਿੰਡ ਦੇ ਚੁਣੇ ਹੋਏ ਪ੍ਰਤੀਨਿਧ ਲੈ ਕੇ ਇਲਾਕਾ ਦੋਨਾ ਕਿਸਾਨ ਕਮੇਟੀ ਬਣਾ ਦਿੱਤੀ। ਰਾਜਸੀ ਮਤਭੇਦਾਂ ਵਾਲੀ ਕੋਈ ਗੱਲ ਨਹੀਂ ਛੇੜੀ। ਭਖ਼ਦੇ ਕਿਸਾਨ ਮਸਲਿਆਂ ਨੂੰ ਲੈ ਕੇ ਹੀ ਸਾਰੀ ਚਰਚਾ ਕੀਤੀ। ਫੇਰ ਤਹਿਸੀਲ ਨਕੋਦਰ ਦੇ ਕੁਝ ਹੋਰ ਇਲਾਕਿਆਂ ਵਿਚ ਵੀ ਕਿਸਾਨ ਕਮੇਟੀਆਂ ਬਨਾਉਣ ਦਾ ਕਾਰਜ ਕੀਤਾ। ਸਾਲ ਮਗਰੋਂ ਜਦ ਸਾਰੇ ਇਲਾਕਿਆਂ ਦੀਆਂ ਚੋਣਾਂ ਕਰਕੇ ਜ਼ਿਲ੍ਹੇ ਦਾ ਸਮਾਗਮ ਹੋਇਆ ਤਾਂ ਤਹਿਸੀਲ ਨਕੋਦਰ ਦੀ ਮੈਂਬਰਸ਼ਿਪ ਦੂਜੇ ਇਲਾਕਿਆਂ ਤੋਂ ਉੱਪਰ ਸੀ ਅਰਥਾਤ ਸਾਰੇ ਜ਼ਿਲ੍ਹੇ ਦੀ ਮੈਂਬਰਸ਼ਿਪ ਦਾ ਇਕ ਤਿਹਾਈ ਜਦਕਿ ਅੱਗੇ ਤਹਿਸੀਲ ਨਕੋਦਰ ਦੀ ਕਿਸਾਨ ਭਰਤੀ ਸਭ ਇਲਾਕਿਆਂ ਤੋਂ ਥੱਲੇ ਹੋਇਆ ਕਰਦੀ ਸੀ।

ਭਾਵੇਂ ਉਸ ਸਮੇਂ ਮੇਰੇ ਕੋਲ ਕੋਈ ਪਾਰਟੀ ਪੱਦਵੀ ਨਹੀਂ ਸੀ ਪਰ ਜ਼ਿਲ੍ਹੇ ਦੇ ਦੂਜੇ ਕਿਸਾਨ ਲੀਡਰ ਮੈਨੂੰ ਲੋੜ ਵੇਲੇ ਸਥਾਨਕ ਕਿਸਾਨ ਕਾਨਫਰੰਸਾਂ ਵਿਚ ਤਕਰੀਰ ਕਰਨ ਲਈ ਲੈ ਜਾਂਦੇ ਸਨ। ਇਸ ਕਰਕੇ ਆਮ ਲੋਕਾਂ ਵਿਚ ਮੇਰੀ ਭਲ ਉਵੇਂ ਜਿਵੇਂ ਬਣੀ ਰਹੀ।

## ਮੈਨੂੰ ਮੁੜ ਜ਼ਿਲ੍ਹਾ ਸਕੱਤਰ ਬਣਾਇਆ ਗਿਆ

ਜਦ ਸੂਬਾ ਕੌਂਸਲ ਨੇ ਝੂਠਾ ਕੇਸ ਬਣਾ ਕੇ ਮੈਨੂੰ ਸਾਰੀ ਪਾਰਟੀ ਪਦਵੀਆਂ ਤੋਂ ਲਾਂਭੇ ਕਰ ਦਿੱਤਾ ਸੀ ਤਾਂ ਮੇਰੀ ਥਾਂ ਕਾਮਰੇਡ ਨਸੀਬ ਸਿੰਘ ਸਮਰਾ ਜ਼ਿਲ੍ਹਾ ਪਾਰਟੀ ਸਕੱਤਰ ਬਣਿਆ ਸੀ। ਕੇਂਦਰੀ ਕੰਟਰੋਲ ਕਮਿਸ਼ਨ ਨੇ ਮੈਨੂੰ ਦਿੱਤੀ ਸਜ਼ਾ ਮਨਸੂਖ ਕਰ ਦਿੱਤੀ ਤਾਂ ਮੈਂ ਮੁੜ ਸੂਬਾ ਐਗਜ਼ੈਕਟਿਵ ਦਾ ਮੈਂਬਰ ਵੀ ਬਣ ਗਿਆ ਅਤੇ ਜ਼ਿਲ੍ਹਾ ਕੌਂਸਲ ਦਾ ਮੈਂਬਰ ਵੀ। ਪਰ ਇਸ ਅਰਸੇ ਵਿਚਕਾਰ ਜ਼ਿਲ੍ਹਾ ਸਕੱਤਰ ਕਾਮਰੇਡ ਨਸੀਬ ਸਿੰਘ ਸਮਰਾ ਬਣ ਚੁੱਕਾ ਸੀ। ਮੈਂ ਉਸ ਦੇ ਸਕੱਤਰ ਹੁੰਦਿਆਂ ਪੂਰੀ ਨਿਸ਼ਠਾ ਨਾਲ ਕੰਮ ਕੀਤਾ।

ਮੈਂ ਅਗਲੇ ਕੁਝ ਮਹੀਨਿਆਂ ਲਈ ਛੁੱਟੀ ਲੈ ਕੇ ਆਪਣੀ ਬੇਟੀ ਸਵਿਤਾ ਪਾਸ ਆਰਾਮ ਕਰਨ ਇੰਗਲੈਂਡ ਚਲੇ ਗਿਆ ਪਰ ਜਦ ਚਾਰ-ਪੰਜ ਮਹੀਨੇ ਮਗਰੋਂ ਮੁੜ ਕੇ ਆਇਆ ਤਾਂ ਕਾਮਰੇਡ ਨਸੀਬ ਸਿੰਘ ਦੇ ਘੁਮੰਡੀ ਅਤੇ ਅਖੱੜ ਰਵੱਈਏ ਤੋਂ ਅਨੇਕਾਂ ਸਾਥੀ ਤੰਗ ਆ ਚੁੱਕੇ ਸਨ। ਕਾਮਰੇਡ ਚੰਦ ਫਤਿਹਪੁਰੀ ਅਤੇ ਬੀ.ਐਸ. ਪ੍ਰੇਮ ਮੈਨੂੰ ਮੇਰੇ ਘਰ 163, ਗਰੀਨ ਪਾਰਕ ਜਲੰਧਰ ਵਿਖੇ ਆ ਕੇ ਮਿਲੇ। ਬੀ.ਐਸ. ਪ੍ਰੇਮ ਨੇ ਰੋ ਕੇ ਦੱਸਿਆ ਕਿ ਜਦ ਮੈਂ ਇਕੱਲਾ ਹੋਵਾਂ ਤਾਂ ਮੈਨੂੰ ਕਾਮਰੇਡ ਨਸੀਬ "ਓਏ ਅੰਨ੍ਹਿਆ" ਕਹਿ ਕੇ ਬੁਲਾਉਂਦਾ ਹੈ। ਇਨ੍ਹਾਂ ਦੋਹਾਂ ਸਾਥੀਆਂ ਨੇ ਵਾਸਤਾ ਪਾ ਕੇ ਇਸ ਉਜੱਡ ਤੋਂ ਕਿਸੇ ਤਰ੍ਹਾਂ ਛੁਟਕਾਰਾ ਦੁਆਉਣ ਲਈ ਅਪੀਲ ਕੀਤੀ। ਸ਼ਹੀਦ ਕਾਮਰੇਡ ਅਜੀਤ ਸਿੰਘ ਗਦਰਾ ਮੈਨੂੰ ਡਾਕਟਰ ਕੇਹਰ ਸਿੰਘ ਨੂਰਮਹਿਲ ਦੇ ਘਰ ਮਿਲੇ ਤਾਂ ਉਹ ਵੀ ਹੱਥ ਜੋੜ ਕੇ ਕਹਿਣ ਲੱਗੇ ਕਿ "ਇਸ ਨਵੇਂ ਘੁਮੰਡੀ ਸਕੱਤਰ ਤੋਂ ਕਿਸੇ ਤਰ੍ਹਾਂ ਛੁਟਕਾਰਾ ਦੁਆਓ। ਤੂੰ

ਤਾਂ ਕਿਸੇ ਹਿਸਾਬ ਨਾਲ ਗੱਲ ਕਰਿਆ ਕਰਦਾ ਸੀ ਪਰ ਇਹ ਨਸੀਬ ਤਾਂ ਬਹੁਤ ਉਜੱਡ ਹੈ। ਓਏ ਕਹਿ ਕੇ ਬੁਲਾਉਂਦਾ ਹੈ।" ਮੈਂ ਜਵਾਬ ਦਿੱਤਾ ਕਿ ਆਪਣੇ ਗੁਰੂ ਕਾਮਰੇਡ ਬਚਿੱਤਰ ਸਿੰਘ ਧੁਲੇਤਾ ਨੂੰ ਪੁੱਛੋ। ਮੈਂ ਹੁਣ ਕੀ ਕਰ ਸਕਦਾ ਹਾਂ। ਫੇਰ ਕਾਮਰੇਡ ਬਚਿੱਤਰ ਸਿੰਘ ਮੈਨੂੰ ਮਿਲਿਆ ਤਾਂ ਉਹ ਵੀ ਕਾਮਰੇਡ ਨਸੀਬ ਤੋਂ ਦੁਖੀ ਜਾਪਿਆ ਅਤੇ ਵਿੰਗੇ-ਟੇਢੇ ਢੰਗ ਨਾਲ ਕਾਮਰੇਡ ਅਜੀਤ ਸਿੰਘ ਗਦਰਾ ਵਾਲੀਆਂ ਗੱਲਾਂ ਹੀ ਕੀਤੀਆਂ। ਮੇਰਾ ਜਵਾਬ ਇਹ ਸੀ ਕਿ ਭਾਈ ਸਾਹਿਬ ਮੈਂ ਕੀ ਕਰ ਸਕਦਾ ਹਾਂ। ਆਪਣੀ ਕੀਤੀ ਆਪ ਨਬੇੜੋ।

ਉਨ੍ਹੀਂ ਦਿਨੀਂ ਕਾਮਰੇਡ ਚੰਦ ਫਤਿਹਪੁਰੀ ਦੇ ਪਿੰਡ ਫਤਿਹਪੁਰ ਵਿਖੇ ਕਿਸਾਨ ਕਾਨਫਰੰਸ ਹੋ ਰਹੀ ਸੀ। ਮੈਨੂੰ ਵੀ ਉਸ ਵਿਚ ਤਕਰੀਰ ਕਰਨ ਲਈ ਬੁਲਾਇਆ ਗਿਆ। ਕਾਮਰੇਡ ਚੰਦ ਦੇ ਭਰਾ ਕਾਮਰੇਡ ਗੁਰਪਾਲ ਸਿੰਘ ਦੇ ਟਿਊਬਵੈੱਲ ਉੱਤੇ ਮੈਨੂੰ ਕਾਮਰੇਡ ਬਚਿੱਤਰ ਸਿੰਘ ਧੁਲੇਤਾ, ਚੰਦ, ਅਜੀਤ ਸਿੰਘ ਗਦਰਾ, ਨਾਜ਼ਰ ਸਿੰਘ ਅਤੇ ਗੁਰਪਾਲ ਸਿੰਘ ਨੇ ਘੇਰਾ ਪਾ ਲਿਆ ਤੇ ਆਖਿਆ "ਗੁੱਸਾ ਛੱਡ ਦੇ। ਹੁਣ ਨਸੀਬ ਤੋਂ ਛੁਟਕਾਰੇ ਦੀ ਵਿਉਂਤ ਬਣਾ। ਅਸੀਂ ਤੇਰੇ ਨਾਲ ਹਾਂ।" ਹੁਣ ਮੈਂ ਵੀ ਗੰਭੀਰਤਾ ਨਾਲ ਸੋਚਣ ਲੱਗ ਪਿਆ। ਕਾਮਰੇਡ ਨਸੀਬ ਸਿੰਘ ਜ਼ਿਲ੍ਹਾ ਸਕੱਤਰ ਨੇ ਆਪਣੇ ਪਿੰਡ ਸਮਰਾਏ ਵਿਖੇ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਸੱਦ ਲਈ ਜਿਥੇ ਉਸ ਨੇ ਰਾਜਸੀ ਤੇ ਜਥੇਬੰਦਕ ਕੰਮ ਦੀਆਂ ਰਿਪੋਰਟਾਂ ਪੇਸ਼ ਕਰਨੀਆਂ ਸਨ। ਮੈਂ ਉਪਰੋਕਤ ਸਾਥੀਆਂ ਨੂੰ ਦੱਸਿਆ ਕਿ ਆਪਣਾ ਮਸਲਾ ਹੱਲ ਕਰਨ ਦਾ ਇਹ ਵਧੀਆ ਮੌਕਾ ਹੈ। ਇਨ੍ਹਾਂ ਰਿਪੋਰਟਾਂ ਵਿਚ ਇਤਨੀਆਂ ਤਰਮੀਮਾਂ ਪੇਸ਼ ਕਰ ਦਿੱਤੀਆਂ ਜਾਣ ਕਿ ਰਿਪੋਰਟਾਂ ਇਕ ਤਰ੍ਹਾਂ ਰੱਦ ਹੋਣ ਸਮਾਨ ਹੋ ਜਾਣ। ਇਸ ਪਲੈਨ ਬਾਰੇ ਕਾਮਰੇਡ ਚੰਦ ਨੇ ਕਾਮਰੇਡ ਪ੍ਰੇਮ ਨੂੰ ਅਥਵਾ ਕਾਮਰੇਡ ਬਚਿੱਤਰ ਨੇ ਕਾਮਰੇਡ ਰਛਪਾਲ ਸਿੰਘ ਬੜਾ ਪਿੰਡ ਨੂੰ ਅਵਗਤ ਕਰਾ ਦਿੱਤਾ।

ਰਾਜਸੀ ਕੰਮ ਦੀ ਰਿਪੋਰਟ ਪੇਸ਼ ਹੋਈ ਤਾਂ ਤਰਮੀਮਾਂ ਪੇਸ਼ ਕਰਕੇ ਉਸ ਦਾ ਕੱਦੂ ਕਰ ਦਿੱਤਾ ਗਿਆ। ਕਾਮਰੇਡ ਨਸੀਬ ਨੂੰ ਨਜ਼ਰ ਆਉਣ ਲੱਗ ਪਿਆ ਕਿ ਜਥੇਬੰਦਕ ਰਿਪੋਰਟ ਦਾ ਵੀ ਇਹੋ ਹਸ਼ਰ ਹੋਣਾ ਹੈ। ਉਸ ਨੇ ਕਾਮਰੇਡ ਸਵਰਨ ਅਕਲਪੁਰੀ, ਜਗਤ ਸਿੰਘ ਆਜ਼ਾਦ ਅਤੇ ਆਪਣੇ ਹੋਰ ਨਿਕਟਵਰਤੀਆਂ ਨਾਲ ਮਸ਼ਵਰਾ ਕਰਕੇ ਇਹ ਵਿਉਂਤ ਬਣਾਈ ਕਿ ਜਥੇਬੰਦਕ ਰਿਪੋਰਟ ਪੇਸ਼ ਕਰਨ ਤੋਂ ਪਹਿਲਾਂ ਹੀ ਕਾਮਰੇਡ ਨਸੀਬ ਜ਼ਿਲ੍ਹਾ ਸਕੱਤਰੀ ਤੋਂ ਅਸਤੀਫਾ ਪੇਸ਼ ਕਰ ਦੇਵੇ ਅਤੇ ਪ੍ਰਧਾਨਗੀ ਮੰਡਲ (ਜਿਹੜਾ ਉਸ ਦੇ ਹਮਖਿਆਲ ਸਾਥੀਆਂ ਦਾ ਹੀ ਸੀ) ਸੰਕਟ ਪੈਦਾ ਹੋਣ ਦਾ ਐਲਾਨ ਕਰਕੇ ਮੀਟਿੰਗ ਉਠਾ ਦੇਵੇ। ਇਸੇ ਤਰ੍ਹਾਂ ਹੀ ਹੋਇਆ। ਰੋਟੀ ਖਾਣ ਉਪਰੰਤ ਜਦ ਦੁਬਾਰਾ ਮੀਟਿੰਗ ਸ਼ੁਰੂ ਹੋਈ ਤਾਂ ਕਾਮਰੇਡ ਨਸੀਬ ਨੇ ਅਸਤੀਫਾ ਪੇਸ਼ ਕਰਕੇ ਜਥੇਬੰਦਕ ਰਿਪੋਰਟ ਪੇਸ਼ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਪ੍ਰਧਾਨਗੀ ਮੰਡਲ ਨੇ ਮੀਟਿੰਗ ਉਠਾ ਦੇਣ ਦਾ ਐਲਾਨ ਕਰ ਦਿੱਤਾ। ਪਰ ਜ਼ਿਲ੍ਹਾ ਕੌਂਸਲ ਦੀ ਬਹੁ-ਸੰਮਤੀ ਨੇ ਮੀਟਿੰਗ ਜਾਰੀ ਰੱਖਣ ਦਾ ਫ਼ੈਸਲਾ ਕਰਕੇ

ਨਵਾਂ ਪ੍ਰਧਾਨਗੀ ਮੰਡਲ ਬਣਾ ਕੇ ਨਵੇਂ ਸਕੱਤਰ (ਕਾਮਰੇਡ ਚੈਨ) ਅਤੇ ਸਹਾਇਕ ਸਕੱਤਰ (ਕਾਮਰੇਡ ਰਛਪਾਲ ਸਿੰਘ ਬੜਾ ਪਿੰਡ) ਦੀ ਚੋਣ ਕਰ ਦਿੱਤੀ।

## ਸੋਵੀਅਤ ਯੂਨੀਅਨ ਵਿਚ ਛੇ ਮਹੀਨੇ

ਸੋਵੀਅਤ ਯੂਨੀਅਨ ਬਾਰੇ ਪਾਰਟੀ ਆਗੂਆਂ ਕੋਲੋਂ ਬਹੁਤ ਕੁਝ ਸੁਣਿਆ ਹੋਇਆ ਸੀ ਅਤੇ ਕਿਤਾਬਾਂ ਵਿਚੋਂ ਵੀ ਪੜ੍ਹਿਆ ਹੋਇਆ ਸੀ। ਕਦੇ-ਕਦੇ ਅੱਖੀਂ ਦੇਖਣ ਲਈ ਪਾਰਟੀ ਵੱਲੋਂ ਕੁਝ ਪਾਰਟੀ ਵਰਕਰ ਸੋਵੀਅਤ ਯੂਨੀਅਨ ਭੇਜੇ ਜਾਂਦੇ ਸਨ। ਇਨ੍ਹਾਂ ਵਰਕਰਾਂ ਨੂੰ ਕੁਝ ਉੱਚੀ ਮਾਰਕਸੀ ਸਿੱਖਿਆ ਵੀ ਦਿੱਤੀ ਜਾਂਦੀ ਸੀ ਅਥਵਾ ਮੌਕੇ ਉੱਤੇ ਜਾ ਕੇ ਖੇਤੀਬਾੜੀ, ਕਾਰਖਾਨੇ, ਸਕੂਲ, ਕਾਲਜ, ਸਭਿਆਚਾਰਕ ਅਤੇ ਮਹੱਤਵਪੂਰਨ ਇਤਿਹਾਸਕ ਥਾਵਾਂ ਨਿਰੀਖਣ ਕਰਨ ਵਾਸਤੇ ਵਿਖਾਈਆਂ ਜਾਂਦੀਆਂ ਸਨ।

1974 'ਚ ਪੰਜਾਬ ਵਿਚੋਂ ਮੈਂ, ਕਾਮਰੇਡ ਸਵਰਨ ਅਕਲਪੁਰੀ, ਓਮ ਪ੍ਰਕਾਸ਼ ਅਤੇ ਉਰਮਲਾ ਅਨੰਦ ਅਥਵਾ ਕੇਰਲਾ ਅਤੇ ਆਂਧਰਾ ਦੇ ਛੇ ਕੁ ਸਾਥੀਆਂ ਦੇ ਇਕ ਜਥੇ ਦੇ ਰੂਪ ਵਿਚ ਸੋਵੀਅਤ ਯੂਨੀਅਨ ਜਾਣ ਦਾ ਫੈਸਲਾ ਹੋਇਆ। ਹਵਾਈ ਜਹਾਜ਼ ਦਿੱਲੀ ਤੋਂ ਫੜਨਾ ਸੀ। ਜਦ ਮੈਂ ਦਿੱਲੀ ਪਾਰਟੀ ਦਫਤਰ ਪੁੱਜਾ ਤਾਂ ਪਤਾ ਲੱਗਾ ਕਿ ਮੇਰੇ ਪਾਸਪੋਰਟ ਵਿਚ ਕੁਝ ਘਾਟ ਦੇਖ ਕੇ ਪਾਸਪੋਰਟ ਦਫਤਰ ਨੇ ਰੋਕ ਪਾਈ ਹੋਈ ਹੈ। ਸਮਾਂ ਥੋੜ੍ਹਾ ਹੈ। ਹੁਣ ਵਿਦੇਸ਼ ਮੰਤਰੀ ਦੇ ਦਖਲ ਤੋਂ ਬਿਨਾਂ ਮੇਰਾ ਜਾਣਾ ਅਸੰਭਵ ਹੈ। ਵਿਦੇਸ਼ ਮੰਤਰੀ ਸ: ਸਵਰਨ ਸਿੰਘ ਸ਼ੰਕਰ ਸਨ। ਉਹ ਮੇਰੇ ਚੰਗੀ ਤਰ੍ਹਾਂ ਵਾਕਫ ਸਨ। ਮੈਂ ਫੌਰਨ ਉਨ੍ਹਾਂ ਦੀ ਕੋਠੀ ਪੁੱਜਾ ਅਤੇ ਉਨ੍ਹਾਂ ਨੂੰ ਮੇਰਾ ਰਾਹ ਸਾਫ਼ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਮੈਨੂੰ ਖਾਣਾ ਖਵਾਇਆ ਅਤੇ ਸਬੰਧਤ ਅਫਸਰਾਂ ਨੂੰ ਫੋਨ ਉੱਤੇ ਹਦਾਇਤ ਕਰ ਦਿੱਤੀ ਕਿ ਕਾਮਰੇਡ ਚੈਨ ਦਾ ਰਾਹ ਸਾਫ਼ ਕਰ ਦਿਓ। ਇਸ ਤਰ੍ਹਾਂ ਮੇਰਾ ਸੋਵੀਅਤ ਯੂਨੀਅਨ ਜਾਣਾ ਸੰਭਵ ਹੋਇਆ।

ਜਨਵਰੀ ਮਹੀਨੇ ਦਾ ਵਿਚਕਾਰਲਾ ਅੱਧ ਸੀ। ਅਸੀਂ ਮਾਸਕੋ ਪਹੁੰਚੇ ਤਾਂ ਉਥੇ ਬਰਫ ਪੈ ਰਹੀ ਸੀ। ਪ੍ਰਬੰਧਕਾਂ ਨੇ ਸਾਥੋਂ ਪੰਜ-ਪੰਜ ਛੇ-ਛੇ ਮਿੰਟ ਲੋੜੀਂਦੀ ਪੁੱਛ-ਗਿੱਛ ਕੀਤੀ ਅਤੇ ਸੋਵੀਅਤ ਯੂਨੀਅਨ ਵਿਚ ਵਿਚਰਨ ਵਾਸਤੇ ਕੁਝ ਹਦਾਇਤਾਂ ਕੀਤੀਆਂ। ਫੇਰ ਖਾਣ-ਪੀਣ ਮਗਰੋਂ ਸਾਨੂੰ ਸਾਰਿਆਂ ਨੂੰ ਇਕ ਦੁਕਾਨ ਵਿਚ ਲਿਜਾਇਆ ਗਿਆ ਅਤੇ ਸਭ ਨੂੰ ਇਕ-ਇਕ ਵੱਡਾ ਗਰਮ ਕੋਟ, ਗਰਮ ਟੋਪੀ, ਗਰਮ ਦਸਤਾਨੇ ਅਥਵਾ ਤਿੰਨ-ਤਿੰਨ ਕਮੀਜ਼ਾਂ ਆਪਣੀ ਆਪਣੀ ਚੋਣ ਅਨੁਸਾਰ ਲੈ ਦਿੱਤੀਆਂ। ਨਾਲ ਇਕ ਪੱਕੀ ਹਦਾਇਤ ਕਰ ਦਿੱਤੀ ਕਿ ਇਕੱਲਿਆਂ ਕੁਝ ਨਿਸ਼ਚਤ ਥਾਵਾਂ ਤੋਂ ਬਾਹਰ ਨਹੀਂ ਜਾਣਾ।

ਮਾਰਕਸਵਾਦ ਦੇ ਵੱਖ-ਵੱਖ ਪਹਿਲੂਆਂ ਬਾਰੇ ਸਾਡੀ ਕਲਾਸ ਸਵੇਰੇ 9 ਤੋਂ 12 ਵਜੇ ਤੱਕ ਲੱਗਦੀ ਸੀ। ਫੇਰ ਪ੍ਰਬੰਧਕ ਸਾਨੂੰ ਮਾਸਕੋ ਦੇ ਲੋਕਾਂ ਨਾਲ ਸਬੰਧਤ ਕਾਰਜ

ਅਸਥਾਨਾਂ, ਇਤਿਹਾਸਕ ਥਾਵਾਂ ਅਤੇ ਸਰਕਾਰੀ ਅਦਾਰਿਆਂ ਦੇ ਨਿਰੀਖਣ ਵਾਸਤੇ ਲੈ ਜਾਂਦੇ। ਸਾਨੂੰ ਉਹ ਹੱਦ ਵੀ ਵਿਖਾਈ ਜਿਥੇ ਨਾਜ਼ੀ ਫੌਜਾਂ ਦਾ ਅੱਗੇ ਵਧਣਾ ਰੋਕ ਦਿੱਤਾ ਗਿਆ ਸੀ। ਕਾਮਰੇਡ ਲੈਨਿਨ ਦੀ ਮ੍ਰਿਤਕ ਦੇਹ ਵੀ ਵਿਖਾਈ ਜੋ ਲੋੜੀਂਦੇ ਮਸਾਲੇ ਲਾ ਕੇ ਜਿਉਂ ਦੀ ਤਿਉਂ ਪਈ ਹੋਈ ਸੀ। ਮਈ ਡੇ ਉੱਤੇ ਆਮ ਲੋਕਾਂ ਦੇ ਮੇਲੇ ਅਥਵਾ ਲਾਲ ਚੌਂਕ ਵਿਚ ਹੋਈ ਫੌਜੀ ਪਰੇਡ ਤੋਂ ਹੋਰ ਮੁਲਕਾਂ 'ਚੋਂ ਆਏ ਸਿੱਖਿਆਰਥੀਆਂ ਸਮੇਤ ਸਲਾਮੀ ਵੀ ਲਈ।

ਬਾਹਰ ਦੇ ਸਾਥੀਆਂ ਦੀ ਸਿੱਖਿਆ ਵਾਲੇ ਸਥਾਨ ਨੂੰ ਈਸਟਰਨ ਯੂਨੀਵਰਸਿਟੀ ਆਖਿਆ ਜਾਂਦਾ ਸੀ। ਏਥੇ ਹਰ ਮੁਲਕ ਦੇ ਸਿਖਿਆਰਥੀ ਮੌਜੂਦ ਸਨ। ਦੋ-ਤਿੰਨ ਵੇਰੀ ਸਾਰੇ ਮੁਲਕਾਂ ਦੇ ਸਾਥੀਆਂ ਦੀਆਂ ਸਾਂਝੀਆਂ ਮੀਟਿੰਗਾਂ ਵੀ ਆਪਸੀ ਜਾਣ-ਪਛਾਣ ਵਾਸਤੇ ਹੋਈਆਂ। ਇਕ ਦਿਨ ਰਾਤ ਦੀ ਰੇਲ ਗੱਡੀ ਸਵੱਛ ਗਰਮ ਬਿਸਤਰਿਆਂ ਵਾਲੇ ਫਸਟ ਕਲਾਸ ਡੱਬਿਆਂ ਵਿਚ ਲੈਨਿਨ ਗਰਾਡ ਲਿਜਾਇਆ ਗਿਆ। ਉਥੇ ਸਾਨੂੰ ਇਕ ਹਫਤੇ ਅੰਦਰ ਅਨੇਕਾਂ ਇਤਿਹਾਸਕ ਸਥਾਨ ਵਿਖਾਏ ਗਏ ਜਿਨ੍ਹਾਂ 'ਚੋਂ ਬਹੁਤੇ ਸੋਸ਼ਲਿਸਟ ਇਨਕਲਾਬ ਦੇ ਇਤਿਹਾਸ ਨਾਲ ਸਬੰਧਤ ਸਨ। ਇਕ ਦਿਨ ਸਾਨੂੰ ਸੋਵੀਅਤ ਸਰਹੱਦ ਤੋਂ ਦੋ-ਤਿੰਨ ਮੀਲ ਪਰੇ ਫਿਨਲੈਂਡ ਦਾ ਉਹ ਸਥਾਨ ਵਿਖਾਇਆ ਗਿਆ ਜਿਥੇ ਕਾਮਰੇਡ ਲੈਨਿਨ ਇਨਕਲਾਬ ਤੋਂ ਪਹਿਲਾਂ ਕੁਝ ਦਿਨ ਠਹਿਰੇ ਸਨ। ਇਕ ਦਿਨ ਸੋਵੀਅਤ ਯੂਨੀਅਨ ਦੀ ਉੱਤਰੀ ਸਰਹੱਦ ਨਾਲ ਲੱਗਦੇ ਸਮੁੰਦਰ ਦੀ ਸੈਰ ਲਈ ਲੈ ਗਏ ਜਿਥੇ ਸਰਦੀਆਂ ਨੂੰ ਕੇਵਲ ਚਾਰ ਘੰਟੇ ਦਾ ਦਿਨ ਅਥਵਾ ਵੀਹ ਘੰਟੇ ਦੀ ਰਾਤ ਹੁੰਦੀ ਹੈ।

ਸੋਵੀਅਤ ਆਗੂਆਂ ਨੇ ਸਾਨੂੰ ਦੱਸਿਆ ਕਿ ਤੁਹਾਨੂੰ ਇਕ ਮਹੀਨੇ ਲਈ ਆਮ ਲੋਕਾਂ ਦਾ ਜੀਵਨ ਵਾਚਣ ਲਈ ਕਿਸੀ ਇਕ ਰੀਪਬਲਿਕ ਵਿਚ ਭੇਜਣਾ ਹੈ। ਉਨ੍ਹਾਂ ਸਾਨੂੰ ਕਿਸੀ ਇਕ ਰੀਪਬਲਿਕ ਦੀ ਚੋਣ ਕਰਨ ਵਾਸਤੇ ਆਖਿਆ। ਸਾਡੇ ਗਰੁੱਪ ਨੇ ਇਸ ਦੇ ਵਾਸਤੇ ਈਰਾਨ ਨਾਲ ਲੱਗਦੀ ਰੀਪਬਲਿਕ ਆਰਮੀਨੀਆ ਦਾ ਨਾਉਂ ਲਿਆ।

ਕਈ ਦਿਨ ਅਸੀਂ ਆਰਮੀਨੀਆ ਦੀ ਰਾਜਧਾਨੀ ਵਿਚ ਬਤੀਤ ਕੀਤੇ। ਫੇਰ ਸਾਨੂੰ ਇਸ ਰੀਪਬਲਿਕ ਦੇ ਵੱਖ-ਵੱਖ ਸਥਾਨਾਂ ਉੱਤੇ ਲਿਜਾਇਆ ਗਿਆ। ਇਕ ਦਿਨ ਅਸੀਂ ਇਕ ਪਿੰਡ ਵਿਚ ਗਏ ਤਾਂ ਉਥੇ ਸਾਡੇ ਸਵਾਗਤ ਲਈ ਸੈਂਕੜੇ ਲੋਕ ਖੜ੍ਹੇ ਸਨ। ਪਿੰਡ ਦੇ ਮੋਹਰੀ ਨੇ ਅਰਥ ਭਰਪੂਰ ਸ਼ਬਦਾਂ ਵਿਚ ਸਾਡਾ ਸਵਾਗਤ ਕੀਤਾ ਅਥਵਾ ਸਾਨੂੰ ਆਖਿਆ ਕਿ ਤੁਹਾਡੇ 'ਚੋਂ ਕੱਲਾ ਕੱਲਾ ਸਾਥੀ ਸਵਾਗਤ ਲਈ ਖੜ੍ਹੇ ਲੋਕਾਂ ਵਿਚੋਂ ਕਿਸੇ ਇਕ ਦੀ ਬਾਂਹ ਫੜ ਲਏ ਉਹ ਤੁਹਾਨੂੰ ਆਪਣੇ ਆਪਣੇ ਘਰ ਦੇ ਜੀਵਨ ਬਾਰੇ ਜਾਣਕਾਰੀ ਦੇਣਗੇ। ਇਸ ਤਰ੍ਹਾਂ ਅਸੀਂ ਸਾਰੇ ਕੱਲੇ ਕੱਲੇ ਹੋ ਕੇ ਵੱਖ-ਵੱਖ ਘਰਾਂ ਵਿਚ ਚਾਰ-ਪੰਜ ਘੰਟਿਆਂ ਲਈ ਚਲੇ ਗਏ। ਹਰ ਇਕ ਨੇ ਆਪਣੇ ਘਰ ਗਏ ਸਾਥੀ ਨੂੰ ਆਪਣੇ ਜੀਵਨ ਦੇ ਹਰ ਪੱਖਾਂ ਬਾਰੇ ਜਾਣਕਾਰੀ ਦਿੱਤੀ। ਸਾਡੇ ਵਿਚੋਂ ਗਏ ਸਾਥੀ ਨੇ ਜੋ ਕੁਝ ਜਾਨਣਾ ਚਾਹਿਆ, ਉਸ ਬਾਰੇ ਵਿਆਖਿਆ ਸਹਿਤ ਅਵਗਤ ਕਰਾਇਆ ਗਿਆ ਅਥਵਾ ਸਮੇਂ

ਅਨੁਸਾਰ ਪੂਰੀ ਸੇਵਾ ਕੀਤੀ। ਚਾਰ ਘੰਟਿਆਂ ਮਗਰੋਂ ਅਸੀਂ ਸਾਰੇ ਮੁੜ ਇਕੱਠੇ ਹੋ ਗਏ। ਦੁਪਹਿਰ ਦਾ ਭੋਜਨ ਇਕ ਥਾਂ ਸਾਂਝੇ ਤੌਰ 'ਤੇ ਖਾਣ ਦਾ ਪ੍ਰਬੰਧ ਕੀਤਾ ਹੋਇਆ ਸੀ। ਸਾਰਿਆਂ ਮੋਹਰੇ ਬੱਕਰੇ ਦੇ ਮੀਟ ਦੀ ਭਰੀ ਪਲੇਟ ਰੱਖ ਦਿੱਤੀ ਗਈ। ਰੋਟੀਆਂ ਸਾਡੇ ਵਿਚਕਾਰ ਰੱਖ ਦਿੱਤੀਆਂ ਤਾਂ ਜੋ ਹਰ ਇਕ ਆਪਣੀ ਮਰਜ਼ੀ ਅਨੁਸਾਰ ਚੁੱਕ ਲਵੇ। ਨਾਲ ਹੀ ਸਾਂਝੇ ਮੇਜ਼ ਉੱਤੇ ਅੰਗੂਰਾਂ ਦੀ ਸ਼ਰਾਬ ਦੀਆਂ ਤਿੰਨ-ਚਾਰ ਬੋਤਲਾਂ ਰੱਖ ਦਿੱਤੀਆਂ। ਉਰਮਲਾ ਅਤੇ ਮੈਂ ਦੋ ਵਿਅਕਤੀ ਸਾਂ ਜੋ ਇਤਨਾ ਕੁਝ ਸੇਵਨ ਕਰਨ ਨੂੰ ਤਿਆਰ ਨਹੀਂ ਸਾਂ। ਕਸਬੇ ਦਾ ਮੋਹਰੀ ਉੱਠਿਆ। ਉਸ ਨੇ ਆਖਿਆ ਕਿ ਜਿਸ ਨੂੰ ਮਜ਼ਹਬੀ ਪਾਬੰਦੀ ਨਹੀਂ, ਉਹ ਸਾਡਾ ਇਹ ਭੋਜਨ ਜਰੂਰ ਛਕੇ। ਮੈਂ ਆਖਿਆ, ਜੀ! ਤੁਹਾਡੇ ਮਾਣ ਲਈ ਥੋੜ੍ਹਾ ਲੈ ਲੈਂਦੇ ਹਾਂ। ਉਸ ਨੇ ਕਿਹਾ ਕਿ ਲੱਗਦਾ ਹੈ ਕਿ ਤੁਸੀਂ ਮਾਸ ਅਤੇ ਸ਼ਰਾਬ ਤੋਂ ਐਵੇਂ ਡਰੀ ਜਾਂਦੇ ਹੋ। ਮਾਸ ਨੂੰ ਸ਼ਰਾਬ ਨੇ ਅਥਵਾ ਸ਼ਰਾਬ ਨੂੰ ਮਾਸ ਨੇ ਕਾਬੂ ਕਰ ਲੈਣਾ ਹੈ। ਮੈਂ ਦੱਸਿਆ ਕਿ ਸ਼ਰਾਬ ਨੇ ਤਾਂ ਮੈਟ੍ਰਿਕ ਦੇ ਇਮਤਿਹਾਨ ਸਮੇਂ ਮੇਰਾ ਕੂੰਡਾ ਕਰ ਦਿੱਤਾ ਸੀ। ਅੱਗੋਂ ਹੱਸ ਕੇ ਜਵਾਬ ਮਿਲਿਆ ਕਿ ਏਥੇ ਕੋਈ ਇਮਤਿਹਾਨ ਨਹੀਂ ਹੋਣਾ। ਇਕ ਸੱਜਣ ਨੇ ਨਾਂਹ ਨਾਂਹ ਕਰਦਿਆਂ ਮੈਨੂੰ ਦੋਵੇਂ ਚੀਜ਼ਾਂ ਦਾ ਸੇਵਨ ਕਰਾ ਦਿੱਤਾ। ਨਸ਼ਾ ਇਤਨਾ ਚੜ੍ਹ ਗਿਆ ਕਿ ਬੱਸ ਤੱਕ ਪੁੱਜਣਾ ਤੇ ਫੇਰ ਚੜ੍ਹਨਾ ਮੁਹਾਲ ਹੋ ਗਿਆ। ਓਹੀ ਸੱਜਣ ਮੈਨੂੰ ਆਸਰਾ ਦੇ ਕੇ ਬੱਸ ਤੱਕ ਲੈ ਗਿਆ ਅਤੇ ਚੁੱਕ ਕੇ ਬੱਸ ਵਿਚ ਚੜ੍ਹਾ ਦਿੱਤਾ। ਅਸੀਂ ਆਪਣੇ ਰਿਹਾਇਸ਼ੀ ਸਥਾਨ ਉੱਤੇ ਪੁੱਜ ਗਏ। ਪਾਣੀ ਇਕ ਦੋ ਵਾਰੀ ਜ਼ਰੂਰ ਪੀਤਾ ਪਰ ਰਾਤ ਕਿਵੇਂ ਨਿਕਲ ਗਈ, ਕੋਈ ਪਤਾ ਨਹੀਂ। ਸਵੇਰੇ ਉੱਠਣ ਸਮੇਂ ਹੋਸ਼ ਹਵਾਸ ਪੂਰੀ ਤਰ੍ਹਾਂ ਕਾਇਮ ਸਨ।

## ਇਕ ਨਿਵੇਕਲੀ ਦਾਸਤਾਨ

ਮੈਨੂੰ ਆਪਣੀ ਇਹ ਘਾਟ ਬਹੁਤ ਰੜਕ ਰਹੀ ਸੀ ਕਿ ਮੈਨੂੰ ਕਿਰਪਾਨ ਤੋਂ ਛੁੱਟ ਹੋਰ ਕਿਸੇ ਹਥਿਆਰ ਦੀ ਵਰਤੋਂ ਨਹੀਂ ਸੀ ਆਉਂਦੀ। ਪੈਪਸੂ ਦੀ ਖਾੜਕੂ ਮੁਜ਼ਾਰਾ ਲਹਿਰ ਵੇਲੇ ਮੈਂ ਅੰਦਰੋਂ ਅੰਦਰ ਬਹੁਤ ਸ਼ਰਮਿੰਦਾ ਸਾਂ ਕਿ ਥੱਲੇ ਦੇ ਵਰਕਰ ਤਾਂ ਰਿਵਾਲਵਰ, ਬੰਦੂਕ ਅਤੇ ਬੰਬਾਂ ਨਾਲ ਇਹ ਇਤਿਹਾਸਕ ਯੁੱਧ ਲੜ ਰਹੇ ਹਨ ਅਤੇ ਮੈਂ ਜੋ ਉਨ੍ਹਾਂ ਦਾ ਲੀਡਰ ਹੋਣ ਦਾ ਦਾਅਵੇਦਾਰ ਹਾਂ ਇਸ ਪੱਖੋਂ ਹੀਣਾ ਹੋਈ ਬੈਠਾ ਹਾਂ। ਮੈਂ ਕਾਮਰੇਡ ਸੁਤੰਤਰ ਨੂੰ ਕਈ ਵੇਰੀ ਆਖਿਆ ਸੀ ਕਿ ਮੈਨੂੰ ਪਸਤੌਲ ਚਲਾਉਣਾ ਹੀ ਸਿਖਾ ਦਿਓ। ਪਰ ਉਨ੍ਹਾਂ ਹਊ ਪਰੇ ਕਰ ਛੱਡੀ। ਹੁਣ ਮੈਂ ਸੋਚਿਆ ਕਿ ਅੱਜ ਮੈਂ ਸੋਵੀਅਤ ਯੂਨੀਅਨ ਵਿਚ ਹਾਂ। ਆਪਣੀ ਇਸ ਚੰਦਰੀ ਘਾਟ ਨੂੰ ਦੂਰ ਕਰਨ ਦਾ ਸੁਨਹਿਰੀ ਮੌਕਾ ਹੈ। ਮੈਂ ਅਪਣੇ ਇਕ ਟੀਚਰ ਨਾਲ ਆਪਣੀ ਇਸ ਘਾਟ ਦਾ ਜ਼ਿਕਰ ਕੀਤਾ ਅਤੇ ਇਸ ਨੂੰ ਦੂਰ ਕਰਨ ਦਾ ਕੋਈ ਹੀਲਾ ਕਰਨ ਦੀ ਬੇਨਤੀ ਕੀਤੀ।

ਦੂਜੇ ਦਿਨ ਉਸ ਟੀਚਰ ਨੇ ਮੈਨੂੰ ਦੱਸਿਆ ਕਿ ਤੇਰੀ ਇਸ ਘਾਟ ਨੂੰ ਦੂਰ ਕਰਨ

ਦਾ ਫ਼ੈਸਲਾ ਹੋ ਗਿਆ ਹੈ ਅਥਵਾ ਇਸ ਦੀ ਕਿਸੇ ਨੂੰ ਭਿਣਕ ਵੀ ਨਹੀਂ ਪਵੇਗੀ। ਤੁਹਾਡੇ ਗਰੁੱਪ ਨੇ ਅਗਲੇ ਹਫਤੇ ਸੋਵੀਅਤ ਯੂਨੀਅਨ ਤੋਂ ਵਾਪਸ ਚਲੇ ਜਾਣਾ ਹੈ। ਅਸੀਂ ਤੈਨੂੰ ਇਕ ਦਿਨ ਪਹਿਲਾਂ ਇਲਾਜ ਦੇ ਬਹਾਨੇ ਹਸਪਤਾਲ ਲੈ ਜਾਵਾਂਗੇ। ਬਾਕੀ ਸਾਥੀ ਚਲੇ ਜਾਣਗੇ। ਮਗਰੋਂ ਤੈਨੂੰ ਇਕ ਮਹੀਨਾ ਰੱਖ ਕੇ ਇਹ ਕਾਰਜ ਪੂਰਾ ਕਰ ਦੇਣਾ ਹੈ। ਮੈਂ ਇਹ ਗੱਲ ਆਪਣੇ ਗਰੁੱਪ ਲੀਡਰ ਨੂੰ ਦੱਸ ਬੈਠਾ। ਉਸ ਨੇ ਤਿੰਨ-ਚਾਰ ਦਿਨ ਮਗਰੋਂ ਮੈਨੂੰ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸਹਿਮਤ ਨਹੀਂ ਹੋਏ। ਉਸ ਨੇ ਸਾਡੇ ਸਬੰਧਤ ਟੀਚਰ ਨੂੰ ਵੀ ਇਹ ਗੱਲ ਦੱਸ ਦਿੱਤੀ। ਸੋ ਉਸ ਟੀਚਰ ਨੇ ਮੈਨੂੰ ਆ ਕੇ ਦੱਸ ਦਿੱਤਾ ਕਿ ਹੁਣ ਉਹ ਕੁਝ ਨਹੀਂ ਕਰ ਸਕਦੇ। ਸੋ ਮੈਂ ਤੱਪੜ ਝਾੜ ਕੇ ਹਿੰਦੁਸਤਾਨ ਮੁੜ ਆਇਆ। ਵਾਪਸ ਆ ਕੇ ਮੈਂ ਕਾਮਰੇਡ ਰਾਜੇਸ਼ਵਰ ਰਾਓ ਪਾਸ ਆਪਣਾ ਰੋਸ ਪ੍ਰਗਟ ਕੀਤਾ ਤਾਂ ਉਸ ਨੇ ਦੱਸਿਆ ਕਿ ਸੋਵੀਅਤ ਯੂਨੀਅਨ ਵਾਲਿਆਂ ਨੇ ਦੋ ਸਾਲ ਪਹਿਲਾਂ ਉਥੇ ਗਏ ਕੁਝ ਨੌਜਵਾਨਾਂ ਨੂੰ ਸ਼ੁਗਲ ਵਜੋਂ ਮਾੜੀ ਮੋਟੀ ਠੂਹ ਠਾਹ ਕਰਨੀ ਦੱਸੀ ਸੀ। ਉਨ੍ਹਾਂ ਨੌਜਵਾਨਾਂ ਨੇ ਦੇਸ਼ ਪਰਤ ਕੇ ਐਵੇਂ ਫੌਜੀ ਟ੍ਰੇਨਿੰਗ ਦੀ ਵਾਂ ਵਾਂ ਕਰ ਦਿੱਤੀ ਸੀ। ਭਾਰਤ ਸਰਕਾਰ ਵੱਲੋਂ ਇਸ ਸਬੰਧੀ ਪਾਰਟੀ ਕੋਲ ਰੋਸ ਪ੍ਰਗਟ ਕਰਨ ਕਰਕੇ ਪਾਰਟੀ ਨੇ ਅਜਿਹੇ ਕਾਰਜ ਦੀ ਮਨਾਹੀ ਕਰ ਦਿੱਤੀ ਸੀ। ਪਰ ਤੇਰੇ ਜੈਸੇ ਜ਼ੁੰਮੇਵਾਰ ਆਗੂ ਲਈ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਸੀ। ਪਰ ਤੁਹਾਡਾ ਸੁਕਾਡ ਲੀਡਰ ਹੀ ਵਿਰੋਧ ਕਰ ਰਿਹਾ ਸੀ ਜਿਸ ਕਰਕੇ ਮੈਨੂੰ ਉਸ ਨਾਲ ਸਹਿਮਤ ਹੋਣਾ ਪਿਆ।

## ਇੰਗਲੈਂਡ ਦੀ ਇਤਿਹਾਸਕ ਫੇਰੀ

ਜਦੋਂ ਪੰਜਾਬ ਵਿਚ ਅੱਤਵਾਦ ਦਾ ਦੌਰ ਸੀ ਤਾਂ ਹਿੰਦ ਕਮਿਊਨਿਸਟ ਪਾਰਟੀ ਦੀ ਪੰਜਾਬ ਕਮੇਟੀ ਵੱਲੋਂ ਮੈਨੂੰ ਅਤੇ ਕਾਮਰੇਡ ਪਿਆਰਾ ਸਿੰਘ ਦਿਓਸੀ ਨੂੰ ਇੰਗਲੈਂਡ ਵਿਚ ਦੋ ਕਾਰਜਾਂ ਵਾਸਤੇ ਭੇਜਿਆ। ਇਕ ਪਾਰਟੀ ਦੀ ਸੁਰੱਖਿਆ ਲਈ ਆਪਣੇ ਵਲੰਟੀਅਰਾਂ ਨੂੰ ਹਥਿਆਰਬੰਦ ਕਰਨ ਲਈ ਫੰਡ ਇਕੱਠਾ ਕਰਨਾ ਤਾਂ ਜੋ ਸਰਕਾਰੀ ਸੁਰੱਖਿਆ ਤੋਂ ਬਿਨਾਂ ਆਪਣੇ ਪੈਰਾਂ ਸਿਰ ਵੀ ਖੜ੍ਹੇ ਹੋ ਸਕੀਏ। ਦੂਜਾ ਇੰਗਲੈਂਡ ਵਿਚ ਰਹਿੰਦੇ ਪਾਰਟੀ ਕਾਮਰੇਡਾਂ ਨੂੰ ਇਕ ਲੜੀ ਵਿਚ ਪਰੋ ਕੇ ਉਨ੍ਹਾਂ ਦੀ ਆਪਣੀ ਖੁਦਮੁਖਤਾਰ ਇਕਾਈ ਖੜ੍ਹੀ ਕਰਨਾ।

ਪਹਿਲੇ ਕਾਰਜ ਲਈ ਇੰਗਲੈਂਡ ਦੇ ਪਾਰਟੀ ਕਾਮਰੇਡਾਂ ਦੀ ਸਹਾਇਤਾ ਨਾਲ ਚੋਖੀ ਰਕਮ ਇਕੱਠੀ ਕੀਤੀ ਅਤੇ ਪੰਜਾਬ ਸੂਬਾ ਕਮੇਟੀ ਨੂੰ ਭੇਜੀ। ਇਹ ਕਾਰਜ ਕਰਦਿਆਂ ਅਨੇਕਾਂ ਹੋਰ ਨਵੇਂ ਸਾਥੀ ਪਾਰਟੀ ਨਾਲ ਜੁੜੇ। ਇੰਗਲੈਂਡ ਦੇ ਸਰਗਰਮ ਪਾਰਟੀ ਸਾਥੀਆਂ ਦੀ ਇਕ ਮੀਟਿੰਗ ਸਾਊਥਾਲ ਵਿਚ ਬੁਲਾ ਕੇ "ਭਾਰਤੀ ਕਮਿਊਨਿਸਟ ਪਾਰਟੀ ਦੇ ਮਿੱਤਰ" ਨਾਉਂ ਦੀ ਜਥੇਬੰਦੀ ਸਥਾਪਤ ਕਰ ਦਿੱਤੀ ਗਈ ਜਿਸ ਦੇ ਚੇਅਰਮੈਨ ਕਾਮਰੇਡ ਅਜੀਤ ਰਾਏ ਅਤੇ ਜਨਰਲ ਸਕੱਤਰ ਕਾਮਰੇਡ ਵਿਸ਼ਨੂੰ ਦੱਤ ਸ਼ਰਮਾ ਸਨ। ਇਨ੍ਹਾਂ ਦੋਹਾਂ

ਸਾਥੀਆਂ ਨੇ ਇਧਰੋਂ ਇੰਗਲੈਂਡ ਗਏ ਪਰਵਾਸੀਆਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਕਾਫ਼ੀ ਕੰਮ ਕੀਤਾ ਹੋਇਆ ਸੀ। ਪਰ ਇਨ੍ਹਾਂ ਦੇ ਆਪਸੀ ਸਬੰਧ ਖੁਸ਼ਗਵਾਰ ਨਹੀਂ ਸਨ। ਉਹ ਦੋਵੇਂ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਿਚ ਸਰਗਰਮ ਸਨ। ਅਜੀਤ ਰਾਏ ਥੋੜ੍ਹਾ ਚਿਰ ਅਤੇ ਕਾਮਰੇਡ ਵਿਸ਼ਨੂੰ ਦੱਤ ਬਹੁਤ ਸਮਾਂ ਇਸ ਜਥੇਬੰਦੀ ਦੇ ਮੁਖੀ ਆਗੂ ਰਹੇ ਸਨ। ਹੁਣ ਅਸੀਂ ਇਨ੍ਹਾਂ ਦੋਹਾਂ ਨੂੰ "ਸੀ.ਪੀ.ਆਈ. ਦੇ ਮਿੱਤਰਾਂ" ਵਾਲੀ ਜਥੇਬੰਦੀ ਵਿਚ ਇਕ ਥਾਂ ਕਰ ਦਿੱਤਾ। ਕਾਮਰੇਡ ਵਿਸ਼ਨੂੰ ਦੱਤ ਦੀ ਬੇਵਕਤ ਮੌਤ ਤੋਂ ਬਾਅਦ ਅੱਜ ਤੱਕ ਕਾਮਰੇਡ ਹਰਦੀਪ ਦੂਹੜਾ ਇਸ ਦੇ ਜਨਰਲ ਸਕੱਤਰ ਚਲੇ ਆ ਰਹੇ ਹਨ।

ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨਾਲ ਸਬੰਧਤ ਸਾਥੀ ਵੀ ਇੰਗਲੈਂਡ ਵਿਚ ਹਨ ਪਰ ਉਹ ਇਸ ਪਾਰਟੀ ਦੇ ਸਥਾਨਕ ਯੂਨਿਟ ਵਜੋਂ ਕੰਮ ਕਰਦੇ ਹਨ। ਪਰ ਸੀ.ਪੀ.ਆਈ. ਨੇ ਅਜਿਹਾ ਨਹੀਂ ਕੀਤਾ। ਕਾਮਰੇਡ ਵਿਸ਼ਨੂੰ ਦੱਤ ਸ਼ਰਮਾ ਬਰਤਾਨੀਆ ਦੀ ਕਮਿਊਨਿਸਟ ਪਾਰਟੀ ਦੀ ਕਾਰਜਕਾਰਨੀ ਦੇ ਮੈਂਬਰ ਸਨ। ਕਾਇਦੇ ਅਨੁਸਾਰ ਉਹ ਦੂਜੀ ਹੋਰ ਕਮਿਊਨਿਸਟ ਪਾਰਟੀ ਦੇ ਮੈਂਬਰ ਨਹੀਂ ਬਣ ਸਕਦੇ। ਇਸ ਨਿਯਮ ਨੂੰ ਮੁੱਖ ਰੱਖ ਕੇ ਹੀ ਅਸੀਂ ਇਹ ਠੀਕ ਫ਼ੈਸਲਾ ਕੀਤਾ ਸੀ ਕਿ ਬਰਤਾਨੀਆ ਵਸਦੇ ਕਮਿਊਨਿਸਟ ਉਥੇ ਦੀ ਕਮਿਊਨਿਸਟ ਪਾਰਟੀ ਦੇ ਮੈਂਬਰ ਰਹਿਣ ਅਤੇ ਹਿੰਦ ਕਮਿਊਨਿਸਟ ਪਾਰਟੀ ਦੇ ਮਿੱਤਰਾਂ ਵਜੋਂ ਵਿਚਰਨ।

✤✤✤

# ਦੇਸ਼ ਭਗਤ ਯਾਦਗਾਰ ਕਮੇਟੀ ਵਿਚ ਸਰਗਰਮ ਹੋਣਾ

ਜਲੰਧਰ ਸ਼ਹਿਰ ਵਿਚ ਗਦਰ ਪਾਰਟੀ ਦਾ ਯਾਦਗਾਰੀ ਦਫਤਰ ਉਸਾਰਿਆ ਗਿਆ ਹੈ ਅਤੇ ਇਸ ਦੇ ਸੰਚਾਲਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਸਮੇਂ ਸਮੇਂ ਗਦਰ ਪਾਰਟੀ ਦੇ ਆਸ਼ਿਆਂ ਨੂੰ ਮੁੱਖ ਰੱਖ ਕੇ ਬਹੁਪੱਖੀ ਸਰਗਰਮੀ ਕਰਦੀ ਚਲੀ ਆ ਰਹੀ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਆਪਣਾ ਵਿਧਾਨ ਹੈ ਜਿਸ ਨੂੰ ਸਮੇਂ-ਸਮੇਂ ਵਕਤ ਦੀ ਲੋੜ ਅਨੁਸਾਰ ਸੋਧਿਆ ਵੀ ਗਿਆ ਹੈ। ਗਦਰ ਪਾਰਟੀ 'ਚੋਂ ਆਏ ਆਗੂ ਸਾਥੀਆਂ ਦੀ ਦੇਖ-ਰੇਖ ਹੇਠ ਹੀ ਮੈਂ ਰਾਜਸੀ ਮੈਦਾਨ ਵਿਚ ਸਰਗਰਮ ਹੋਇਆ ਸੀ। ਮੈਂ ਭਾਰਤੀ ਕਮਿਊਨਿਸਟ ਪਾਰਟੀ ਵਿਚ ਤਾਂ ਪੂਰੀ ਤਰ੍ਹਾਂ ਸਰਗਰਮ ਰਿਹਾ ਸੀ ਪਰ ਮੇਰਾ ਧਿਆਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕੰਮਾਂ ਵੱਲ ਨਹੀਂ ਸੀ ਗਿਆ।

ਜਦ ਮੈਂ "ਨਵਾਂ ਜ਼ਮਾਨਾ" ਅਖਬਾਰ ਵਿਚ ਕੰਮ ਕਰਨ ਲੱਗਾ ਤਾਂ ਮੈਨੂੰ ਕਾਮਰੇਡ ਨੌਨਿਹਾਲ ਸਿੰਘ ਸਮੇਂ ਸਮੇਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕੰਮ ਵਿਚ ਦਿਲਚਸਪੀ ਲੈਣ ਲਈ ਜ਼ੋਰ ਦਿੰਦਾ ਰਹਿੰਦਾ ਸੀ। ਭਾਵੇਂ ਮੈਂ ਕਦੇ ਕਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਫੇਰਾ ਮਾਰ ਆਉਂਦਾ ਸੀ ਪਰ ਮੇਰਾ ਸਾਰਾ ਧਿਆਨ ਭਾਰਤੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਕਮੇਟੀ ਦੇ ਕਾਰਜਾਂ ਅਥਵਾ "ਨਵਾ ਜ਼ਮਾਨਾ" ਵਿਚ ਲੱਗੀ ਡਿਊਟੀ ਵੱਲ ਹੀ ਰਿਹਾ। ਜਦ ਮੈਂ ਸੁਤੰਤਰਤਾ ਸੈਨਾਨੀਆਂ ਦੀ ਜ਼ਿਲ੍ਹਾ ਕਮੇਟੀ ਦੇ ਕੰਮ ਲਈ ਕੁਝ ਸਮਾਂ ਦੇਣ ਲੱਗਾ ਤਾਂ ਕਾਮਰੇਡ ਭਗਤ ਸਿੰਘ ਬਿਲਗਾ ਨੇ ਮੈਨੂੰ ਇਸ ਜਥੇਬੰਦੀ ਦਾ ਜ਼ਿਲ੍ਹਾ ਦਫਤਰ ਦੇਸ਼ ਭਗਤ ਯਾਦਗਾਰ ਦੇ ਅੰਦਰ ਸਥਾਪਤ ਕਰਨ ਲਈ ਆਖਿਆ। ਮੈਨੂੰ ਹੋਰ ਕੀ ਚਾਹੀਦਾ ਸੀ। ਮੈਂ ਉਸ ਜਥੇਬੰਦੀ ਦੇ ਜ਼ਿਲ੍ਹਾ ਸਕੱਤਰ ਵਜੋਂ ਦੇਸ਼ ਭਗਤ ਯਾਦਗਾਰ ਵਿਚ ਆ ਡੇਰਾ ਲਾਇਆ। ਇਸ ਨਾਲ ਮੈਨੂੰ ਇਸ ਯਾਦਗਾਰ ਦੀਆਂ ਸਰਗਰਮੀਆਂ ਵਾਚਣ ਦੇ ਅਵਸਰ ਮਿਲਦੇ ਰਹੇ। ਮੇਰੇ ਪਹਿਲਾਂ ਤੋਂ ਚਲੇ ਆਏ ਕਈ ਸਾਥੀ ਇਸ ਕਮੇਟੀ ਦੇ ਮੈਂਬਰ ਸਨ। ਉਹ ਵੀ ਮੈਨੂੰ ਇਧਰ ਕੁਝ ਧਿਆਨ ਦੇਣ ਲਈ ਆਖਦੇ ਸਨ। ਮੈਂ ਹੁਣ ਕਾਮਰੇਡ ਨੌਨਿਹਾਲ ਸਿੰਘ ਦੀਆਂ ਗੱਲਾਂ ਨੂੰ ਵੀ ਵਜ਼ਨ ਦੇਣ ਲੱਗ ਪਿਆ। ਅਖੀਰ ਜਦ ਮੈਂ "ਨਵਾਂ ਜ਼ਮਾਨਾ" ਅਖਬਾਰ ਵਿਚ ਦਿੱਤੀ ਡਿਊਟੀ ਤੋਂ ਫਾਰਗ ਹੋ ਗਿਆ ਤਾਂ ਮੈਂ ਦੇਸ਼ ਭਗਤ ਯਾਦਗਾਰ ਕਮੇਟੀ ਦਾ ਟਰੱਸਟੀ ਬਣ ਗਿਆ। ਕਾਮਰੇਡ ਗੁਰਚਰਨ ਰੰਧਾਵਾ,

ਰਾਜਿੰਦਰ ਸਿੰਘ ਸਰੀਂਹ ਅਤੇ ਪੰਡਤ ਕਿਸ਼ੋਰੀ ਲਾਲ ਦੇ ਸਦੀਵੀ ਵਿਛੋੜੇ ਤੋਂ ਮਗਰੋਂ ਮੈਂ ਵਧੇਰੇ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਏਥੇ ਬਾਬਾ ਭਗਤ ਸਿੰਘ ਬਿਲਗਾ, ਕਾਮਰੇਡ ਗੰਧਰਵ ਸੈਨ, ਕਿਸ਼ਨ ਸਿੰਘ ਚੀਮਾ ਅਥਵਾ ਬਚਨ ਸਿੰਘ ਮਹਿਤਪੁਰ ਸਾਰੇ ਹੀ ਮੇਰੇ ਲਈ ਖਿੱਚ ਦਾ ਕਾਰਨ ਬਣੇ। ਕੁਝ ਸਮਾਂ ਮਗਰੋਂ ਮੈਂ ਇਸ ਸੰਸਥਾ ਦਾ ਸਹਾਇਕ ਸਕੱਤਰ ਬਣ ਗਿਆ।

## ਕੈਨੇਡਾ ਵਿਚ .ਗਦਰੀ ਮੇਲਾ

ਮੈਂ ਇਕ ਵੇਰੀ ਆਪਣੀ ਸਪੁੱਤਰੀ ਸਵਿਤਾ ਪਾਸ ਇੰਗਲੈਂਡ ਜਾਣ ਦੀ ਤਿਆਰੀ ਕਰ ਰਿਹਾ ਸਾਂ ਕਿ ਦਿੱਲੀ ਤੋਂ ਗਦਰ ਕਮਿਊਨਿਸਟ ਪਾਰਟੀ ਦੇ ਆਗੂ ਜਸਬੀਰ ਸਿੰਘ ਦਾ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਫੋਨ ਆਇਆ ਕਿ ਟੋਰਾਂਟੋ (ਕੈਨੇਡਾ) ਵਿਖੇ "ਮੇਲਾ ਗਦਰੀ ਬਾਬਿਆਂ ਦਾ" ਆਯੋਜਤ ਕੀਤਾ ਜਾ ਰਿਹਾ ਹੈ, ਉਥੇ ਦੇ ਪ੍ਰਬੰਧਕ ਦੇਸ਼ ਭਗਤ ਯਾਦਗਾਰ ਦਾ ਇਕ ਆਗੂ ਭੇਜਣ ਦੀ ਮੰਗ ਕਰ ਰਹੇ ਹਨ। ਇਹ ਫੋਨ ਸੁਣ ਕੇ ਕਮੇਟੀ ਨੇ ਫ਼ੈਸਲਾ ਕਰ ਦਿੱਤਾ ਗਿਆ ਕਿ ਇੰਗਲੈਂਡ ਤੋਂ ਅੱਗੇ ਮੈਂ ਹੀ ਇਸ ਮੇਲੇ ਉੱਤੇ ਜਾ ਆਵਾਂ।

ਮੈਂ ਦਿੱਲੀ ਪੁੱਜਾ ਤਾਂ ਕਾਮਰੇਡ ਜਸਬੀਰ ਸਿੰਘ ਮੈਨੂੰ ਸਟੇਸ਼ਨ ਤੋਂ ਹੀ ਆਪਣੇ ਘਰ ਲਿਜਾਣ ਵਾਸਤੇ ਪਹੁੰਚੇ ਹੋਏ ਸਨ। ਉਸੇ ਕਾਮਰੇਡ ਨੇ ਕੈਨੇਡਾ ਜਾਣ ਦਾ ਵੀਜ਼ਾ ਲੈਣ ਲਈ ਮੇਰੀ ਪੁੱਜ ਕੇ ਮਦਦ ਕੀਤੀ ਅਥਵਾ ਉਹ ਹੀ ਆਪਣੀ ਕਾਰ ਉੱਤੇ ਮੈਨੂੰ ਦਿੱਲੀ ਏਅਰਪੋਰਟ ਤੋਂ ਇੰਗਲੈਂਡ ਜਾਣ ਵਾਲੇ ਜਹਾਜ਼ ਉੱਤੇ ਚੜ੍ਹਾ ਕੇ ਆਇਆ।

ਇੰਗਲੈਂਡ ਤੋਂ ਅੱਗੇ ਕੈਨੇਡਾ ਜਾਣ ਲਈ ਜੋ ਪ੍ਰਬੰਧ ਕਰਨਾ ਪਿਆ ਉਹ ਟੋਰਾਂਟੋ ਵਿਖੇ ਮੇਲੇ ਦੇ ਮੁੱਖ ਪ੍ਰਬੰਧਕ ਕਾਮਰੇਡ ਇਕਬਾਲ ਸੁੰਬਲ ਨੇ ਕੀਤਾ। ਟੋਰਾਂਟੋ ਪੁੱਜਣ ਉੱਤੇ ਹਵਾਈ ਅੱਡੇ ਤੋਂ ਓਹੀ ਆਪਣੇ ਘਰ ਲੈ ਗਿਆ। ਉਹ ਮੈਨੂੰ ਟੋਰਾਂਟੋ ਦੇ ਵੱਖ-ਵੱਖ ਸਥਾਨਕ ਰੇਡੀਓ ਸਟੇਸ਼ਨਾਂ ਉੱਤੇ ਆਪਣੇ ਵਿਚਾਰ ਪ੍ਰਗਟ ਕਰਨ ਵਾਸਤੇ ਲੈ ਗਿਆ। ਮੇਲੇ ਵਾਲਾ ਸਥਾਨ ਗਦਰ ਪਾਰਟੀ ਦੀਆਂ ਸਰਗਰਮੀਆਂ ਦੀਆਂ ਫੋਟੋਆਂ ਨਾਲ ਸਜਾਇਆ ਗਿਆ ਸੀ। ਉਥੇ ਮੈਨੂੰ ਮੇਰੇ ਕਈ ਪੁਰਾਣੇ ਜਾਣੂ ਬੜੇ ਆਦਰ ਨਾਲ ਮਿਲੇ। ਟੋਰਾਂਟੋ ਸ਼ਹਿਰ ਦੀ ਕਾਰਪੋਰੇਸ਼ਨ ਵੱਲੋਂ ਕਿਸੇ ਕਾਰਨ ਮੇਲੇ ਲਈ ਦਿੱਤੇ ਟਾਈਮ ਨੂੰ ਕੁਝ ਕੱਟ ਲਾ ਦਿੱਤੀ ਗਈ ਜਿਸ ਕਰਕੇ ਮੇਲੇ ਅੰਦਰ ਮੈਨੂੰ ਬੋਲਣ ਵਾਸਤੇ ਪੰਜ ਮਿੰਟ ਹੀ ਮਿਲ ਸਕੇ। ਮੇਲੇ ਦੇ ਪ੍ਰਬੰਧਕਾਂ ਨੇ ਉਸੇ ਵੇਲੇ ਐਲਾਨ ਕਰ ਦਿੱਤਾ ਕਿ ਸ਼ਹਿਰ ਵਿਚ ਚਾਰ ਥਾਵਾਂ 'ਤੇ ਸਪੈਸ਼ਲ ਸਮਾਗਮ ਕਰਕੇ ਇਹ ਘਾਟ ਪੂਰੀ ਕਰ ਦਿੱਤੀ ਜਾਏਗੀ। ਸੋ ਮੈਂ ਉਨ੍ਹਾਂ ਸਮਾਗਮਾਂ ਦੀ ਹਾਜ਼ਰੀ ਭਰੀ। ਆਖਰੀ ਰਾਤ ਦੇ ਵਿਦਾਇਗੀ ਭੋਜ ਉੱਤੇ ਸ਼ਹਿਰ ਦੇ ਵੱਖ-ਵੱਖ ਖੇਤਰਾਂ ਦੇ ਜ਼ੁੰਮੇਵਾਰ ਵਿਅਕਤੀ ਵੀ ਸੱਦੇ ਗਏ। ਮੇਰੀ ਇਕ ਘੰਟੇ ਦੀ ਆਪਣੀ ਤਕਰੀਰ ਮਗਰੋਂ

ਪ੍ਰਬੰਧਕਾਂ ਨੇ ਵਧੇਰੇ ਜਾਣਕਾਰੀ ਤੇ ਸਪਸ਼ਟਤਾ ਲੈਣ ਵਾਸਤੇ ਹਰ ਸੱਜਣ ਨੂੰ ਸਵਾਲ ਕਰਨ ਦੀ ਖੁੱਲ੍ਹ ਦਿੱਤੀ ਪਰ ਕਿਸੇ ਨੇ ਥੋੜ੍ਹੀ ਬਹੁਤ ਹੋਰ ਜਾਣਕਾਰੀ ਲੈਣ ਤੋਂ ਛੁਟ ਕੋਈ ਸਵਾਲ ਨਹੀਂ ਕੀਤਾ। ਭੋਜ ਸਮੇਂ ਮੈਨੂੰ ਖਾਸ-ਖਾਸ ਵਿਅਕਤੀਆਂ ਨੂੰ ਮਿਲਣ ਲਈ ਉਨ੍ਹਾਂ ਪਾਸ ਲਿਜਾਇਆ ਗਿਆ। ਇਹ ਆਖਰੀ ਸਮਾਗਮ ਬਹੁਤ ਉਤਸ਼ਾਹਜਨਕ ਰਿਹਾ।

ਫੇਰ ਮੈਨੂੰ ਉਨ੍ਹਾਂ ਲੋਕਾਂ ਲਈ ਰਾਖਵਾਂ ਖੇਤਰ ਵਿਖਾਇਆ ਗਿਆ ਜੋ ਇਸ ਦੇਸ਼ ਦੇ ਮੋਢੀ ਵਸਨੀਕ ਸਨ। ਉਨ੍ਹਾਂ ਲੋਕਾਂ ਨੂੰ ਮਿਲਣ ਦਾ ਮੌਕਾ ਉਪਲਬਧ ਨਹੀਂ ਹੋਇਆ ਸੀ। ਉਸ ਖੇਤਰ ਦੇ ਕੰਢੇ ਉੱਤੇ ਇਕ ਦਫਤਰ ਸਥਿਤ ਸੀ ਜਿਸ ਪਾਸੋਂ ਉਨ੍ਹਾਂ ਦੇ ਵਰਤਮਾਨ ਜੀਵਨ ਸਬੰਧੀ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਵਿਚੋਂ ਵਿਰਲੇ-ਵਿਰਲੇ ਬੰਦੇ ਪੜ੍ਹ ਲਿਖ ਕੇ ਹੋਰ ਕੈਨੇਡੀਅਨ ਲੋਕਾਂ ਵਿਚ ਆ ਕੇ ਘੁਲ-ਮਿਲ ਗਏ ਹਨ।

ਉਸੇ ਦਿਨ ਉਥੋਂ ਕੁਝ ਮੀਲ ਅੱਗੇ ਮੈਨੂੰ ਉਹ ਆਬਸ਼ਾਰ ਦੇਖਣ ਦਾ ਮੌਕਾ ਮਿਲਿਆ ਜੋ ਕੈਨੇਡਾ ਦੀ ਸਰਹੱਦ ਉੱਤੇ ਉੱਚੇ ਪਹਾੜਾਂ ਤੋਂ ਡਿੱਗਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੀ ਮਾਲੀ ਸਹਾਇਤਾ ਵਾਸਤੇ ਟੋਰਾਂਟੋ ਦੇ ਸਾਥੀਆਂ ਨੇ ਕਾਮਰੇਡ ਇਕਬਾਲ ਸੁੰਬਲ ਦੀ ਅਗਵਾਈ ਹੇਠ ਚੰਗਾ ਹੰਭਲਾ ਮਾਰਿਆ। ਦੇਸ਼ ਭਗਤ ਯਾਦਗਾਰ ਵਿਚ ਉਨ੍ਹਾਂ ਸੱਜਣਾਂ ਦੇ ਨਾਮ ਬਾਬਾ ਗੁਰਮੁਖ ਸਿੰਘ ਹਾਲ ਦੀ ਮੋਹਰਲੀ ਕੰਧ ਉੱਤੇ ਉੱਕਰੇ ਹੋਏ ਹਨ। ਵਾਪਸੀ ਸਮੇਂ ਮੈਂ ਮੁੜ ਆਪਣੀ ਸਪੁੱਤਰੀ ਨੂੰ ਮਿਲਕੇ ਆਇਆ ਤਾਂ ਉਸ ਨੇ ਵੀ ਦੇਸ਼ ਭਗਤ ਯਾਦਗਾਰ ਹਾਲ ਲਈ 25 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ।

ਅਗਲੇ ਸਾਲ ਕੈਨੇਡਾ ਵਿਚ ਗਦਰੀ ਬਾਬਿਆਂ ਦੇ ਦੋ ਮੇਲੇ ਲੱਗੇ। ਪਹਿਲਾ ਵੈਨਕੋਵਰ ਵਿਚ ਬੀਬੀ ਵੀਰਾਂ ਅਤੇ ਕਾਮਰੇਡ ਕਰਮ ਸਿੰਘ ਰਾਣੀਪੁਰ ਦੇ ਉੱਦਮ ਨਾਲ। ਦੂਜਾ ਪਿਛਲੇ ਸਾਲ ਦੀ ਹੀ ਟੀਮ ਵੱਲੋਂ ਟੋਰਾਂਟੋ ਵਿਖੇ। ਵੈਨਕੋਵਰ ਵਿਚ ਇਹ ਮੇਲਾ ਸਾਹਿਬ ਸਿੰਘ ਦੇ ਉੱਦਮ ਨਾਲ ਪਿਛਲੇ ਕਈ ਸਾਲਾਂ ਤੋਂ ਲੱਗਦਾ ਆ ਰਿਹਾ ਸੀ ਪਰ ਬੀਬੀ ਵੀਰਾਂ ਹੋਰਾਂ ਨੂੰ ਉਸ ਸਬੰਧੀ ਕੁਝ ਇਤਰਾਜ਼ ਸਨ। ਇਸ ਕਰਕੇ ਸਾਹਿਬ ਸਿੰਘ ਦੀ ਦੇਖ ਰੇਖ ਹੋਏ ਮੇਲੇ ਤੋਂ ਕੁਝ ਦਿਨ ਮਗਰੋਂ ਬੀਬੀ ਵੀਰਾਂ ਤੇ ਉਸ ਦੀ ਟੀਮ ਨੇ ਵੱਖਰਾ ਮੇਲਾ ਆਯੋਜਤ ਕੀਤਾ। ਮੈਨੂੰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਇਸੇ ਮੇਲੇ ਉੱਪਰ ਭੇਜਿਆ ਸੀ। ਉਂਝ ਮੈਂ ਸਾਹਿਬ ਸਿੰਘ ਨੂੰ ਵੀ ਜਾ ਕੇ ਆਖਰੀ ਦਿਨ ਮਿਲਿਆ ਸੀ। ਇਸ ਮੇਲੇ ਉੱਤੇ ਸ੍ਰੀ ਉੱਜਲ ਸਿੰਘ ਦੁਸਾਂਝ ਵੀ ਪਧਾਰੇ। ਉਹ ਚਾਰ-ਪੰਜ ਮਹੀਨੇ ਪਹਿਲਾਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵੀ ਆਏ ਸਨ। ਮੈਂ ਉਨ੍ਹਾਂ ਨੂੰ ਕੈਨੇਡਾ ਵਿਖੇ ਆ ਕੇ ਮਿਲਣ ਦਾ ਸੰਕੇਤ ਦਿੱਤਾ ਸੀ। ਇਸ ਮੇਲੇ ਮਗਰੋਂ ਬਾਬਾ ਬਚਨ ਸਿੰਘ ਮਹਿਤਪੁਰ ਦੇ ਪੋਤਰੇ ਜਸਵਿੰਦਰ ਦਿਉਲ ਨੇ ਮੈਨੂੰ ਐਡਮਿੰਟਨ ਆਉਣ ਦਾ ਸੱਦਾ ਦਿੱਤਾ ਸੀ। ਮੈਂ ਉਥੇ ਵੀ ਤੀਹ-ਚਾਲੀ ਸਾਥੀਆਂ ਦੀ ਮੀਟਿੰਗ ਅਟੈਂਡ ਕੀਤੀ ਜਿਸ ਵਿਚ ਕਈ ਮੇਰੇ ਪਹਿਲਾਂ

ਦੇ ਹੀ ਜਾਣੂ ਸਨ। ਫੇਰ ਮੈਂ ਉਥੇ ਵਸਦੇ ਗਿਆਨੀ ਕੇਸਰ ਸਿੰਘ ਦੇ ਘਰ ਉਨ੍ਹਾਂ ਨੂੰ ਮਿਲਣ ਗਿਆ। ਉਹ ਬਿਮਾਰੀ ਕਾਰਨ ਵੈਨਕੋਵਰ ਮੇਲੇ ਉੱਤੇ ਨਹੀਂ ਸੀ ਪਹੁੰਚ ਸਕੇ ਜਿਸ ਕਰਕੇ ਮੈਂ ਉਨ੍ਹਾਂ ਦੀ ਖਬਰ ਲੈਣ ਲਈ ਉਤਸੁਕ ਸਾਂ। ਮੇਰੀ ਉਹ ਇੱਛਾ ਵੀ ਪੂਰੀ ਹੋ ਗਈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਆਪਣਾ ਇਕ ਤ੍ਰੈ ਮਾਸਿਕ ਰਸਾਲਾ "ਵਿਰਸਾ" ਸ਼ੁਰੂ ਕੀਤਾ ਸੀ। ਮੈਂ ਉਸ ਦੇ ਸੰਪਾਦਕੀ ਬੋਰਡ ਦਾ ਮੈਂਬਰ ਸਾਂ। ਉਸ ਪਰਚੇ ਦੇ ਕੁਝ ਗਾਹਕ ਵੀ ਬਣਾਏ। ਮੈਂ ਇਕ ਪੁਸਤਕ "ਗ਼ਦਰ ਦੀ ਕਹਾਣੀ, ਬਾਬਿਆਂ ਦੀ ਜ਼ੁਬਾਨੀ" ਵੀ ਲਿਖੀ ਹੈ।

## ਫਰੀਡਮ ਫਾਈਟਰਜ਼ ਆਰਗੇਨਾਈਜ਼ੇਸ਼ਨ

ਇਹ ਜਥੇਬੰਦੀ ਕਾਮਰੇਡ ਰਾਮ ਸਿੰਘ ਮਜੀਠਾ, ਸੋਹਣ ਸਿੰਘ ਨੌਰੰਗਾਬਾਦੀ ਤੇ ਚੰਨਣ ਸਿੰਘ ਤੁਗਲਵਾਲਾ ਨੇ ਕਮਿਊਨਿਸਟ ਪਾਰਟੀ ਛੱਡਣ ਤੋਂ ਬਾਅਦ ਖੜ੍ਹੀ ਕੀਤੀ ਸੀ। ਉਹ ਕਿਸੇ ਢੰਗ ਨਾਲ ਮੈਨੂੰ ਵੀ ਇਸ ਜਥੇਬੰਦੀ ਵਿਚ ਸਰਗਰਮ ਕਰਨਾ ਚਾਹੁੰਦੇ ਸਨ। ਫਰੀਡਮ ਫਾਈਟਰਾਂ (ਸੁਤੰਤਰਤਾ ਸੈਨਾਨੀਆਂ) ਦਾ ਕਾਰਜ ਕਿਸੇ ਇਕ ਪਾਰਟੀ ਦਾ ਨਹੀਂ। ਇਹ ਸਾਰੇ ਰਾਜਸੀ ਵਿਚਾਰਾਂ ਦੇ ਲੋਕਾਂ ਵੱਲੋਂ ਮਿਲ-ਜੁਲ ਕੇ ਕਰਨ ਵਾਲਾ ਕਾਰਜ ਹੈ ਕਿਉਂਕਿ ਸੁਤੰਤਰਤਾ ਸੈਨਾਨੀ ਸਾਰੇ ਰਾਜਸੀ ਵਿਚਾਰਾਂ ਦੇ ਹਨ। ਸੋ, ਮੈਂ ਹੋਰ ਪਾਰਟੀ ਕੰਮਾਂ ਦੇ ਨਾਲ ਨਾਲ ਜ਼ਿਲ੍ਹਾ ਜਲੰਧਰ ਵਿਚ ਫਰੀਡਮ ਫਾਈਟਰਾਂ ਦੀ ਇਸ ਜਥੇਬੰਦੀ ਨੂੰ ਖੜ੍ਹਾ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ। ਸੂਬੇ ਦੇ ਇਕ ਸਮਾਗਮ ਸਮੇਂ ਮੈਨੂੰ ਇਸ ਦਾ ਸਹਾਇਕ ਸਕੱਤਰ ਚੁਣ ਲਿਆ ਗਿਆ।

ਆਜ਼ਾਦ ਹਿੰਦ ਫੌਜ ਵਿਚ ਕੰਮ ਕਰਦੇ ਰਹੇ ਸੁਤੰਤਰਤਾ ਸੈਨਾਨੀਆਂ ਦੀ ਵੱਖਰੀ ਜਥੇਬੰਦੀ ਬਣੀ ਹੋਈ ਸੀ ਜਿਸ ਦੇ ਜਨਰਲ ਸਕੱਤਰ ਪਿੰਡ ਡਰੋਲੀ ਭਾਈਕੇ ਜ਼ਿਲ੍ਹਾ ਮੋਗਾ ਦੇ ਕੈਪਟਨ ਰਣਜੀਤ ਸਿੰਘ ਸਨ। ਅਸੀਂ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਸਾਰੇ ਰਾਜਸੀ ਵਿਚਾਰਾਂ ਤੇ ਕਿਰਦਾਰਾਂ ਦੇ ਸੁਤੰਤਰਤਾ ਸੈਨਾਨੀਆਂ ਦੀ ਇਕੋ ਜਥੇਬੰਦੀ ਬਣਾਉਣ ਦੀ ਅਪੀਲ ਕੀਤੀ। ਉਹ ਵੀ ਇਸ ਗੱਲ ਨਾਲ ਸਹਿਮਤ ਹੋ ਗਏ। ਉਹ ਸਟੇਟ ਫਰੀਡਮ ਫਾਈਟਰਜ਼ ਆਰਗੇਨਾਈਜ਼ੇਸ਼ਨ ਦੇ ਅਗਲੇ ਸਮਾਗਮ ਵਿਚ ਸੂਬੇ ਦੇ ਮੀਤ ਪ੍ਰਧਾਨ ਚੁਣੇ ਗਏ ਅਤੇ ਮੈਂ ਸਹਾਇਕ ਸਕੱਤਰ। ਉਪਰੋਕਤ ਮੋਢੀ ਤਿੰਨਾਂ ਆਗੂਆਂ ਦੇ ਸਦੀਵੀ ਵਿਛੋੜੇ ਮਗਰੋਂ ਕੈਪਟਨ ਰਣਜੀਤ ਸਿੰਘ ਪ੍ਰਧਾਨ ਤੇ ਮੈਂ ਜਨਰਲ ਸਕੱਤਰ ਵਜੋਂ ਹੁਣ ਤਕ ਚਲੇ ਆ ਰਹੇ ਹਾਂ।

ਇਸ ਜਥੇਬੰਦੀ ਨੇ ਸੁਤੰਤਰਤਾ ਸੈਨਾਨੀਆਂ ਨੂੰ ਕਈ ਸਹੂਲਤਾਂ ਦੁਆਉਣ ਲਈ ਕਾਫ਼ੀ ਤਰੱਦਦ ਕੀਤਾ। ਇਸ ਦੇ ਨਾਲ ਹੀ ਇਸ ਜਥੇਬੰਦੀ ਨੇ 1998 ਤੋਂ ਆਪਣੀ ਇਕ ਮਾਸਕ ਅਖਬਾਰ "ਆਪਣਾ ਫਰਜ਼" ਪ੍ਰਕਾਸ਼ਤ ਕਰਨੀ ਸ਼ੁਰੂ ਕੀਤੀ ਜਿਸ ਵਿਚ ਸੁਤੰਤਰਤਾ

ਸੈਨਾਨੀਆਂ ਦੇ ਮਸਲਿਆਂ ਅਥਵਾ ਜੀਵਨੀਆਂ ਦੇ ਨਾਲ ਨਾਲ ਚਲੰਤ ਰਾਜਸੀ ਘਟਨਾਵਾਂ ਅਥਵਾ ਸੁਤੰਰਤਾ ਸੰਗਰਾਮ ਦੇ ਵੱਖ ਵੱਖ ਪਹਿਲੂਆਂ ਉੱਤੇ ਟੀਕਾ ਟਿੱਪਣੀ ਵੀ ਕੀਤੀ ਜਾਂਦੀ ਸੀ। ਇਸ ਅਖਬਾਰ ਦਾ ਮੁੱਖ ਸੰਪਾਦਕ ਮੈਂ ਸਾਂ। ਇਸ ਅਖਬਾਰ ਦੇ ਤਿੰਨ ਹਜ਼ਾਰ ਗਾਹਕ ਸਨ। ਇਹ ਅਖਬਾਰ ਮੇਰੇ ਦਿਲ ਦੇ ਬਾਈਪਾਸ ਆਪ੍ਰੇਸ਼ਨ ਤੱਕ ਚਾਰ ਸਾਲ ਚੱਲੀ ਪਰ ਫੇਰ ਇਸ ਨੂੰ ਬੰਦ ਕਰਨਾ ਪਿਆ। ਇਸ ਅਖ਼ਬਾਰ ਦਾ ਬਚਦਾ ਫੰਡ ਦੇਸ਼ ਭਗਤ ਯਾਦਗਾਰ ਨੂੰ ਦੇ ਦਿੱਤਾ ਗਿਆ।

## ਦਿਲ ਦਾ ਦੌਰਾ

ਦਿਨ-ਰਾਤ ਦੀ ਭੱਜ-ਦੌੜ ਕਾਰਨ 1993 ਦੇ ਮਾਰਚ ਮਹੀਨੇ ਮੈਨੂੰ ਦਿਲ ਦਾ ਦੌਰਾ ਪਿਆ। ਵੇਲੇ ਸਿਰ ਸਿਵਲ ਹਸਪਤਾਲ ਪਹੁੰਚਣ ਕਰਕੇ ਮੈਂ ਬਚ ਤਾਂ ਗਿਆ ਪਰ ਤਿੰਨ ਹਫਤੇ ਹਸਪਤਾਲ ਵਿਚ ਦਾਖ਼ਲ ਰਹਿਣਾ ਪਿਆ। ਹਸਪਤਾਲ ਤੋਂ ਛੁੱਟੀ ਮਿਲ ਗਈ। ਉਨ੍ਹੀਂ ਦਿਨੀਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੈਂਬਰ ਚੇਤਨਾ ਆਨੰਦ ਦਾ ਡਾਕਟਰ ਪਤੀ ਜਲੰਧਰ ਆਇਆ ਤਾਂ ਉਹ ਹੋਰ ਟੈਸਟਾਂ ਵਾਸਤੇ ਆਪਣੇ ਨਾਲ ਚੰਡੀਗੜ੍ਹ ਲੈ ਗਿਆ। ਪਤਾ ਲੱਗਾ ਕਿ ਅਜੇ ਬਾਈਪਾਸ ਅਪਰੇਸ਼ਨ ਦੀ ਲੋੜ ਨਹੀਂ ਪਰ ਬਹੁਤ ਸਾਵਧਾਨੀ ਦੀ ਲੋੜ ਹੈ। ਆਪਣੀ ਆਦਤ ਅਨੁਸਾਰ ਮੈਂ ਕੰਮ ਉਸੇ ਤਾੜੇ ਕਰਦਾ ਰਿਹਾ ਜਿਸ ਕਰਕੇ 10 ਸਾਲ ਮਗਰੋਂ ਬਾਈਪਾਸ ਅਪਰੇਸ਼ਨ ਦੀ ਨੌਬਤ ਆਈ।

❖❖❖

# ਕੁਝ ਖਿੰਡੀਆਂ-ਪੁੰਡੀਆਂ

1

ਮੈਂ ਅਨੇਕਾਂ ਪ੍ਰਸਿੱਧ ਦੇਸ਼ ਭਗਤਾਂ ਦੀਆਂ ਬਰਸੀਆਂ ਜਾਂ ਉਨ੍ਹਾਂ ਦੇ ਯਾਦਗਾਰੀ ਸਮਾਗਮਾਂ ਵਿਚ ਹਾਜ਼ਰੀ ਭਰੀ ਹੈ।

ਪੰਜਾਬ ਅੰਦਰ ਗ਼ਦਰੀਆਂ ਦਾ ਦੂਜਾ ਵੱਡਾ ਕੇਂਦਰ ਪਿੰਡ ਢੁੱਡੀਕੇ ਵਿਚ ਸੀ। ਇਸ ਪਿੰਡ ਵਿਚ ਪ੍ਰਸਿੱਧ ਕਾਂਗਰਸੀ ਆਗੂ ਸ਼੍ਰੀ ਲਾਲਾ ਲਾਜਪਤ ਰਾਏ ਦੀ ਵੀ ਯਾਦਗਾਰ ਹੈ। ਇਥੇ ਗ਼ਦਰੀ ਯੋਧਿਆਂ ਦਾ ਹਰ ਸਾਲ ਯਾਦਗਾਰੀ ਸਮਾਗਮ ਹੁੰਦਾ ਹੈ। ਬਾਈਪਾਸ ਅਪਰੇਸ਼ਨ ਤੋਂ ਪਹਿਲਾਂ ਮੈਂ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹਰ ਸਮਾਗਮ ਉੱਤੇ ਹਾਜ਼ਰੀ ਭਰੀ ਹੈ। ਬਾਬਾ ਰੂੜ ਸਿੰਘ ਚੂਹੜਚੱਕ ਅਤੇ ਕਾਮਰੇਡ ਜਗੀਰ ਸਿੰਘ ਜੋਗਾ ਦੀਆਂ ਬਰਸੀਆਂ ਉੱਤੇ ਵੀ ਗਿਆ ਹਾਂ। ਹੋਰ ਹਾਜ਼ਰੀਆਂ ਭਰਨ ਵਾਲੇ ਅਸਥਾਨ ਹਨ:

ਲੌਂਗੋਵਾਲ, ਹੁਸੈਨੀਵਾਲਾ, ਠੱਠੀਆਂ, ਬਾਬਾ ਬਕਾਲਾ, ਲਲਤੋਂ ਕਲਾਂ, ਕਚਰਭੰਨ, ਬੱਦੋਵਾਲ, ਜ਼ੀਰਕਪੁਰ, ਮੜੌਲੀ, ਬਾਜ਼ੀਦ ਕੇ, ਖਟਕੜ ਕਲਾਂ, ਦੌਲਤਪੁਰ, ਸੁਨਾਮ, ਮਲੇਰਕੋਟਲਾ, ਸਰਾਭਾ, ਖ਼ਾਲਸਾ ਦੇ 300 ਸਾਲਾ ਜਨਮ ਦਿਹਾੜੇ ਉੱਤੇ ਫਰੀਡਮ ਫਾਈਟਰਜ਼ ਆਰਗੇਨਾਈਜ਼ੇਸਨ ਵੱਲੋਂ ਸੁਤੰਤਰਤਾ ਸੈਨਾਨੀਆਂ ਦੇ ਇਕ ਜਥੇ ਨੇ ਹੁਸੈਨੀਵਾਲਾ ਤੋਂ ਲੈ ਕੇ ਆਨੰਦਪੁਰ ਸਾਹਿਬ ਤਕ 15 ਦਿਨ ਦੀ ਯਾਤਰਾ ਉਪਰੰਤ ਸ਼੍ਰੀ ਕੇਸਗੜ੍ਹ ਵਿਖੇ ਸੀਸ ਨਿਵਾਇਆ।

2

ਸਾਲ 2005 ਵਿਚ ਸ਼੍ਰੀ ਮਾਲਵਿੰਦਰਜੀਤ ਸਿੰਘ ਵੜੈਚ ਦੇ ਉੱਦਮ ਨਾਲ ਇਹ ਗੱਲ ਸਾਹਮਣੇ ਆਈ ਕਿ ਕਾਮਾਗਾਟਾ ਮਾਰੂ ਦੇ ਸਾਕੇ ਅਤੇ ਕੂਕਾ ਲਹਿਰ ਨੂੰ ਭਾਰਤ ਸਰਕਾਰ ਵੱਲੋਂ ਸੁਤੰਤਰਤਾ ਸੰਗਰਾਮ ਦਾ ਹਿੱਸਾ ਹੀ ਪ੍ਰਵਾਨ ਨਹੀਂ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਇਸ ਅਨਿਆਂ ਵਿਰੁੱਧ ਮੁਹਿੰਮ ਚਲਾਈ ਅਤੇ ਆਪਣੇ ਵੱਲੋਂ ਇਕ ਡੈਪੂਟੇਸ਼ਨ ਭਾਰਤ ਸਰਕਾਰ ਦੇ ਗ੍ਰਿਹ ਮੰਤਰੀ ਨਾਲ ਮੁਲਾਕਾਤ ਕਰਨ ਲਈ ਭੇਜਿਆ। ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਏ. ਬੀ. ਬਰਧਨ ਨੇ ਗ੍ਰਿਹ ਮੰਤਰੀ ਤੋਂ ਟਾਈਮ ਲੈ ਕੇ ਸਾਡਾ ਸਾਥ ਵੀ ਦਿੱਤਾ। ਨਤੀਜੇ ਵਜੋਂ ਕਾਮਾਗਾਟਾ ਮਾਰੂ ਅਤੇ ਕੂਕਾ ਲਹਿਰ ਨੂੰ ਆਜ਼ਾਦੀ ਸੰਗਰਾਮ ਦਾ ਹਿੱਸਾ ਪ੍ਰਵਾਨ

ਕਰ ਲਿਆ ਗਿਆ। ਇਸ ਡੈਪੂਟੇਸ਼ਨ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕੈਪਟਨ ਰਣਜੀਤ ਸਿੰਘ ਅਤੇ ਡਾਕਟਰ ਪ੍ਰੇਮ ਸਿੰਘ ਵੀ ਸ਼ਾਮਲ ਸਨ।

3

ਜਦ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਅਸਤੀਫ਼ਾ ਦੇਣ ਉਪਰੰਤ ਅਗਲੀ ਪਾਰਲੀਮੈਂਟ ਚੋਣ ਵਿਚ ਜਲੰਧਰ ਸੀਟ ਤੋਂ ਉਮੀਦਵਾਰ ਸਨ ਤਾਂ ਕਮਿਊਨਿਸਟ ਪਾਰਟੀ ਦੀ ਜ਼ਿਲਾ ਜਲੰਧਰ ਕਮੇਟੀ ਵੱਲੋਂ ਇਸ ਸੀਟ ਉੱਤੇ ਉਨ੍ਹਾਂ ਦੀ ਸਰਗਰਮ ਮਦਦ ਕਰਨ ਲਈ ਮੇਰੀ ਡਿਊਟੀ ਲਾਈ। ਪਾਰਟੀ ਵੱਲੋਂ ਪੂਰੇ ਜ਼ੋਰ ਨਾਲ ਮੁਹਿੰਮ ਚਲਾਈ ਗਈ ਅਤੇ ਇਸ ਮੁਹਿੰਮ ਦਾ ਆਖ਼ਰੀ ਕੜ ਤੋੜ ਜਲਸਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤਾ ਗਿਆ। ਇਸ ਜਲਸੇ ਵਿਚ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਏ. ਬੀ. ਬਰਧਨ ਵੀ ਪਹੁੰਚੇ।

4

ਪਾਰਟੀ ਦੀ ਗ਼ੈਰ ਕਾਨੂੰਨੀ ਸਰਗਰਮੀ ਸਮੇਂ ਪੁਲਿਸ ਦੇ ਹੱਥ ਆਉਣ ਤੋਂ ਬਚਣ ਲਈ ਇਨਕਲਾਬੀਆਂ ਨੂੰ ਆਪਣੀਆਂ ਸ਼ਕਲਾਂ ਬਦਲਣੀਆਂ ਪੈਂਦੀਆਂ ਹਨ। ਜਦ ਮੈਂ ਕਿਰਤੀ ਪਾਰਟੀ ਦੇ ਕੇਂਦਰੀ ਦਫਤਰ ਤੋਂ ਕੰਮ ਕਰਦਾ ਸੀ ਤਾਂ ਮੈਨੂੰ ਆਪਣੇ ਦਾੜ੍ਹੀ ਕੇਸ ਕਟਵਾ ਕੇ ਚੈਨ ਸਿੰਘ ਤੋਂ ਪ੍ਰਕਾਸ਼ ਬਣਨਾ ਪਿਆ ਸੀ। ਇਸੇ ਸ਼ਕਲ ਵਿਚ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਸਾਂ। ਪਰ ਬਾਹਰੋਂ ਪਾਰਟੀ ਦਾ ਹੁਕਮ ਆ ਗਿਆ ਕਿ ਆਪਣੀਆਂ ਪਹਿਲੀਆਂ ਸ਼ਕਲਾਂ ਹੀ ਬਣਵਾ ਲਓ। ਹੁਕਮ ਮੰਨਣਾ ਪਿਆ। ਚਾਰ-ਪੰਜ ਮਹੀਨੇ ਮਗਰੋਂ ਰਿਹਾਈ ਹੋ ਗਈ। ਸੋਚਿਆ ਕਿ ਪੁਲਿਸ ਨੇ ਇਸ ਦਾੜ੍ਹੀ ਕੇਸ ਵਾਲੀ ਫੋਟੋ ਲੈ ਲੈਣੀ ਹੈ ਫੇਰ ਲੋੜ ਪੈਣ ਸਮੇਂ ਕੀ ਕਹਾਂਗਾ। ਸੋ ਜੇਲ੍ਹ ਤੋਂ ਬਾਹਰ ਨਿਕਲਦਿਆਂ ਹੀ ਪਹਿਲਾ ਕੰਮ ਮੁੜ ਸਫਾ ਚਟ ਹੋਣ ਦਾ ਕੀਤਾ ਤਾਂ ਜੋ ਪੁਲਿਸ ਦਾੜ੍ਹੀ ਕੇਸ ਵਾਲੀ ਫੋਟੋ ਨਾ ਲੈ ਸਕੇ। ਜਦ ਲਾਲ ਕਮਿਊਨਿਸਟ ਪਾਰਟੀ ਸਮੇਂ ਮੁੜ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਤਾਂ ਮੈਂ ਫੇਰ ਕੇਸਾਧਾਰੀ ਹੋ ਗਿਆ। ਰੇਲ ਜਾਂ ਬੱਸ ਦੇ ਸਫਰ ਸਮੇਂ ਮੈਂ ਗੁਰਬਾਣੀ ਦੀਆਂ ਪੁਸਤਕਾਂ ਦਾ ਪਾਠ ਕਰਿਆ ਕਰਦਾ ਸੀ। ਦਾੜ੍ਹੀ ਵੀ ਖ਼ੂਬ ਭਰਵੀਂ ਸੀ ਅਤੇ ਗੰਥੀਆਂ ਵਾਲਾ ਪਹਿਰਾਵਾ ਹੁੰਦਾ ਸੀ। ਇਕ ਵਾਰੀ ਮੈਂ ਚੀਮਾ ਕਲਾਂ ਜ਼ਿਲ੍ਹਾ ਜਲੰਧਰ ਦੇ ਸਾਥੀ ਭੋਲਾ ਸਿੰਘ ਦੇ ਘਰੋਂ ਪਿੰਡ ਵਿਚ ਨੂੰ ਆ ਰਿਹਾ ਸੀ ਕਿ ਮੋੜ ਉੱਤੇ ਨੂਰਮਹਿਲ ਦਾ ਥਾਣੇਦਾਰ ਤੇ ਦੋ ਸਿਪਾਹੀ ਟੱਕਰ ਪਏ। ਉਨ੍ਹਾਂ ਨੇ ਪੁੱਛਿਆ "ਭਾਈ ਸਾਹਿਬ ਕਿਥੇ ਜਾਣਾ ਹੈ?" ਤਾਂ ਮੈਂ ਆਖਿਆ ਕਿ ਮੈਂ ਜੰਗਲ ਪਾਣੀ ਜਾ ਕੇ ਆਇਆ ਹਾਂ ਅਤੇ ਔਹ ਜਿਸ ਘਰ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਹੋ ਰਿਹਾ ਹੈ, ਉਥੇ ਜਾਣਾ ਹੈ। ਮੈਂ ਪਾਠੀ ਹਾਂ ਤੇ ਸੰਗ ਢੇਸੀਆਂ ਤੋਂ ਆਇਆ ਹਾਂ। ਕੁਝ ਕਦਮ ਅਸੀਂ ਇਕੱਠੇ ਚੱਲੇ ਤੇ ਫੇਰ ਉਹ ਖੱਬੇ ਮੋੜ ਮੁੜ ਗਏ। ਮੈਂ ਸਿੱਧਾ ਚਲਾ ਗਿਆ।

5.

ਪਿੱਛੇ ਇਕ ਪਾਸੇ ਦੱਸ ਆਇਆ ਹਾਂ ਕਿ ਲਾਲ ਕਮਿਊਨਿਸਟ ਪਾਰਟੀ ਸਮੇਂ ਜਦੋਂ 1952 ਵਿਚ ਰਿਹਾਈਆਂ ਹੋਈਆਂ ਤਾਂ ਜਲੰਧਰ ਦੇ ਸਵਾਗਤੀ ਜਲਸੇ ਵਿਚ ਮੈਨੂੰ ਮਿਲਣ ਆਈ ਮੇਰੀ ਚਾਰ-ਪੰਜ ਸਾਲ ਦੀ ਬੇਟੀ ਸਵਿਤਾ ਨੇ ਮੈਨੂੰ ਦੇਣ. ਵਾਸਤੇ ਲਿਆਂਦਾ ਖਰਬੂਜਾ ਨਹੀਂ ਸੀ ਦਿੱਤਾ ਕਿਉਂਕਿ ਮੇਰੀ ਸ਼ਕਲ ਸੂਰਤ ਬਦਲ ਚੁੱਕੀ ਸੀ। ਉਸ ਨੇ ਮੈਨੂੰ ਚਾਰ ਸਾਲ ਦਾੜ੍ਹੀ ਕੇਸ ਵਿਚ ਦੇਖਿਆ ਸੀ ਅਤੇ ਹੁਣ ਮੈਂ ਕਲੀਨ ਸ਼ੇਵ ਸਾਂ।

6.

ਕਿਰਤੀ ਪਾਰਟੀ ਸਮੇਂ ਮੈਂ ਇਕ ਸਟਡੀ ਸਰਕਲ ਦੇਣ ਲਈ ਕਾਮਰੇਡ ਮੁਹੰਮਦ ਹਯਾਤ ਕਾਲੋਕੇ ਜ਼ਿਲ੍ਹਾ ਸ਼ੇਖੂਪੁਰ ਦੇ ਸੱਦੇ ਉੱਤੇ ਗਿਆ। ਉਸ ਨੇ ਪਿੰਡੋਂ ਬਾਹਰ ਇਕ ਡੇਰੇ ਉੱਤੇ ਛੇ ਸੱਤ ਸਾਥੀ ਇਕੱਠੇ ਕਰ ਲਏ। ਨਜ਼ਦੀਕੀ ਥਾਣੇ ਚੂਹੜਕਾਨਾ ਦਾ ਥਾਣੇਦਾਰ ਕਿਸੇ ਦੋਸ਼ੀ ਦੀ ਭਾਲ ਵਿਚ ਉੱਥੇ ਆ ਧਮਕਿਆ। ਉਸ ਨੇ ਸਾਡੀ ਢਾਣੀ ਨੂੰ ਪੁੱਛਿਆ ਕਿ ਤੁਸੀਂ ਕਿਵੇਂ ਏਥੇ ਬੈਠੇ ਹੋ। ਮੇਰੇ ਪਾਸ ਕਾਮਰੇਡ ਨਿਸ਼ਾਨ ਸਿੰਘ ਬੈਠਾ ਸੀ। ਉਸ ਦਾ ਪਿਤਾ ਜ਼ੈਲਦਾਰ ਸੀ ਜਿਸ ਕਰਕੇ ਉਹ ਨਿਸ਼ਾਨ ਸਿੰਘ ਦਾ ਜਾਣੂੰ ਸੀ। ਮੈਂ ਸਾਰਿਆਂ ਵਿਚ ਜੁਰਾਬਾਂ ਅਤੇ ਕੁਝ ਛੋਟੇ-ਛੋਟੇ ਗਰਮ ਕੱਪੜਿਆਂ ਦੀ ਢੇਰੀ ਲਾਈ ਹੋਈ ਸੀ। ਨਿਸ਼ਾਨ ਸਿੰਘ ਨੇ ਦੱਸਿਆ ਕਿ ਇਹ ਮੇਰਾ ਮਿੱਤਰ ਵਿਉਪਾਰੀ ਲੁਧਿਆਣੇ ਤੋਂ ਆਇਆ ਸੀ ਤੇ ਇਸ ਨੇ ਮੇਰੇ ਕਹਿਣ 'ਤੇ ਇਹ ਮਾਲ ਲਿਆਂਦਾ ਹੈ ਤੇ ਅਸੀਂ ਸਾਰੇ ਮਾਲ ਵੇਖ ਰਹੇ ਹਾਂ। ਪਰ ਥਾਣੇਦਾਰ ਨੂੰ ਕੁਝ ਸ਼ੱਕ ਪੈ ਗਿਆ। ਉਸ ਨੇ ਕਿਹਾ ਕਿ ਮੇਰੇ ਨਾਲ ਥਾਣੇ ਚੱਲ ਕੇ ਗੱਲ ਕਰੋ। ਮੈਨੂੰ ਤਾਂ ਤੇਰੀ ਗੱਲ ਜਚੀ ਨਹੀਂ। ਨਿਸ਼ਾਨ ਸਿੰਘ ਨੇ ਕਿਹਾ ਕਿ ਥਾਣੇਦਾਰ ਸਾਹਿਬ ਤੁਸੀਂ ਤੀਜੇ-ਚੌਥੇ ਦਿਨ ਸਾਡੇ ਘਰ ਆ ਰੋਟੀਆਂ ਭੰਨਦੇ ਹੋ, ਮੈਂ ਤਾਂ ਆਪਣੇ ਮਹਿਮਾਨ ਦੀ ਬੇਇੱਜ਼ਤੀ ਨਹੀਂ ਸਹਾਰ ਸਕਦਾ। ਇਹ ਤਾਂ ਏਥੇ ਹੀ ਰਹੂ। ਚਲ ਮੈਂ ਤੇਰੇ ਨਾਲ ਚਲਦਾ ਹਾਂ। ਇਸ ਤੋਂ ਥਾਣੇਦਾਰ ਨੇ ਸਾਡਾ ਖਹਿੜਾ ਛੱਡਿਆ।

# ਇਕ ਸਵਾਲ ਅਜੇ ਵੀ ਜਵਾਬ ਮੰਗਦਾ ਹੈ

ਮੈਂ ਤੇ ਸੁਸ਼ੀਲਾ ਦੋਵੇਂ ਪਾਰਟੀ ਦੇ ਕੁਲਵਕਤੀ ਵਰਕਰ ਸਾਂ। ਸਾਡੀ ਲੜਕੀ ਜਦੋਂ ਥੋੜ੍ਹਾ ਬਹੁਤ ਤੁਰਨ, ਫਿਰਨ ਲੱਗੀ ਤਾਂ ਕਾਮਰੇਡ ਸੁਸ਼ੀਲਾ ਨੇ ਜਿਥੇ ਜਾਣਾ, ਉਸਨੂੰ ਨਾਲ ਲੈ ਜਾਣਾ। ਉਸਨੂੰ ਮੋਢੀ ਵਰਕਰ ਦੇ ਘਰ ਛੱਡ ਕੇ ਆਪ ਆਮ ਲੋਕਾਂ ਵਿਚ ਪਾਰਟੀ ਜਾਂ ਇਸਤਰੀ ਸਭਾ ਦਾ ਕੰਮ ਕਰਨ ਲੱਗ ਜਾਣਾ। ਸਵਿਤਾ ਨੇ ਉੱਠ ਕੇ ਸੁਸ਼ੀਲਾ ਦੀ ਭਾਲ ਕਰਨੀ ਤਾਂ ਉਸ ਘਰ ਦੀਆਂ ਔਰਤਾਂ ਨੇ ਦੱਸ ਦੇਣਾ ਕਿ ਉਹ ਨੇੜੇ-ਤੇੜੇ ਕੰਮ ਕਰਨ ਗਈ ਹੋਈ ਹੈ, ਛੇਤੀਂ ਆ ਜਾਵੇਗੀ। ਉਨ੍ਹਾਂ ਔਰਤਾਂ ਨੇ ਜੋ ਕੁਝ ਖਾਣ-ਪੀਣ ਨੂੰ ਦੇਣਾ, ਉਹ ਸਵਿਤਾ ਨੇ ਖਾ-ਪੀ ਲੈਣਾ। ਪੰਜ-ਸੱਤ ਘੰਟੇ ਮਗਰੋਂ ਮੁੜਨਾ ਤਾਂ ਉਸਦੀ ਖਾਣ-ਪੀਣ ਅਤੇ ਵਰਤਾਓ ਬਾਰੇ ਕੋਈ ਸ਼ਿਕਾਇਤ ਨਹੀਂ ਹੁੰਦੀ ਸੀ। ਹੌਲੀ-ਹੌਲੀ ਸੁਸ਼ੀਲਾ ਚਾਰ-ਚਾਰ, ਪੰਜ-ਪੰਜ ਦਿਨ ਨਾ ਮੁੜਦੀ, ਸਵਿਤਾ ਨੇ ਇਸਨੂੰ ਵੀ ਸਹਿਣ ਕਰਨਾ ਸ਼ੁਰੂ ਕਰ ਦਿੱਤਾ। ਬੱਸ ਇਸੇ ਤਰ੍ਹਾਂ ਉਹ ਪੰਜ-ਛੇ ਸਾਲ ਦੀ ਹੋ ਗਈ। ਹੁਣ ਅਸੀਂ ਉਸਨੂੰ ਤਲਾਣੀਆਂ ਦੇ ਮਾਤਾ ਗੁਜ਼ਰੀ ਆਸ਼ਰਮ ਵਿਚ ਪੜ੍ਹਨੇ ਪਾ ਦਿੱਤਾ। ਉਥੇ ਪਾਰਟੀ ਵਰਕਰਾਂ ਦੀਆਂ ਬੇਟੀਆਂ ਹੀ ਪੜ੍ਹਦੀਆਂ ਸਨ। ਕਿਉਂਕਿ ਇਸ ਆਸ਼ਰਮ ਦੀ ਸੰਚਾਲਕ ਬੀਬੀ ਗੁਰਬਚਨ ਕੌਰ ਪਾਰਟੀ ਦੀ ਪੱਕੀ ਹਮਦਰਦ ਸੀ।

ਕੁਝ ਸਮੇਂ ਮਗਰੋਂ ਅਸੀਂ ਉਸਦੇ ਅਗਲੇ ਜੀਵਨ ਨੂੰ ਸੁਖਾਲਾ ਬਣਾਉਣ ਦੇ ਵਿਚਾਰ ਨਾਲ ਇੰਗਲੈਂਡ ਕੰਮ ਕਰਦੇ ਲੜਕੇ ਨਾਲ ਸ਼ਾਦੀ ਕਰ ਦਿੱਤੀ। ਆਪਣੇ ਮੁੱਢਲੇ ਜੀਵਨ ਦੇ ਤਜਰਬੇ ਤੋਂ ਉਸਨੇ ਕਾਮਰੇਡ ਉਰਮਲਾ ਆਨੰਦ ਨੂੰ ਇਕ ਪੱਤਰ ਵਿਚ ਸਵਾਲ ਕੀਤਾ, "ਜਿਸ ਬੱਚੇ ਦਾ ਮਾਂ ਅਤੇ ਬਾਪ ਦੋਵੇਂ ਹੀ ਪਾਰਟੀ ਦੇ ਹੋਣ ਤਾਂ ਉਹ ਬੱਚਾ ਕਿਸਦਾ ਹੋਇਆ?" ਇਸ ਸਵਾਲ ਦਾ ਜਵਾਬ ਅਜੇ ਤਕ ਉਸਨੂੰ ਨਹੀਂ ਮਿਲਿਆ। ਇਸਦਾ ਜਵਾਬ ਪਾਰਟੀ ਲੀਡਰਸ਼ਿਪ ਹੀ ਦੇ ਸਕਦੀ ਹੈ।

ਅੱਜ ਦੀ ਹਾਲਤ ਵਿਚ ਤਾਂ ਜਵਾਬ ਇਹੋ ਬਣਦਾ ਹੈ ਕਿ ਕੋਈ ਜੋੜਾ ਪਾਰਟੀ ਦਾ ਕੰਮ ਨਾ ਕਰੇ, ਜਦ ਤਕ ਕੋਈ ਕੁਆਰਾ ਹੋਵੇ ਪਾਰਟੀ ਕੰਮ ਕਰੇ, ਫੇਰ ਛੱਡ ਦੇਵੇ। ਪਰ ਮੇਰੇ ਖ਼ਿਆਲ ਵਿਚ ਪਾਰਟੀ ਲੀਡਰਸ਼ਿਪ ਨੂੰ ਇਸ ਸਵਾਲ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ।

ਹੁਣ ਮੇਰੇ ਨਾਲ ਆਪ ਬੀਤੀ 'ਚੋਂ ਉੱਠਿਆ ਸਵਾਲ ਹੈ। ਸਾਰਿਆਂ ਨੂੰ ਪਤਾ ਹੈ

ਕਿ ਮੈਂ 2003 ਵਿਚ ਦਿਲ ਦੇ ਬਾਈਪਾਸ ਅਪਰੇਸ਼ਨ ਹੋਣ ਤਕ ਲਗਭਗ 70 ਸਾਲ ਪਾਰਟੀ ਦਾ ਕੁਲਵਕਤੀ ਰਹਿ ਕੇ ਕੰਮ ਕੀਤਾ ਹੈ। ਜਦੋਂ ਮੈਂ ਬਾਈਪਾਸ ਅਪਰੇਸ਼ਨ ਕਰਾਉਣਾ ਸੀ ਤਾਂ ਮੈਂ ਜ਼ਿਲ੍ਹਾ ਪਾਰਟੀ ਤੋਂ ਕੁਛ ਰਕਮ ਉਧਾਰ ਲਈ ਸੀ। ਉਹ ਰਕਮ ਮੈਂ ਛੇ ਕੁ ਮਹੀਨੇ ਮਗਰੋਂ ਮੋੜ ਦਿੱਤੀ। ਪਰ ਜੇ ਮੇਰੀ ਫਰੀਡਮ ਫਾਈਟਰ ਪੈਨਸ਼ਨ ਨਾ ਹੁੰਦੀ ਤਾਂ ਮੈਂ ਕੀ ਕਰਦਾ? ਇਹੋ ਪਰਚਾਰ ਹੋਣਾ ਸੀ ਕਿ ਪਾਰਟੀ ਦੇ ਪੈਸੇ ਖਾ ਗਿਆ ਹੈ। ਜਿਸ ਕਾਮਰੇਡ ਨੇ ਆਪਣੀ ਸਾਰੀ ਉਮਰ ਪਾਰਟੀ ਦੇ ਲੇਖੇ ਲਾਈ ਹੋਵੇ, ਉਸਦੇ ਬਿਮਾਰ ਹੋਣ ਸਮੇਂ ਉਸਦੀ ਸਹਾਇਤਾ ਦੀ ਕੋਈ ਵਿਵਸਥਾ ਹੋਣੀ ਚਾਹੀਦੀ ਹੈ।

ਇਕ ਗੱਲ ਮੈਨੂੰ ਬਹੁਤ ਦੁੱਖ ਨਾਲ ਕਹਿਣੀ ਪੈਂਦੀ ਹੈ। ਮੈਂ ਜ਼ਿਲ੍ਹਾ ਪਾਰਟੀ ਸਕੱਤਰ ਨੂੰ ਬੇਨਤੀ ਕੀਤੀ ਸੀ ਕਿ ਕੋਈ ਬੰਦਾ ਲੱਭ ਕੇ ਸਾਨੂੰ ਸਿਰਫ਼ ਸਾਡੇ ਕੋਲ ਰਾਤ ਰਹਿਣ ਵਾਸਤੇ ਦੇਵੇ, ਜਿਸਨੂੰ ਅਸੀਂ ਤਨਖ਼ਾਹ ਵੀ ਦੇਵਾਂਗੇ। ਪਰ ਸਾਡੀ ਇਸ ਮੰਗ ਵੱਲ ਕੋਈ ਧਿਆਨ ਨਾ ਦਿੱਤਾ ਗਿਆ।

ਉਪਰੋਕਤ ਕੁਝ ਤੱਥ ਪਾਰਟੀ ਦੀ ਲੀਡਰਸ਼ਿਪ ਦੇ ਸੋਚਣ ਵਾਲੇ ਹਨ ਕਿਉਂਕਿ ਬਿਨਾਂ ਕੋਈ ਪੱਕੀ ਵਿਵਸਥਾ ਬਣਾਇਆਂ ਉਪਰੋਕਤ ਘਾਟਾਂ ਦੂਰ ਨਹੀਂ ਹੋ ਸਕਦੀਆਂ। ਕੁਝ ਵਕਤੀ ਓਹੜ-ਪੋਹੜ ਕਰਨਾ ਸਬੰਧਤ ਪਾਰਟੀ ਇਕਾਈਆਂ ਦਾ ਵੀ ਫਰਜ਼ ਹੈ।

ਇਸ ਸੰਦਰਭ ਵਿਚ ਮੈਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਦਾਦ ਦਿੰਦਾ ਹਾਂ। ਜਦੋਂ ਮੇਰਾ ਬਾਈਪਾਸ ਅਪਰੇਸ਼ਨ ਹੋਇਆ ਤਾਂ ਮੈਂ ਇਸ ਕਮੇਟੀ ਦਾ ਸਹਾਇਕ ਸਕੱਤਰ ਸੀ। ਕਮੇਟੀ ਨੇ ਮੇਰੇ ਹਸਪਤਾਲ ਹੁੰਦਿਆਂ ਦਸ ਹਜ਼ਾਰ ਰੁਪਏ ਦੀ ਸਹਾਇਤਾ ਕੀਤੀ। (ਭਾਵੇਂ ਮੈਂ ਬਾਹਰ ਆ ਕੇ ਥੋੜ੍ਹੀ-ਥੋੜ੍ਹੀ ਕਰਕੇ ਵਾਪਸ ਕਰ ਦਿੱਤੀ)। ਫੇਰ ਮੇਰੀ ਮੰਗ ਤੋਂ ਬਿਨਾਂ ਹੀ ਮੈਨੂੰ ਹਸਪਤਾਲ ਤੋਂ ਛੁੱਟੀ ਮਿਲਦਿਆਂ ਹੀ ਦੇਸ਼ ਭਗਤ ਯਾਦਗਾਰ ਹਾਲ ਵਿਚ ਦੋ ਕਮਰੇ ਰਿਹਾਇਸ਼ ਲਈ ਦੇ ਦਿੱਤੇ ਜਿਥੇ ਮੈਂ ਸਵਾ ਚਾਰ ਸਾਲ ਰਿਹਾ ਹਾਂ।

# ਕਾਮਰੇਡ ਅਵਤਾਰ ਸਿੰਘ ਪਾਸ਼ ਵੱਲੋਂ ਲਿਖਿਆ ਪੱਤਰ

*(ਮੈਂ ਸੀ. ਪੀ. ਆਈ. ਦੀ ਜਲੰਧਰ ਜ਼ਿਲਾ ਦਾ ਸਕੱਤਰ ਸਾਂ ਤਾਂ ਉਸ ਸਮੇਂ ਦੇ ਉੱਭਰ ਰਹੇ ਨੌਜਵਾਨ ਵਰਕਰ ਕਾਮਰੇਡ ਅਵਤਾਰ ਸਿੰਘ ਪਾਸ਼ ਕਈ ਪੱਖਾਂ ਤੋਂ ਮੇਰੇ ਕਦਰਦਾਨ ਸਨ। ਮੈਨੂੰ ਉਸ ਅੰਦਰ ਉਡਾਰੀਆਂ ਮਾਰਨ ਦੀ ਇੱਛਾ ਝਲਕ ਰਹੀ ਸੀ। ਉਸਨੇ ਮੇਰੇ ਨਾਲ ਦੋ ਤਿੰਨ ਵੇਰ ਕਾਫੀ ਦੇਰ ਜ਼ਾਤੀ ਪੱਧਰ ਦਾ ਵਾਰਤਾਲਾਪ ਵੀ ਕੀਤਾ। ਮਾਰਕਸਵਾਦ ਦੇ ਕੁਝ ਪੱਖਾਂ ਬਾਰੇ ਮੇਰੇ ਵੱਲੋਂ ਨੌਜਵਾਨਾਂ ਦਾ ਇਕ ਸਟੱਡੀ ਸਰਕਲ ਨਕੋਦਰ ਵਿਖੇ ਲਾਇਆ ਤਾਂ ਉਹ ਉਸ ਵਿਚ ਵੀ ਸ਼ਾਮਲ ਹੋਇਆ ਅਤੇ ਕਈ ਸਵਾਲ ਵੀ ਪੁੱਛੇ। ਉਸ ਨੇ ਪਾਰਟੀ ਦੀ ਨੌਜਵਾਨ ਸਭਾ ਵਿਚ ਮਨ ਚਿਤ ਲਾ ਕੇ ਕੰਮ ਕੀਤਾ। ਆਪਣੇ ਤਜਰਬੇ ਦੇ ਆਧਾਰ 'ਤੇ ਉਸ ਨੇ ਮੇਰੇ ਨਾਲ ਕੁਝ ਨਾਂਹ-ਪੱਖੀ ਵਰਤਾਰਿਆਂ ਦੀ ਸ਼ਿਕਾਇਤ ਕੀਤੀ। ਮੈਂ ਉਸਨੂੰ ਸਿਰੜੀ ਅੰਦਰੂਨੀ ਘੋਲ ਦਾ ਮਹੱਤਵ ਸਮਝਾਇਆ। ਪਰ ਮੈਨੂੰ ਉਹ ਕੁਝ ਉਤਾਵਲਾ ਜਾਪਿਆ ਅਤੇ ਕੁਝ ਦਿਨਾਂ ਬਾਅਦ ਉਸਦਾ ਪਾਰਟੀ ਮੈਂਬਰੀ ਤੋਂ ਅਸਤੀਫ਼ਾ ਦੇਣ ਦਾ ਪੱਤਰ ਮਿਲਿਆ, ਜਿਸਨੂੰ ਮੈਂ ਹੇਠਾਂ ਇਸ ਕਰਕੇ ਦਰਜ ਕਰ ਰਿਹਾ ਹਾਂ ਕਿ ਉਹ ਮਗਰੋਂ ਬੜਾ ਪ੍ਰਸਿੱਧ ਇਨਕਲਾਬੀ ਕਵੀ ਬਣਿਆ। ਅਥਵਾ ਅੱਜਕੱਲ੍ਹ ਉਸ ਦੇ ਯਾਦਗਾਰੀ ਸਮਾਗਮ ਦੇਸ਼-ਵਿਦੇਸ਼ ਕਈ ਥਾਵਾਂ 'ਤੇ ਹੁੰਦੇ ਹਨ)*

ਪਿਆਰੇ ਚੈਨ ਜੀ,

ਤੁਹਾਡੇ ਪ੍ਰਤੀ ਮੇਰਾ ਸਤਿਕਾਰ ਤੁਹਾਨੂੰ ਪੁੰਗਰ ਰਹੀਆਂ ਵਿਖਮਤਾਵਾਂ ਜੋ ਕਿ ਅੱਜ ਮੇਰੇ ਵਰਗੇ ਬਹੁਤ ਸਾਰੇ ਭਾਰਤੀ ਨੌਜਵਾਨਾਂ ਵਿਚਕਾਰ ਆਪ ਮੁਹਾਰੀਆਂ ਰੂਪਮਾਨ ਹੋ ਰਹੀਆਂ ਹਨ, ਬਾਰੇ ਜਾਣੂ ਕਰਾਉਣ ਲਈ ਮੈਨੂੰ ਮਜਬੂਰ ਕਰਦਾ ਹੈ। ਹਾਲਾਂਕਿ ਮੇਰਾ ਖਿਆਲ ਹੈ ਤੁਸੀਂ ਆਪ ਵੀ ਇਸ ਮਸਲੇ ਦੀ ਅਹਿਮੀਅਤ ਤੋਂ ਨਾ-ਵਾਕਿਫ਼ ਨਹੀਂ ਹੋਵੋਗੇ......। ਮੇਰੀ ਪਾਰਟੀ ਉਮਰ ਸਿਰਫ਼ ਦੋ ਸਾਲ ਦੀ ਹੈ। ਇਨ੍ਹਾਂ ਦੋ ਸਾਲਾਂ ਵਿਚ ਪਾਰਟੀ ਨੂੰ ਅੰਦਰਲੇ ਤੇ ਬਾਹਰਲੇ ਦੋਹਾਂ ਪਹਿਲੂਆਂ ਤੋਂ ਜਾਨਣ ਦੀ ਮੇਰੀ ਦਿਲਚਸਪੀ ਨੇ ਮੇਰੇ ਅੱਗੇ ਬਹੁਤ ਕੁਝ ਉਜਾਗਰ ਕਰ ਦਿੱਤਾ ਹੈ।

ਪਾਰਟੀ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਮੇਰੇ ਵਿਚ ਗੁਣ ਵੀ ਸਨ ਤੇ ਨੁਕਸ ਵੀ। ਮੈਨੂੰ ਇਹ ਗੱਲ ਬੜੇ ਦੁੱਖ ਨਾਲ ਲਿਖਣੀ ਪੈ ਰਹੀ ਹੈ ਕਿ ਪਾਰਟੀ ਵਾਸਤੇ ਮੈਨੂੰ ਆਪਣੇ ਕਈ ਨੁਕਸਾਂ ਦੇ ਨਾਲ-ਨਾਲ ਕੁਝ ਗੁਣਾਂ ਨੂੰ ਵੀ ਕਤਲ ਕਰਨਾ ਪਿਆ ਹੈ। (ਏਥੇ ਮੈਂ ਉਨ੍ਹਾਂ ਗੁਣਾਂ ਦਾ ਹਵਾਲਾ ਦੇਣਾ ਠੀਕ ਨਹੀਂ ਸਮਝਦਾ।) ਪਾਰਟੀ ਬਾਰੇ ਸਭ ਤੋਂ ਪਹਿਲੀ

ਨਿਰਾਸ਼ਾ ਮੈਨੂੰ ਆਪਣੀ ਤਹਿਸੀਲ ਤੋਂ ਸ਼ੁਰੂ ਹੋਈ। ਲੀਡਰਸ਼ਿਪ ਵਾਸਤੇ ਜਿਹੜਾ ਅੰਦਰੂਨੀ ਘੋਲ ਸਾਰੀ ਦੀ ਸਾਰੀ ਸੀ. ਪੀ. ਆਈ. ਵਿਚ ਹੋ ਰਿਹਾ ਹੈ, ਉਸ ਦੀ ਇਕ ਤਕੜੀ ਝਲਕ ਸਾਡੀ ਤਹਿਸੀਲ ਦੇ ਮੈਂਬਰਾਂ ਅਤੇ ਕਾਰਕੁਨਾਂ ਵਿਚ ਕਰਵਟ ਲੈ ਰਹੀ ਹੈ। ਬਹੁਤ ਸਾਰੇ ਮੈਂਬਰਾਂ ਨੇ ਤਾਂ ਪਾਰਟੀ ਨੂੰ ਬਤੌਰ ਇੰਪਲਾਇਮੈਂਟ ਐਕਸਚੇਂਜ ਇਸਤੇਮਾਲ ਕੀਤਾ ਹੋਇਆ ਹੈ। ਜਿਥੋਂ ਕਿ ਰੋਟੀ ਕੱਪੜੇ ਤੇ ਰੁਜ਼ਗਾਰ ਦਾ ਮਕਸਦ ਹੱਲ ਹੋ ਸਕਦਾ ਹੋਵੇ। ਇਹ ਸਾਰੀਆਂ ਗੱਲਾਂ ਬਰਦਾਸ਼ਤਹੀਨ ਹੁੰਦਿਆਂ ਹੋਇਆਂ ਵੀ ਮੇਰਾ ਇਰਾਦਾ ਸੀ ਕਿ ਮੈਂ ਇਸ ਕਲੰਕ ਨੂੰ ਆਪਣੇ ਲਹੂ ਨਾਲ ਧੋ ਕੇ ਰਹਾਂਗਾ.....

ਫਿਰ ਮੈਂ ਨੌਜਵਾਨਾਂ ਦੇ ਫਰੰਟ 'ਤੇ ਕੰਮ ਕਰਨਾ ਸ਼ੁਰੂ ਕੀਤਾ। ਆਪਣੀ ਵਿੱਤ ਅਨੁਸਾਰ ਕੀਤਾ ਵੀ ਕਾਫੀ। ਪਰ ਛੇਤੀਂ ਹੀ ਜ਼ਿਲੇ ਉੱਤੇ ਹਾਵੀ ਹੋ ਚੁੱਕੀ ਲੀਡਰਸ਼ਿਪ ਨੇ ਮੈਨੂੰ ਇਕਦਮ ਨਿਰਾਸ਼ ਕਰ ਦਿੱਤਾ। ਵਿਦਿਆਰਥੀਆਂ ਤੇ ਨੌਜਵਾਨਾਂ ਦੇ ਉਸ ਪੇਸ਼ਾਵਰ ਆਗੂ ਨੂੰ ਤਾਂ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ (ਪਰ ਸ਼ਾਇਦ ਜਾਣ ਕੇ ਵੀ ਨਹੀਂ ਜਾਣਦੇ)। ਨੌਜਵਾਨ ਇਕਾਈਆਂ ਦਾ ਕੰਮ ਤਹਿਸੀਲ ਅਤੇ ਜ਼ਿਲ੍ਹਾ ਪੱਧਰ ਉੱਤੇ ਮੈਂ ਜਿੰਨਾ ਵੀ ਕ਼ੀਤਾ, ਉਸ ਲੀਡਰ ਵਲੋਂ ਛੁਟਿਆਉਣ ਤੇ ਨਿੰਦਣ ਵਾਲੇ ਸ਼ਬਦਾਂ ਵਿਚ ਪੇਸ਼ ਕੀਤਾ ਗਿਆ। ਜ਼ਿਲ੍ਹੇ ਵਿਚ ਉਸ ਲੀਡਰਸ਼ਿਪ ਨੂੰ ਅੱਗੇ ਲਿਆਂਦਾ ਗਿਆ ਜੋ ਕਿ ਉਸ ਲੀਡਰ ਦੀ ਕਾਮਯਾਬ ਹੱਥਠੋਕਾ ਬਣ ਸਕਦੀ ਸੀ। ਇਕ ਅਨਪੜ੍ਹ ਅਤੇ ਇਨਕਲਾਬੀ ਸੂਝ ਤੋਂ ਕੋਰੇ ਵਿਅਕਤੀ ਨੂੰ ਜ਼ਿਲ੍ਹੇ ਦਾ ਪ੍ਰਧਾਨ ਬਣਾਇਆ ਗਿਆ। ਉਸ ਪ੍ਰਧਾਨ ਨੇ (ਉਸਦੇ ਆਪਣੇ ਹੀ ਸ਼ਬਦਾਂ ਅਨੁਸਾਰ) ਪਿਛਲੀ ਜ਼ਿਲਾ ਐਗਜੈਕਟਿਵ ਮੀਟਿੰਗ ਵਿਚ ਮੇਰੇ ਇਕ ਦਰੁਸਤ ਨੁਕਤੇ ਦੀ ਸਿਰਫ ਇਸ ਲਈ ਮੁਖ਼ਾਲਫ਼ਤ ਕੀਤੀ ਕਿ ਮੈਂ ਉਸਦੇ ਪ੍ਰਧਾਨ ਚੁਣੇ ਜਾਣ ਦੀ ਮੁਖ਼ਾਲਫ਼ਤ ਕੀਤੀ ਸੀ। ਇਸ ਤੋਂ ਇਲਾਵਾ ਜ਼ਿਲੇ ਦਾ ਸਕੱਤਰ ਚੋਣ ਵਾਲੇ ਦਿਨ ਹੀ ਨੌਜਵਾਨ ਸਭਾ ਦਾ ਮੈਂਬਰ ਬਣਿਆ ਤੇ ਵਿਧਾਨਕ ਸ਼ਰਤ ਅਨੁਸਾਰ ਉਦੋਂ ਉਸ ਦੇ ਆਪਣੇ ਪਿੰਡ ਕੋਈ ਨੌਜਵਾਨ ਸਭਾ ਵੀ ਨਹੀਂ ਸੀ (ਨਾ ਚੋਣ ਤੋਂ ਛੇ ਮਹੀਨੇ ਬਾਦ ਅਜੇ ਤੱਕ ਵੀ ਹੈ)। ਇਹ ਵਿਅਕਤੀ (ਸਕੱਤਰ) ਚੰਗਾ ਕੰਮ ਕਰਦਾ ਹੈ। ਪਰ ਚੋਣ ਵਾਲੇ ਦਿਨ ਇਕ-ਇਕ ਸਾਲ ਤੋਂ ਕੰਮ ਕਰ ਰਹੇ ਸਰਗਰਮ ਕਾਰਕੁਨਾਂ ਨੂੰ ਛੱਡ ਕੇ ਉਸ ਵੱਡੇ ਲੀਡਰ ਦੀ ਨਿਗਾਹ ਉਸ 'ਤੇ ਹੀ ਪੈਣੀ ਇਕ ਵਿਸ਼ੇਸ਼ ਭਾਵ ਦੱਸਦਾ ਹੈ। ਫੇਰ ਹੈ ਸਬ ਕਮੇਟੀ ਦੀ ਗੱਲ, ਜੋ ਪਾਰਟੀ ਨੇ (ਜਾਂ ਉਸ ਵੱਡੇ ਲੀਡਰ ਨੇ) ਨੌਜਵਾਨ ਸਭਾ ਤੇ ਵਿਦਿਆਰਥੀਆਂ ਵਾਸਤੇ ਬਣਾਈ। ਉਸ ਸਬ ਕਮੇਟੀ ਦਾ ਸਬੰਧ ਸਿਰਫ ਪਾਰਟੀ ਨਾਲ ਹੈ ਤੇ ਉਸਦਾ ਕੰਮ ਇਨ੍ਹਾਂ ਫਰੰਟਾਂ ਨੂੰ ਪਾਰਟੀ ਹਿੱਤਾਂ ਅਨੁਸਾਰ ਚਲਾਉਣਾ ਹੈ। ਏਨੀ ਜ਼ੁੰਮੇਵਾਰ ਕਮੇਟੀ ਵਿਚ ਜਿਹੜੇ ਨੌਜਵਾਨ ਲਏ ਗਏ ਉਨ੍ਹਾਂ ਵਿਚੋਂ ਇਕ ਉਹ ਹੈ ਜਿਸਨੇ ਦੋ ਮਹੀਨੇ ਹੋਏ ਪਾਰਟੀ ਉਮੀਦਵਾਰੀ ਦਾ ਫਾਰਮ ਭਰਿਆ ਹੈ। ਬਾਕੀ ਵੀ ਇਸੇ ਤਰ੍ਹਾਂ ਦੀ ਹੀ ਹੈ ਇਹ ਸਬ ਕਮੇਟੀ। .....ਖ਼ੈਰ, ਮੇਰੇ ਉੱਤੇ ਕੋਈ ਇਲਜ਼ਾਮ ਲੱਗ ਸਕਣ ਦੇ ਹਰ ਮੌਕੇ ਦਾ ਚੰਗੀ ਤਰ੍ਹਾਂ ਪ੍ਰਯੋਗ ਕਰਕੇ ਆਤਮ ਆਲੋਚਨਾ ਦੇ ਜਥੇਬੰਦਕ ਅਸੂਲ ਬਾਰੇ

ਆਪਣੀ ਯੋਗਤਾ ਦਾ ਸਬੂਤ ਦਿੱਤਾ ਗਿਆ। ਪਰ ਆਪਣੇ ਜੁਰਮਾਂ ਸੰਬੰਧੀ ਕੀਤੇ ਗਏ ਪ੍ਰਸ਼ਨਾਂ ਵਾਲੇ ਮੇਰੇ ਖ਼ਤ ਦਾ ਉੱਤਰ ਵੀ ਉਸ ਵਿਦਿਆਰਥੀ ਤੇ ਨੌਜਵਾਨਾਂ ਦੇ ਆਗੂ ਨੇ ਦੇਣਾ ਠੀਕ ਨਾ ਸਮਝਿਆ ਜਾਂ ਉਸਨੂੰ ਆਉਂਦਾ ਹੀ ਨਹੀਂ ਸੀ। ਪਹਿਲਾਂ ਬੇਰੁਜ਼ਗਾਰੀ ਸਤਿਆਗ੍ਰਹਿ ਅਤੇ ਫੇਰ ਖੇਤ ਮਜ਼ਦੂਰ ਅੰਦੋਲਨ ਸਮੇਂ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰਦਿਆਂ ਮੈਨੂੰ ਬੜਾ ਫ਼ਖ਼ਰ ਹੋ ਰਿਹਾ ਸੀ। ਉਦੋਂ ਮੈਂ ਤੁਹਾਡੇ ਨਾਲ ਜੇਲ ਵੀ ਗਿਆ ਤੇ ਜੇਲ ਵਿਚੋਂ ਨਿਕਲਦਿਆਂ ਹੀ ਜੋ ਸਲੂਕ ਤੁਹਾਡੀ ਪਾਰਟੀ ਦੇ ਇਕ ਜ਼ਿੰਮੇਵਾਰ ਪ੍ਰਤੀਨਿਧ ਵੱਲੋਂ ਮੇਰੇ ਨਾਲ ਕੀਤਾ, ਤੁਸੀਂ ਉਸ ਤੋਂ ਭਲੀ-ਭਾਂਤ ਜਾਣੂ ਹੋ।

ਮਗਰਲੇ ਤਜਰਬੇ ਤੋਂ ਮੈਨੂੰ ਇਹ ਵੀ ਪਤਾ ਲੱਗਾ ਕਿ ਜ਼ਿਲ੍ਹਾ ਪੱਧਰ ਉੱਤੇ ਕੀ ਘਸੋਲ-ਮਸੋਲਾ ਪਾਰਟੀ ਵਿਚ ਪਿਆ ਹੋਇਆ ਹੈ, ਤੇ ਉਸ ਖਿਲਰੇ ਹੋਏ ਗੰਦ ਦਾ ਸਬੰਧ ਪਾਰਟੀ ਦੀ ਸੂਬਾ ਤੇ ਕੌਮੀ ਪੱਧਰ ਨਾਲ ਵੀ ਹੈ। ਕੌਮੀ ਪੱਧਰ ਦਾ ਇਕ ਪ੍ਰਸਿੱਧ ਲੀਡਰ (ਜੋ ਭਾਰਤ ਦੀ ਇਕ ਅਵਾਮੀ ਜਥੇਬੰਦੀ ਦਾ ਪ੍ਰਧਾਨ ਵੀ ਹੈ) ਵੀ ਇਨ੍ਹਾਂ ਸ਼ਾਖਾ ਵਾਦੀਆਂ ਵਿਚ ਇਕ ਪਾਸਿਓਂ ਗਿਣਿਆ ਜਾਂਦਾ ਹੈ। ਵਿਚਾਰਧਾਰਾਵਾਂ ਦਾ ਇਹ ਪੜਾਅ ਵੱਖਰੀ ਪਾਰਟੀ ਨਾ ਬਣਾ ਕੇ ਵੀ ਦੁਫੇੜਬਾਜ਼ੀ ਵਾਂਗ ਹਾਨੀਕਾਰਕ ਹੋਣ ਤੋਂ ਬਚ ਨਹੀਂ ਸਕਿਆ। ਪਾਰਟੀ ਦੇ ਅੰਦਰੂਨੀ ਘੋਲ ਦਾ ਅਰਥ ਤਾਂ ਸਹੀ ਦ੍ਰਿਸ਼ਟੀਕੋਣ ਹਾਸਲ ਕਰਨਾ ਹੁੰਦਾ ਹੈ। ਪਰ ਏਥੇ ਇਕ ਦੂਜੇ ਨੂੰ ਮਾਰ ਮਕਾਉਣ ਨੂੰ ਅਧਿਕ ਮਹੱਤਵ ਦਿੱਤਾ ਜਾਂਦਾ ਹੈ।

ਇਹ ਤਾਂ ਮੈਂ ਗੱਲ ਹੀ ਨਹੀਂ ਕਰਦਾ ਕਿ ਲੋਕ ਤੁਹਾਡੀ ਪਾਰਟੀ ਦੀ ਲੀਡਰਸ਼ਾਹੀ ਵੱਲ ਕਿਸ ਤਰ੍ਹਾਂ ਵਿਚਰਦੇ ਹਨ, ਹਾਲਾਂਕਿ ਸਾਡੇ ਵਾਸਤੇ ਬੁੱਧੀਵਾਦੀ ਵਰਗ ਦੀ ਨੁਕਤਾਚੀਨੀ ਨੂੰ ਸੰਤੁਸ਼ਟਤਾ ਪੂਰਵਕ ਉਤਰ ਦੇਣਾ ਵੀ ਮੁਹਾਲ ਹੋਣਾ ਇਕ ਅਹਿਮ ਮਸਲਾ ਹੈ।

ਇਕ ਹੋਰ ਗੱਲ ਮੈਂ ਪਾਰਟੀ ਅਖ਼ਬਾਰ ਬਾਰੇ ਕਹਿਣੀ ਹੈ। ਪਾਰਟੀ ਦਫਤਰ ਦੇ ਜਿਸ ਕਮਰੇ ਵਿਚ ਬੈਠ ਕੇ ਮੈਂ ਇਹ ਪੱਤਰ ਲਿਖ ਰਿਹਾ ਹਾਂ, ਉਸ ਵਿਚ ਕਾਫੀ ਕਾਮੁਕ ਤੇ ਭੜਕੀਲੇ ਫ਼ਿਲਮੀ ਪੋਜ਼ ਕੰਧਾਂ 'ਤੇ ਚਿਪਕਾਏ ਹੋਏ ਹਨ ਅਤੇ ਉਹ ਸਾਰੇ ਦੇ ਸਾਰੇ ਪਾਰਟੀ ਦੇ ਅਖ਼ਬਾਰ ਵਿਚੋਂ ਹੀ ਲਏ ਗਏ ਹਨ। ਇਹ ਸਭ ਕੁਝ ਲੋਕਾਂ ਵਿਚ ਆਪਣੇ ਪਾਰਟੀ ਅਖ਼ਬਾਰ ਦੇ ਉੱਤਮ ਹੋਣ ਦੇ ਸਾਡੇ ਦਾਅਵੇ ਨੂੰ ਸ਼ਰਮਸਾਰ ਕਰ ਰਿਹਾ ਹੈ। ਇਹ ਪਾਰਟੀ ਅਖ਼ਬਾਰ ਉਨ੍ਹਾਂ ਲੇਖਕਾਂ ਨੂੰ ਪ੍ਰਕਾਸ਼ਿਤ ਕਰਦਾ ਹੈ ਜੋ ਰਾਤ ਦਿਨੇ ਕਾਫੀ ਹਾਊਸਾਂ ਵਿਚ ਬੈਠ ਕੇ ਮਾਰਕਸਵਾਦ ਨੂੰ ਸਮਾਂ ਵਿਹਾ ਚੁੱਕਾ ਸਿਧਾਂਤ ਸਿੱਧ ਕਰਨ ਲਈ ਯਤਨਸ਼ੀਲ ਰਹਿੰਦੇ ਹਨ।

ਪਰ ਮੈਂ ਸਮਝਦਾ ਹਾਂ ਕਿ ਮੈਨੂੰ ਇਸ ਪੱਤਰ ਵਿਚ ਆਪਣੇ ਨਿੱਜੀ ਗਿਲਿਆਂ ਨੂੰ ਮੰਹੱਤਵ ਨਹੀਂ ਦੇਣਾ ਚਾਹੀਦਾ। ਕਿਉਂਕਿ ਜੋ ਵਾਸਤਵ ਵਿਚ ਮੁਹੱਬਤ ਕਰਦੇ ਹਨ, ਸ਼ਿਕਵੇ ਨਹੀਂ ਕਰਦੇ।....

ਜਿਨ੍ਹਾਂ ਪਿੰਡਾਂ ਵਿਚ ਮੈਂ ਆਪ ਨੌਜਵਾਨ ਜਥੇਬੰਦੀਆਂ ਖੜੀਆਂ ਕੀਤੀਆਂ ਹਨ, ਉਥੋਂ ਦੇ ਨੌਜਵਾਨ ਜਦ ਮੈਨੂੰ ਪੁੱਛਦੇ ਹਨ ਕਿ ਧਰਨਿਆਂ ਤੇ ਭੁੱਖ ਹੜਤਾਲਾਂ ਨਾਲ

ਕ੍ਰਾਂਤੀ ਲਿਆਉਣ ਵਾਲੇ ਕ੍ਰਾਂਤੀਕਾਰਾਂ ਨੂੰ ਕੀ ਨਾਮ ਦਿੱਤਾ ਜਾ ਸਕਦਾ ਹੈ ਤਾਂ ਮੈਨੂੰ ਤਾਲਾ ਵੱਜ ਜਾਂਦਾ ਹੈ। ਏਥੇ ਛੋਟੀ ਪੱਧਰ ਦੇ ਕਾਰਕੁੰਨ ਲੋਕ ਰਾਏ ਦੀਆਂ ਚੋਟਾਂ ਸਹਿੰਦੇ, ਆਪਣੇ ਪਰਿਵਾਰਕ ਜੀਵਨ ਦਾ ਜ਼ਹਿਰ ਪੀਂਦੇ, ਵਿਰੋਧੀ ਸਿਆਸੀ ਪਾਰਟੀਆਂ ਨਾਲ ਮੈਦਾਨਾਂ ਵਿਚ ਉਤਰਦੇ, ਵੱਡੀਆਂ-ਛੋਟੀਆਂ ਕੁਰਬਾਨੀਆਂ ਕਰਦੇ ਹੋਏ ਲੋਕਾਂ ਵਿਚ ਪਾਰਟੀ ਦਾ ਮਾੜਾ ਮੋਟਾ ਵਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ, ਪਰ ਹਰ ਵਾਰ ਚੋਣਾਂ ਵਿਚ ਲੋਕਾਂ ਤੋਂ ਜ਼ਾਹਰਾ ਤੌਰ 'ਤੇ ਅਸੰਬੰਧਤ ਪਾਰਟੀ ਨੇਤਾ ਖੜੇ ਕਰ ਦਿੱਤੇ ਜਾਂਦੇ ਹਨ ਜੋ ਜ਼ਮਾਨਤ ਜ਼ਬਤ ਕਰਵਾ ਕੇ ਸਾਡੀਆਂ ਜੜ੍ਹਾਂ ਲੋਕਾਂ ਵਿਚ ਹੋਰ ਖੋਖਲੀਆਂ ਕਰ ਜਾਂਦੇ ਹਨ। ਸਪੱਸ਼ਟ ਸ਼ਬਦਾਂ ਵਿਚ ਪਾਰਟੀ ਵੱਲੋਂ ਨੌਜਵਾਨਾਂ ਦੇ ਭਵਿੱਖ ਨਾਲ ਖ਼ਤਰਨਾਕ ਫ਼ਰੇਬ ਖੇਡਿਆ ਜਾ ਰਿਹਾ ਹੈ। ਪਿਛਲੀਆਂ ਚੋਣਾਂ ਵਿਚ ਤੁਸੀਂ ਆਪ ਮੈਨੂੰ ਆਪਣੇ ਖ਼ਤ ਵਿਚ ਲਿਖਿਆ ਸੀ ਕਿ ਸੁਰਜੀਤ ਦਾ ਮੁਕਾਬਲਾ ਮਾਰਕਸੀ ਪਾਰਟੀ ਨੂੰ ਪੰਜਾਬ ਵਿਚ ਮਾਤ ਦੇਣ ਅਤੇ ਸੀ. ਪੀ. ਆਈ. ਦੀ ਲਾਈਨ ਲੋਕਾਂ ਵਿਚ ਸਪੱਸ਼ਟ ਕਰਨ ਲਈ ਕੀਤਾ ਜਾ ਰਿਹਾ ਹੈ। ਪਰ ਜਦੋਂ ਮੈਂ ਚੋਣ ਮੁਹਿੰਮ ਦੇ ਸਿਲਸਿਲੇ ਵਿਚ ਤੁਹਾਨੂੰ ਅੱਪਰੇ ਮਿਲਿਆ ਤਾਂ ਤੁਸੀਂ ਮੇਰੇ ਇਸ ਪ੍ਰਸ਼ਨ ਦੇ ਉੱਤਰ ਵਿਚ, 'ਕਿ ਕੀ ਬੜਾ ਪਿੰਡ ਸੀਟ ਦੇ ਏਰੀਏ ਵਿਚ ਅਸੀਂ ਸੁਰਜੀਤ ਜੋਗੇ ਹੋ ਗਏ ਹਾਂ'? ਤਾਂ ਤੁਸੀਂ ਕਿਹਾ ਕਿ ਸੁਰਜੀਤ ਨਾਲ ਸਾਡੀ ਕੋਈ ਲੜਾਈ ਨਹੀਂ, ਅਸੀਂ ਤਾਂ ਮੁੱਖ ਦੁਸ਼ਮਣ ਕਾਂਗਰਸ ਨੂੰ ਢਾਉਣਾ ਹੈ। ਹਾਲਾਂਕਿ ਸਪੱਸ਼ਟ ਸੀ ਕਿ ਇਹ ਮੁਕਾਬਲਾ ਕਾਂਗਰਸ ਨੂੰ ਜਤਾਉਣ ਵਿਚ ਮਦਦਗਾਰ ਹੋ ਰਿਹਾ ਸੀ। ਤੁਹਾਨੂੰ ਯਾਦ ਹੋਵੇਗਾ ਕਿ ਉਸੇ ਰਾਤ ਹੀ ਮੈਂ ਆਪਣੇ ਸਾਥੀ ਨਾਲ ਲੈ ਕੇ ਆਪਣੇ ਪਿੰਡ ਵਾਪਸ ਚਲਾ ਗਿਆ ਸਾਂ। ਉਦੋਂ ਮੈਨੂੰ ਆਪਣੀ ਇਸ ਦਲੇਰੀ ਉੱਤੇ ਹੈਰਾਨੀ ਵੀ ਹੋਈ ਸੀ, ਪਰ ਹੁਣ ਮੈਂ ਉਸ ਤੋਂ ਵੱਡੀ ਦਲੇਰੀ ਇਹ ਅਸਤੀਫ਼ਾ ਲਿਖਣ ਸਮੇਂ ਉੱਕਾ ਹੀ ਹੈਰਾਨ ਨਹੀਂ ਹਾਂ।.......

ਪਾਰਟੀ ਵਿਚ ਸਭ ਤੋਂ ਵੱਧ ਸਤਿਕਾਰ ਮੇਰੇ ਮਨ ਵਿਚ ਤੁਹਾਡੀ ਸੂਝ, ਤੁਹਾਡੀਆਂ ਕੁਰਬਾਨੀਆਂ ਤੇ ਤੁਹਾਡੀ ਤਬੀਅਤ ਲਈ ਹੈ। ਤੇ ਮੈਨੂੰ ਇਸ ਗੱਲ 'ਤੇ ਹੈਰਾਨੀ ਵੀ ਹੈ ਕਿ ਤੁਸੀਂ ਏਡੀ ਯੋਗਤਾ ਦੇ ਸਵਾਮੀ ਹੁੰਦਿਆਂ ਹੋਇਆਂ ਵੀ ਇਸ ਬੋਸੀਦਾ ਜਥੇਬੰਦੀ ਵਿਚ ਕਿਵੇਂ ਰਹਿ ਰਹੇ ਹੋ। ਪਰ ਤੁਸੀਂ ਜਿਨ੍ਹਾਂ ਨੇ ਸਾਰੀ ਉਮਰ ਇਸ ਪਾਰਟੀ ਦੀ ਬਿਹਤਰੀ ਲਈ ਗਾਲ਼ ਦਿੱਤੀ ਹੈ, ਏਸ ਨੂੰ ਛੱਡ ਵੀ ਤਾਂ ਨਹੀਂ ਸਕਦੇ। ਸ਼ਾਇਦ ਤੁਸੀਂ ਖ਼ੁਦ ਵੀ ਇਸ ਪਾਰਟੀ ਦੀਆਂ ਇਨਕਲਾਬ ਵਿਰੋਧੀ ਨੀਤੀਆਂ ਤੋਂ ਅਸੰਤੁਸ਼ਟ ਹੋਵੋਗੇ। ਪਰ ਤੁਹਾਡੇ ਫਸੇ ਹੋਣ ਨਾਲ ਮੈਨੂੰ ਹਮਦਰਦੀ ਹੈ। ਹੋਰ ਮੈਂ ਕਰ ਵੀ ਕੀ ਸਕਦਾ ਹਾਂ?

ਸ਼ਾਇਦ ਤੁਸੀਂ ਜਾਣਦੇ ਹੋ ਕਿ ਪੰਜਾਬ ਦੇ ਇਕ ਲੇਖਕ ਦੀ ਰਚਨਾ ਨਾ-ਪਸੰਦ ਹੁੰਦਿਆਂ ਹੋਇਆਂ ਵੀ ਸਿਰਫ ਪਾਰਟੀ ਇਨਸਲਟ ਕਰਕੇ ਉਸਦੇ ਹੱਕ ਵਿਚ ਲਿਖਿਆ ਸੀ ਅਤੇ ਆਪਣੇ ਕਈ ਮਿੱਤਰ ਲੇਖਕਾਂ ਨਾਲ ਵਿਗਾੜ ਪੈਦਾ ਕਰਕੇ ਵਿਰੋਧੀ ਅਖ਼ਬਾਰਾਂ ਪਾਸੋਂ ਸਭਿਅਤਾਹੀਣ ਗਾਲ਼ਾਂ ਖਾਧੀਆਂ ਸਨ। ਇਸ ਤੋਂ ਬਿਨਾਂ ਮੈਂ ਪਿਛਲੇ ਸਾਲ ਪਾਰਟੀ

ਦੀ ਸੇਵਾ ਦੀ ਭਾਵਨਾ ਨੂੰ ਮੁੱਖ ਰੱਖ ਕੇ ਆਪਣੇ ਅਮਰੀਕਾ ਜਾਣ ਦੀ ਭਾਵਨਾ ਨੂੰ ਵੀ ਪਾਰਟੀ ਹਿਤ ਕਰਕੇ ਲੱਤ ਮਾਰੀ ਸੀ। ਇਹ ਸਭ ਕਿਉਂ? ਇਸ ਲਈ ਕਿ ਮੈਂ ਆਪਣੀ ਤਹਿਸੀਲ ਅਤੇ ਆਪਣੇ ਜ਼ਿਲ੍ਹੇ ਵਿਚ ਪਾਰਟੀ ਦੀ ਵਿਗੜੀ ਹਾਲਤ ਨੂੰ ਕੁੰਦਨ ਵਰਗੀ ਬਣਾ ਦੇਵਾਂ। ਪਰ ਮੈਂ ਉਸ ਮੌਕੇ ਲਈ ਵੀ ਅਭਾਗਾ ਹੀ ਰਿਹਾ। ਕਿਉਂਕਿ ਤਹਿਸੀਲ ਜਾਂ ਜ਼ਿਲ੍ਹੇ ਵਿਚ ਖਿਲਰੇ ਹੋਏ ਗੰਦ ਦਾ ਹੀ ਸਵਾਲ ਨਹੀਂ, ਸਵਾਲ ਉਸ ਗੰਦ ਦਾ ਵੀ ਹੈ ਜੋ ਸਾਡੇ ਉੱਚ ਪੱਧਰੀ ਨੇਤਾਵਾਂ ਦੇ ਮਨਾਂ ਵਿਚ ਭਰਿਆ ਪਿਆ ਹੈ।

ਸੋ ਆਪਣੇ ਆਪ ਨੂੰ ਇਸ ਕੰਮ ਲਈ ਅਸਮਰਥ ਹੋਣ ਕਰਕੇ ਮੈਂ ਪਾਰਟੀ ਵਿਚੋਂ ਅਸਤੀਫ਼ਾ ਦੇ ਰਿਹਾ ਹਾਂ। ਮੇਰੇ ਇਸ ਪੱਤਰ ਨੂੰ ਪੜ੍ਹਕੇ ਇਹ ਵੀ ਭੁਲੇਖਾ ਪੈ ਸਕਦਾ ਹੈ ਕਿ ਅਸਤੀਫ਼ਾ ਲਿਖਣ ਵਾਲੇ ਵਿਚ ਵੀ ਲੀਡਰਸ਼ਿਪ ਦੀ ਭੁੱਖ ਹੈ। ਪਰ ਜੇ ਮੈਂ ਇਸ ਪੱਤਰ ਨੂੰ ਇਸ ਢੰਗ ਨਾਲ ਨਾ ਲਿਖਦਾ ਤਾਂ ਕਈ ਗੱਲਾਂ ਨੂੰ ਦ੍ਰਿਸ਼ਟੀਮਾਨ ਨਹੀਂ ਸੀ ਕੀਤਾ ਜਾ ਸਕਦਾ। ਸੋ ਮੇਰੇ ਮਤਲਬ ਨੂੰ ਗਲਤ ਨਾ ਸਮਝਿਆ ਜਾਵੇ।

ਮੈਂ ਇਹ ਸਭ ਕੁਝ ਕਿਸੇ ਦੂਜੀ ਪਾਰਟੀ ਦੇ ਪ੍ਰਭਾਵ ਹੇਠ ਆ ਕੇ ਨਹੀਂ ਲਿਖ ਰਿਹਾ ਸਗੋਂ ਆਪਣੇ ਅਮਲੀ ਤਜਰਬੇ ਦੇ ਆਧਾਰ ਉੱਤੇ ਉਸ ਪਾਰਟੀ ਦੀ ਆਲੋਚਨਾ ਕਰਕੇ ਲਿਖਿਆ ਹੈ ਜਿਸ ਦੇ ਲੀਡਰ ਛੋਟਿਆਂ ਕਾਰਕੁੰਨਾਂ ਦੇ ਪ੍ਰਤੀ ਅੱਤ ਦਰਜੇ ਦੇ ਘੁਮੰਡੀ ਹਨ, ਜਿਸ ਦੇ ਅਖ਼ਬਾਰ ਹਰ ਭਾਸ਼ਾ ਵਿਚ ਮਹਾਤਮਾ ਗਾਂਧੀ ਨੂੰ ਦੇਵਤਾ ਸਿੱਧ ਕਰਨ ਲਈ ਤੁਲੇ ਹੋਏ ਹਨ; ਜਿਸ ਦਾ ਮਾਰਕਸ, ਲੈਨਿਨ, ਮਾਓ ਤੇ ਸਟਾਲਿਨ ਤੋਂ ਵਧੇਰੇ ਗਾਂਧੀ ਤੇ ਨਾਨਕ ਵਿਚ ਵਿਸ਼ਵਾਸ ਹੈ। ਬੇਨਤੀ ਹੈ ਕਿ ਤੁਸੀਂ ਉਸ ਪਾਰਟੀ ਦੇ ਜ਼ਿਲ੍ਹਾ ਸਕੱਤਰ ਮੇਰਾ ਅਸਤੀਫ਼ਾ ਪ੍ਰਵਾਨ ਕਰ ਲਓ।

**-ਅਵਤਾਰ ਸਿੰਘ ਪਾਸ਼**

ਉਸਦੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਦਰੁਸਤ ਹਨ ਪਰ ਉਨ੍ਹਾਂ ਦਾ ਠੀਕ ਨਿਪਟਾਰਾ ਪਾਰਟੀ ਅੰਦਰ ਰਹਿ ਕੇ ਅਸੂਲੀ ਸਿਰੜੀ ਅੰਦਰੂਨੀ ਘੋਲ ਨਾਲ ਹੋ ਸਕਦਾ ਹੈ, ਮੈਦਾਨੋਂ ਭੱਜ ਜਾਣ ਨਾਲ ਨਹੀਂ। ਮੈਂ ਉਸ ਨੂੰ ਮਿਲਕੇ ਇਹ ਰਾਹ ਅਖ਼ਤਿਆਰ ਕਰਨ ਲਈ ਕਿਹਾ ਸੀ। ਉਹ ਮੇਰੇ ਨਾਲ ਸਹਿਮਤ ਹੋ ਕੇ ਵੀ ਆਪਣੇ ਆਪ ਨੂੰ ਇਸ ਰਾਹ ਤੋਰ ਨਹੀਂ ਸਕਿਆ। ਉਹ ਅੱਗੇ ਚੱਲ ਕੇ ਪਰਸਿੱਧ ਇਨਕਲਾਬੀ ਖ਼ਾਲਿਸਤਾਨੀਆਂ ਹੱਥੋਂ ਸ਼ਹੀਦ ਵੀ ਹੋਇਆ। ਇਸ ਲਈ ਮੈਂ ਉਸਦੇ ਪੱਤਰ ਨੂੰ ਮਹੱਤਵ ਦਿੱਤਾ ਹੈ।

(ਚੈਨ ਸਿੰਘ ਚੈਨ)



ਪੰਜਾਬ ਸਟੇਟ ਫਰੀਡਮ ਫਾਈਟਰਜ਼ ਆਰਗੇਨਾਈਜੇਸ਼ਨ ਦੇ ਅਹੁਦੇਦਾਰ




ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਅਹੁਦੇਦਾਰ ਅਤੇ ਮੈਂਬਰ



25 ਸਤੰਬਰ 2007 ਨੂੰ 90ਵਾਂ ਜਨਮ ਦਿਹਾੜਾ ਮਨਾਉਣ ਸਮੇਂ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ। ਕਾਮਰੇਡ ਜਗਜੀਤ ਸਿੰਘ ਆਨੰਦ, ਕਾਮਰੇਡ ਚੈਨ ਸਿੰਘ ਚੈਨ ਦੇ ਖੱਬੇ ਪਾਸੇ, ਸੁਸ਼ੀਲਾ ਚੈਨ (ਜੀਵਨ ਸਾਥਣ) ਤੇ ਸਵਿਤਾ (ਸਪੁੱਤਰੀ) ਸੱਜੇ ਪਾਸੇ।

ਆਬ
ਪ੍ਰਕਾਸ਼ਨ, ਜਲੰਧਰ